



27 ਅਕਤੂਬਰ-ਦਸੰਬਰ, 2012

# ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail:
kahanidhara@gmail.com
kahani_dhara@yahoo.com
bhagwantrasulpuri@gmail.com

ਸੰਪਾਦਕ:
ਭਗਵੰਤ ਰਸੂਲਪੁਰੀ
94170-64350

ਟਾਇਟਲ ਪੇਟਿੰਗ ਸੁਖਵੰਤ

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 30 ਰੁਪਏ, 10 ਅੰਕ: 300 ਰੁਪਏ ,
10 ਅੰਕ: ਡਾਲਰ 40 ਤੇ ਪੌਂਡ 35,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: ਭਗਵੰਤ ਰਸੂਲਪੁਰੀ,
( ਪ੍ਰਕਾਸ਼ਨ ਮਿਤੀ 5 ਅਕਤੂਬਰ, 2012)

## ਇਸ ਅੰਕ ਵਿਚ

ਸੰਪਾਦਕੀ
ਪੰਜਾਬ ਦੀ ਸੰਸਕ੍ਰਿਤੀ ਤੇ ਖੰਡਰ ਹੋ ਰਹੀਆਂ ਇਤਿਹਾਸਕ ਇਮਾਰਤਾ-1

ਕਹਾਣੀਆਂ-
1. ਅਛੂਤ ਠਾਕਰ / ਹਰਨਾਮ ਸਿੰਘ ਤੇਗ ਪਿਸ਼ਾਵਰੀ-3
2. ਲਾਹੌਰੀਆ ਬੁੱਢਾ / ਸੁਖਰਾਜ ਸਿੰਘ ਧਾਲੀਵਾਲ-7
3. ਚੌਹੰ ਕਦਮਾਂ ਦੀ ਵਾਟ / ਬਲਦੇਵ ਸਿੰਘ ਪੋਹਲੋਪੁਰੀ-15
4. ਪਿਆਸੀ ਨਦੀ / ਪ੍ਰੀਤ ਨੀਤਪੁਰ-19
5. ਬਿਜ਼ਨਸ ਡੀਲ / ਰੀਤੂ ਕਲਸੀ-47

ਸਵੈ ਜੀਵਨੀ
ਦਲਿਤਾਂ ਦੀ ਖੂਹੀ / ਸਰੂਪ ਸਿਆਲਵੀ-55
ਯਾਦਾਂ
ਝਰੋਖਿਆਂ ਵਿੱਚੀਂ ਜ਼ਿੰਦਗੀ / ਸ਼ਸ਼ੀ ਸਮੁੰਦਰਾ-65
ਸ਼ਬਦ ਚਿੱਤਰ
ਕੇ. ਐਲ. ਬਨਾਮ ਗਰਗ ਬਾਣੀ / ਗੁਰਮੀਤ ਕੜਿਆਲਵੀ-69
ਲੇਖ-
'ਅੱਕਰਮਾਸ਼ੀ' ਮੇਰੇ ਸਵੈ ਦੀ ਪੇਸ਼ਕਾਰੀ / ਸ਼ਰਣ ਕੁਮਾਰ ਲਿੰਬਾਲੇ-79

ਜਨ ਬੋਧ
ਸਾਰਤਰ ਦੇ ਜੀਵਨ 'ਚ ਔਰਤਾਂ ਇਕ ਖੁੱਲਾਂ ਖੁਲਾਸਾ-82

ਆਲੋਚਨਾ
ਸ਼੍ਰੈਣਿਕ ਇਤਿਹਾਸ ਦਾ ਦਲਿਤ ਪ੍ਰਵਚਨ :ਕਾਲ ਕਾਲਾਂਤਰ ਡਾ. ਸਤਿੰਦਰ ਸਿੰਘ -96
ਥੁੜਾਂ ਮਾਰੇ ਮਨੁੱਖ ਦਾ ਬਿਰਤਾਂਤ: ਕਦਮ ਕਦਮ ਚੌਰਾਹੇ / ਡਾ. ਸਤਿੰਦਰ ਸਿੰਘ-100
ਉਦਾਰੀਕਰਨ ਤੇ ਨਿੱਜੀਕਰਨ ਦੇ ਪ੍ਰਵਚਨ ਦਾ ਕਲਾਸਕੀ ਵਰਤਾਰਾ: ਅੰਬਰ ਵੱਲ ਉਡਾਣ / ਡਾ. ਮਿਨਾਕਸ਼ੀ ਰਾਠੌਰ-104
ਪੁਸਤਕ ਪੜਚੋਲ/ ਭਗਵੰਤ ਰਸੂਲਪੁਰੀ-109
ਹੁੰਗਾਰਾ-121

ਪਰਵਾਜ਼ ਪ੍ਰਕਾਸ਼ਨ
Parwaz Parkashan
E.mail:parwazparkashan@gmail.com
Mob. 94170-64350

**ਸੰਪਾਦਕੀ**

# ਪੰਜਾਬ ਦੀ ਸੰਸਕ੍ਰਿਤੀ ਤੇ ਖੰਡਰ ਹੋ ਰਹੀਆਂ ਇਤਿਹਾਸਕ ਇਮਾਰਤਾ

ਪ੍ਰਚੀਨ ਇਤਿਹਾਸਕ ਇਮਾਰਤਾਂ ਜਿਨ੍ਹਾਂ ਵਿਚ ਕਿਲ੍ਹੇ, ਮਕਬਰੇ, ਪੁਲ, ਸਰਾਂ ਤੇ ਥੇਹ ਹਨ ਪੰਜਾਬ ਦੀ ਪ੍ਰਚੀਨ ਸੰਸਕ੍ਰਿਤੀ ਸਾਂਭੀ ਬੈਠੀਆਂ ਹਨ। ਜਿਨ੍ਹਾਂ ਦੀ ਖੋਜ ਦੇ ਅਧਾਰ ਤੇ ਪੰਜਾਬ ਦਾ ਪ੍ਰਚੀਨ ਇਤਿਹਾਸ ਲਿਖਿਆ ਗਿਆ ਅਤੇ ਜਿਹੜਾ ਜਿਉਂਦੇ ਇਤਿਹਾਸ ਦੀਆਂ ਨਿਸ਼ਾਨੀਆਂ ਹਨ। ਪਰ ਦੁਖਾਂਤ ਇਹ ਹੈ ਕਿ ਸਰਕਾਰਾਂ ਦਾ ਇਨ੍ਹਾਂ ਇਮਾਰਤਾਂ ਵੱਲ ਧਿਆਨ ਹੀ ਨਹੀਂ ਜਿਸ ਕਰਕੇ ਇਹ ਦਿਨੋਂ ਦਿਨ ਖੰਡਰ ਬਣ ਰਹੀਆਂ ਹਨ। ਸਾਡੇ ਪੰਜਾਬ ਵਿਚ ਅਨੇਕਾਂ ਥਾਵਾਂ ਤੇ ਥੇਹਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜਿਨ੍ਹਾਂ ਦੀ ਖੁਦਾਈ ਨਹੀਂ ਕੀਤੀ ਜਾ ਰਹੀ।

ਏਥੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਭਾਰਤੀ ਪੁਰਾਤਤਵ ਵਿਭਾਗ ਇਹ ਮੰਨ ਚੁੱਕਾ ਹੈ ਕਿ 35 ਰਾਸ਼ਟਰੀ ਪੱਧਰ ਦੇ ਸਮਾਰਕ, ਗੁੰਬਦ, ਮੰਦਰ, ਮਕਬਰੇ, ਕਿਲ੍ਹੇ ਖੰਡਰ ਹੋ ਕੇ ਅਲੋਪ ਹੋ ਗਏ ਹਨ। ਪੂਰੇ ਭਾਰਤ ਵਿਚ 3675 ਰਾਸ਼ਟਰੀ ਮਹੱਤਵ ਵਾਲੇ ਸਮਾਰਕ ਹੀ ਬਚੇ ਹਨ। 1984 ਵਿਚ ਆਰ. ਐਨ. ਮਿਰਧੀ ਕਮੇਟੀ ਨੇ ਇਮਾਰਤਾਂ ਦੀ ਸੁਰੱਖਿਆ ਦੇ ਲਈ ਨੌਂ ਹਜ਼ਾਰ ਕਰਮਚਾਰੀਆਂ ਦੀ ਨਿਯੁਕਤੀ ਕਰਨ ਦੀ ਸਿਫਾਰਤ ਕੀਤੀ ਸੀ ਪਰ 2008 ਵਿਚ ਕੇਵਲ ਚਾਰ ਹਜ਼ਾਰ ਹੀ ਰੱਖੇ ਗਏ। ਸਾਡੀਆਂ ਸਰਕਾਰਾਂ ਦਾ ਹੈਰੀਟੇਜ ਜੋਨ ਵਿਕਸਤ ਕਰਨ ਵੱਲ ਧਿਆਨ ਹੀ ਨਹੀਂ ਹੈ।

ਗੱਲ ਪੰਜਾਬ ਦੀਆਂ ਖੰਡਰ ਹੋ ਰਹੀਆਂ ਇਮਾਰਤਾਂ ਤੇ ਕੇਂਦਰਤ ਕਰਨੀ ਹੈ। ਪੰਜਾਬ ਵਿਚ ਤਕਰੀਬਨ 100 ਦੇ ਕਰੀਬ ਇਤਿਹਾਸਕ ਇਮਾਰਤਾਂ ਹਨ। ਪਰ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਇਮਾਰਤਾਂ ਦੀ ਹਾਲਤ ਬੜੀ ਤਰਸਯੋਗ ਅਤੇ ਖੰਡਰ ਬਨਦੀ ਜਾ ਰਹੀ ਹੈ। ਅਨੇਕਾਂ ਸਮਾਰਕਾਂ ਵੱਲ ਤਾਂ ਧਿਆਨ ਹੀ ਨਹੀਂ ਹੈ, ਜਿਨ੍ਹਾਂ ਦੀ ਮੁਰੰਮਤ ਚੱਲ ਰਹੀ ਹੈ ਉਹ ਬਹੁਤ ਮੱਧਮ ਹੈ।

ਦੁਆਬੇ ਵਿਚ ਫਿਲੌਰ ਦੇ ਕਿਲ੍ਹੇ ਵਿਚੋ ਪੁਲਿਸ ਅਕੈਡਮੀ ਚੱਲ ਰਹੀ ਹੈ। ਨੂਰਮਹਿਲ ਦੀ ਸਰਾਂ ਦਾ ਕਾਫੀ ਹਿੱਸਾ ਖੰਡਰ ਬਣ ਗਿਆ ਹੈ, ਨਕੋਦਰ ਦੇ ਮਕਬਰੇ ਦੀ ਮੁਰੰਮਤ ਹੋਣ ਨਾਲ ਉਸਦੀ ਅਸਲੀ ਹੋਂਦ ਮਿਟ ਗਈ ਹੈ। ਦੱਖਣੀ ਸਰਾਂ ਤੇ ਵਿਭਾਗ ਨੇ ਲੱਖਾਂ ਰੁਪਏ ਮੁਰੰਮਤ ਤੇ ਲਗਾ ਦਿੱਤੇ ਹਨ ਪਰ ਉਸ ਨੂੰ ਜਾਣ ਲਈ ਰਸਤਾ ਹੀ ਨਹੀਂ ਹੈ। ਕਪੂਰਥਲਾ ਦੇ ਜਗਤਜੀਤ ਪੈਲੇਸ ਵਿਚ ਸਰਕਾਰੀ ਦਫ਼ਤਰ ਦਾ ਕਬਜਾ ਹੈ। ਸੁਲਤਾਨਪੁਰ ਲੋਧੀ ਦੀ ਸਰਾਂ ਵਿਚ ਪੁਲਿਸ ਦਾ ਠਾਣਾ ਹੈ, ਇਥੇ ਸਥਿਤ ਮੁਗਲ ਪੁੱਲ ਅਲੋਪ ਹੋ ਗਏ ਹਨ ਅਤੇ ਖੇਤਾਂ 'ਚ ਖੜੇ ਮਕਬਰੇ ਦੀਆਂ ਕੰਧਾਂ ਨੂੰ ਤ੍ਰੇੜਾ ਆ ਗਈਆਂ ਹਨ। ਇਸ ਤੋਂ ਇਲਾਵਾ ਕੁਝ ਹੋਰ ਇਮਾਰਤਾਂ ਨੇ ਜਿਹੜੀਆਂ ਦਿਨੋਂ ਦਿਨ ਖੰਡਰ ਬਣ ਰਹੀਆਂ ਹਨ।

ਤਰਨਤਾਰਨ ਨੇੜੇ ਮੁਗਲ ਕਾਲ ਦੀ ਨੂਰਦੀ ਸਰਾਂ, ਮੁਗਲ ਕਾਲ ਦੀ ਬਾਊਲੀ ਸਰਾਏ ਅਮਾਨਤ ਖਾਨ , ਸਰਹੰਦ ਵਿਖੇ ਉਸਤਾਦ, ਬਹਾਦੁਰ ਖਾਨ, ਮੀਰ ਮੀਰਾਂ, ਤਜ ਬੀਬੀ, ਸਦਨੇ ਕਸਾਈ, ਹਾਥੀ, ਘੋੜੇ ਦੇ ਮਕਬਰੇ, ਟੋਡਰ ਮੱਲ ਦੀ ਹਵੇਲੀ, ਮੁਗਲ ਪੁੱਲ, ਕਲਾਨੌਰ ਵਿਖੇ ਤਖਤੇ ਅਕਬਰੀ ਕਲਾਨੌਰ ਜਿਹਦੇ ਆਲੇ ਦੁਆਲੇ ਬਾਗ, ਹਮਾਮ ਤੇ ਖੂਹ ਸਨ, ਕਲਾਨੌਰ ਵਿਖੇ ਹੀ ਜਮੀਲ ਬੇਗ ਦਾ ਮਕਬਰਾ, ਬਟਾਲਾ ਵਿਖੇ ਸ਼ਮਸ਼ੇਰ ਖਾਨ ਦਾ ਮਕਬਰਾ, ਦੀਨਾ ਨਗਰ ਦੇ ਨੇੜੇ ਦੇ ਪਿੰਡ ਬਹਿਰਾਮਪੁਰ ਦੀ ਇਕ ਮਸਜਿਦ, ਬਹਿਲੋਲਪੁਰ ਪਿੰਡ ਵਿਖੇ ਹੁਸੈਨ ਖਾਂ ਦਾ ਮਕਬਰਾ ਅਤੇ ਅਲਾਵਲ ਖਾਨ ਦਾ ਮਕਬਰਾ, ਦੋਰਾਹੇ ਦੀ ਸਰਾਂ, ਹਠੂਰ ਵਿਖੇ ਰਾਏ ਫਿਰੋਜ਼ ਦਾ ਮਕਬਰਾ, ਇਥੇ ਹੀ ਸਰਾਏ ਲਸ਼ਕਰੀ ਖਾਨ ਕੋਟਾਂ, ਰੋਪੜ ਵਿਖੇ ਜਮਾਲ ਖਾਨ ਦਾ ਮਕਬਰਾ, ਕਿਲੇ ਦਾ ਥੇਹ, ਮੋਰਿੰਡੇ ਦਾ ਮਕਬਰਾ, ਰਾਜਪੁਰੇ ਦੀ ਸਰਾਂ, ਬਹਾਦਰਗੜ ਦਾ ਕਿਲ੍ਹਾ, ਪਟਿਆਲਾ ਸਥਿਤ ਘੁੜਾਮ ਦਾ ਕਿਲ੍ਹਾ, ਬਠਿੰਡੇ ਦਾ ਕਿਲਾ, ਅਟਾਰੀ ਵਿਖੇ ਸ਼ਾਮ ਸਿੰਘ ਅਟਾਰੀ ਦੀ ਹਵੇਲੀ, ਸ਼ਿਵਾਲਿਕਾ ਦੀਆਂ ਪਹਾੜੀਆਂ 'ਚ ਮਲੌਤ ਦਾ ਕਿਲ੍ਹਾ ਆਦਿ ਇਮਾਰਤਾਂ ਖੰਡਰ ਬਣ ਰਹੀਆਂ ਹਨ। ਦਿਨੋਂ ਦਿਨ ਇਨ੍ਹਾਂ



ਦੀ ਹੋਂਦ ਮਿਟਦੀ ਜਾ ਰਹੀ ਹੈ। ਇਹ ਇਮਾਰਤਾ ਵਧੇਰੇ ਕਰਕੇ ਮੁਗਲ ਕਾਲ ਦੀਆਂ ਹਨ।

ਇਨ੍ਹਾਂ ਤੋਂ ਇਲਾਵਾ ਪੰਜਾਬ ਵਿਚ ਪੁਰਾਤਤਵ ਵਿਭਾਗ ਵਲੋਂ ਕੁਝ ਥੇਹਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਜਿਨ੍ਹਾਂ ਵਿਚ ਫਿਲੌਰ ਨੇੜੇ ਪਿੰਡ ਨਗਰ, ਪਿੰਡ ਕਤਪਾਲੋਂ, ਮਾਨਸਾ ਦੇ ਕਸਬੇ ਭੀਖੀ ਨੇੜੇ ਪਿੰਡ ਧਲੇਵਾਂ, ਲੁਧਿਆਣਾ ਨੇੜੇ ਜਨੇਰ ਅਤੇ ਸੁਨੇਤ, ਰੋਪੜ, ਕੋਟਲਾ ਨਿਹੰਗ ਖਾ, ਰੋਪੜ ਦਾ ਢੇਰ ਮਾਜਰਾ ਤੇ ਬਾੜਾ, ਸਲੋਰਾ ਜਿਲ੍ਹਾ ਹੁਸ਼ਿਆਰਪੁਰ ਦੇ ਢੋਲਬਾਹਾ, ਸੰਘੋਲ ਆਦਿ ਪਿੰਡਾਂ ਦੇ ਥੇਹਾਂ 'ਚੋਂ ਹੜੱਪਾ ਸਭਿਆਤਾ ਤੋਂ ਪ੍ਰਾਪਤ ਵਸਤਾ ਨਾਲ ਮਿਲਦੀਆਂ-ਜੁਲਦੀਆਂ ਵਸਤਾਂ ਇਨ੍ਹਾਂ ਥੇਹਾਂ ਤੋਂ ਮਿਲੀਆਂ। ਸੰਘੋਲ 'ਚ ਹੋਈ ਖੁਦਾਈ ਦੌਰਾਨ ਮੋਰੀਆ ਕਾਲ ਦੀ ਸੱਭਿਆਤਾ ਦੇ ਅਵਸ਼ੇਸ਼ ਮਿਲੇ। ਮੇਰੇ ਪਿੰਡ ਰਸੂਲਪੁਰ ਦੇ ਨੇੜੇ ਪਿੰਡ ਨਗਰ ਤੇ ਕਠਪਾਲੋਂ ਹੈ ਜਿੱਥੇ ਥੇਹਾਂ ਤੇ ਤਾਰਾਂ ਨਾਲ ਵਾੜ ਲਾ ਕੇ ਪੁਰਾਤਤਵ ਵਿਭਾਰ ਨੇ ਆਪਣੇ ਕਬਜੇ ਵਿਚ ਲਿਆ ਹੈ ਇਥੇ ਖੁਦਾਈ ਦੌਰਾਨ ਹੜੱਪਾ ਉੱਤਰ ਸੱਭਿਆਤਾ ਦੇ ਅਵਸ਼ੇਸ਼ ਮਿਲੇ ਹਨ। ਜਿਨ੍ਹਾਂ ਵਿਚ ਮਿੱਟੀ ਦੇ ਬਰਤਨ, ਮਿੱਟੀ ਦੇ ਖਡੌਣੇ, ਚੂੜੀਆਂ, ਮਣਕੇ ਆਦਿ ਮਿਲੇ ਹਨ। ਸੰਘੋਲ ਤੋਂ ਕੁਸ਼ਾਣ ਕਾਲ ਦੀਆਂ ਮੂਰਤੀਆਂ ਮਿਲੀਆਂ।

ਪੰਜਾਬ ਦੀ ਪ੍ਰਚੀਨ ਸੰਸਕ੍ਰਿਤੀ ਬਾਰੇ ਜਾਣਕਾਰੀ ਸਾਨੂੰ ਖੁਦਾਈ ਦੌਰਾਨ ਮਿਲੇ ਸਿੱਕੇ, ਅਭਿਲੇਖਾਂ, ਮੋਹਰਾਂ, ਮੂਰਤੀਆਂ ਹਜ਼ਾਰਾਂ ਤੇ ਮਣਾਂ ਦੀ ਤਾਦਾਦ ਵਿਚ ਮਿਲੀਆਂ ਹਨ। ਮੋਹਰਛਾਪਾਂ ਤੇ ਛਪੇ ਸੰਮਤ ਤੋਂ ਇਹ ਜਾਣਕਾਰੀ ਮਿਲਦੀ ਹੈ। ਲੁਧਿਆਣਾ ਦੇ ਪਿੰਡ ਸੁਨੇਤ ਵਿਚ ਤਾਂ ਮੋਹਰਾਂ ਦੀ ਇਕ ਟਕਸਾਲ ਮਿਲੀ। ਅਭਿਲੇਖ ਪੰਜਾਬ ਵਿਚ ਕੇਵਲ ਦੋ ਥਾਵਾਂ ਤੋਂ ਮਿਲੇ ਸੰਘੋਲ ਅਤੇ ਪਠਾਨਕੋਟ ਨੇੜੇ ਪਿੰਡ ਡੰਗ ਗੁਫਾਵਾਂ ਵਿਚੋਂ। ਜੇਕਰ ਪੰਜਾਬ ਦੇ ਸਾਰੇ ਥੇਹਾਂ ਦੀ ਸਿਲਸਿਲੇਵਾਰ ਖੁਦਾਈ ਹੋ ਜਾਵੇ ਤਾਂ ਪੰਜਾਬ ਦੀ ਪ੍ਰਚੀਨ ਸੰਸਕ੍ਰਿਤੀ ਵਿਚ ਬਹੁਤ ਸਾਰੇ ਨਵੇਂ ਅਤੇ ਲੁਕੇ ਹੋਏ ਅਧਿਆਏ ਖੁੱਲ ਜਾਣਗੇ। ਹੂਣ ਜਾਤੀ ਦੇ ਪੰਜਾਬ ਵਿਚ ਸ਼ਾਸ਼ਨ ਬਾਰੇ ਪਹਿਲੀ ਵਾਰ ਸੰਘੋਲ ਵਿਖੇ ਹੋਈ ਖੁਦਾਈ ਤੋਂ ਪਤਾ ਲੱਗਾ। ਇਥੋਂ ਇਸ ਕਾਲ ਦੇ ਸਿੱਕੇ ਤੇ ਮੋਹਰਾਂ ਮਿਲੀਆਂ। ਪਹਿਲਾਂ ਇਸ ਵੰਸ਼ ਦੇ ਇਹ ਰਾਜੇ ਮਿਹਰਕੁਲ, ਤੋਰਮਾਣ ਅਤੇ ਬਲਭੂਤੀ ਬਾਰੇ ਜਾਣਕਾਰੀ ਸੀ। ਸੰਘੋਲ ਦੀ ਖੁਦਾਈ ਤੋਂ ਰਾਜੇ ਭੀਮਸੇਨ, ਸ਼੍ਰੀਬਲ, ਅਤੇ ਚੰਦਰਗੁਪਤ ਦੇ ਨਾਮਾਂ ਦਾ ਪਹਿਲੀ ਵਾਰ ਪਤਾ ਲੱਗਾ। ਇਥੋਂ ਪ੍ਰਾਪਤ ਐਰਨ ਸ਼ਿਲਾਲੇਖ ਬਹੁਤ ਅਹਿਮ ਹੈ ਜਿਸ ਤੋਂ ਪਤਾ ਲੱਗਾ ਕਿ ਇਨ੍ਹਾਂ ਰਾਜਿਆਂ ਦੀ ਲੜਾਈ ਚੰਦਰਗੁਪਤ-2 ਨਾਲ ਹੋਈ। ਗੁਪਤ ਕਾਲ ਦੇ ਸਿੱਕੇ ਜਿਨ੍ਹਾਂ ਦੇ ਇਕ ਪਾਸੇ ਦੇਵੀ ਦੇਵਤੇ ਤੇ ਦੂਜੇ ਪਾਸੇ ਰਾਜੇ ਦੇ ਚਿੱਤਰ ਸਨ ਰੋਪੜ, ਸੰਘੋਲ ਤੇ ਸੁਨੇਤ ਪਿੰਡ ਵਿਚੋਂ ਮਿਲੇ। ਫਗਵਾੜੇ ਨੇੜੇ ਡੁਮੇਲੀ ਪਿੰਡ ਵਿਖੇ ਹੋਈ ਖੁਦਾਈ ਪੰਜਾਬ ਦੇ ਆਦਿ ਮਨੁੱਖ ਨੂੰ 4,00,000 ਸਾਲ ਪਿਛੇ ਲੈ ਜਾਂਦੀ ਹੈ। ਸੰਗਰੂਰ ਨੇੜੇ ਦੇ ਪਿੰਡ ਰੋਹੀੜਾ ਵਿਖੇ 30ਏਕੜਾ ਤੇ 10 ਮੀਟਰ ਉੱਚਾ ਥੇਹ ਆਪਣੇ ਵਿਚ ਅਨੇਕਾਂ ਰਹੱਸ ਸਾਂਭੀ ਬੈਠਾ ਹੈ। ਇਸ ਥੇਹ ਤੋਂ ਪਹਿਲੀ ਵਾਰ ਪਤਾ ਲੱਗਾ ਕਿ ਸ਼ੁਰੂ ਸ਼ੁਰੂ ਵਿਚ ਲੋਕ ਝੋਪੜੀਆਂ ਵਿਚ ਰਹਿੰਦੇ ਸਨ ਫਿਰ ਲੋਕ ਮਿੱਟੀ ਦੀਆਂ ਇੱਟਾਂ ਦੇ ਮਕਾਨ ਬਨਾਉਣ ਲੱਗ ਪਏ। ਇਸ ਤੋਂ ਉਪਰੰਤ ਲਗਭਗ 2000 ਈ. ਪੂ. ਵਿਚ ਦੂਜੇ ਲੋਕ ਆ ਗਏ। ਇਸ ਸਮੇਂ ਮੋਤੀ ਬਣਾਉਣ ਵਾਲਿਆਂ ਦੇ ਮਕਾਨ ਮਿਲੇ ਜਿਨ੍ਹਾਂ ਅੰਦਰ ਭਾਰੀ ਮਾਤਰਾ ਵਿਚ ਮੋਤੀ ਮਿਲੇ ਜਿਨ੍ਹਾਂ ਵਿਚ ਕੁਝ ਸੋਨੇ ਦੇ ਸਨ। ਇਥੋਂ ਹੀ ਤਾਂਬੇ ਦੀਆਂ ਛੈਣੀਆਂ ਵੀ ਮਿਲੀਆਂ। ਫਿਰ ਇਹ ਥਾਂ 1700 ਈ. ਪੂ. ਦੇ ਨੇੜੇ ਤੇੜੇ ਉਜੜ ਗਈ। ਸਿੱਖ ਇਤਿਹਾਸਕਾਰ ਇਸ ਥਾਂ ਨੂੰ 1762 ਵੀਂ ਸ਼ਤਾਬਦੀ ਵਿਚ ਘੱਲੂਘਾਰਾ ਪ੍ਰਸੰਗ ਨਾਲ ਸੰਬੰਧਤ ਕਹਿੰਦੇ ਹਨ।

ਪੰਜਾਬ ਦੀਆਂ ਇਤਿਹਾਸਕ ਇਮਾਰਤਾਂ ਤੇ ਪ੍ਰਸਿੱਧ ਇਤਿਹਾਸਕਾਰ ਸੁਭਾਸ਼ ਪਰਿਹਾਰ ਨੇ ਕਾਫੀ ਖੋਜ ਦਾ ਕੰਮ ਕੀਤਾ ਹੈ। ਪੰਜਾਬ ਦੀ ਲੁਕੀ ਹੋਈ ਸੰਸਕ੍ਰਿਤੀ ਨੂੰ ਬਾਹਰ ਲਿਆਉਣ ਲਈ ਪੰਜਾਬ ਦੀਆਂ ਖੰਡਰ ਬਣ ਰਹੀਆਂ ਇਮਾਰਤਾਂ ਨੂੰ ਸਾਂਭਣਾ ਅਤੇ ਵੱਖ ਵੱਖ ਸਥਾਨਾਂ ਤੇ ਸਥਿਤ ਥੇਹਾਂ ਦੀ ਵਿਗਿਆਨਕ ਦ੍ਰਿਸ਼ਟੀ ਤੋਂ ਖੁਦਾਈ ਕਰਵਾਉਣ ਦੀ ਲੋੜ ਹੈ। ਇਨ੍ਹਾਂ ਸਰੋਤਾਂ ਦੀ ਨੀਂਹ ਉੱਤੇ ਹੀ ਪੰਜਾਬ ਦਾ ਪ੍ਰਚੀਨ ਇਤਿਹਾਸ ਨਵੇਂ ਸਿਰੇ ਤੋਂ ਲਿਖਿਆ ਜਾਣਾ ਹੈ। ਜੇਕਰ ਇਸ ਨੂੰ ਨਾਂ ਸਾਂਭਿਆ ਗਿਆ ਤਾਂ ਅਸੀਂ ਪੰਜਾਬ ਦੇ ਅਧੂਰੇ ਪ੍ਰਚੀਨ ਇਤਿਹਾਸ ਨੂੰ ਹੀ ਅੰਤਮ ਸੱਚ ਮੰਨੀ ਤੁਰੀ ਜਾਵਾਂਗੇ।

**-ਭਗਵੰਤ ਰਸੂਲਪੁਰੀ**

# ਕਹਾਣੀ/ ਅਛੂਤ ਠਾਕਰ/ ਹਰਨਾਮ ਸਿੰਘ ਤੇਗ ਪਿਸ਼ਾਵਰੀ

*(ਚੰਦਨ ਨੇਗੀ ਹੁਰਾਂ ਨੇ ਆਪਣੇ 'ਭਾਪਾ ਜੀ' ਦੀ ਕਹਾਣੀ ਭੇਜੀ ਹੈ। ਜੋ ਕਿ 'ਪੰਜਾਬੀ ਪੰਚ' ਅੰਮ੍ਰਿਤਸਰ' ਦੇ ਸਾਲਾਨਾ ਨੰਬਰ 1936 ਵਿਚ ਛਪੀ ਸੀ। ਪਾਠਕਾਂ ਦੇ ਪ੍ਰਤੀਕਰਮ ਦੀ ਉਡੀਕ ਰਹੇਗੀ। -ਸੰਪਾਦਕ)*

ਨਦੀ ਕਿਨਾਰੇ ਉਚੇ ਉਚੇ ਪਹਾੜਾਂ ਦੀ ਬੁੱਕਲ ਵਿੱਚ ਇੱਕ ਨਿੱਕੀ ਜਹੀ ਬਸਤੀ ਹੈ, ਜਿਥੋਂ ਦਾ ਪਾਉਣ ਪਾਣੀ ਏਨਾ ਚੰਗਾ ਤੇ ਸੁਖਦਾਇਕਾ ਹੈ ਕਿ ਸਾਲਾਂ ਦੇ ਰੋਗੀ ਉਥੇ ਜਾ ਕੇ ਚੇਹਰਿਆਂ ਤੇ ਲਾਲੀ, ਜੁੱਸਿਆਂ ਵਿੱਚ ਤਾਕਤ, ਤੇ ਅੰਗ ਸਡੋਲ ਕਰਕੇ ਮੁੜਦੇ ਹਨ, ਏਹ ਉਂਝ ਤੇ 'ਠਾਕਰਾਂ ਦੀ ਬਸਤੀ' ਮਸ਼ਹੂਰ ਹੈ, ਪਰ ਇਸ ਵਿੱਚ ਅੱਠ ਦਸ ਘਰ ਖਤ੍ਰੀਆਂ ਦੇ ਵੀ ਹਨ, ਤੇ ਬਾਕੀ ਦੇ ਸਭ ਹੀ ਬ੍ਰਾਹਮਣ ਠਾਕਰ ਹਨ, ਬਸਤੀ 'ਚੋਂ ਬਾਹਰ ਦੂਰ ਕਰਕੇ ਅੱਠ ਦਸ ਝੌਂਪੜੀਆਂ ਹਨ, ਜਿਨ੍ਹਾਂ ਦੇ ਅੰਦਰ ਬਾਹਰ ਸਪਾਹੀ ਦਾ ਪੈਹਰਾ, ਸ਼ਰਾਫਤ ਦਾ ਰਾਜ ਤੇ ਧਰਮ ਦਾ ਹੁਕਮ ਚਲਦਾ ਹੈ, ਏਹਨਾਂ ਝੌਂਪੜੀਆਂ ਵਿੱਚ ਅਛੂਤ ਰਹਿੰਦੇ ਹਨ, ਇੱਕ ਝੌਂਪੜੀ ਵਿੱਚ ਸੋਹਣੇ-ਸੋਹਣੇ ਬਸਤਰਾਂ ਵਿੱਚ ਲਪੇਟੀ ਗੀਤਾ ਹੈ, ਦੋ ਠਾਕਰ ਹਨ, ਇੱਕ ਜੋਤ ਜਗ ਰਹੀ ਹੈ, ਛੱਤ ਨਾਲ ਇੱਕ ਸਾਵਧਾਨ ਕਰਨ ਵਾਲਾ ਫਲ, ਧੂਫ਼ ਦੀ ਖੁਸ਼ਬੂ ਨਾਲ ਠਾਕਰ ਵੀ ਦਸਮ ਦਵਾਰ ਵਿੱਚ ਪੁੱਜੇ ਹੋਏ ਹਨ, ਇਹ ਝੌਂਪੜੀ ਹੋਰਾਂ ਨਾਲੋਂ ਬਹੁਤ ਹੀ ਸਵਛ ਹੈ। ਬਸਤੀ ਦੇ ਬ੍ਰਹਮਣਾਂ ਦਾ ਮੈਲਾ ਚੁੱਕਣਾ, ਸਫਾਈ ਕਰਨੀ, ਗਲੀਆਂ ਬਜ਼ਾਰ ਸਾਫ਼ ਕਰਨੇ ਤੇ ਹੋਰ ਯਥਾ ਯੁਕਤ ਉਨ੍ਹਾਂ ਦੀ ਸੇਵਾ ਕਰਨੀ ਏਹ ਅਛੂਤਾਂ ਦਾ ਨਿੱਤ ਕਰਮ ਸੀ, ਇਸਦੇ ਬਦਲੇ ਬ੍ਰਾਹਮਣ ਏਹਨਾਂ ਨੂੰ ਸੁਕੇ ਤੇ ਬੱਚੇ ਹੋਏ ਟੁਕਰ, ਫਾਲਤੂ ਚੀਜ਼ਾਂ, ਝਾੜਾਂ, ਗਾਲਾਂ, ਮਾਰ ਤੇ ਘੂਰੀਆਂ ਦੇਂਦੇ, ਮੰਦਰਾਂ ਦੇ ਦਰਵਾਜ਼ੇ, ਘਰਾਂ ਵਿੱਚ ਦਾਖਲ ਹੋਣਾ, ਤੇ ਕਿਸੇ ਦੇ ਨਾਲ ਛੁ ਜਾਣਾ ਏਹਨਾਂ ਲਈ ਬੰਦ ਸੀ, ਕਿਉਂਕਿ ਇਹ ਅਛੂਤ ਸਨ ਤੇ ਬਸਤੀ ਠਾਕਰਾਂ ਦੀ। ਏਹਨਾਂ ਅਛੂਤਾਂ ਵਿੱਚ ਇੱਕ ਦੰਪਤੀ ਰਾਮੂ ਤੇ ਮਾਲਣ ਰਹਿੰਦੇ ਹਨ, ਭਾਵੇਂ ਉਹ ਜਾਤ ਕਰਕੇ ਅਛੂਤ ਹਨ ਪਰ ਕਰਮਾਂ ਕਰਕੇ ਰਿਸ਼ੀ ਤੇ ਮਹਾਤਮਾ, ਥੋੜੀ ਜਿਹੀ ਵਾਹੀ ਲਈ ਜ਼ਮੀਨ ਵੀ ਹੈ, ਅੰਮ੍ਰਿਤ ਵੇਲੇ ਦੋਵੇਂ ਉਠਦੇ ਹਨ, ਮੰਦਰ ਦੀ ਪਹਿਲੀ ਸਫਾਈ, ਠਾਕਰਾਂ ਨੂੰ ਇਸ਼ਨਾਨ, ਪ੍ਰਸ਼ਾਦ ਦਾ ਭੋਗ ਲਵਾਉਣਾ, ਕੀਰਤਨ ਤੇ ਆਰਤੀ ਇਸੇ ਹੀ ਦੰਪਤੀ ਦੇ ਸਪੁਰਦ ਹੈ, ਉਵੇਂ ਤੇ ਭਾਵੇਂ ਸਭੋ ਹੀ ਸਵੇਰੇ ਹੀ ਮੰਦਰ ਵਿੱਚ ਪੂਜਾ ਕਥਾ, ਬਿਸ਼ਨ ਪਦੇ ਗਾਂਦੇ ਤੇ ਆਰਤੀ ਵਿੱਚ ਜੁਟ ਪੈਂਦੇ ਹਨ ਪਰ ਏਹ ਦੰਪਤੀ ਸਭਨਾਂ ਤੋਂ ਪਹਿਲੇ ਪੁੱਜਦੀ ਹੈ, ਰਾਮੂ ਕੰਮ ਵਲ ਚਲਾ ਜਾਂਦਾ ਹੈ ਤੇ ਮਾਲਣ ਪਤੀ ਦੀ ਉਡੀਕ ਵਿੱਚ ਭੋਜਨ ਤਿਆਰ ਕਰਦੀ ਹੈ, ਬੇਗਰਜ ਸੇਵਾ ਹੈ, ਰੱਬੀ ਦਾਤ ਪਿਆਰ ਹੈ, ਉੱਚਾ ਜੀਵਨ ਹੈ, ਖੁਸ਼ਹਾਲੀ ਹੈ, ਤੇ ਇਸੇ ਵਿੱਚ ਸੁਖੀ ਹਨ। ਸਰਦੀ ਦੇ ਦਿਨ ਮੁਕਣ ਹੀ ਵਾਲੇ ਸਨ, ਨਵੇਂ-ਨਵੇਂ ਪੱਤੇ, ਕਰੂੰਬਲਾਂ, ਡੋਡੀਆਂ, ਫੁੱਲ, ਖਿੜੇ ਹੋਏ ਸਨ, ਬਨਸਪਤੀ ਮੋਲੀ ਹੋਈ ਸੀ, ਕਿ ਇੱਕ ਦਿਨ ਰਾਮੂ ਘਰ ਆਇਆ, ਪਰ ਬੁਖਾਰ ਨਾਲ ਲਿੱਸਾ ਤੇ ਮੁਰਝਾਇਆ ਹੋਇਆ। ਸਵੇਰ ਤੋਂ ਬੁਖਾਰ ਦੀ ਕਸਰ ਸੀ, ਪਰ ਜ਼ਾਲਮ ਪੰਡਿਤ ਜਿਸ ਦੇ ਘਰ ਜੰਞ ਆਈ ਹੋਈ ਸੀ ਤੇ ਗੰਦ ਦੇ ਢੇਰਾਂ ਦੇ ਢੇਰ ਪਏ ਸਨ, ਉਹਨੇ ਰਾਮੂ ਦੇ ਆਖਣ ਤੇ ਵੀ ਇਹਨੂੰ ਬਿਨਾਂ ਸਾਰੀ ਸਫ਼ਾਈ ਕਰਨ ਤੋਂ ਨਾ ਛੱਡਿਆ, ਜਿਸਦਾ ਨਤੀਜਾ ਰਾਮੂ ਨੂੰ ਬੁਖਾਰ ਤੇ ਫਿਰ ਮੁਸ਼ੱਕਤ ਵਿੱਚ ਹਵਾ ਲੱਗਣ ਨਾਲ ਨਮੂਨੀਆਂ ਹੋ ਗਿਆ ਤੇ ਸ਼ਾਮ ਪੈਂਦਿਆਂ-ਪੈਂਦਿਆਂ ਉਹ ਮਾਲਣ ਦੇ ਵੇਂਹਦਿਆਂ-ਵੇਂਹਦਿਆਂ ਦੁਨੀਆਂ ਤੋਂ ਕੂਚ ਕਰ ਗਿਆ।

(2) ਪਤੀ ਦੀ ਮੌਤ ਤੋਂ ਤਿੰਨ ਮਹੀਨੇ ਬਾਅਦ ਮਾਲਣ ਨੇ ਇੱਕ ਬਾਲਕ ਨੂੰ ਜਨਮ ਦਿੱਤਾ ਜੋ ਰੂਬਰੂ ਪਿਤਾ ਦੀ ਤਸਵੀਰ ਤੇ ਨਮੂਨਾ ਸੀ, ਮਾਲਣ ਜੋ ਕਿ ਦੁਨੀਆਂ ਵੱਲੋਂ ਮਾਯੂਸ ਹੋ ਕੇ ਦਿਲ ਤੋੜ ਬੈਠੀ ਸੀ, ਮੁੜ ਪੁੱਤਰ ਦੇ ਜਨਮ ਹੋਣ ਕਰਕੇ, ਸੁਰਜੀਤ ਜਹੀ ਹੋ ਗਈ, ਮਾਲਣ ਲਈ ਹੁਣ ਦੋ ਕੰਮ ਸਨ, ਇੱਕ ਮੰਦਰ ਦੀ ਸੇਵਾ ਤੇ ਦੂਜਾ ਪੁੱਤ ਦੀ ਪਾਲਣਾ। ਹਰ ਕੋਈ ਆਪਣਾ ਹੀ ਗੁਜ਼ਾਰਾ ਕਰ ਸਕਦਾ ਸੀ, ਇਸ ਲਈ ਵਿਚਾਰੀ ਮਾਲਣ ਵਿਧਵਾ ਦੀ ਕਿਸੇ ਮਦਦ ਕੀਤੀ ਤੇ ਬ੍ਰਾਹਮਣ ਕੀ ਪ੍ਰਵਾਹ ਕਰਦੇ ਸਨ ਅਛੂਤਾਂ ਦੀ? ਪਰ ਰਬ ਨੇ ਉਹਦਾ ਨਿਰਬਾਹ ਬਣਾਈ ਹੀ ਰੱਖਿਆ ਅਤੇ ਉਹ ਤੇ ਉਹਦਾ ਪੁੱਤ ਵਾਹੀ ਦੇ ਗੁਜ਼ਾਰੇ 'ਤੇ ਦਿਨ



ਬਿਤਾਂਵਦੇ ਹੀ ਰਹੇ। ਮੁੜ ਇਹੋ ਹੀ ਬਹਾਰ ਸੀ, ਉਹੋ ਹੀ ਦਿਨ ਸਨ, ਜਿਸ ਵਕਤ ਪੁੱਤ ਦੀ ਉਮਰ ਅਠਾਰਾਂ ਸਾਲ ਹੋ ਚੁੱਕੀ ਸੀ, ਉਹ ਵੀ ਪਿਤਾ ਵਾਂਗ ਬੜਾ ਨੇਮੀ, ਪ੍ਰੇਮੀ ਤੇ ਹਰੀ ਜਸ ਦਾ ਸ਼ੈਦਾਈ ਸੀ, ਮਾਂ ਨੇ ਇਹਨੂੰ ਬ੍ਰਾਹਮਣਾਂ ਦੀ ਸੇਵਾ ਲਈ ਨਹੀਂ ਛੱਡਿਆ ਸੀ, ਕਿਉਂਕਿ ਪਹਿਲੇ ਉਹ ਇਨ੍ਹਾਂ ਦੇਵਤਿਆਂ ਦੀ ਸੇਵਾ ਵਿੱਚ ਆਪਣੇ ਪਤੀ ਨੂੰ ਗਵਾ ਚੁੱਕੀ ਸੀ, ਇਸ ਲਈ ਪੁੱਤ ਨੂੰ ਉਹਨੇ ਸ਼ੁਰੂ ਤੋਂ ਹੀ ਜ਼ਿੰਮੀਦਾਰੀ ਵਿੱਚ ਲਾ ਦਿੱਤਾ ਹੋਇਆ ਸੀ, ਮਾਂ ਪੁੱਤ ਨੂੰ ਥਾਲੀ ਪ੍ਰੋਸ ਕੇ ਦੇਣ ਹੀ ਲੱਗੀ ਸੀ, ਕੇ ਮਾਂ ਦੇ ਨੇਤ੍ਰਾਂ ਵਿੱਚ ਅੱਥਰੂ ਤੱਕ ਕੇ ਪੁੱਤ ਨੇ ਪੁੱਛਿਆ, "ਮਾਂ ਏਹ ਕਿਉਂ? " ਮਾਂ ਨੇ ਭਰੇ ਹੋਏ ਗਲੇ ਨਾਲ ਕਿਹਾ ਪੁੱਤ ਤੇਰੇ ਪਿਤਾ ਦੀ ਯਾਦ ਆ ਗਈ ਹੈ ਇਹੋ ਹੀ ਦਿਨ ਸਨ ਜਦ ਤੇਰਾ ਪਿਤਾ ਮੈਨੂੰ ਇਕੱਲਾ ਇਸ ਦੁਨੀਆਂ ਤੇ ਛੱਡਕੇ ਟੁਰ ਗਿਆ।" "ਮਾਂ ਫਿਰ ਕਿਉਂ ਨਾ ਕਲ੍ਹ ਪੰਡਿਤ ਗਿਰਧਾਰੀ ਜੀ ਨੂੰ ਪ੍ਰਸ਼ਾਦ ਛਕਾ ਕੇ ਪਿਤਾ ਜੀ ਦੀ ਯਾਦ ਤਾਜਾ ਕਰ ਦੇਈਏ' ਮਾਂ ਨੇ ਅੱਥਰੂ ਪੂੰਝਦੇ ਪੂੰਝਦੇ ਕਿਹਾ, "ਬੇਟਾ ਉਹ ਬ੍ਰਾਹਮਣ, ਪਵਿੱਤਰ, ਬ੍ਰਹਮਾਂ ਦੇ ਮੂੰਹ 'ਚੋਂ ਪੈਦਾ ਹੋਣ ਵਾਲੇ ਤੇ ਅਸੀਂ ਅਛੂਤ, ਮੈਲੇ ਤੇ ਕਮੀਨੇ ਉਹ ਕਦ ਸਾਡੇ ਘਰ ਆਵਨਗੇ।" "ਮਾਂ ਜੀ ਬ੍ਰਾਹਮਣ ਬੜੇ ਧਰਮਾਤਮਾ ਹਨ ਤੇ ਪਵਿੱਤਰ ਹਨ ਪਰ ਜਿਥੇ ਛਾਂਦਾ ਮਿਲ ਜਾਵੇ, ਉਥੇ ਉਨ੍ਹਾਂ ਨੂੰ ਐਸੇ ਮੰਤ੍ਰ ਆਉਂਦੇ ਹਨ ਕਿ ਉਨ੍ਹਾਂ ਮੰਤ੍ਰਾਂ ਦੇ ਪਾਠ ਨਾਲ ਉਨ੍ਹਾਂ ਨੂੰ ਜੂਠ ਨਹੀਂ ਲਗਦੀ, ਮੈਂ ਕੱਲ ਹੀ ਪੰਡਤ ਜੀ ਨੂੰ ਨਿਓਤਾ ਤੇ ਆਉਂਦਾ ਹਾਂ ਤੇ ਨਾਲੇ ਛਾਂਦਾ ਵੀ ਦਸ ਆਵਾਂਗਾ ਉਮੀਦ ਹੈ ਕਿ ਉਹ ਸਾਡੇ ਘਰ ਜ਼ਰੂਰ ਆ ਕੇ ਸਾਡੀ ਦਛਨਾ ਕਬੂਲ ਕਰਕੇ ਪਿਤਾ ਜੀ ਦੀ ਆਤਮਾ ਦਾ ਕਲਿਆਨ ਕਰਨਗੇ।

"ਪਰ ਉਹ ਸਾਡੇ ਹੱਥਾਂ ਦਾ ਕਦ ਖਾਂਦੇ ਹਨ" ਹਾਂ ਮਾਂ ਜੀ ਸਾਨੂੰ ਪਕਾਉਣ ਦੀ ਲੋੜ ਹੀ ਕੀ ਏ, ਬਦਰੀ ਬਾਣੀਏਂ ਨੂੰ ਪੈਸੇ ਦੇ ਦੇਵਾਂਗੇ ਤੇ ਉਸ ਤੋਂ ਹੀ ਪੰਡਤ ਜੀ ਰਸਦ ਲੈ ਸਕਦੇ ਹਨ, ਸਾਡੇ ਘਰ ਤਾਂ ਉਨ੍ਹਾਂ ਚਰਨ ਹੀ ਪਾਉਣੇ ਹਨ ਤੇ ਪਾਠ ਕਰਕੇ ਪਿਤਾ ਜੀ ਦਾ ਕਲਿਆਣ ਕਰਨੀ ਹੈ। ਉਨ੍ਹਾਂ ਦੇ ਬੈਠਣ ਲਈ ਮੈਂ ਪਤਰ ਲੈ ਆਉਂਦਾ ਹਾਂ ਤੁਸੀਂ ਜੋੜਕੇ ਪਤਲ ਬਣਾ ਲਓ, ਬਾਕੀ ਪੋਚ, ਝਾੜ, ਧੂਪ, ਦੀਪ ਅਸੀਂ ਕਰ ਹੀ ਲਵਾਂਗੇ।"

(3) ਦੂਜੇ ਦਿਨ ਸਵੇਰ ਤੋਂ ਹੀ ਮੁੰਡੇ ਨੇ ਕੱਪੜੇ ਪਾਏ ਤੇ ਪੰਡਿਤ ਜੀ ਦੇ ਦਰ ਤੋਂ ਦਸ ਕਦਮ ਪਰ੍ਹੇ ਬੈਠ, ਬ੍ਰਾਹਮਣ ਦੇਵਤਾ ਦੇ ਬਾਹਰ ਆਵਨ ਦਾ ਇੰਤਜ਼ਾਰ ਕਰਨ ਲੱਗਾ, ਦੋ ਘੰਟੇ ਬੈਠਣ ਮਗਰੋਂ ਦੇਵਤਾ ਜੀ ਦੀ ਯੁਵਤੀ ਧੀ ਨੇ ਉਪਰੋਂ ਝਾਕਿਆ, ਹੇਠਾਂ ਸੋਹਣੀ ਸ਼ਕਲ ਤੇ ਸਡੋਲ ਅੰਗਾਂ ਵਾਲਾ ਮੁੰਡਾ ਹੈ, ਪਹਿਲੇ ਉਹ ਕੁਝ ਠਠੰਬਰ ਗਈ, ਪਰ ਮੁੜ ਮੁੜ ਝਾਤ ਪਾਣ ਤੇ ਉਸਦਾ ਦਿਲ ਮੁੜ ਝਾਤ ਪਾਣ ਨੂੰ ਕਰਦਾ ਤਾਂ ਉਹ ਇੱਕੋ ਨਜ਼ਰ ਭਰਕੇ ਮੁੰਡੇ ਵੱਲ ਵੇਖਦੀ ਰਹੀ, ਮੁੰਡੇ ਦੀ ਵੀ ਨਜ਼ਰ ਉਪਰ ਗਈ ਤਾਂ ਠਕਰਾਇਣ ਜੀ ਦਾ ਦਰਸ਼ਨ ਕੀਤਾ, ਦਿਲ ਵਿੱਚ ਕੁਝ ਠੰਢ ਭਾਸੀ ਤੇ ਕੁਝ ਗੁਦਗੁਦੀ ਹੋਈ, ਤੇ ਬੋਲਣ ਦਾ ਹੀਯਾ ਕਰਕੇ ਆਖਣ ਲੱਗਾ, 'ਦੇਵਤਾ ਜੀ ਕਿਥੇ ਹਨ, ਮੈਨੂੰ ਕੰਮ ਹੈ ਠਕਰਾਇਣ।" 'ਠਕਰਾਇਣ ਮੁਸਕ੍ਰਾਈ ਤੇ ਆਖਣ ਲੱਗੀ ਉਹ ਅੰਦਰ ਹਨ ਤੁਸੀਂ ਆ ਜਾਓ।" ਪਰ ਮੁੰਡੇ ਨੇ ਸੁਣਿਆ ਅਨਸੁਣਿਆ ਕਰ ਦਿੱਤਾ ਤੇ ਬੈਠਾ ਰਿਹਾ, ਪਲ ਮਗਰੋਂ ਦੇਵਤਾ ਜੀ ਨੇ ਝਾਤ ਪਾਈ ਤੇ ਨੱਕ ਚਾੜ੍ਹ ਲਿਆ, "ਹਰੇ ਹਰੇ ਅਛੂਤ ਕਹਾਂ ਸੇ ਆ ਗਿਆ, ਵਿਸ਼ਨੂੰ ਵਿਸ਼ਨੂੰ, ਸਵੇਰੇ ਸਵੇਰੇ ਦੁਸ਼ਟ ਮੱਥੇ ਲੱਗ ਗਿਆ, ਓਏ ਕੀ ਕੰਮ ਹੈ, ਕਿਉਂ ਮੋਇਆਂ ਹੈ? " " ਜੀ ਜ਼ਰਾ ਸਾਡੇ ਗ੍ਰਿਹ ਚਲੋ, ਪਿਤਾ ਜੀ ਦੀ ਬਰਸੀ ਕਰਨੀ ਹੈ, ਆਪ ਪਾਠ ਕਰਨਾ, ਅਸੀਂ ਹੱਥ ਜੋੜਾਂਗੇ, ਦਛਨਾਂ, ਰਸਦ ਲਈ ਬਦਰੀ ਨੂੰ ਆਖ ਦਿੱਤਾ ਹੈ, ਦੇਵਤਾ ਚਲੋ ਸਾਡਾ ਗ੍ਰਿਹ ਪਵਿੱਤਰ ਕਰੋ।" " ਹਰੇ ਹਰੇ ਅਛੂਤ ਕੇ ਘਰ, ਰਾਮ ਰਾਮ, ਨਹੀਂ ਨਹੀਂ, ਚਲੇ ਜਾਓ ਤੁਮ ਯਹਾਂ ਸੇ, ਅਛੂਤ ਕਰਮ, ਧਰਮ ਨਹੀਂ ਕਰ ਸਕਤਾ, ਹਾਂ ਪਰ ਦੇਖੋ ਹਮ ਤੁਮਾਰੇ ਬਾਪ ਹੀ ਖਾਤ੍ਰ ਚਲਾ ਜਾਏਗਾ, ਜਰਾ ਆਂਗਨ ਮੇਂ ਬਹਾਰੀ, ਫੇਰ ਦੇ, ਫਿਰ ਵੋਹ ਲੱਕੜੀਓ ਦਾ ਗੱਠਾ ਹੈ, ਉਸ ਕੋ ਵਹਾਂ ਸੇ ਵਹਾਂ ਰੱਖ ਦੇ, ਪਾਥੀਆਂ ਦੀਵਾਰ ਸੇ ਲਗਾਓ ਤਬ ਤਕ ਹਮ ਰੋਟੀ ਖਾ ਕਰ ਚਲੇਂਗੇ।" ਮੁੰਡੇ ਦੀ ਬਲਾ ਜਾਣੇ ਝਾੜੂ ਕਰਨਾ ਕਿਵੇਂ ਹੁੰਦਾ ਹੈ, ਵਿਚਾਰਾ ਪਿਤਾ ਦੀ ਬਰਸੀ ਤੇ ਦੇਵਤੇ ਦੇ ਘਰ ਲੈ ਜਾਣ ਦੀ ਖੁਸ਼ੀ ਵਿੱਚ ਝਾੜੂ ਦੇਂਦਾ ਰਿਹਾ। ਝਾੜੂ ਮਗਰੋਂ ਅਜੇ ਦਮ ਵੀ ਨਹੀਂ ਸੂ ਲਿਆ ਕਿ ਲੱਕੜਾਂ ਢੋਣ ਤੇ ਲੱਗ ਪਿਆ, ਠਕਰਾਇਣ ਜੋ ਕਿ ਮੁੰਡੇ ਤੇ ਵਿਕ ਚੁੱਕੀ ਸੀ, ਪਿਤਾ ਮਾਤਾ ਨੂੰ ਰੋਟੀ ਖਾ ਕੇ ਅਰਾਮ ਕਰਨ ਗਏ ਵੇਖ, ਮੁੰਡੇ ਪਾਸ ਆਈ ਤੇ ਕਿਹਾ, " ਮੇਰਾ ਕਸਾਈ ਪਿਤਾ ਤੈਥੋਂ ਏਡੀ ਮੁਸ਼ਕਤ ਲੈਂਦਾ ਹੈ," ਤੇ

ਉਹ ਆਪ ਵੀ ਲੱਕੜਾਂ ਢੋਣ ਲੱਗੀ ਤੇ ਨਾਲ ਹੀ ਬੁੱਕਲ ਵਿੱਚ ਛੁਪਾਈ ਹੋਈ ਮਠਿਆਈ ਉਹਨੂੰ ਖਾਵਣ ਲਈ ਦਿੱਤੀ। ਦੇਵਤਾ ਜੀ ਨੂੰ ਖਿਆਲ ਆਇਆ ਪਰ ਉਨ੍ਹਾਂ ਕਿਹਾ ਅਛੂਤ ਹੈ, ਕੰਮ ਲੱਗਾ ਹੋਇਆ ਹੈ, ਆਪੇ ਵੇਖੀ ਜਾਊ, ਮੁੰਡਾ ਤੇ ਠਕਰਾਇਣ ਸਾਰਾ ਦਿਨ ਲੱਗੇ ਰਹੇ ਪਰ ਉਹ ਲੱਕੜਾਂ ਨਾ ਖਤਮ ਹੋਈਆਂ, ਠਕਰਾਇਣ ਪਿਤਾ ਦੀ ਆਮਦ ਦਾ ਵਕਤ ਜਾਣ ਟੁਰ ਗਈ, ਪਰ ਮੁੰਡਾ ਲੱਗਾ ਰਿਹਾ।

(4) ਦੇਵਤਾ ਜੀ ਆਏ ਪਰ ਨਾਸਾਂ ਫੁਲਾਉਂਦੇ ਹੋਏ ਤੇ ਆਉਂਦੇ ਨੇ ਹੀ ਇੱਕ ਜ਼ੋਰ ਦੀ ਸੋਟੀ ਮੁੰਡੇ ਦੇ ਸਿਰ ਵਿੱਚ ਮਾਰੀ ਤੇ ਕਿਹਾ ਕਮੀਨੇ ਅਜੇ ਤੱਕ ਲੱਕੜਾਂ ਨਹੀਂ ਖਤਮ ਕੀਤੀਆਂ, ਸਿਰ ਤੋਂ ਲਹੂ ਜਾਰੀ ਹੋ ਗਿਆ, ਠਕਰਾਇਣ ਲਹੂ ਦੀ ਧਾਰ ਵੇਖ ਰੋਂਦੀ ਆਈ ਤੇ ਦੁੱਪਟੇ ਨੂੰ ਲੀਰ ਲੀਰ ਕਰਕੇ 'ਚਿਤ ਚੋਰ' ਦੀਆਂ ਪਟੀਆਂ ਕਰਨ ਲੱਗੀ। ਦੇਵਤਾ ਜੀ ਦਾ ਮੂੰਹ ਖੁੱਲ੍ਹਾ ਰਹਿ ਗਿਆ ਜਦੋਂ ਉਨ੍ਹਾਂ ਏਹ ਦ੍ਰਿਸ਼ ਡਿੱਠਾ ਤੇ ਆਪੇ ਤੋਂ ਬਾਹਰ ਹੋ ਗਏ ਤੇ ਲੱਗੇ ਮਾਰ ਮਾਰ ਕੇ ਅਛੂਤ ਦੇ ਪਾਸੇ ਸੇਕਨ, ਠਕਰਾਇਣ ਨੇ! ਉਸਨੂੰ ਕਸਾਈ ਪਿਤਾ ਦੇ ਪੰਜੇ ਵਿੱਚੋਂ ਛੁਡਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਕੋਮਲ ਕਲੀ ਦੀ ਕੀ ਤਾਕਤ ਸੀ, ਕਿ ਜ਼ਾਲਮ ਸਯਾਦ ਦੇ ਹੱਥੋਂ ਇੱਕ ਅਛੂਤ ਬੁਲਬੁਲ ਨੂੰ ਛੁਡਾ ਸਕਦੀ। ਪੰਡਤ ਹੁਰੀ ਕੋਰੜੇ ਫੜਕੇ ਜ਼ੋਰ ਜ਼ੋਰ ਦੀ ਮਾਰ ਬੀ ਰਹੇ ਸਨ ਤੇ ਗਾਲਾਂ ਦੀ ਵੀ ਬੁਛਾੜ ਕਰ ਰਹੇ ਸਨ। ਘਰ ਦੇ ਹੋਰ ਸਾਰੇ ਜੀ 'ਕੱਠੇ ਹੋ ਗਏ, ਪਰ ਕਿਸੇ ਦੀ ਹਿੰਮਤ ਨਹੀਂ ਸੀ ਕਿ ਕੋਈ ਪੰਡਿਤ ਜੀ ਦੇ ਗੁੱਸੇ ਵਿੱਚ ਦਖਲ ਦੇਵੇ। ਸਾਰੇ ਇੱਕ ਦੂਜੇ ਦੇ ਮੂੰਹ ਵੱਲ ਬਿਠ ਬਿਠ ਤੱਕ ਰਹੇ ਸਨ, ਪਰ ਪ੍ਰਮਾਤਮਾਂ ਹਮੇਸ਼ਾਂ ਮਜ਼ਲੂਮਾਂ ਦੀ ਰੱਖਿਆ ਕਰਦਾ ਹੈ, ਇਸ ਸਮੇਂ ਹੀ ਉਹ ਹਰਨਾਕਸ਼ ਹੋ ਕੇ ਸੱਪ ਦੀ ਸ਼ਕਲ ਵਿੱਚ ਬਹੁੜਿਆ, ਪੰਡਤ ਜੀ ਦਾ ਇੱਕ ਕੋਰੜਾ ਅਛੂਤ ਦੀ ਪਿੱਠ ਦੀ ਥਾਂ ਪੁਰਾਣੀ ਲੱਕੜ ਤੇ ਲੱਗਾ ਤੇ ਇੱਕ ਉਡਨਾ ਸਪ ਉੱਡ ਕੇ ਪੰਡਤ ਜੀ ਦੇ ਮੱਥੇ ਨੂੰ ਚੁੰਮੜ ਗਿਆ।

ਪੰਡਤ ਜੀ ਨੂੰ ਸਪ ਲੜਨ ਦੀ ਖਬਰ ਸਾਰੀ ਬਸਤੀ ਵਿੱਚ ਫੈਲ ਗਈ, ਪੂਜਾ ਪਾਠ ਹੋਣ ਲੱਗਾ, ਹਕੀਮ ਸੱਦੇ ਗਏ, ਮਾਂਦਰੀ ਬੁਲਾਏ ਗਏ ਪਰ ਪੰਡਿਤ ਜੀ ਦੇ ਜਿਸਮ ਵਿੱਚ ਜ਼ਹਿਰ ਵਧਦਾ ਜਾ ਰਿਹਾ ਸੀ, ਜੋ ਪੰਡਿਤ ਜੀ ਦਾ ਜਿਸਮ ਨੀਲਾ ਕਾਲਾ ਕਰ ਰਿਹਾ ਸੀ, ਪੰਡਿਤ ਜੀ ਬੇਹੋਸ਼ ਪਏ ਸਨ, ਪੰਡਿਤ ਜੀ ਦੀ ਘਰ ਵਾਲੀ ਪੰਡਿਤ ਜੀ ਦੇ ਜੀਵਨ ਦੇ ਅਰਦਾਸੇ ਕਰ ਰਹੀ ਸੀ ਅਤੇ ਬਾਰ ਬਾਰ ਇਹ ਕਹਿੰਦੀ ਸੀ ਕਿ 'ਪੰਡਿਤ ਜੀ ਨਾਲ ਕੋਈ ਸੋਨਾ ਤੋਲ ਕੇ ਲੈ ਲਵੇ, ਪਰ ਪੰਡਿਤ ਜੀ ਨੂੰ ਰਾਜ਼ੀ ਕਰ ਦੇਵੇ।" ਪਰ ਹੁਣ ਪੰਡਿਤ ਜੀ ਦੇ ਜੀਵਨ ਦੀ ਕਿਸੇ ਨੂੰ ਆਸ ਨਹੀਂ ਸੀ।

(5) ਅਛੂਤ ਮੁੰਡਾ ਮੌਕਾ ਪਾ ਕੇ ਉਠ ਨਠਿਆ, ਉਸਦੇ ਕੱਪੜੇ ਪਾਟ ਗਏ ਸਨ, ਜਿਸਮ ਲਹੂ ਲੁਹਾਨ ਸੀ, ਆਪਣੀ ਨਾ ਸੁਧ ਸੀ ਨਾ ਬੁਧ, ਮੂੰਹੋਂ ਜੋ ਕੁਝ ਆਇਆ ਬਕਦਾ ਬਕਾਂਦਾ ਝੁੱਗੀ ਵਿੱਚ ਆ ਪੁੱਜਾ, ਮਾਂ ਸਾਰੇ ਦਿਨ ਦੀ ਉਡੀਕ ਨਾਲ ਪ੍ਰੇਸ਼ਾਨ ਸੀ, ਪੁੱਤਰ ਦੀ ਇਹ ਹਾਲਤ ਦੇਖ ਸਭ ਕੁਝ ਸਮਝ ਗਈ, ਪੁੱਤਰ ਦੇ ਜ਼ਖਮ ਧੋਤੇ, ਟਕੋਰ ਕੀਤੀ, ਪਟੀਆਂ ਬੱਧੀਆਂ, ਗਰਮ ਦੁੱਧ ਪਿਲਾਇਆ ਤੇ ਲਿਟਾ ਦਿੱਤਾ, ਅਜੇ ਪਲ ਵੀ ਨਹੀਂ ਸੀ ਲੰਘਿਆ ਕਿ ਗਵਾਂਢੀ ਨੇ ਆ ਕੇ ਖਬਰ ਦਿੱਤੀ ਕਿ ਪੰਡਿਤ ਮਰ ਰਿਹਾ ਹੈ, ਉਸਨੂੰ ਜ਼ਹਿਰੀ ਸੱਪ ਨੇ ਡੰਗ ਲਿਆ ਹੈ, ਉਸਦੀ ਇਸਤਰੀ ਜੇਹੜਾ ਉਸਦੀ ਜਾਨ ਬਚਾਏ ਉਸਨੂੰ ਪਤੀ ਦੇ ਬਰਾਬਰ ਸੋਨਾ ਤੋਲ ਕੇ ਦੇਣ ਨੂੰ ਤਿਆਰ ਹੈ।

ਜ਼ਖ਼ਮੀ ਅਛੂਤ ਦਾ ਪਿਤਾ ਰਾਮੂ ਮਾਂਦਰੀ ਸੀ, ਤੇ ਉਹ ਮਰਦੀ ਵਾਰ ਇੱਕ ਸੱਪ ਡੰਗੇ ਦਾ ਮੰਤਰ ਆਪਣੀ ਵਹੁਟੀ ਪਾਸ ਆਪਣੀ ਔਲਾਦ ਲਈ ਦੇ ਗਿਆ ਸੀ, ਕਿਉਂਕਿ ਕਈ ਪੁਸ਼ਤਾਂ ਤੋਂ ਇਹ ਮੰਤਰ ਇਨ੍ਹਾਂ ਦੇ ਘਰ ਵਿੱਚ ਸੀ। ਗਵਾਂਢੀ ਨੇ ਇਸ ਗੱਲ ਦਾ ਇਸ਼ਾਰਾ ਕੀਤਾ ਕਿ ਖਟਨ ਦਾ ਚੰਗਾ ਮੌਕਾ ਹੈ।

ਪਰ ਮਾਂ ਪੁੱਤਰਾਂ ਨੇ ਮੱਥੇ ਤੇ ਤੀਊੜੀ ਪਾ ਲਈ, ਕੀ ਉਸ ਲਈ ਪਿਤਾ ਦੀ ਬਖਸ਼ਸ ਵਰਤੀ ਜਾਵੇ, ਜਿਸਨੇ ਉਸਦੀ ਕਲਿਆਨ ਕਰਨ ਦੀ ਥਾਂ ਉਸਦੀ ਨਿਸ਼ਾਨੀ ਪੁੱਤਰ ਨੂੰ ਬੇਤਰਸੀ ਨਾਲ ਮਾਰਿਆ ਹੈ, ਮਾਲਣ ਕਹਿਣ ਲੱਗੀ ਕਿ ਇਹ ਕਲਯੁੱਗ ਹੈ ਅਜ ਹੀ ਇੱਕ ਗਰੀਬ ਨੂੰ ਸਤਾਇਆ ਸੂ ਤੇ ਅਜੋ ਹੀ ਸਜ਼ਾ ਮਿਲ ਗਈ ਸੂ, ਅਜੇਹਾ ਨੀਚ ਅਜਿਹੀ ਮੌਤੇ ਮਰਨ ਦੇ ਲਾਇਕ ਹੈ। ਪਰ ਉਸਦਾ ਪੁੱਤਰ ਇਹ ਨਾ ਸਹਾਰ ਸਕਿਆ, ਚੁੱਪ ਕੀਤਾ ਮੰਜੇ ਤੋਂ ਉੱਠੀਆ, ਮਾਰ ਨਾਲ ਅੱਧ ਮੋਇਆ ਪੀੜਾਂ ਨਾਲ ਕਰਾਂਦਾ ਟੁਰ ਪਿਆ, ਇੱਕ ਵਾਰ



ਵਾਪਸ ਮੁੜਿਆ ਪਰ ਪਤਾ ਨਹੀਂ ਕਿਹੜੀ ਸ਼ਕਤੀ ਨੇ ਉਸਨੂੰ ਫਿਰ ਪੰਡਤ ਦੇ ਘਰ ਪੁਚਾ ਦਿੱਤਾ। ਪੰਡਤ ਜੀ ਦੇ ਘਰ ਕੁਹਰਾਮ ਮਚਿਆ ਹੋਇਆ ਸੀ ਹਾਹਾਕਾਰ ਪਈ ਹੋਈ ਸੀ ਸੈਂਕੜੇ ਲੋਕ ਇਕੱਠੇ ਹੋਏ ਹੋਏ ਸਨ ਕੋਈ ਕੁਝ ਕਹਿੰਦਾ, ਕੋਈ ਕੁਝ, ਅਛੂਤ ਬੜੀ ਕਾਹਲੀ ਨਾਲ ਭੀੜ ਨੂੰ ਚੀਰਦਾ ਹੋਇਆ ਅੱਗੇ ਵਧਿਆ, ਏਸ ਹਫੜਾ ਦਫੜੀ ਵਿੱਚ ਕਿਸੇ ਏਹ ਨਹੀਂ ਵੇਖਿਆ ਇਹ ਅਛੂਤ ਹੈ। ਦੋ ਬਜ਼ੁਰਗ ਬੈਠੇ ਸਨ, ਜਦ ਉਨ੍ਹਾਂ ਇਸਨੂੰ ਤਕਿਆ ਤਾਂ ਬੋਲੇ 'ਬੱਸ ਹੁਣ ਪੰਡਿਤ ਜੀ ਬਚ ਜਾਣਗੇ। ਏਹ ਰਾਮੂ ਦਾ ਪੁੱਤਰ ਹੈ। ਉਹਨੂੰ ਸੱਪ ਕਟੇ ਦਾ ਮੰਤ੍ਰ ਯਾਦ ਸੀ, ਏਹਦਾ ਮੰਤ੍ਰ ਕਦੇ ਖਾਲੀ ਨਹੀਂ ਜਾਣ ਲੱਗਾ।" ਹੁਣ ਪੰਡਿਤ ਜੀ ਦੇ ਸਾਰੇ ਪਰਿਵਾਰ ਦੀਆਂ ਅੱਖਾਂ ਅਛੂਤ ਨਾਲ ਸਨ, ਤੇ ਅਛੂਤ ਕੁਝ ਮੂੰਹ ਵਿੱਚ ਹੀ ਗੁਣ ਗੁਣ ਕਰ ਰਿਹਾ ਸੀ।

ਅਛੂਤ ਨੇ ਗੰਭੀਰਤਾ ਨਾਲ ਆਪਣੇ ਜੱਦੀ ਮੰਤਰ ਦਾ ਜਾਪ ਕੀਤਾ, ਜਾਪ ਮਗਰੋਂ ਪਾਣੀ ਮੰਗਿਆ, ਠਾਕਰ ਜੀ ਦੀ ਪੁੱਤਰੀ ਪਾਣੀ ਦਾ ਕਟੋਰਾ ਲਿਆਈ, ਅਛੂਤ ਨੇ ਦੋ ਘੱਟ ਭਰਕੇ ਉਸੇ ਗਲਾਸ ਵਿੱਚ ਚੂਲੀ ਕਰ ਦਿੱਤੀ, ਇਹੋ ਪਾਣੀ ਘੁਟ ਘੁਟ ਕਰਕੇ ਠਾਕਰ ਜੀ ਦੇ ਮੂੰਹ ਵਿੱਚ ਪਾਇਆ ਗਿਆ ਠਾਕਰ ਜੀ ਨੌਂ ਬਰ ਨੌਂ ਹੋ ਗਈ। ਚਾਰ ਚੁਫੇਰਿਓਂ ਠਾਕਰਾਣੀ ਜੀ ਨੂੰ ਵਧਾਈਆਂ ਮਿਲਣ ਲੱਗੀਆਂ। ਠਾਕਰਾਣੀ ਜੀ ਤੇ ਉਨ੍ਹਾਂ ਦੀ ਪੁੱਤਰੀ ਖੁਸ਼ੀ ਵਿੱਚ ਫੁਲੀਆਂ ਨਹੀਂ ਸਮੇਂ ਦੀਆਂ ਸਨ। ਛੋਟੀ ਠਾਕਰਾਣੀ ਅਛੂਤ ਵੱਲ ਵੇਖ ਵੇਖ ਕੇ ਖੁਸ਼ੀ ਦੇ ਅੱਥਰੂ ਕੇਰ ਰਹੀ ਸੀ ਤੇ ਅਛੂਤ ਤੋਂ ਨਜ਼ਰ ਨਹੀਂ ਸੀ ਚੁਕਦੀ, ਕੀ ਪਤਾ ਇਸ ਵਿੱਚ ਕੀ ਭੇਤ ਸੀ?

ਠਾਕਰ ਜੀ ਉੱਠੇ ਸਾਹਮਣੇ ਅਛੂਤ ਨੂੰ ਦੇਖਿਆ ਤਾਂ ਕਰੋਧ ਮਈ ਹੋ ਗਏ, ਉਸਦੇ ਏਥੇ ਖੜੇ ਹੋਣ ਦਾ ਕਾਰਨ ਪੁੱਛਿਆ, ਠਾਕਰਾਣੀ ਜੀ ਨੇ ਸਭ ਹਾਲ ਸੁਣਾ ਦਿੱਤਾ, ਹੁਣ ਤਾਂ ਠਾਕਰ ਜੀ ਪ੍ਰਸੰਨ ਹੋ ਗਏ ਤੇ ਅਛੂਤ ਨੂੰ ਪਿਆਰ ਦੀ ਨਜ਼ਰ ਵਾਲਾ ਤਕ ਕੇ ਬੋਲੇ, " ਬੇਟਾ! ਤੂੰ ਅਛੂਤ ਨਹੀਂ, ਤੂੰ ਤਾਂ ਦੇਵਤਾ ਹੈਂ, ਮਸੀਹਾ ਏਂ, ਮੇਰਾ ਜਾਨ ਦਾਤਾ ਏਂ, ਨਹੀਂ! ਨਹੀਂ!! ਤੂੰ ਤਾਂ ਮੇਰ ਰੱਬ ਏਂ! ਆ ਮੇਰੇ ਕੋਲ ਬਹਿਜਾ, ਅਛੂਤ ਆਪਣੇ ਫਰਜ਼ ਤੋਂ ਬੜਾ ਖੁਸ਼ ਸੀ, ਉਸਦੇ ਚੇਹਰੇ ਤੇ ਖੇੜਾ, ਗੱਲ੍ਹਾਂ 'ਤੇ ਲਾਲੀ ਤੇ ਅੱਖਾਂ ਵਿੱਚ ਚਮਕ ਆ ਗਈ ਸੀ ਤੇ ਹੁਣ ਅਛੂਤ ਠਾਕਰ ਜੀ ਨੂੰ ਵੀ ਪਿਆਰਾ ਲੱਗਣ ਲੱਗ ਪਿਆ ਸੀ, ਠਾਕਰ ਜੀ ਨੇ ਕਿਹਾ ਬੇਟਾ! ਮੰਗ ਜੋ ਮੰਗਣਾਂ ਈਂ, ਮੈਂ ਤੇਰਾ ਇਹਸਾਨ ਨਹੀਂ ਲਾਹ ਸਕਦਾ। ਠਾਕਰਾਣੀ ਨੇ ਕਿਹਾ, "ਮੈਂ ਤੈਨੂੰ ਠਾਕਰ ਜੀ ਨਾਲ ਸੋਨਾ ਤੋਲ ਕੇ ਸਕਦੀ ਹਾਂ, ਤੂੰ ਮੇਰੀਆਂ ਖੁਸ਼ੀਆਂ ਮੋੜ ਆਂਦੀਆਂ ਹਨ। ਪਰ ਛੋਟੀ ਠਾਕਰਾਣੀ ਕਿਸੇ ਖਿਆਲ ਵਿੱਚ ਮਸਤ ਸੀ, ਉਹਨੂੰ ਪਿਛੇ ਬੀਤੇ ਸਾਰੀ ਗੱਲ ਚੇਤੇ ਆ ਰਹੇ ਸਨ ਤੇ ਉਹ ਕੁਝ ਹੋਰ ਈ ਸੋਚ ਰਹੀ ਸੀ, ਪ੍ਰੰਤੂ ਅਛੂਤ ਨੂੰ ਇੱਕ ਟਕ ਵੇਖ ਰਹੀ ਸੀ, ਕੀ ਮਜਾਲ ਉਹ ਦੀ ਅੱਖ ਵੀ ਫਰਕੀ ਹੋਵੇ।

ਅਛੂਤ ਨੇ ਠਾਕਰ ਜੀ ਤੇ ਠਾਕਰਾਣੀ ਜੀ ਦੀਆਂ ਗੱਲਾਂ ਦੇ ਉਤਰ ਵਿੱਚ ਬੜੇ ਮਿੱਠੇ ਤੇ ਸੁਰੀਲੇ ਸ਼ਬਦਾਂ ਵਿੱਚ ਕਿਹਾ-"ਮਹਾਰਾਜ ਮੈਂ ਕੋਈ ਇਹਸਾਨ ਨਹੀਂ ਕੀਤਾ ਜਾਂ ਏਹ ਕੰਮ ਮੈਂ ਕਿਸੇ ਬਦਲੇ ਲਈ ਨਹੀਂ ਕੀਤਾ। ਸਗੋਂ ਆਪਣਾ ਫਰਜ਼ ਜਾਣ ਕੇ ਕੀਤਾ ਹੈ, ਤੇ ਮੈਂ ਦਾਨ ਦਾ ਪੈਸਾ ਲੈਣਾ ਨਹੀਂ, ਏਹ ਮੇਰਾ ਹੱਕ ਨਹੀਂ। ਛੋਟੀ ਠਾਕਰਾਣੀ ਜਿਹੜੀ ਸੋਚਾਂ ਵਿੱਚ ਡੁੱਬੀ ਹੋਈ ਸੀ ਬੇਵਸ ਹੋ ਕੇ ਬੋਲੀ, "ਪਿਤਾ ਜੀ ਰਹਿਨ ਦੇਵੋ। ਦਾਨ ਲੈਣਾ ਸਾਡਾ ਈ ਕੰਮ ਹੈ। ਤੇ ਸਾਡੇ ਬਿਨਾਂ ਦੁਨੀਆਂ ਵਿੱਚ ਹੋਰ ਕੋਈ ਵੀ ਦਾਨ ਦਾ ਅਧਿਕਾਰੀ ਨਹੀਂ, ਪੰਡਤਾਂ ਤੇ ਠਾਕਰਾਂ ਨੂੰ ਹਰ ਸਮੇਂ ਦਾਨ ਲੈਣ ਦਾ ਹੱਕ ਹੈ। ਇਸ ਲਈ ਹੁਣ ਵੀ ਮੈਂ ਵੀ ਦਾਨ ਮੰਗਦੀ ਹਾਂ, ਮੈਂ ਦੁਨੀਆਂ ਪਾਸੋਂ ਤੇ ਤੁਹਾਡੇ ਪਾਸੋਂ ਏਸ ਅਛੂਤ ਦਾ ਦਾਨ ਮੰਗਦੀ ਹਾਂ।

ਸਭ ਹਕੜੇ-ਬਕੜੇ ਹੋ ਗਏ, ਪਰ ਪੰਡਿਤ ਜੀ ਜਿਨ੍ਹਾਂ ਨੂੰ ਇਸਦੀ ਇਸ ਦੀ ਸੋਝੀ ਪੈ ਗਈ ਸੀ, ਚੂੰ ਚਾਂ ਨਾ ਕਰ ਸਕੇ ਤੇ ਅਛੂਤ ਦਾ ਹੱਥ ਫੜ ਕੇ ਛੋਟੀ ਠਾਕਰਾਣੀ ਦੇ ਹੱਥ ਫੜਾ ਦਿੱਤਾ ਅਤੇ ਨਾਲ ਹੀ ਕਹਿਣ ਲੱਗੇ ਕਿ ਅਸਾਂ ਉਸ ਧਰਮ ਵਿੱਚ ਨਹੀਂ ਰਹਿਣਾ ਜਿਸ ਵਿੱਚ ਅਛੂਤਾਂ ਤੇ ਬ੍ਰਾਹਮਣਾਂ ਦੀ ਕੋਈ ਵਿਥ ਰਹੇ ਅਸੀਂ ਜ਼ਰੂਰ ਹੀ ਇਹ ਧਰਮ ਛੱਡ ਕੇ ਅਜਿਹੇ ਧਰਮ ਵਿੱਚ ਪ੍ਰਵੇਸ਼ ਕਰਾਂਗੇ ਕਿ ਜਿਸ ਦੇ ਝੰਡੇ ਹੇਠਾਂ ਛੂਤ-ਛਾਤ ਦਾ ਕੋਈ ਭੇਦ ਨਾ ਹੋਵੇ। ਅਗਲੇ ਭਲਕ ਸਾਰਿਆਂ ਨੇ ਖੰਡੇ ਦਾ ਅੰਮ੍ਰਿਤ ਛੱਕ ਲਿਆ ਤੇ ਅਛੂਤ ਠਾਕਰਾਇਣ ਦਾ ਵਿਆਹ ਪੂਰਨ ਗੁਰ ਮਰਯਾਦਾ ਅਨੁਸਾਰ ਅਨੇਕਾਂ ਲੋਕਾਂ ਦੀ ਹਾਜ਼ਰੀ ਵਿੱਚ ਹੋ ਰਿਹਾ ਸੀ। ✪

# ਕਹਾਣੀ / ਲਾਹੌਰੀਆ ਬੁੱਢਾ/ ਸੁਖਰਾਜ ਸਿੰਘ ਧਾਲੀਵਾਲ

ਕਿਸੇ ਦਾ ਘਰ ਸੰਭਾਲਣ ਜਾਣਾ ਔਖੇ ਕੰਮਾਂ ਵਿੱਚੋਂ ਇੱਕ ਐ। ਇਹ ਔਖਾ ਕੰਮ ਮੈਨੂੰ ਕਈ ਵਾਰੀ ਕਰਨਾ ਪਿਆ। ਪਿਛਲੀਆਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਮੇਰੀ ਪਤਨੀ ਦੀ ਮਾਸੀ ਦਾ ਘਰ ਸਾਨੂੰ ਸੱਤ ਦਿਨ ਸੰਭਾਲਣਾ ਪੈਣਾ ਸੀ। ਮੈਂ ਅਣਮੰਨੇ ਮਨ ਨਾਲ ਬੈਗ ਚੁੱਕ ਕੇ ਤੁਰ ਪਿਆ ਸਾਂ। ਉਸ ਸਮੇਂ ਮੇਰਾ ਬੇਟਾ ਦੋ ਸਾਲ ਤੇ ਚਾਰ ਮਹੀਨਿਆਂ ਦਾ ਸੀ। ਗਰਮੀਆਂ ਵਿੱਚ ਇਸ ਪਿੰਡ ਵਿੱਚ ਰਾਤ ਕੱਟਣਾ ਬਹੁਤ ਔਖਾ ਸੀ। ਸੇਮ ਦਾ ਪਾਣੀ ਖੜ੍ਹਾ ਹੋਣ ਕਰਕੇ ਮੱਛਰ ਦੀ ਭਰਮਾਰ ਸੀ। ਪਰ ਇਸ ਪਿੰਡ ਦੀ ਇਕ ਵਿਲੱਖਣ ਗੱਲ ਸੀ ਕਿ ਤਕਰੀਬਨ ਸਾਰਾ ਪਿੰਡ ਘਰ ਦੀ ਸ਼ਰਾਬ ਕੱਢਦਾ, ਠੇਕੇ ਦੀ ਕੋਈ ਘੱਟ ਪੀ ਕੇ ਖੁਸ਼ ਸੀ। ਕੱਢਦੇ ਪੀਣ ਵਾਸਤੇ ਈ ਸੀ।

ਮੈਨੂੰ ਪਿੰਡ 'ਚ ਦਿਨੇ ਆਉਣਾ ਤਾਂ ਚੰਗਾ ਲੱਗਦਾ, ਪਰ ਰਾਤ ਠਹਿਰਨਾ ਪਸੰਦ ਨਹੀਂ ਸੀ। ਓਪਰਾ ਘਰ ਸੰਭਾਲਣਾ ਸੌਖਾ ਨਹੀਂ ਹੁੰਦਾ। ਆਪਣੇ ਘਰ ਦੀ ਹਰੇਕ ਚੀਜ਼-ਵਸਤੂ ਬੰਦਾ ਹਨੇਰੇ ਵਿੱਚ ਵੀ ਭਾਲ ਲੈਂਦਾ ।

ਕਦੇ ਭੂਆ ਦਾ ਘਰ ਸੰਭਾਲਣਾ, ਕਦੇ ਮਾਸੀ ਦਾ, ਕਦੇ ਤਾਏ ਦਾ, ਕਦੇ ਭੈਣ ਦਾ ਤੇ ਕਦੇ ਕਿਸੇ ਅਣਚਾਹੇ ਮਿੱਤਰ-ਬੇਲੀ ਦਾ, ਇਸ ਫਾਲਤੂ ਵੰਗਾਰ ਤੇ ਮੈਨੂੰ ਬੜੀ ਚਿੜ੍ਹ ਸੀ, ਅੰਦਰੇ-ਅੰਦਰ ਕੁੜ੍ਹਦਾ ਰਹਿੰਦਾ ਸਾਂ।

ਲੋਕ ਛੁੱਟੀਆਂ ਵਿਚ ਬੇਫ਼ਿਕਰ ਹੋ ਕੇ ਧਾਰਮਿਕ ਸਥਾਨਾਂ, ਹਿੱਲ ਸਟੇਸ਼ਨਾਂ ਨੂੰ ਤੁਰ ਪੈਣਗੇ, ਮੇਰੇ ਵਰਗੇ ਮੂੰਹ-ਕੂਲੇ ਅਗਲੇ ਦਾ ਚੌਂਕੀਦਾਰਾ ਕਰਨ ਚਲੇ ਜਾਂਦੇ ਐ। ਇਸ ਵਾਰ ਮੈਂ ਕੁਝ ਸੌਖਾ-ਸੌਖਾ ਮਹਿਸੂਸ ਕੀਤਾ ਜਦੋਂ ਸਾਡੇ ਜਾਣ ਤੋਂ ਪਹਿਲਾਂ ਹੀ ਘਰ ਦੀ ਰਾਖੀ ਲਈ ਮੇਰੀ ਪਤਨੀ ਦੇ ਮਾਸੜ ਦਾ ਰਿਸ਼ਤੇ ਵਿਚੋਂ ਲੱਗਦਾ ਮਾਸੜ ਪਹੁੰਚਿਆ ਹੋਇਆ ਸੀ। ਅਸਲ ਵਿੱਚ ਇਹ ਮੇਰੀ ਪਤਨੀ ਦੇ ਮਾਸੜ ਦਾ ਸਕਾ ਮਾਸੜ ਨਹੀਂ ਸੀ ਸਗੋਂ ਮਾਝੇ ਵਿੱਚ ਵਿਆਹੀ ਛੋਟੀ ਮਾਸੀ ਦਾ ਜੇਠ ਸੀ।

ਇਸ ਬੰਦੇ ਨੂੰ ਮੈਂ ਪਹਿਲੀ ਵਾਰ ਮਿਲਿਆ ਸੀ। ਇਹ ਛੇ ਫੁੱਟ ਉੱਚਾ ਗੋਰਾ ਚਿੱਟਾ ਤੰਦਰੁਸਤ ਬਜ਼ੁਰਗ ਸੀ। ਮੇਰੀ ਪਤਨੀ ਨੇ ਦੱਸਿਆ ਸੀ ਕਿ ਇਸ ਬਾਬੇ ਦੀ ਉਮਰ ਅੱਸੀਆਂ ਸਾਲਾਂ ਤੋਂ ਉਪਰ ਹੋਵੇਗੀ। ਪਰ ਦੇਖ ਕੇ ਉਹ ਪੰਜਾਹਾਂ ਦਾ ਮਸਾਂ ਲੱਗਿਆ। ਬਾਰ ਵੜਦੇ ਸਾਰ ਹੀ ਉਸਨੇ ਹੱਸਦਿਆ ਸਵਾਗਤ ਕੀਤਾ, "ਆ ਗਏ, ਮੈਂ ਵੀ ਸੋਚਦਾ ਸਾਂ ਥੋੜ੍ਹਾ ਅਟਕ ਕੇ ਚਾਹ ਬਣਾਵਾਂ ਭੋਲੂ ਹੁਰੀ ਪਹੁੰਚਣ ਵਾਲੇ ਐ, ਬੰਸੇ ਨੇ ਫੋਨ ਤੇ ਦੱਸ ਦਿੱਤਾ ਸੀ, ਬੱਸ ਪਹੁੰਚੇ ਕਿ ਪਹੁੰਚੇ।" ਉਹਨੇ ਮੇਰੀ ਪਤਨੀ ਦੇ ਮਾਸੜ ਦਾ ਛੋਟਾ ਨਾ ਬੰਸਾ ਲੈ ਕੇ ਸਾਰੀ ਗੱਲ ਦੱਸੀ। 'ਬੱਲੇ' 'ਬੱਲੇ' ਕਰਦਿਆਂ ਉਹਨੇ ਮੇਰੇ ਬੇਟੇ ਨੂੰ ਗੋਦੀ ਚੱਕ ਲਿਆ। ਉਸਨੇ ਮੇਰਾ ਮੋਢਾ ਇਸ ਤਰ੍ਹਾਂ ਥਪਥਪਾਇਆ ਸੀ ਜਿਵੇਂ ਕਈ ਸਾਲਾਂ ਤੋਂ ਮੈਨੂੰ ਜਾਣਦਾ ਹੋਵੇ। 'ਏਂਹ ਮਾਝੇ ਵਾਲੇ ਭਾਊ ਬੜੀ ਚੀਜ਼ ਹੁੰਦੇ ਐ' ਮੇਰੇ ਤਾਏ ਮਾਹਲੇ ਅਮਲੀ ਦੀ ਗੱਲ ਯਾਦ ਆਈ।

'ਖਾਣਾ-ਪੀਣਾ ਮਾਝੇ ਦਾ' ਮੇਰੇ ਦਾਦੀ ਦੇ ਬੋਲ ਵੀ ਦਿਮਾਗ ਵਿੱਚ ਗੇੜੇ ਕੱਢਣ ਲੱਗ ਪਏ। ਦਾਦੀ ਦਾ ਪੇਕਾ ਮਾਝੇ ਦਾ ਸੀ।

"ਲਓ ਮੈਂ ਪਾਣੀ-ਧਾਣੀ ਪਿਲਾਵਾਂ।"

ਮੇਰਾ ਬੇਟਾ ਮੇਰੀ ਪਤਨੀ ਨੂੰ ਫੜਾ ਕੇ ਉਹ ਰਸੋਈ ਵੰਨੀ ਤੁਰ ਪਿਆ ਮੁੰਡੇ ਨੇ ਹੀ 'ਹੀਂ ਕੀਤੀ ਤਾਂ ਉਹ ਜ਼ੋਰ ਦੀ ਹੱਸਿਆ।

ਮੈਂ ਅੱਜ ਦੇ ਜ਼ਮਾਨੇ ਵਿੱਚ ਇਹ ਪਹਿਲਾ ਬੰਦਾ ਵੇਖਿਆ ਸੀ ਜਿਹੜਾ ਦਿੱਲੋਂ ਖੁੱਲ੍ਹ ਕੇ ਹੱਸਿਆ ਸੀ। ਅਸੀਂ ਲੌਬੀ ਵਿੱਚ ਜਾ ਬੈਠੇ। ਮੇਰੀ ਪਤਨੀ ਬੈਗ ਰੱਖ ਕੇ ਰਸੋਈ ਵੱਲ ਚਲੀ ਗਈ। ਉਹ ਬਜ਼ੁਰਗ ਮੇਰੇ ਬੇਟੇ ਨਾਲ



ਸਾਹਮਣੇ ਮੂੜ੍ਹੇ ਤੇ ਬੈਠ ਗਿਆ। ਬੱਚਾ ਵਾਰ-ਵਾਰ ਉਸਦੇ ਮੂੰਹ ਨੂੰ ਹੱਥ ਲਾ ਰਿਹਾ ਸੀ।

"ਦੇਖ ਕਿਵੇਂ ਡਰਾਮੇ ਕਰਨ ਲੱਗਾ ਲੁੱਚੜ ਕਿਸੇ ਥਾਂ ਦਾ..........ਪਛਾਣਦਾ ਪੁਰਾਣੇ ਬੇਲੀ ਨੂੰ........ਉਹੀ ਆ ਓਏ ਜਿਹੜਾ ਤੇਰੇ ਨਾਲ ਅਨਾਰਕਲੀ ਬਾਜ਼ਾਰ ਲਾਹੌਰ ਜਾਂਦਾ ਹੁੰਦਾ ਸੀ।" ਕਹਿੰਦਾ ਉਹ ਫੇਰ ਉੱਚੀ-ਉੱਚੀ ਹੱਸ ਪਿਆ।

ਮੇਰੀ ਪਤਨੀ ਕੁੱਝ ਸਮੇਂ ਮਗਰੋਂ ਚਾਹ ਬਣਾ ਲਿਆਈ। ਬਚਪਨ ਵਿੱਚ ਉਹ ਏਸੇ ਮਾਸੀ ਕੋਲ ਦੋ ਸਾਲ ਰਹਿ ਕੇ ਗਈ ਸੀ ਜਿਸ ਕਰਕੇ ਉਸ ਨੂੰ ਘਰ ਦੇ ਸਾਰੇ ਭੇਤਾਂ ਦਾ ਪਤਾ ਸੀ ਕਿ ਕਿਹੜੀ ਚੀਜ਼ ਕਿਥੇ ਪਈ ਐ।

"ਭਾਈ ਬੀਬਾ ਬਿਸਕੁੱਟ ਤੇ ਭੁੱਜੀਆਂ ਵੀ ਪਿਆ ਸੱਜੇ ਹੱਥ ਵਾਲੀ ਅਲਮਾਰੀ ਵਿਚ।" ਉਹ ਮੂੰਹ ਫੱਟ ਬੰਦਿਆਂ ਵਰਗਾ ਲੱਗਿਆ। ਮੇਰੇ ਬੇਟੇ ਨੂੰ ਉਸ ਨੇ ਥੱਲੇ ਫਰਸ਼ ਤੇ ਛੱਡ ਦਿੱਤਾ।

"ਬੜਾ ਸ਼ਰਾਰਤੀ ਐ।" ਕਹਿ ਕੇ ਉਹ ਫੇਰ ਉੱਚੀ-ਉੱਚੀ ਹੱਸਿਆ। ਮੈਂ ਐਵੇਂ ਹੀ ਹੱਸਣ ਦਾ ਡਰਾਮਾ ਕੀਤਾ। ਉਹ ਬੜੇ ਮਜ਼ੇ ਨਾਲ ਚਾਹ ਦੀਆਂ ਚੁਸਕੀਆਂ ਭਰਦਾ ਰਿਹਾ ਤੇ ਬਿਸਕੁੱਟ ਤੇ ਭੁੱਜੀਆਂ ਖਾਂਦਾ ਰਿਹਾ। ਚਾਹ ਪੀ ਕੇ ਮੂੜ੍ਹੇ ਤੋਂ ਉੱਠਦਾ ਬੋਲਿਆ, "ਤੁਸੀਂ ਅੰਦਰਲੇ ਕਮਰੇ ਵਿੱਚ ਆਰਾਮ ਕਰੋ, ਮੈਂ ਪਸ਼ੂਆਂ ਵੱਲ ਗੇੜੀ ਮਾਰ ਆਵਾਂ।" ਕਹਿੰਦਾ ਉਹ ਪਸ਼ੂਆਂ ਵਾਲੇ ਵੱਡੇ ਦਰਵਾਜ਼ੇ ਵੱਲ ਚਲਾ ਗਿਆ। ਮੈਂ ਪੱਗ ਲਾਹ ਕੇ ਸਾਹਮਣੇ ਮੇਜ਼ ਤੇ ਰੱਖ ਦਿੱਤੀ ਤੇ ਕੁੜਤਾ-ਪਜ਼ਾਮਾ ਪਾ ਕੇ ਬੈੱਡ ਰੂਮ ਵਿੱਚ ਕੂਲਰ ਚਲਾ ਕੇ ਪੈ ਗਿਆ। ਪਤਨੀ ਨੇ ਬੇਟੇ ਨੂੰ ਦੁੱਧ ਪਿਲਾਇਆ ਤੇ ਕੂਲਰ ਸਾਹਮਣੇ ਸੁਲਾ ਦਿੱਤਾ। ਬੁੜ੍ਹਾ ਲੌਬੀ ਵਿੱਚ ਆ ਕੇ ਮੰਜੇ ਤੇ ਪੈ ਗਿਆ, ਤੇ ਮੋਬਾਇਲ ਤੇ ਗੇਮ ਖੇਡਣ ਲੱਗ ਪਿਆ। ਮੈਨੂੰ ਉਸਦੀ ਇਹ ਆਦਤ ਬੱਚਿਆਂ ਵਾਲੀ ਲੱਗੀ।

ਦੋ ਦਿਨ ਮੈਨੂੰ ਉਹ 'ਖਾਓ ਪੀਓ ਐਸ਼ ਕਰੋ ਮਿਤਰੋ' ਵਾਲੀ ਨੀਤੀ ਤੇ ਚੱਲਣ ਵਾਲਾ ਬੁੜ੍ਹਾ ਲੱਗਿਆ। ਏਨਾ ਵੀ ਮੈਨੂੰ ਪਤਾ ਲੱਗ ਗਿਆ ਸੀ ਕਿ ਉਹ ਪੋਸਤ ਖਾਂਦਾ ਹੈ। ਗੁਰਦੁਆਰੇ ਦੇ ਭਾਈ ਜੀ ਦੇ ਬੋਲਣ ਤੋਂ ਪਹਿਲਾਂ ਉਠ ਕੇ ਉਹ ਪਸ਼ੂਆਂ ਨੂੰ ਪੱਠੇ ਪਾ ਦਿੰਦਾ, ਚਾਹ ਕਰਕੇ ਆਪ ਪੀ ਲੈਂਦਾ ਤੇ ਸਾਨੂੰ ਫੜਾ ਜਾਂਦਾ। ਘਰ ਦਾ ਨਿੱਕਾ-ਮੋਟਾ ਕੰਮ ਕਰਨ ਤੋਂ ਬਾਅਦ ਉਹ ਮੂੰਹ ਵਿੱਚ ਕਿੱਕਰ ਦੀ ਦਾਤਣ ਪਾ ਕੇ ਖੇਤਾਂ ਵੰਨੀ ਤੁਰ ਪੈਂਦਾ। ਅੱਧੇ ਘੰਟੇ ਮਗਰੋਂ ਵਾਪਿਸ ਆ ਕੇ ਇਸ਼ਨਾਨ ਕਰਦਾ ਤੇ ਜਪੁ ਜੀ ਸਾਹਿਬ ਦਾ ਪਾਠ ਕਰਨ ਬੈਠ ਜਾਂਦਾ।

ਦਿਨ ਚੜ੍ਹੇ ਕੰਮ ਵਾਲੀ ਆ ਜਾਂਦੀ ਤਾਂ ਉਹ ਉਸ ਨੂੰ ਕੌਲੇ ਵਿੱਚ ਚਾਹ ਪਾ ਕੇ ਦੇ ਦਿੰਦਾ, ਉਸ ਤੋਂ ਕੋਲ ਖੜ ਕੇ ਕੰਮ ਕਰਵਾਉਂਦਾ ਉਸ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਕੇ ਹੱਸੀ ਜਾਂਦਾ, ਉਹ ਵੀ ਹੱਸਦੀ-ਹੱਸਦੀ ਕੰਮ ਕਰੀ ਜਾਂਦੀ। ਮੈਨੂੰ ਉਸਦਾ ਕੰਮ ਵਾਲੀ ਨਾਲ ਬੋਲਣਾ ਭੈੜਾ ਲੱਗਦਾ, ਨਾ ਜਾਣ ਨਾ ਪਹਿਚਾਣ ਐਵੇਂ ਮਗਜੌਲੀ ਮਾਰੀ ਜਾਣੀ ਬੇਵਕੂਫਾਂ ਵਾਲੀ ਗੱਲ।

ਸਵੇਰ ਦੀ ਰੋਟੀ ਖਾਣ ਤੋਂ ਪਹਿਲਾਂ ਉਹ ਦੋ ਵਾਰੀ ਚਾਹ ਪੀਂਦਾ। ਰੋਟੀ ਉਹ ਗਿਆਰ੍ਹਾਂ ਵਜੇ ਖਾਂਦਾ ਤਾਜੀ ਪੱਕੀ, ਦਹੀਂ ਤੇ ਲੱਸੀ ਦਾ ਪੂਰਾ ਸ਼ੁਕੀਨ, ਸਬਜ਼ੀ ਤਾਜੀ ਜੇ ਮੇਰੀ ਪਤਨੀ ਬੱਚੇ ਨੂੰ ਸੰਭਾਲ ਰਹੀ ਹੁੰਦੀ ਤਾਂ ਉਹ ਆਪ ਹੀ ਰਸੋਈ ਵਿੱਚ ਚਲਾ ਜਾਂਦਾ ਤੇ ਦੋ ਤਿੰਨ ਆਂਡਿਆਂ ਦੀ ਭੁਰਜੀ ਬਣਾਉਂਦਾ, ਰੋਟੀਆਂ ਗਰਮ ਕਰਦਾ ਥਾਲੀ ਵਿੱਚ ਰੱਖ ਕੇ ਠੰਡੀ ਲੱਸੀ ਦਾ ਗਲਾਸ ਭਰਕੇ ਕਾਲੀਆਂ-ਮਿਰਚਾਂ ਤੇ ਨਮਕ ਪਾ ਕੇ ਮੇਰੇ ਕੋਲ ਪੱਖੇ ਥੱਲੇ ਆ ਬੈਠਦਾ। ਬਗੈਰ ਬੁਲਾਏ ਤੋਂ ਹੀ ਬੋਲਣਾ ਸ਼ੁਰੂ ਕਰ ਦਿੰਦਾ,

"ਬੰਦੇ ਦੀ ਖੁਰਾਕ ਨ੍ਹੀ ਮਾੜੀ ਹੋਣੀ ਚਾਹੀਦੀ.... ਰੱਜ ਕੇ ਖਾਓ, ਜੇ ਜਾਨ ਹੈ ਤਾਂ ਜਹਾਨ ਹੈ। ਪਹਿਨਣਾ ਤੇ ਖਾਣਾ ਇਹ ਰੱਬ ਨੇ ਬੰਦੇ ਨੂੰ ਹੀ ਦਿੱਤਾ।" ਕਹਿੰਦਾ ਉਹ ਉੱਚੀ-ਉੱਚੀ ਹੱਸ ਪੈਂਦਾ।

"ਤੂੰ ਭਾਊ ਨ੍ਹਾ ਸ਼ਰਾਬ ਪੀਵੇਂ ਨਾ ਮਾਸ-ਮੱਛੀ ਖਾਵੇਂ, ਰੱਬ ਨੂੰ ਕੀ ਦੱਸੇਗਾ ਉਪਰ ਜਾ ਕੇ, ਚੱਲੋ ਖ਼ੈਰ ਚੰਗੀ ਗੱਲ ਐ ਜੇ ਬੱਚ ਰਹੇ ਬੰਦਾ ਤਾਂ, ਗੱਲ ਮਨ ਮੰਨੇ ਦੀ ਐ।" ਉਹ ਆਪੇ ਹੀ ਸਵਾਲ ਕਰਦਾ ਆਪੇ ਹੀ ਉਤਰ ਦੇ ਕੇ ਹੱਸਣ ਲੱਗ ਪੈਂਦਾ। ਚਿੱਟੇ ਕੁੜਤੇ ਚਾਦਰੇ ਵਿੱਚ ਮੈਨੂੰ ਉਹ 'ਬਗਲਾ ਭਗਤ' ਲੱਗਦਾ। ਇਸ਼ਨਾਨ ਕਰਕੇ ਉਹ ਪਾਊਡਰ ਤੇ ਇਤਰ ਲਾਉਣਾ ਨਾ ਭੁੱਲਦਾ। ਜਦੋਂ ਉਹ ਕਮਰੇ ਵਿੱਚ ਆਉਂਦਾ ਇਤਰ ਦੀ ਖੁਸ਼ਬੂ ਸਾਰੇ

ਕਮਰੇ ਵਿੱਚ ਫੈਲ ਜਾਂਦੀ। ਮੈਨੂੰ ਲੱਗਦਾ ਸ਼ਾਇਦ ਬੁੱਢੇ ਵਾਰੇ ਇਹਦਾ ਦਿਮਾਗ ਫਿਰ ਗਿਆ। ਪਰ ਉਸਦੇ ਕੰਮ ਕਰਨ ਦੀ ਤੇਜ਼ੀ ਤੇ ਸਲੀਕਾ ਨੌਜਵਾਨ ਮੁੰਡਿਆਂ ਨਾਲੋਂ ਵੀ ਵੱਧ ਸੀ।

ਸ਼ਾਮ ਦੇ ਚਾਰ ਵਜੇ ਉਹ ਚਾਹ ਪੀ ਕੇ ਮੋਟਰ ਸਾਈਕਲ ਸਟਾਰਟ ਕਰਦਾ ਤੇ ਖੇਤ ਨੂੰ ਗੇੜਾ ਮਾਰਨ ਚਲਾ ਜਾਂਦਾ। ਕਈ ਵਾਰ ਸੀਰੀ ਨਾਲ ਟਰੈਕਟਰ ਤੇ ਖੇਤ ਜਾਂਦਾ। ਟਰੈਕਟਰ ਉਹ ਆਪ ਚਲਾਉਂਦਾ, ਸੀਰੀ ਨੂੰ ਬਰਾਬਰ ਬਿਠਾ ਲੈਂਦਾ। ਉਸ ਨੂੰ ਇਸ ਪਿੰਡ ਦੇ ਅੱਧੋ ਵੱਧ ਲੋਕ ਜਾਣਦੇ ਸੀ। ਬੜੀ ਜਲਦੀ ਉਹ ਹਰੇਕ ਨਾਲ ਘੁੱਲ-ਮਿਲ ਜਾਂਦਾ। ਕੋਈ ਨਾ ਕੋਈ ਉਸ ਕੋਲ ਆ ਕੇ ਬੈਠਾ ਰਹਿੰਦਾ। ਉਹ ਹਰੇਕ ਨਾਲ ਇੰਜ ਗੱਲਾਂ ਕਰਦਾ ਜਿਵੇਂ ਉਨ੍ਹਾਂ ਦੇ ਘਰ ਦਾ ਜੀਅ ਹੋਵੇ। ਲੋਕ ਉਸ ਤੋਂ ਪੱਛਮੀ ਪੰਜਾਬੀ ਦੀਆਂ ਗੱਲਾਂ ਸੁਣਦੇ ਰਹਿੰਦੇ। ਹੀਰਾ ਮੰਡੀ ਲਾਹੌਰ ਤੇ ਅਨਾਰਕਲੀ ਬਾਜ਼ਾਰ ਦੀਆਂ ਯਾਦਾਂ ਉਹ ਬੜੇ ਮਜ਼ੇ ਲੈ-ਲੈ ਸੁਣਾਉਂਦਾ। ਮੈਨੂੰ ਉਸ ਤੇ ਬੜੀ ਖਿਝ ਆਉਂਦੀ। ਦਿਲ ਕਰਦਾ ਉਸ ਨੂੰ 'ਬਾਬਾ ਚੁੱਪ ਕਰ ਆਵਦੀ ਉਮਰ ਦੇਖ' ਕਹਿ ਕੇ ਚੁੱਪ ਕਰਾ ਦੇਵਾਂ। ਪਰ ਪਤਨੀ ਨੇ ਮੈਨੂੰ ਸਮਝਾ ਦਿੱਤਾ ਸੀ, "ਆਪਾਂ ਸੱਤ ਦਿਨ ਘਰ ਸਾਂਭਣਾ। ਇਹ ਬੰਦਾ ਸਾਰੇ ਘਰ ਦਾ ਕੰਮ ਸਾਂਭੀ ਬੈਠਾ ਆਪਾਂ ਨੂੰ ਭੋਰਾ ਫ਼ਿਕਰ ਨ੍ਹੀਂ। ਸੌ ਵਾਰੀ ਰਿਸ਼ਤੇਦਾਰਾਂ ਤੱਕ ਲੋੜ ਪੈਂਦੀ ਐ, ਨਾਂ ਆਪਣਾ ਵੱਜੂ ਏਨ੍ਹਾਂ ਨੇ ਘਰ ਸਾਂਭ ਦਿੱਤਾ, ਤੁਸੀਂ ਚੁੱਪ ਰਹੋ, ਬੱਸ ਇੱਕ ਚੁੱਪ।"

ਪਤਨੀ ਦੀ ਗੱਲ ਮੈਨੂੰ ਜੱਚ ਗਈ। ਮੈਂ ਬਗੈਰ ਸੋਚੇ ਤੇ ਅਵਾ-ਤਵਾ ਬੋਲਣ ਦਾ ਆਦੀ ਹਾਂ। ਮੈਨੂੰ ਵਹਿਮ ਵੀ ਲੋੜ ਤੋਂ ਵੱਧ ਹੋ ਜਾਂਦਾ ਹੈ। ਮੈਂ ਮਨ ਵਿੱਚ ਪੱਕਾ ਕਰ ਲਿਆ ਕਿ ਇਸ ਬੰਦੇ ਨੂੰ ਕੋਈ ਵੀ ਮਾੜਾ ਸ਼ਬਦ ਨਹੀਂ ਕਹਾਂਗਾ।

ਤੀਜੀ ਰਾਤ ਨੂੰ ਉਸ ਬੰਦੇ ਦਾ ਬੜਾ ਵੱਖਰਾ ਰੂਪ ਦੇਖਣ ਨੂੰ ਮਿਲਿਆ। ਮੈਂ, ਮੇਰੀ ਪਤਨੀ ਤੇ ਬੇਟਾ ਬੈੱਡ ਰੂਮ ਵਿੱਚ ਕੂਲਰ ਦੀ ਹਵਾ ਵਿੱਚ ਸੁੱਤੇ ਹੋਏ ਸੀ। ਉਹ ਵਿਹੜੇ ਵਿੱਚ ਟੇਬਲ ਫੈਨ ਲਾ ਕੇ ਸੌਂਦਾ। ਮੰਜੇ ਦੇ ਦੁਆਲੇ 'ਮੱਛਰਦਾਨੀ' ਜ਼ਰੂਰ ਲਾਉਂਦਾ। ਪਿੱਤਲ ਦੇ ਕੋਕਿਆਂ ਵਾਲਾ ਖੂੰਡਾ ਉਸਦੇ ਸਿਰਹਾਣੇ ਰੱਖਿਆ ਹੁੰਦਾ। ਇਸ ਰਾਤ ਮੇਰਾ ਬੇਟਾ ਅਚਾਨਕ ਰੋਣ ਲੱਗ ਪਿਆ। ਮੇਰੀ ਪਤਨੀ ਨੇ ਉਸਦੇ ਮੂੰਹ ਨੂੰ ਪਾਣੀ ਲਾਇਆ ਪਰ ਉਸ ਨੇ ਕੌਲੀ ਚਲਾ ਕੇ ਮਾਰੀ? ਉਸ ਨੂੰ ਜਿਵੇਂ-ਜਿਵੇਂ ਚੁੱਪ ਕਰਵਾਉਂਦੇ ਉਹ ਹੋਰ ਉੱਚੀ ਚੀਕਾਂ ਮਾਰ ਕੇ ਰੋਣ ਲੱਗਦਾ। ਮੈਂ ਉਸ ਦੇ ਮੱਥੇ ਨੂੰ ਹੱਥ ਲਾਇਆ ਸ਼ਾਇਦ ਬੁਖ਼ਾਰ ਨਾ ਹੋਵੇ, ਪਰ ਉਸਦਾ ਮੱਥਾ ਗਰਮ ਨਹੀਂ ਸੀ, ਪੋਲਾ-ਪੋਲਾ ਉਸਦੇ ਢਿੱਡ ਤੇ ਹੱਥ ਫੇਰਿਆ ਪਰ ਉਸਨੇ ਰੋਣਾ ਬੰਦਾ ਨਾ ਕੀਤਾ।

"ਓਏ ਭੋਲੂ...ਕੀ ਐ.... ਆ ਖਾਂ ਮੇਰੇ ਕੋਲ।" ਬਜ਼ੁਰਗ ਉਠ ਕੇ ਸਾਡੇ ਕੋਲ ਆ ਗਿਆ ਸੀ। ਉਸਨੇ ਮੇਰੀ ਪਤਨੀ ਤੋਂ ਬੱਚਾ ਫੜ ਲਿਆ। ਅੱਜ ਇਸਨੇ ਇੱਕ ਪੈੱਗ ਹੀ ਪੀਤਾ ਸੀ ਸ਼ਾਇਦ ਤਾਂ ਹੀ ਜਲਦੀ ਉੱਠ ਕੇ ਆ ਗਿਆ। ਪਿਛਲੀ ਰਾਤ ਇਸਨੇ ਗੁਵਾਂਢੀਆਂ ਦੇ ਮੁੰਡੇ ਨਾਲ ਰੱਲ ਕੇ ਤਿੰਨ-ਚਾਰ ਪੈੱਗ ਲਾਏ ਤੇ ਉਨ੍ਹਾਂ ਦੇ ਵਾੜੇ ਵਿੱਚ ਹੀ ਮੱਛੀ ਬਣਾ ਕੇ ਖਾਂਦੇ ਰਹੇ ਸੀ। ਕੱਲ੍ਹ ਰਾਤੀਂ ਇਹ ਉੱਚੀ-ਉੱਚੀ ਘਰਾੜੇ ਮਾਰਦਾ ਰਿਹਾ ਸੀ।

"ਕੋਈ ਦਵਾਈ ਹੈ ਤਾਂ ਦੇਓ, ਨਹੀਂ ਤਾਂ ਆਪਾਂ ਡਾਕਟਰ ਬੁਲਾ ਲੈਣੇ ਐਂ।" ਉਸਨੇ ਹੌਸਲੇ ਭਰੀ ਆਵਾਜ਼ ਵਿੱਚ ਕਿਹਾ। ਮੇਰੀ ਪਤਨੀ ਬੈਗ ਵਿੱਚ ਦਵਾਈ ਭਾਲਣ ਲੱਗ ਪਈ। ਡਾਕਟਰ ਲਾਭ ਸਿੰਘ ਨੇ ਇੱਕ ਦਵਾਈ ਦਿੱਤੀ ਸੀ। ਜਿਸ ਦੀਆਂ ਕੁੱਝ ਬੂੰਦਾਂ ਨਾਲ ਬੱਚਾ ਅੱਧੇ ਘੰਟੇ ਵਿੱਚ ਆਰਾਮ ਨਾਲ ਸੌਂ ਜਾਂਦਾ ਸੀ। ਪੰਗਾ ਇਹ ਸੀ ਕਿ ਬੱਚਾ ਬੋਲ ਕੇ ਬਿਮਾਰੀ ਵੀ ਨਹੀਂ ਸੀ ਦੱਸ ਸਕਦਾ।

"ਲਿਆਓ.....ਮੈਂ ਫੜ ਲਾ.....।" ਮੈਂ ਬੇਟੇ ਨੂੰ ਉਸ ਤੋਂ ਫੜਨਾ ਚਾਹਿਆ।

"ਕੋਈ ਗੱਲ ਨਹੀਂ ਕਾਕਾ.....ਬੱਸ ਭੋਲੂ ਜਲਦੀ ਠੀਕ ਹੋ ਜਾਵੇਗਾ....ਓਏ-ਓਏ ਈ ਈ ਓ ਆ ਈ।" ਉਹ ਬੱਚੇ ਨੂੰ ਲੋਰੀਆਂ ਦੇਣ ਲੱਗ ਪਿਆ। ਪਤਨੀ ਨੇ ਬੂੰਦਾਂ ਵਾਲੀ ਦਵਾਈ ਦਿੱਤੀ। ਕੁੱਝ ਸਮਾਂ ਉਹ ਬਜ਼ੁਰਗ ਬੱਚੇ ਨੂੰ ਵਿਹੜੇ ਵਿੱਚ ਲੈ ਕੇ ਗੇੜੇ ਕੱਢਦਾ ਰਿਹਾ, ਪਰ ਉਸਦਾ ਰੋਣਾ ਵੱਧਦਾ ਹੀ ਗਿਆ। ਅੱਧੀ ਰਾਤ ਨੂੰ ਡਾਕਟਰ ਨੂੰ ਸੱਦਣਾ, ਮੇਰੇ ਲਈ ਵੱਡੀ ਸਿਰ ਦਰਦੀ ਸੀ। ਕੀ ਪਤਾ ਡਾਕਟਰ ਉਠੇ ਜਾਂ ਨਾ ਉਠੇ। ਆਂਢ,



ਗੁਆਂਢ ਦਾ ਵੀ ਭੇਤ ਨਹੀਂ। ਮੈਂ ਬੜਾ ਪਰੇਸ਼ਾਨ ਸੀ। ਬੱਚਾ ਆਪਣਾ ਸੱਜਾ ਕੰਨ ਖਿੱਚ ਕੇ ਜ਼ੋਰ-ਜ਼ੋਰ ਦੀ ਰੋ ਰਿਹਾ ਸੀ। ਪਤਨੀ ਵੀ ਅੱਖਾਂ ਭਰ ਆਈ ਸੀ। ਮੈਂ ਬੱਚੇ ਦਾ ਹੱਥ ਕੰਨ ਤੋਂ ਪਾਸੇ ਕੀਤਾ, ਬੱਚੇ ਨੇ ਫੇਰ ਕੰਨ ਖਿੱਚ ਕੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਮੈਂ ਬਜ਼ੁਰਗ ਤੋਂ ਬੱਚਾ ਫੜ ਕੇ ਮੋਢੇ ਲਾ ਲਿਆ ਉਸਨੂੰ ਥਾਪੜਨਾ ਸ਼ੁਰੂ ਕਰ ਦਿੱਤਾ, ਪਰ ਉਹ ਕੰਨ ਖਿੱਚੀ ਗਿਆ ਤੇ ਚੀਕਾਂ ਮਾਰੀ ਗਿਆ।

"ਠਹਿਰੋ ਸਮਝ ਗਿਆ.....।" ਬਜ਼ੁਰਗ ਉਭੜਵਾਹਿਆਂ ਵਾਂਗੂ ਬੋਲਦਾ ਕਾਹਲ ਨਾਲ ਮੰਜੇ ਸਿਰਹਾਣੇਓਂ ਬੈਟਰੀ ਚੱਕ ਕੇ ਸਿੱਧਾ ਤੂੜੀ ਵਾਲੀ ਸਵਾਤ ਵੱਲ ਤੁਰ ਗਿਆ। ਕੁਝ ਸਮੇਂ ਮਗਰੋਂ ਉਹ ਵਾਪਿਸ ਆਇਆ ਤਾਂ ਉਸ ਦੇ ਹੱਥ ਵਿੱਚ ਬੋਤਲ ਦਾ ਢੱਕਣ ਫੜਿਆ ਹੋਇਆ ਸੀ।

"ਏਹਨੂੰ ਕਾਕਾ ਖੱਬੇ ਪਾਸੇ ਟੇਢਾ ਕਰ, ਤੂੰ ਪੁੱਤਰ ਬੈਟਰੀ ਲਾ ਏਧਰ ਨੂੰ।" ਉਸਨੇ ਢੱਕਣ ਨੂੰ ਸੱਜੇ ਹੱਥ ਵਿਚ ਫੜ ਕੇ ਟੇਢਾ ਕਰ ਲਿਆ।

-"ਨਹੀਂ ਇਹਦੇ ਕੰਨ ਵਿਚ ਸ਼ਰਾਬ ਨ੍ਹੀਂ ਪਾਉਣੀ।" ਮੈਂ ਅੱਕ ਕੇ ਬੋਲਿਆ।

"ਇੱਕ ਬੂੰਦ ਦਵਾਈ ਦੇ ਵਜੋਂ ਪਾ ਕੇ ਵੇਖੋ, ਇਹਦਾ ਕੰਨ ਦੁਖਦਾ, ਵੇਖ ਕਿਵੇਂ ਖਿੱਚਣ ਲੱਗਾ ਕੰਨ ਨੂੰ।" ਉਸਨੇ ਨਰਮ ਆਵਾਜ਼ ਵਿੱਚ ਕਿਹਾ। ਮੇਰੀ ਪਤਨੀ ਨੇ ਬੈਟਰੀ ਦਾ ਚਾਨਣ ਬੱਚੇ ਦੇ ਚਿਹਰੇ ਵੱਲ ਕਰ ਦਿੱਤਾ। ਰੋ-ਰੋ ਉਸਦਾ ਬੁਰਾ ਹਾਲ ਸੀ। ਮੈਂ ਨਾ ਚਾਹੁੰਦੇ ਹੋਏ ਵੀ ਬੱਚੇ ਨੂੰ ਖੱਬੇ ਪਾਸੇ ਨੂੰ ਕਰ ਦਿੱਤਾ। ਉਸਨੇ ਬੜੇ ਸਹਿਜ-ਸੁਭਾਵਕ ਦੋ ਬੂੰਦਾਂ ਬੱਚੇ ਦੇ ਕੰਨ ਵਿੱਚ ਪਾ ਦਿੱਤੀਆਂ। ਬੱਚੇ ਨੇ ਧੁਰਲੀ ਜੇਹੀ ਮਾਰੀ, ਤਿੰਨ-ਚਾਰ ਵਾਰ ਕੰਨ ਨੂੰ ਖੁਰਕਿਆ। ਬਜ਼ੁਰਗ ਨੇ ਕੰਨ ਤੇ ਤਲੀ ਰੱਖ ਕੇ ਆ-ਆ, ਈ-ਈ, ਊ-ਊ, ਈ' ਚਾਰ ਪੰਜ ਵਾਰ ਪੋਲਾ ਪੋਲਾ ਸੱਜੇ ਖੱਬੇ ਹਲਾਇਆ। ਬੱਚਾ ਰੋਣਾ ਹੌਲੀ ਕਰ ਗਿਆ। ਪਤਨੀ ਨੇ ਬੱਚਾ ਮੈਥੋਂ ਫੜ ਲਿਆ। ਕੁੱਝ ਸਮੇਂ ਮਗਰੋਂ ਉਹ ਚੁੱਪ ਕਰ ਗਿਆ। ਮੈਂ ਕੌਲੀ ਵਿੱਚ ਪਾਣੀ ਪਾ ਕੇ ਉਸਦੇ ਮੂੰਹ ਨੂੰ ਲਾਇਆ, ਉਸਨੇ ਅੱਧੀ ਕੌਲੀ ਪਾਣੀ ਦੀ ਪੀ ਲਈ।

ਪਤਨੀ ਨੇ ਉਸ ਨੂੰ ਮੋਢੇ ਲਾ ਕੇ ਥਾਪੜਿਆ, ਉਹ ਸੌਂ ਗਿਆ। ਮੈਨੂੰ ਸੁੱਖ ਦਾ ਸਾਹ ਆਇਆ। ਪਤਨੀ ਉਸਨੂੰ ਕੂਲਰ ਦੀ ਹਵਾ ਵਿੱਚ ਅੰਦਰ ਲੈ ਗਈ। ਮੈਂ ਤੇ ਬਜ਼ੁਰਗ ਲੌਬੀ ਵਿੱਚ ਪੱਖਾ ਚਲਾ ਕੇ ਬੈਠ ਗਏ। ਹੁਣ ਮੈਨੂੰ ਉਸ ਤੋਂ ਸ਼ਰਮ ਆ ਰਹੀ ਸੀ।

"ਘੁੱਟ ਚਾਹ ਬਣਾਵਾਂ, ਸਰੀਰ ਥੱਕ ਚੱਲਾ ਹੋਵੇਗਾ ਤੇਰਾ, ਨਹੀਂ ਤਾਂ ਫਰਿਜ 'ਚੋਂ ਠੰਡਾ ਫੜ ਲੈਣੇ ਆ, ਭੈੜਿਆ ਬੱਚਿਆ ਦਾ ਝੋਰਾ ਨ੍ਹੀ ਕਰੀਦਾ, ਰੱਬ ਪਾਲਣਹਾਰ ਐ।" ਉਸਨੇ ਮੇਰੇ ਚਿਹਰੇ ਨੂੰ ਭਾਂਪ ਲਿਆ ਸੀ। ਉਹ ਮੇਰੇ ਮਨ ਨੂੰ ਪੜ੍ਹ ਚੁੱਕਾ ਸੀ, 'ਇਹ ਬੰਦਾ ਸਾਧਾਰਨ ਨਹੀਂ' ਮੈਂ ਮਨ ਹੀ ਮਨ ਸੋਚਿਆ "ਤੁਸੀਂ ਬੈਠੋ ਮੈਂ ਲਿਆਉਣਾ ਕੁੱਝ ਪੀਣ ਨੂੰ।" ਕਹਿ ਕੇ ਮੈਂ ਉੱਠ ਖੜ੍ਹਾ ਹੋਇਆ ਤੇ ਰਸੋਈ ਵਿੱਚ ਆ ਕੇ ਮੈਂ ਫਰਿਜ ਵਿਚੋਂ ਕੋਕ ਦੀ ਬੋਤਲ ਕੱਢੀ ਤੇ ਦੋ ਗਲਾਸਾਂ ਵਿੱਚ ਪਾ ਲਿਆਇਆ।

"ਕਾਹਨੂੰ ਖੇਚਲ ਕੀਤੀ, ਚਲੋ ਖ਼ੈਰ ਇਹ ਪੀ ਕੇ ਕੁੱਝ ਧਰਵਾਸ ਹੋਊ, ਕਦੇ-ਕਦੇ ਪੀਣਾ ਚੰਗਾ ਹੀ ਐ।" ਉਹਨੇ ਚਿਹਰੇ ਤੇ ਮੁਸਕਰਾਹਟ ਲਿਆਉਂਦਿਆਂ ਗਲਾਸ ਫੜ ਲਿਆ।

"ਭੋਲੂ ਦਾ ਕੰਨ ਦੁੱਖਦਾ ਸੀ, ਮੈਂ ਉਸ ਦੇ ਕੰਨ ਤੋਂ ਹੱਥ ਲਾਉਣ ਤੋਂ ਸਮਝ ਗਿਆ ਸੀ, ਦੇਸ਼ੀ ਸ਼ਰਾਬ ਵੀ ਦਵਾਈ ਦਾ ਕੰਮ ਕਰਦੀ ਐ, ਇਹਦੇ ਵਿੱਚ ਗੁਣ ਵੀ ਬੜੇ ਐ.....ਲੋਕ ਇਹਦੀ ਵਰਤੋਂ ਗਲਤ ਕਰਦੇ ਐ, ਪੀਣੀ ਸਹੀ ਨਹੀਂ ਸਿੱਖਦੇ....।" ਉਹਨੇ ਐਵੇਂ ਹੀ ਬੋਲਣਾ ਸ਼ੁਰੂ ਕਰ ਦਿੱਤਾ।

"ਬਹੁਤ ਔਖਾ ਹੋ ਗਿਆ ਸੀ.....ਰਾਤ....ਬਰਾਤੇ, ਬਿਗਾਨਾ ਪਿੰਡ....ਕੀ ਕਰਦੇ....।" ਮੈਂ ਬਹੁਤ ਹੌਲੀ ਆਵਾਜ਼ ਵਿਚ ਬੋਲਿਆ। ਅਸਲ ਵਿੱਚ ਮੈਂ ਪਹਿਲਾਂ ਰੁੱਖਾਂ ਬੋਲ ਕੇ ਪਛਤਾ ਰਿਹਾ ਸਾਂ।

"ਬਿਗਾਨਾ -ਬਗ੍ਹਨਾ ਕੁੱਝ ਨ੍ਹੀ ਹੁੰਦੈ ਭਾਊ, ਅਸੀਂ ਆਪਣਾ ਸਭ ਕੁੱਝ ਛੱਡ ਆਏ ਸੀ ਰੌਲੇ ਤੋਂ ਪਹਿਲਾਂ, ਬੰਦੇ ਨੂੰ ਜੁਗਾੜ ਕਰਨਾ ਆਉਣੈ ਚਾਹੀਦਾ.... ਬਾਕੀ ਬੰਦਾ ਹੌਸਲਾ ਨਾ ਛੱਡੇ....ਦਲੇਰੀ ਵਿੱਚ ਰਹੇ।" ਉਹਨੇ

ਆਖ਼ਰੀ ਘੁੱਟ ਭਰਦਿਆਂ ਕਿਹਾ।

"ਤੁਸੀਂ ਲਾਹੌਰੀਏ ਓ, ਪਿੱਛੇ ਦੇ।" ਮੈਂ ਸਮਝ ਗਿਆ ਸੀ। ਇਨ੍ਹਾਂ ਦਾ ਪਿੱਛਾ ਪੱਛਮੀ ਪੰਜਾਬ ਦੈ। ਮੈਂ ਗੱਲਾਂ ਕਰਨ ਦੇ ਮਨ ਨਾਲ ਠੀਕ ਹੋ ਕੇ ਬੈਠ ਗਿਆ। ਤਿੰਨ ਵੱਜ ਕੇ ਵੀਹ ਮਿੰਟ ਹੋ ਗਏ ਸੀ ਮੈਨੂੰ ਵੀ ਨੀਂਦ ਨਹੀਂ ਸੀ ਆ ਰਹੀ।

"ਹਾਂ, ਬਾਰੇ ਕੇ ਪਿੰਡ ਸੀ ਸਾਡਾ, ਲਲਿਆਣੀ ਥਾਣਾ ਲੱਗਦਾ ਸੀ, ਜ਼ਿਲ੍ਹਾ ਖਾਸ ਲਾਹੌਰ, ਮੈਂ ਸਤਾਰਾਂ ਸਾਲਾਂ ਦਾ ਹੋਵਾਂਗਾ ਜਦੋਂ ਰੌਲਾ ਪਿਆ, ਮੈਨੂੰ ਲਾਹੌਰ, ਕਸੂਰ, ਰਾਵਲਪਿੰਡੀ ਤੇ ਨਨਕਾਣਾ ਸਾਹਿਬ ਦੀਆਂ ਗਲੀਆਂ-ਗਲੀਆਂ ਯਾਦ ਐ।" ਉਹਨੇ ਠੀਕ ਹੋ ਕੇ ਬੈਠਦਿਆਂ ਕਿਹਾ। ਮੈਨੂੰ ਪਤਾ ਚੱਲ ਗਿਆ ਹੁਣ ਇਹ ਗੱਲਾਂ ਦੀ ਲੜੀ ਨਹੀਂ ਟੁੱਟਣ ਦੇਵੇਗਾ।

"ਹਾਂ, ਪੁਰਾਣਾ ਜ਼ਮਾਨਾ ਬੜਾ ਚੰਗਾ ਸੀ, ਕਿਆ ਬਾਤਾਂ ਸੀ ਉਸ ਸਮੇਂ ਦੀਆਂ, ਸਤਿਜੁਗ ਸੀ, ਭਰਾਵਾਂ ਦਾ ਭਰਾਵਾਂ ਨਾਲ ਮੋਹ-ਪਿਆਰ, ਹੁਣ ਤਾਂ....ਬੱਸ।" ਮੈਂ ਪੁਰਾਣੇ ਸਮੇਂ ਦੀ ਪ੍ਰਸੰਸਾ ਕੀਤੀ ਤਾਂ ਕਿ ਉਹ ਖੁਸ਼ ਹੋ ਜਾਵੇ।

"ਭਾਊ ਜ਼ਮਾਨਾ ਕੋਈ ਵੀ ਮਾੜ੍ਹਾ ਨ੍ਹੀ ਹੁੰਦੈ, ਬੱਸ ਬੰਦਾ ਹੌਸਲੇ 'ਚ ਰਵੇ, ਜਦੋਂ ਆਪਾਂ ਜੰਮੇ ਜ਼ਮਾਨਾ ਓਹੀ ਚੰਗਾ।" ਕਹਿੰਦਿਆਂ ਉਹ ਕਮਲਿਆਂ ਵਾਂਗੂ ਹੱਸ ਪਿਆ। ਮੈਂ ਵੀ ਐਵੇ ਹੱਸਣ ਲੱਗ ਪਿਆ, ਗੱਲ ਹੱਸਣ ਵਾਲੀ ਹੈ ਈ ਨਹੀਂ ਸੀ। ਮੈਨੂੰ ਉਹਦਾ ਮੂੰਹ ਵੇਖ ਕੇ ਈ ਹਾਸਾ ਆ ਗਿਆ। ਹੁਣ ਮਾਹੌਲ ਸੁਖਾਵਾਂ ਹੋ ਗਿਆ ਸੀ।

"ਬਾਬਾ ਪੁਰਾਣੀ ਗੱਲ ਸੁਣਾ।" ਮੈਂ ਨੇੜਤਾ ਵਧਾਉਂਦਿਆਂ ਕਿਹਾ।

"ਗੱਲਾਂ ਸਭ ਨਵੀਆਂ ਈ ਹੁੰਦੀਆਂ, ਸੁਨਣ ਤੇ ਸਣਾਉਣ ਵਾਲਾ ਚਾਹੀਦਾ, ਅਸੀਂ ਦੋ ਭਾਈ ਸੀ, ਸਾਡੇ ਬਾਪ ਹੁਰੀ ਵੀ ਦੋ ਸੀ, ਬਾਪੂ ਤੇ ਤਾਇਆ ਰੌਲੇ ਤੋਂ ਪਹਿਲਾਂ ਹੀ ਮਰ ਗਏ, ਬੇਬੇ ਸਾਡੀ ਬੜੀ ਤਕੜੀ ਕਾਠੀ ਦੀ ਬੁੜ੍ਹੀ ਸੀ, ਮੈਂ ਵੱਡਾ ਸਾਂ ਤੇ ਜੁਗਿੰਦਰ ਛੋਟਾ, ਸਾਡਾ ਪਿੰਡ ਅੱਧਾ ਮੁਸਲਮਾਨਾਂ ਦਾ ਤੇ ਅੱਧਾ ਹਿੰਦੂ ਸਿੱਖਾਂ ਦਾ ਸੀ, ਅਸੀਂ ਜਾਤ ਦੇ ਸੰਧੂ ਸਾਂ, ਵੈਰੜ ਤੇ ਸਿੱਧੂ ਵੀ ਰਹਿੰਦੇ ਸੀ, ਮੈਂ ਸੌਂਚੀ ਪੱਕੀ ਤੇ ਕਬੱਡੀ ਬਹੁਤ ਖੇਡੀ। ਮੁਸਲਮਾਨ ਝਿਉਰਾਂ ਦਾ ਮੁੰਡਾ ਮੇਰਾ ਆੜੀ ਸੀ, ਅਸੀਂ ਪੱਕੀ ਸੌਂਚੀ ਵਿੱਚ ਬੱਲੇ ਬੱਲੇ ਕਰਾਈ ਰੱਖੀ। ਇਕ ਵਾਰੀ ਰਾਵਲਪਿੰਡੀ ਖੇਡਾਂ ਹੋਈਆਂ। ਅੰਗਰੇਜ਼ ਵੀ ਵੇਖਣ ਆਏ। ਮੈਂ ਪੰਜ ਜੱਫੇ ਲਾਏ। ਮੇਮ ਨੇ ਮੈਨੂੰ ਪੰਜ ਦਮੜੇ ਇਨਾਮ ਦਿੱਤਾ।" ਕਹਿੰਦਾ ਉਹ ਫੇਰ ਕਮਲਿਆ ਵਾਂਗੂ ਹੱਸ ਪਿਆ। ਮੈਂ ਵੀ ਤਾੜੀ ਮਾਰ ਕੇ ਹੱਸ ਪਿਆ।

"ਲੈ ਹੋਰ ਹੁਣ ਬੜੀ ਮਸ਼ਹੂਰ ਸੀ ਬੇਗੋ ਗਾਉਣ ਵਾਲੀ, ਕਿਆ ਬਾਤਾਂ ਸੀ,......ਹਾਂ ਲਾਹੌਰ ਸ਼ਹਿਰ ਵਿੱਚ ਸਫ਼ਾਈ ਬੜੀ ਸੀ ਭਾਊ, ਰੌਲਾ ਪੈ ਗਿਆ ਅਸੀਂ ਉਜੜ ਕੇ ਕੇਸ ਕਰਨ ਲੱਗੇ। ਆ ਬੈਠੇ। ਜ਼ਮੀਨ ਥੋੜ੍ਹੀ ਮਿਲੀ। ਮਾਤਾ ਸਾਡੀ ਅੱਧਾ ਕਿਲੋ ਸੋਨਾ ਕੰਧ ਦੀ ਇੱਟ ਕੱਢ ਕੇ ਵਿਚ ਰੱਖ ਕੇ ਉਤੇ ਮਿੱਟੀ ਥੱਪ ਆਈ। ਅਸਾਂ ਬੜਾ ਪੁੱਛਿਆ ਮਾਤਾ ਮੰਨੀ ਨਹੀਂ। ਆਖ਼ਰ ਜਦੋਂ ਪਤਾ ਲੱਗ ਗਿਆ ਦੋ ਮੁਲਕ ਬਣ ਗਏ, ਮਾਤਾ ਨੇ ਮੈਨੂੰ ਦੱਸ ਦਿੱਤਾ,....ਬੱਸ ਫੇਰ ਕੀ ਸੀ।" ਕਹਿੰਦਾ ਉਹ ਫੇਰ ਤਾੜੀ ਮਾਰ ਕੇ ਹੱਸ ਪਿਆ। ਉਸ ਨੂੰ ਹਾਸਾ ਪਤਾ ਨਹੀਂ ਕਿਹੜੀ ਗੱਲ ਦਾ ਆਉਂਦਾ ਸੀ। ਹੱਸਦਾ ਹੱਸਦਾ ਉਹ ਫੇਰ ਬੋਲਣ ਲੱਗ ਪਿਆ,

"ਮੈਂ ਤੇ ਇੱਕ ਹੋਰ ਮੁੰਡਾ ਬਾਰਡਰ ਟੱਪ ਗਏ, ਰਾਤ ਨੂੰ ਅਸੀਂ ਝਿਉਰਾਂ ਦਾ ਬੂਹਾ ਜਾ ਖੜਕਾਇਆ। ਮੈਂ ਹੌਲੀ ਆਵਾਜ਼ ਵਿੱਚ ਬੋਲਿਆ ਤਾਂ ਉਹਦੀ ਘਰਵਾਲੀ ਮੇਰੀ ਆਵਾਜ਼ ਪਛਾਣ ਕੇ ਬਾਹਰ ਆ ਗਈ। ਮੇਰੇ ਗੱਲ ਲੱਗ ਕੇ ਧਾਹਾਂ ਮਾਰਨ ਲੱਗ ਪਈ। ਆਖੇ ਤੁਸੀਂ ਸਾਨੂੰ ਛੱਡ ਕੇ ਚਲੇ ਗਏ। ਸਾਨੂੰ ਤਾਜੀ ਰੋਟੀ ਲਾਹ ਕੇ ਦਿੱਤੀ, ਬਾਰਾਂ ਵਜੇ ਰਾਤ ਨੂੰ ਅਸੀਂ ਉਨ੍ਹਾਂ ਨੂੰ ਕਿਹਾ ਚੱਲੇ ਆਂ, ਉਹਦਾ ਆਦਮੀ ਕਸੂਰਾ ਖਾਂ ਸਾਨੂੰ ਛੱਡਣ ਆਉਣ ਲੱਗਾ, ਮੈਂ ਵਰਜ ਦਿੱਤਾ, ਚੁੱਪ ਕਰਕੇ ਅਸੀਂ ਤੁਰਦੇ ਸਾਡੇ ਪੁਰਾਣੇ ਘਰੇ ਜਾ ਵੱਜੇ, ਕੰਧ ਟੱਪਣ ਨੂੰ



ਅਸੀਂ ਤਕੜੇ ਸੀ, ਸਾਡਾ ਘਰ ਮਹਿਰਿਆਂ ਕੋਲ ਸੀ ਜਿਹੜੇ ਅੰਦਰ ਮਾਤਾ ਨੇ ਸੋਨੇ ਦੇ ਨੱਪੇ ਹੋਣ ਦਾ ਦੱਸਿਆ ਸੀ ਉਸ ਅੰਦਰ ਮਹਿਰਿਆਂ ਦਾ ਟੱਬਰ ਸੁੱਤਾ ਹੋਇਆ ਸੀ। ਬੜਾ ਕੰਮ ਕਲੱਲਾ ਹੋਇਆ। ਹੁਣ ਕੀ ਕਰੀਏ ਭਾਊ? ਅਸਾਂ ਤਾਂ ਭਾਊ ਪਸ਼ੂਆਂ ਆਲੀ ਸਵਾਤ ਵੰਨੀ ਹੋ ਤੁਰੇ। ਅੰਦਰੋਂ ਪੰਜੇ ਮੱਝੀ ਖੋਹਲ ਕੇ ਹੌਲੀ ਜੇਹੀ ਬੂਹਾ ਖੋਹਲਿਆਂ ਤੇ ਅੱਗੇ ਲਾ ਤੁਰੇ। ਰਾਤੋ-ਰਾਤ ਬਾਰਡਰ ਪਾਰ ਕਰਾ ਦਿੱਤਾ। ਉਦੋਂ ਬਾਰਡਰ ਤੇ ਨਾ ਤਾਰ ਹੁੰਦੀ ਸੀ ਨਾ ਪਹਿਰਾ.....।" ਕਹਿੰਦਾ ਉਹ ਬੜਾ ਉੱਚੀ ਹੱਸਿਆ। ਮੈਨੂੰ ਉਹ ਬਾਤਾਂ ਵਰਗਾ ਜਾਨੀ ਚੋਰ ਲੱਗਿਆ, ਚੋਰੀ ਦੀ ਗੱਲ ਕਰਦਾ ਵੀ ਮਾਣ ਮਹਿਸੂਸ ਕਰਦਾ, ਪਰ ਦਲੇਰ ਐ।

"ਕਦੇ ਫੇਰ ਵੀ ਗਏ ਬਾਰਡਰ ਟੱਪ ਕੇ।" ਮੈਂ ਅੱਗੇ ਗੱਲ ਤੋਰੀ।

"ਹਾਂ ਮੈਂ 1960 ਤੱਕ ਬਲੈਕ ਕੀਤੀ ਰੱਜ ਕੇ, ਫੀਮ, ਸੋਨੇ ਤੇ ਸ਼ਰਾਬ ਦੀ। ਵਾਹਗੇ ਦੇ ਨੇੜਿਓਂ ਅਸੀਂ ਲੰਘ ਜਾਂਦੇ, ਕੋਈ ਨ੍ਹੀ ਪੁੱਛਦਾ ਸੀ। ਚੌਧਰੀ ਮਾਘੀ ਖਾਂ ਬੜਾ ਵੱਡਾ ਬਲੈਕੀਆ ਸੀ, ਉਹਦਾ ਬੜਾ ਮਾਲ ਆਉਂਦੈ ਆਪਣੇ ਮੁਲਕ ਵਿੱਚ, ਉਹਦੇ ਬੰਦੇ ਹੱਦ ਤੇ ਮਾਲ ਛੱਡ ਜਾਂਦੇ। ਵਾਹਗਾ ਦੇ ਨੇੜੇ ਉਹਦੀ ਜ਼ਮੀਨ ਐ ਉਹਨੇ ਮੇਰਾ ਸਕਾ ਭਰਾ ਮਰਵਾ ਦਿੱਤਾ ਸੀ। ਮੇਰਾ ਭਰਾ ਸ਼ਰਾਬ ਦੀ ਬਲੈਕ ਕਰਦਾ ਸੀ, ਮੈਂ ਤੇ ਇਕ ਹੋਰ ਮੁੰਡਾ ਚਾਰ-ਪੰਜ ਵਾਰ ਉਹਨੂੰ ਮਾਰਨ ਪਏ। ਕੰਜਰ ਬੱਚ ਨਿਕਲਿਆ, ਪੰਗਾ ਹੋਰ ਪੈ ਗਿਆ। ਮੈਂ ਉਹਦੇ ਘਰੇ ਜਾ ਕੇ ਰਿਹਾ ਸਾਂ ਚਾਰ-ਪੰਜ ਵਾਰ। ਤਿੰਨ ਟੱਬਰ ਸੀ ਉਹਦੇ। ਸਭ ਤੋਂ ਛੋਟੀ ਤੀਵੀਂ ਦੇ ਕੋਈ ਨਿਆਣਾ ਨਹੀਂ ਸੀ। ਉਹ ਮੇਰੇ ਨਾਲ ਬਾਰਡਰ ਲੰਘ ਆਈ। ਚਾਰ ਸਾਲ ਰਹੀ, ਆਖ਼ਰ ਇੱਕ ਰਾਤ ਪਤਾ ਨਹੀਂ ਕਿੱਧਰ ਚਲੀ ਗਈ....।" ਕਹਿ ਕੇ ਬੜਾ ਹੱਸਿਆ। ਮੈਨੂੰ ਇਸ ਵਾਰੀ ਹਾਸੀ ਨਾ ਆਈ।

"ਫੇਰ ਭਾਈ ਇੱਕ ਦਿਨ ਅਸੀਂ ਘਿਰ ਗਏ, ਲਲਿਆਣੀ ਥਾਨੇ ਦੀ ਪੁਲਿਸ ਪੈ ਗਈ, ਅਸੀਂ ਝਿਊਰਾਂ ਦੇ ਘਰੇ ਸੀ। ਉਨ੍ਹਾਂ ਦੀ ਜ਼ਨਾਨੀ ਨੇ ਸਾਨੂੰ ਬੁਰਕੇ ਪਵਾ ਦਿੱਤੇ। ਅਸੀਂ ਦੋਵੇਂ ਪਾਣੀ ਦੀ ਗੜ੍ਹਵੀ ਚੱਕ ਕੇ ਖੇਤਾਂ ਵੱਲ ਹੋ ਗਏ। ਕਿਸੇ ਨੂੰ ਸ਼ੱਕ ਨਾ ਹੋਇਆ। ਉਸ ਰਾਤ ਅਸੀਂ ਮਸਾਂ ਬਾਰਡਰ ਲੰਘੇ। ਫੇਰ ਅਸੀਂ ਨਹੀਂ ਗਏ....ਬੱਸ ਸਮਾਂ ਚੰਗਾ ਟੱਪੀ ਜਾਂਦਾ।" ਹੁਣ ਉਹ ਸਿਰਫ਼ ਮੁਸਕਰਾਇਆ ਸੀ।

"ਸਰਕਾਰ ਨੇ ਕੋਈ ਕੰਮ ਨਹੀਂ ਦਿੱਤਾ, ਕੋਈ ਮੱਦਦ।" ਮੈਨੂੰ ਉਸ ਨਾਲ ਹਮਦਰਦੀ ਹੋ ਗਈ।

"ਸਰਕਾਰ ਤੋਂ ਬਹੁਤੀ ਆਸ ਨ੍ਹੀ ਰੱਖੀਦੀ, ਆਪਣਾ ਯੱਕਾ ਆਪੇ ਚਲਾਓ ਭਾਈ। ਅਸਾਂ ਫੀਰੋਜ਼ਪੁਰ ਦੇ ਨੇੜੇ ਹਾਕਮ ਵਾਲੇ ਆ ਕੇ ਪੈਲ੍ਹੀ ਲੈ ਗਈ। ਮੈਂ ਰੱਜ ਕੇ ਤੀਹ ਸਾਲ ਦੁੱਧ ਵੇਚਿਆ, ਸੈਕਲ ਤੇ। ਫੇਰ ਮੋਟਰਸਾਈਕਲ ਲੈ ਲਿਆ। ਕਿਆ ਮਜ਼ੇਦਾਰ ਕੰਮ ਸੀ। ਮੈਂ ਘਰ ਦੀ ਕੱਢ ਕੇ ਕਈ ਵਾਰ ਵੇਚੀ ਐ।" ਕਹਿੰਦਾ ਉਹ ਫੇਰ ਹੱਸ ਪਿਆ।

"ਤੁਸੀਂ ਪੜ੍ਹੇ ਨ੍ਹੀ ਬੱਚੇ....।" ਮੈਂ ਬੱਚੇ ਕਹਿ ਕੇ ਗਲਤੀ ਕਰ ਬੈਠਾ ਸੀ। ਅਸਲ ਵਿੱਚ ਉਹ ਵਿਆਹਿਆ ਨਹੀਂ ਸੀ।....ਪਰ ਉਸ ਨੇ ਕਦੇ ਵੀ ਆਪਣੇ ਨਾ-ਵਿਆਹੇ ਹੋਣ ਦਾ ਕਿਸੇ ਕੋਲ ਕੁੱਝ ਦੱਸਿਆ ਸੀ।

"ਤਿੰਨੇ ਬੱਚੇ ਮੌਜਾਂ ਕਰਦੇ ਐ। ਕੁੜੀ ਵਿਆਹੀ ਐ। ਵੱਡਾ ਮੁੰਡਾ ਵਰਕਸ਼ਾਪ ਤੇ ਕੰਮ ਕਰਦੈ। ਛੋਟਾ ਖੇਤਰ ਕੰਮ ਕਰਦਾ ਵਾਹੀ ਦਾ। ਪੋਤਰੇ ਪੋਤਰੀਆਂ, ਤੁਹਾਡੀ ਮਾਸੀ ਉਨ੍ਹਾਂ ਨਾਲ ਲੱਗੀ ਰਹਿੰਦੀ ਐ।" ਉਸਨੇ ਆਪਣੇ ਆਪ ਨੂੰ ਪਰਿਵਾਰ ਦਾ ਮੁੱਖੀ ਸਿੱਧ ਕਰ ਦਿੱਤਾ ਸੀ।

ਮੈਨੂੰ ਉਬਾਸੀ ਆਈ ਤਾਂ ਉਹ ਇਹ ਕਹਿੰਦਾ ਉਠ ਕੇ ਚਲਾ ਗਿਆ,

"ਕੁੱਝ ਚਿਰ ਅੱਖ ਲਾ ਲੈ.....ਮੈਂ ਵੀ ਪਸ਼ੂ ਡੰਗਰ ਵੇਖਾਂ।" ਕਹਿੰਦਾ ਉਹ ਉੱਠ ਕੇ ਬਾਹਰ ਚਲਾ ਗਿਆ। ਮੈਂ ਬੈੱਡ ਤੇ ਪੈ ਗਿਆ, ਦਿਨੇ ਅੱਠ ਵਜੇ ਤੱਕ ਮੇਰੀ ਜਾਗ ਨਾ ਖੁੱਲ੍ਹੀ। ਜਦੋਂ ਮੈਂ ਉੱਠਿਆ ਉਹ ਨ੍ਹਾਤਾ-ਧੋਤਾ ਮੇਰੇ ਬੱਚੇ ਨਾਲ ਵਿਹੜੇ ਵਿੱਚ ਖੇਡੀ ਜਾਂਦਾ ਸੀ। ਬੱਚਾ ਉਸ ਨਾਲ ਖੁਸ਼ ਸੀ। ਬੜਾ ਅਸਚਰਜ ਬੰਦਾ ਥੱਕਦਾ ਈ ਨਹੀਂ।

"ਨੀਂਦ ਪੂਰੀ ਹੋ ਗਈ.....ਭਾਊ ਅੱਜ ਗਿਆਰਾਂ ਵਜੇ ਤਿਆਰ ਰਹੀਂ।" ਉਹਨੇ ਮੈਨੂੰ ਵੇਖਣ ਸਾਰ

ਕਿਹਾ।

ਪੰਜਵੇਂ ਦਿਨ ਸਵੇਰੇ ਉਹ ਆਪਣੇ ਮੋਬਾਇਲ ਤੇ ਅੱਧਾ ਘੰਟਾ ਕਿਸੇ ਨਾਲ ਹੱਸ-ਹੱਸ ਗੱਲਾਂ ਕਰਦਾ ਰਿਹਾ। ਮੈਂ ਉਸ ਦੇ ਕੋਲੇ ਨਾ ਗਿਆ ਕਿ ਸ਼ਾਇਦ ਪਿੰਡੋਂ ਉਸ ਦੇ ਘਰੋਂ ਫੋਨ ਹੋਵੇ। ਫੋਨ ਸੁਣਦਾ ਉਹ ਕਈ ਤਰ੍ਹਾਂ ਦੇ ਐਕਸ਼ਨ ਕਰੀ ਗਿਆ। ਕਾਫ਼ੀ ਲੰਮੀ ਗੱਲਬਾਤ ਬਾਅਦ ਉਹ ਆਪ ਹੀ ਮੇਰੇ ਕੋਲ ਮੂੜ੍ਹੇ 'ਤੇ ਆ ਬੈਠਾ,

"ਫ਼ੋਨ ਬੜੀ ਵਧੀਆ ਚੀਜ਼ ਐ, ਮੈਨੂੰ ਅੰਗਰੇਜ਼ੀ ਘੱਟ ਆਉਂਦੀ ਐ, ਨਹੀਂ ਤਾਂ ਕੰਮਪਿਊਟਰ ਰੱਖਿਆ ਹੋਵੇ, ਕੋਲੇ। ਬੜੀ ਜਾਣਕਾਰੀ ਐ ਜੀ ਏਨ੍ਹਾਂ ਨਵੀਆਂ ਚੀਜ਼ਾਂ ਵਿੱਚ।" ਉਸਨੇ ਹੱਸਦਿਆਂ ਫ਼ੇਰ ਗੱਲ ਸ਼ੁਰੂ ਕਰੀ।

"ਸੱਚ ਹਾਂ ਅੱਜ ਵੀਰਵਾਰ ਐ, ਮੈਂ ਕੰਮ ਕਰਦਾਂ ਅੱਜ ਇੱਕ।" ਕਹਿ ਕੇ ਉਹ ਰਸੋਈ ਵੱਲ ਚਲਾ ਗਿਆ।

"ਲੈ ਭਾਈ ਤੂੰ ਬੱਚਾ ਸੰਭਾਲ ਅੱਜ ਮੈਂ ਤੁਹਾਨੂੰ ਇਕ ਚੀਜ਼ ਬਣਾ ਕੇ ਖਵੋਣੀਆਂ।" ਮੇਰੀ ਪਤਨੀ ਚੁੱਪਚਾਪ ਰਸੋਈ ਵਿੱਚੋਂ ਬਾਹਰ ਆ ਗਈ ਤੇ ਬੱਚੇ ਨਾਲ ਖੇਡਣ ਲੱਗ ਪਈ। ਉਸ ਨੇ ਅੱਧੇ ਘੰਟੇ ਵਿੱਚ ਕੁੱਕਰ ਦੀਆਂ ਦੋ ਤਿੰਨ ਸੀਟੀਆਂ ਮਰਵਾਈਆਂ, ਰਸੋਈ ਵਿੱਚੋਂ ਕੌਲੀ ਕੜ੍ਹੀ ਦੀ ਭਰ ਕੇ ਖਾਂਦਾ ਆਉਂਦਾ ਹੋਇਆ ਬੋਲਿਆ,

"ਲੱਸੀ ਪੂਰੀ ਖੱਟੀ ਨਹੀਂ ਸੀ, ਕੜ੍ਹੀ ਤਾਂ ਨਜ਼ਾਰੇ ਲਿਆ ਦਿੰਦੀ।" ਉਸਨੇ ਕੜ੍ਹੀ ਚੌਲ ਤਿਆਰ ਕੀਤੇ ਸੀ। ਮੈਂ ਚੌਲ ਨਹੀਂ ਖਾਂਦਾ। ਪਤਨੀ ਨੇ ਮੇਰੇ ਲਈ ਰੋਟੀਆਂ ਲਾਹ ਦਿੱਤੀਆਂ।

"ਭਾਊ ਅੱਜ ਖਾ ਕੇ ਵੇਖ, ਭਾਵੇਂ ਕੜਛੀ ਇਕ ਖਾ।" ਉਸਨੇ ਹੱਸਦਿਆਂ ਕਿਹਾ।

"ਮੈਨੂੰ ਚੌਲਾਂ ਤੋਂ ਵਾਈ ਐ, ਚੌਲ ਖਾ ਕੇ ਮੇਰਾ ਸਿਰ ਦਰਦ ਹੋਣ ਲੱਗਦਾ।" ਮੈਂ ਸਾਫ਼ ਇਨਕਾਰ ਕਰ ਦਿੱਤਾ।

"ਭਾਊ ਏਸੇ ਕਰਕੇ ਮੈਂ ਕਾਲੀ ਮਿਰਚ ਪਾਈ ਐ, ਵਾਈ ਨਹੀਂ ਹੁੰਦੀ।" ਉਹਨੇ ਮੇਰੇ ਮੂੰਹ ਦੀ ਗੱਲ ਫੜ ਲਈ ਸੀ।

ਕੜ੍ਹੀ ਚੌਲ ਖਾਧੇ, ਵਾਕਿਆ ਈ ਕਮਾਲ ਸੀ।

ਅੱਜ ਦੁਪਹਿਰੇ ਉਹ ਮੈਨੂੰ ਮੋਟਰ ਸਾਈਕਲ ਤੇ ਬਿਠਾ ਕੇ ਸ਼ਹਿਰ ਲੈ ਗਿਆ। ਰਸੋਈ ਦਾ ਸਮਾਨ ਤੇ ਇੱਕ-ਦੋ ਛੋਟੀਆਂ-ਮੋਟੀਆਂ ਵਸਤੂਆਂ ਘਰ ਲਈ ਲੈ ਕੇ ਆਉਣੀਆਂ ਸਨ। ਉਸਨੇ ਬੜੇ ਸਲੀਕੇ ਨਾਲ ਕਈ ਦੁਕਾਨਾਂ ਤੋਂ ਸਮਾਨ ਧਰਦਿਆ। ਉਹ ਕੰਮ ਕਰਦਾ ਅੱਕਦਾ ਨਹੀਂ ਸੀ। ਇਕ ਰੈਸਟੋਰੈਂਟ ਵਿੱਚ ਜਾ ਬੈਠੇ।

ਸ਼ਾਮ ਨੂੰ ਜਦੋਂ ਅਸੀਂ ਘਰੇ ਆਏ ਤਾਂ ਸੀਰੀ ਪਸ਼ੂਆਂ ਨੂੰ ਨੀਰਾ-ਪੱਠਾ ਕਰ ਕੇ ਚਲਾ ਗਿਆ ਸੀ। ਉਹਨੇ ਮੱਝ ਦੀ ਧਾਰ ਕੱਢੀ ਤੇ ਪੈੱਗ ਲਾ ਕੇ ਨ੍ਹਾਉਣ ਚਲਾ ਗਿਆ। ਸਾਫ਼ ਸੁਥਰੇ ਕੱਪੜੇ ਪਹਿਨ ਕੇ ਮੰਜੇ ਤੇ ਬੜੇ ਆਰਾਮ ਨਾਲ ਪੈ ਗਿਆ। ਮੈਂ ਮੂੜ੍ਹਾ ਚੱਕ ਕੇ ਉਹਦੇ ਕੋਲ ਜਾ ਬੈਠਾ

ਸ਼ਾਮ ਦੀ ਰੋਟੀ ਖਾ ਕੇ ਅਸੀਂ ਬੈਠੇ ਤਾਂ ਉਹ ਗੱਲਾਂ ਕਰੀ ਗਿਆ ਤੇ ਹੱਸੀ ਗਿਆ। ਉਸਨੂੰ ਜੀਨਾਂ ਪਾਉਣ ਵਾਲੇ ਮੁੰਡੇ ਕੁੜੀਆਂ ਬਹੁਤ ਚੰਗੇ ਲੱਗਦੇ ਸੀ। ਉਹ ਵਾਰ-ਵਾਰ ਕਹਿੰਦਾ,

"ਭਾਊ ਨਵੇਂ-ਮੁੰਡੇ ਕੁੜੀਆਂ ਟੀ.ਸ਼ਰਟਾਂ ਜੀਨਾਂ ਪਾ ਕੇ ਕਾਲਜ ਜਾਂਦੇ ਐ, ਮੇਰੀ ਬੜੀ ਰੂਹ ਖੁਸ਼ ਹੁੰਦੀ ਐ ਦੇਖ ਕੇ, ਇਕ ਸਾਲ ਮੈਂ ਕਾਲਜ ਦੀ ਕੰਨਟੀਨ ਤੇ ਦੁੱਧ ਦਿੰਦਾ ਸੀ। ਮੇਰੇ ਨਾਲ ਬੜਾ ਮੋਹ ਰੱਖਦੇ ਮੁੰਡੇ ਕੁੜੀਆਂ। ਮੇਰਾ ਵੀ ਦਿਲ ਕਰਦਾ ਉਹਨ੍ਹਾਂ ਨਾਲ ਪੜ੍ਹਨ ਲੱਗ ਜਾਵਾਂ....ਪਰ ਕਿੱਥੇ।" ਕਹਿੰਦਾ ਉਹ ਉੱਚੀ-ਉੱਚੀ ਹੱਸ ਪਿਆ। ਫ਼ੇਰ ਉਹ ਉਠ ਕੇ ਰਸੋਈ ਵਿੱਚ ਚਲਾ ਗਿਆ, ਕੁੱਝ ਚਿਰ ਮਗਰੋਂ ਵਾਪਿਸ ਆਇਆ ਤਾਂ ਟ੍ਰੇਅ ਵਿੱਚ ਤਿੰਨ ਵੱਡੇ ਗਲਾਸ ਮੈਂਗੋ ਸੇਕ ਦੇ ਭਰੇ ਹੋਏ ਤੇ ਇੱਕ ਜੱਗ ਉੱਪਰ ਤੱਕ ਭਰਿਆ ਹੋਇਆ।

"ਲਓ ਕਾਕਾ ਜੀ ਪੀਓ ਰੱਜ ਕੇ ਅੱਜ ਮੇਰੇ ਦਿਲ ਵਿੱਚ ਸੀ ਤੁਹਾਡੀ ਸੇਵਾ ਕਰਾਂ, ਪੂਰੀ ਤਰ੍ਹਾਂ, ਪਰ ਕੌੜੀ ਸੇਵਾ ਤੁਸੀਂ ਕਰਵਾਉਂਦੇ ਨਹੀਂ ਚਲੋ ਮਾੜੀ-ਮੋਟੀ ਮਿੱਠੀ ਸੇਵਾ ਈ ਸਹੀ।" ਉਸਨੇ ਭਰੇ ਗਲਾਸ ਸਾਡੇ ਅੱਗੇ



ਕਰ ਦਿੱਤੇ।

"ਬਾਬਾ ਜੀ ਤੁਸੀਂ ਮੈਨੂੰ ਦੱਸ ਦਿੰਦੇ ਮੈਂ ਬਣਾ ਦਿੰਦੀ.....।" ਮੇਰੀ ਪਤਨੀ ਨੇ ਕਿਹਾ ਤਾਂ ਉਹ ਹੱਸਣ ਲੱਗ ਪਿਆ।

"ਕਾਹਨੂੰ ਭਾਈ ਏਤਰਾਂ ਸੋਚਣ ਲੱਗੇ ਜੇ, ਮੈਨੂੰ ਰਸੋਈ ਦਾ ਸਾਰਾ ਕੰਮ ਈ ਆਉਂਦੈ।

ਬੰਦਾ ਹਰ ਨਵੀਂ ਚੀਜ਼ ਸਿੱਖਦਾ ਰਹੇ, ....ਚੰਗਾ ਰਹਿੰਦਾ.....ਹੌਸਲਾ ਜ਼ਰੂਰ ਰੱਖੇ।" ਉਹ ਉੱਚੀ-ਉੱਚੀ ਹੱਸਦਾ ਮੰਜੇ ਤੇ ਬੈਠ ਕੇ ਮੈਂਗੋ ਸ਼ੇਕ ਪੀਣ ਲੱਗ ਪਿਆ।

"ਜ਼ਮਾਨਾ ਕਿੰਨਾ ਵਧੀਆ ਆ ਗਿਐ, ਮਿਹਨਤ ਕਰੋ, ਬੜੇ ਕੰਮ ਐ ਭਾਊ ਨਵੇਂ ਜ਼ਮਾਨੇ ਵਿੱਚ। ਬੰਦਾ ਧਿਆਨ ਨਾਲ ਕਰੇ ਪੈਸੇ ਜਿਵੇਂ ਮਰਜ਼ੀ ਕਮਾਵੇ। ਵਧੀਆ ਖਾਣ ਨੂੰ, ਪੀਣ ਨੂੰ ਮਸ਼ੀਨਾਂ ਕੰਮ ਕਰਦੀਆਂ, ਨਵੇਂ ਮੁੰਡੇ-ਕੁੜੀਆਂ ਬੜੀ ਤਰੱਕੀ ਵਿੱਚ ਐ। ਨਵੇਂ ਖਾਣੇ, ਨਵੇਂ ਬਾਣੇ, ਮੈਂ ਵੀ ਜਿੰਮ ਖੋਲਣ ਦੀ ਸੋਚ ਰਿਹਾਂ.......ਬੜੇ ਕੰਮ ਐ ਜੀ ਨਵੇਂ ਤੋਂ ਨਵੇਂ.....ਬੱਸ ਬੰਦਾ ਹੌਸਲਾ ਨਾ ਛੱਡੇ।" ਉਸ ਰਾਤ ਮੈਂ ਬੇਫ਼ਿਕਰ ਹੋ ਕੇ ਸੁੱਤਾ। ਸਾਡਾ ਇਕ ਦਿਨ ਰਹਿ ਗਿਆ ਸੀ ਘਰ ਸੰਭਾਲਣ ਦਾ, ਆਖ਼ਰੀ ਦਿਨ ਉਸਨੇ ਬੜੀ ਰਮਜ਼ ਭਰੀ ਗੱਲ ਸੁਣਾਈ,

"ਭਾਊ ਬੰਦਾ ਮਰ-ਮਰ ਕੇ ਨਾ ਜੀਵੇ, ਦੁੱਖ-ਸੁੱਖ ਤਾਂ ਆਉਂਦੇ ਰਹਿੰਦੇ ਐ। ਬੰਦਾ ਹੌਸਲਾ ਨਾ ਛੱਡੇ। ਜ਼ਿੰਦਗੀ ਬੜੀ ਚੀਜ਼ ਹੁੰਦੀ ਐ। ਮੇਰੀ ਇਕ ਰਿਸ਼ਤੇਦਾਰ ਕੁੜੀ ਅਮਰੀਕਾ ਵਿੱਚ ਐ, ਪੰਜ ਸਾਲ ਪਹਿਲਾਂ ਮੈਨੂੰ ਵੀਜ਼ਾ ਘੱਲ ਦਿੱਤਾ। ਮੈਂ ਦੋ ਵਾਰ ਜਾ ਆਇਆਂ ਅਮਰੀਕਾ। ਛੇ-ਛੇ ਮਾਹ ਲਾ ਆਇਆ ਮੈਂ, ਕਿਆ ਬਾਤਾਂ ਨਵੇਂ ਜ਼ਮਾਨੇ ਦੀਆਂ, ਲੋਕ ਤਾਂ ਕਮਲੇ ਐ ਧਰਮਾਂ-ਕਰਮਾਂ ਪਿੱਛੇ ਲੜਾਈਆਂ ਕਰੀ ਜਾਂਦੇ ਐ। ਅਮਰੀਕਾ ਤਰੱਕੀਆਂ ਕਰਨ ਲੱਗਾ ਏ। ਉਥੇ ਸਾਰੇ ਲੋਕ ਮੌਜਾਂ ਕਰਦੇ ਐ....ਪੰਗਾ....ਆਪਣੇ ਦੇਸ਼ ਵਿੱਚ ਜਾਤਾਂ-ਗੋਤਾਂ ਦਾ ਐ....ਉਥੇ ਬੜੇ ਮੇਰੀ ਉਮਰ ਦੇ ਬੁੱਢੇ-ਬੁੱਢੀਆਂ ਮੇਰੇ ਫਰੈਂਡ ਬਣੇ ਹੋਏ ਐ, ਕੰਜਰ ਦੂਜੇ ਚੌਥੇ ਦਿਨ ਫ਼ੋਨ ਕਰ ਲੈਂਦੇ ਐ, ਕਦੇ ਪੈਸੇ ਘੱਲ ਦਿੰਦੇ ਐ....ਕਿਆ ਬਾਤਾ ਜਹਾਜ਼ਾਂ ਵਿੱਚ ਦੁਨੀਆਂ ਈ ਹੋਰ ਦੀ ਹੋਰ ਐ, ਕੁੜੀ ਨੂੰ ਮਿਲਣ ਦਾ ਤਾਂ ਇਕ ਬਹਾਨਾ ਈ ਐ....ਮੈਂ ਮਿਲਣ ਤਾਂ ਆਪਣੇ ਫਰੈਂਡਜ਼ ਨੂੰ ਜਾਨੈ....ਭੋਲੂ ਲਈ ਕੀ ਲੈ ਕੇ ਆਵਾਂ।" ਉਹਨੇ ਮੇਰੇ ਚਿਹਰੇ ਤੇ ਅੱਖਾਂ ਗੱਡਦਿਆ ਕਿਹਾ।

"ਭੋਲੂ ਨੂੰ ਇਕੋ ਚੀਜ਼ ਚਾਹੀਦੀ ਐ.....।" ਕਹਿੰਦਾ ਮੈਂ ਚੁੱਪ ਕਰ ਗਿਆ। ਮੇਰਾ ਗੱਚ ਭਰ ਆਇਆ ਸੀ, ਘਰ ਦੀ ਤੰਗੀ, ਸਮੇਂ ਦੀ ਮਾਰ, ਪਤਾ ਨਹੀਂ ਕਿੰਨਾ-ਕਿੰਨਾ ਹਾਲਾਤਾ ਨੇ ਮੈਨੂੰ ਜਵਾਨੀ ਵਿੱਚ ਹੀ ਬੁੜ੍ਹਾ ਕਰ ਦਿੱਤਾ ਸੀ। ਮੇਰੇ ਸਾਹਮਣੇ ਬੈਠਾ ਲਾਹੌਰੀਆ ਬਜ਼ੁਰਗ ਸਮੇਂ ਦੀਆਂ ਮਾਰਾਂ ਖਾਂ ਕੇ ਵੀ ਅਠਾਰਾਂ ਸਾਲਾਂ ਦੇ ਮੁੰਡਿਆਂ ਵਰਗਾ ਜਵਾਨ ਤੇ ਹੌਸਲੇ ਵਾਲਾ ਸੀ।

"ਭਾਊ ਭੋਲੂ ਮੇਰਾ ਪਿਛਲੇ ਜਨਮ ਦਾ ਯਾਰ ਐ....ਅੰਗਰੇਜ਼ ਸਰਕਾਰ ਵੇਲੇ ਦਾ ਸੂਬੇਦਾਰ, ਯਾਰਾਂ ਤੋਂ ਮੈਂ ਰੱਬ ਵਾਰ ਦਿਆਂ ਮੰਗ ਤੇ ਸਹੀ....। ਕਹਿੰਦਾ ਉਹ ਉੱਚੀ-ਉੱਚੀ ਹੱਸਣ ਲੱਗ ਪਿਆ।

"ਰੱਬ ਵਾਰਨਾ ਨਹੀਂ, ਰੱਬ ਅੱਗੇ ਦੁਆ ਕਰੋ, ਇਹ ਮੇਰੇ ਵਰਗਾ ਤੰਗ ਦਿਲ ਬੁੜ੍ਹਾ ਨਾ ਬਣੇ, ਜ਼ਿੰਦਗੀ ਵਿੱਚ ਤੁਹਾਡੇ ਵਰਗਾ ਜਿੰਦਾਦਿਲ, ਜਵਾਨ ਮੁੰਡਾ-ਛੁੰਡਾ ਬਣੇ.....ਏਹੀ ਮੇਰੀ ਇੱਛਾ।" ਕਹਿੰਦਾ ਮੈਂ ਅੱਖਾਂ ਭਰ ਆਇਆ। ਮੈਨੂੰ ਵੇਖ ਕੇ ਉਹ ਉੱਚੀ-ਉੱਚੀ ਹੱਸ ਪਿਆ। ✪

ਪਤਾ-ਪਿੰਡ ਉੜੰਗ, ਤਹਿ. ਮਲੋਟ, ਜਿਲ੍ਹਾ ਮੁਕਤਸਰ

## ਪਾਠਕਾਂ , ਲੇਖਕਾਂ ਲਈ ਸੂਚਨਾ

'ਕਹਾਣੀ ਧਾਰਾ' ਨੂੰ ਪੜਚੋਲ ਲਈ ਦੋ ਪੁਸਤਕਾਂ ਭਾਰਤੀ ਡਾਕ ਪ੍ਰਣਾਲੀ ਰਾਹੀਂ ਹੀ ਭੇਜੀਆਂ ਜਾਣ। ਪਰਚੇ ਨੂੰ ਭੇਜੀ ਰਚਨਾ ਕਿਸੇ ਹੋਰ ਪਰਚੇ ਨੂੰ ਨਾ ਭੇਜੀ ਜਾਵੇ। ਮੁਫ਼ਤ ਵਿਚ ਪਰਚਾ ਪੜ੍ਹਨ ਵਾਲੇ ਪਾਠਕ ਇਸ ਅੰਕ ਤੋਂ ਮਾਫ਼ੀ ਦੇਣ। ਜਿਨ੍ਹਾਂ ਦੇ ਚੰਦੇ ਖਤਮ ਹੋ ਗਏ ਹਨ ਅਸੀਂ ਚਿੱਠੀਆਂ ਪਾ ਕੇ ਸੂਚਿਤ ਕਰ ਦਿੱਤਾ ਹੈ।

# ਕਹਾਣੀ / ਚੌਹੰ ਕਦਮਾਂ ਦੀ ਵਾਟ/ ਬਲਦੇਵ ਸਿੰਘ ਪੋਹਲੋਪੁਰੀ

ਬੇਬੇ ਕਹਿੰਦੀ ਸੀ, ਰਾਤ ਦੀ ਸਲਾਹ ਸਿਰੇ ਨਹੀਂ ਚੜਦੀ ਹੁੰਦੀ। ਪਰ ਉਨ੍ਹਾਂ ਕੰਬਖਤਾ ਨੇ ਤਾਂ ਸਲਾਹ ਹੀ ਰਾਤ ਨੂੰ ਕੀਤੀ ਸੀ। ਫਿਰ ਖਾਣ ਪੀਣ ਵਿੱਚ ਜੁੱਟ ਗਏ। ਰੰਮ ਦੀ ਬੋਤਲ ਲਿਆਂਦੀ ਸੀ। ਮੁਰਗੇ ਦਾ ਮੀਟ ਸੀ। ਫਿਰ ਕਿਹੜਾ ਕੋਈ ਹਟਕਣ ਵਾਲਾ ਸੀ, ਖਾ-ਖਾ ਕੇ ਕੁੱਖਾਂ ਕੱਢ ਲਈਆਂ। ਫਿਰ ਤਾਂ ਮੰਜੇ ਮਸਾਂ ਲੱਭੇ। ਮੰਜਿਆਂ ਉਤੇ ਡਿੱਗਦੇ ਸਾਰ ਹੀ ਘੂਕੀ ਚੜ ਗਈ। ਅੱਜ ਤਾਂ ਨੀਂਦ ਵੀ ਦਰਿਆ ਦੇ ਪਾਣੀ ਵਾਂਗ ਸ਼ੂਕ ਕੇ ਚੜੀ ਸੀ। ਫਿਰ ਤਾਂ ਪਤਾ ਨਹੀਂ ਰਿਹਾ, ਕੌਣ ਕਿਥੇ ਪਿਆ ਏ।

ਬੇਬੇ ਭਾਂਡੇ ਸੰਭਾਲਦੀ ਹੋਈ ਹੱਸਦੀ ਰਹੀ, "ਕਿੰਨੇ ਕਮਲੇ ਨੇ," ਪਤਾ ਨਹੀਂ ਪੁੱਤ ਮਾਵਾਂ ਲਈ ਸਾਰੀ ਉਮਰ ਕਮਲੇ ਹੀ ਕਿਉਂ ਰਹਿੰਦੇ ਹਨ। ਸੰਦੇਹਾ ਵੇਲੇ ਵੇਖਿਆ, ਮਿੰਦਰ ਦਾ ਮੰਜਾ ਖਾਲੀ ਪਿਆ ਸੀ। ਬੇਬੇ ਪਾਠ ਕਰਦੀ ਸੀ, ਉਹ ਪਾਠ ਕਰਦੀ ਹੋਈ ਵੀ ਹੱਸ ਪਈ, "ਬੱਸ ਭੱਜ ਗਿਆ ਚੋਰ..., ਮੂੰਹ ਨੇਰ੍ਹੇ ਈ...?" ਉਂਝ ਬੇਬੇ ਜਾਣਦੀ ਏ। ਉਹ ਇਸੇ ਤਰ੍ਹਾਂ ਹੀ ਕਰਦਾ ਏ। ਜਦ ਵੀ ਕਦੇ ਉਹ ਦੇਬੇ ਨਾਲ ਬੈਠ ਕੇ ਦਾਰੂ ਪੀਂਦਾ ਏ, ਤਾਂ ਇਥੇ ਹੀ ਸੌਂ ਜਾਂਦਾ ਏ। ਜਦ ਅੱਖ ਖੁੱਲਦੀ ਏ, ਤਾਂ ਦਿਨ ਵੀ ਨਹੀਂ ਚੜਨ ਦਿੰਦਾ। ਬੱਸ ਚੋਰਾਂ ਵਾਂਗ ਉਠ ਕੇ ਭੱਜ ਜਾਂਦਾ ਏ।

ਯਾਰੀ ਦੋਹਾਂ ਦੀ ਪੱਕੀ ਏ। ਬੇਬੇ ਦੇ ਦੇਬਾ ਦੀ, ਅਤੇ ਰੌਣਕੀ ਦੇ ਮਿੰਦਰ ਦੀ। ਦੋਵੇਂ ਇਕੱਠੇ ਹੀ ਰਹਿੰਦੇ ਹਨ। ਭਾਈਚਾਰੇ ਦੀ ਗੱਲ ਵੱਖਰੀ ਏ। ਉਹ ਤਾਂ ਕੰਮ ਧੰਦੇ ਵੀ ਮਿਲਕੇ ਨਜਿੱਠਦੇ ਹਨ। ਹਰ ਤਰ੍ਹਾਂ ਦੀ ਸਾਂਝ ਪੂਰਦੇ ਹਨ। ਫਸਲ ਬਾੜੀ ਸਾਂਝਿਆ ਵਰਗੀ ਹੀ ਹੈ। ਫਸਲ ਬੀਜਣ ਲਈ ਅਤੇ ਵੱਢਣ ਵੇਲੇ ਇੱਕ ਦੂਜੇ ਨਾਲ ਸਲਾਹ ਮਸ਼ਵਰਾ ਜ਼ਰੂਰ ਲੈਂਦੇ ਹਨ।

ਰੌਣਕੀ ਨੂੰ ਰਿਸ਼ਤਾ ਹੀ ਦੇਬੇ ਦੀ ਬੇਬੇ ਨੇ ਕਰਵਾਇਆ ਸੀ, ਆਪਣੇ ਪੇਕੇ ਪਿੰਡ ਤੋਂ... ਨਹੀਂ ਐਬੀ ਬੰਦੇ ਨੂੰ ਕੌਣ ਰਿਸ਼ਤਾ ਕਰਦਾ ਏ। ਇਹ ਤਾਂ ਬੇਬੇ ਹੀ ਸੀ, ਜਿਸਨੇ ਜੋੜ ਬਣਾ ਦਿੱਤਾ। ਇਸ ਸਾਕ ਕਰਕੇ ਹੀ ਦੋਹਾਂ ਘਰਾਂ ਵਿੱਚ ਪੱਕੀ ਸਾਂਝ ਸੀ। ਤਾਂਹੀਓ ਤਾਂ ਮਿੰਦਰ ਬੇਬੇ ਨੂੰ ਮਾਸੀ ਆਖ ਕੇ ਸੱਦਦਾ ਸੀ। ਕਈ ਵੇਰਾ ਦੇਬਾ ਟਿੱਚਰ ਕਰ ਦਿੰਦਾ, "ਸਾਲਿਆ, " ਬੇਬੇ ਨੇ ਨਾਨਕਿਆਂ ਵਾਲਾ ਬਣਾ ਦਿੱਤਾ ਤੈਨੂੰ... ਕੋਈ ਮੁੱਲ ਦੀ ਆ ਜਾਂਦੀ ਚਾਚੇ ਅਮਲੀ ਦੇ... ਤਾਂ ਤੈਨੂੰ ਕੀਹਨੇ ਦੇਹਲੀ ਟੱਪਣ ਦੇਣਾ ਸੀ।

ਸੂਰਜ ਦੀ ਟਿੱਕੀ ਥੋੜ੍ਹੀ ਜਿੰਨੀ ਉਤਾਂਹ ਉਠੀ ਸੀ, ਜਦ ਮਿੰਦਰ ਮੁੜ ਆ ਧਮਕਿਆ। "ਵਿਹੜੇ ਅੰਦਰ ਪੈਰ ਰੱਖਦਾ ਬੋਲਿਆ, ਮਾਸੀ ਕਿਥੇ ਆ ਦੇਬਾ...? ਫਿਰ ਬੇਬੇ ਦਾ ਜੁਆਬ ਉਡੀਕਣ ਤੋਂ ਪਹਿਲਾਂ ਹੀ ਉਹ ਸਮਝ ਗਿਆ, ਉਹ ਸਿੱਧਾ ਧੁੱਸ ਦਿੰਦਾ ਅੰਦਰਲੀ ਸਬਾਤ ਵਿੱਚ ਜਾ ਪਹੁੰਚਿਆ। ਦੇਬਾ ਹਾਲੇ ਵੀ ਮੰਜੇ ਉੱਤੇ ਪਿਆ ਸੀ। ਉਹ ਉਸਦੇ ਸਿਰਾਣੇ ਵੱਲ ਹੁੰਦਾ ਬੋਲਿਆ। 'ਹੱਦ ਹੋ ਗਈ ਯਾਰ... ਤੇਰੀ ਆਲੀ ਤਾਂ, ਨਾਲੇ ਚੰਗਾ ਭਲਾ ਪਤਾ ਆ ਤੈਨੂੰ... ਕਿ ਆਪਾਂ ਵਾਂਢੈ ਜਾਣੈ... ਤੂੰ ਪਿਆ ਖੁਰ੍ਹਾਟੇ ਲਈ ਜਾਨੈ...? ਦੇਬਾ ਖੁੱਲ੍ਹੇ ਵਾਲਾਂ ਦਾ ਗੁੱਟਾ ਕਰਦਾ ਹੋਇਆ ਮੰਜੇ ਉੱਤੇ ਹੀ ਬੈਠ ਗਿਆ ਤੇ ਫਿਰ ਮਿੰਦਰ ਦੇ ਮੂੰਹ ਵੱਲ ਵੇਖਦਾ ਬੋਲਿਆ, ਸਾਲੇ ਹੱਡ ਜਿਹੇ ਈ ਟੁੱਟੇ ਪਏ ਨੇ..., ਤੂੰ ਖੌਰੇ ਕਿਵੇਂ ਤੁਰਿਆ ਫਿਰਦੈ...? ਮਿੰਦਰ ਹੱਸ ਪਿਆ, ਤੂੰ ਉਠ ਯਾਰ... ਤੇਰੇ ਹੱਡਾਂ ਨੂੰ ਹੁਣੇ ਟਾਂਕਾ ਲਾ ਦਿੰਨੈ ਆ..., ਕੇਰਾ ਚਾਹ ਮੰਗਵਾ ਕੇੜੀ ਜੀ, ... ਫਿਰ ਦੇਖੀ ਗੋਲੀ ਰੋੜ੍ਹ ਹੋਇਆ ਫਿਰੇਗਾ...?

ਫਿਰ ਚਾਹ ਪੀਂਦਿਆਂ ਉਨ੍ਹਾਂ ਨੇ ਮੋਮੀ ਕਾਗਜ਼ ਦਾ ਲਿਫ਼ਾਫ਼ਾ ਕੱਢਿਆ। ਲਿਫ਼ਾਫ਼ੇ ਵਿੱਚ ਤਾਸ਼ ਦੇ ਪੱਤੇ ਦਾ ਬਣਾਇਆ ਚਮਚਾ ਪਿਆ ਸੀ। ਇਸ ਚਮਚੇ ਨੂੰ ਉਹ ਆਪਣੀ ਬੋਲੀ ਵਿੱਚ ਕਾਟ ਬੋਲਦੇ ਹਨ। ਦੋ ਕਾਰਡ ਦੇਬੇ ਨੇ ਭੁੱਕੀ ਦੇ ਅੰਦਰ ਸੁਟੇ ਤੇ ਫਿਰ ਚਾਹ ਦੇ ਘੁੱਟ ਭਰਨ ਲੱਗਾ। ਇਸ ਪੋਸਤ ਦੇ ਚੂਰੇ ਵਿੱਚ ਖ਼ੌਰੇ ਕਿਹੜੀ ਸ਼ਕਤੀ ਸੀ, ਉਸਦਾ ਚਿਹਰਾ ਸੂਰਜਮੁੱਖੀ ਦੇ ਫੁੱਲ ਵਾਂਗ ਹੌਲੇ-ਹੌਲੇ ਖਿੜਦਾ ਗਿਆ। ਸਿਰ ਉੱਤੇ ਪਰਨਾ ਲਪੇਟ ਕੇ ਉਹ ਇਧਰ ਉਧਰ ਦੀਆਂ ਜੱਭਲੀਆਂ ਮਾਰਨ ਲੱਗਾ। ਉਹ ਚਾਹੁੰਦਾ ਸੀ, ਕਿ ਨਸ਼ਾ ਥੋੜ੍ਹਾ



ਨਿਖਰ ਜਾਏ। ਪਰ ਮਿੰਦਰ ਅੰਦਰ ਹੀ ਅੰਦਰ ਖਿੱਝ ਰਿਹਾ ਸੀ। ਥੋੜ੍ਹੀ ਕੁ ਦੇਰ ਬਾਅਦ ਉਹ ਦੀ ਬੋਲਣ ਦੀ ਸਪੀਡ ਵੱਧਣ ਲੱਗੀ। ਉਹ ਚਾਬੀ ਵਾਲੇ ਖਿਡਾਉਣੇ ਵਾਂਗ ਮੰਜੇ ਉੱਪਰੋਂ ਭੁੜਕ ਕੇ ਉੱਠਿਆ, ਤੇ ਕਿੱਲੀ ਉੱਪਰ ਟੰਗੇ ਤੌਲੀਏ ਨੂੰ ਝੰਡੀ ਪੁੱਟਣ ਵਾਲੇ ਪਹਿਲਵਾਨ ਵਾਂਗ ਲਾਹਿਆ, ਤੇ ਫਿਰ ਛੁਣਕਣੇ ਵਾਂਗ ਛਣਕਦਾ ਗੁਸਲਖਾਨੇ ਵਿੱਚ ਜਾ ਵੜਿਆ। ਮਿੰਦਰ ਨੇ ਉਸਦੀ ਪਿੱਠੇ ਪਿੱਛੇ ਤੋਂ ਆਖਿਆ, "ਸਾਲਾ ਨਕਲੀਆ...।"

ਦੇਬੇ ਦੇ ਤਿਆਰ ਹੁੰਦੇ ਤੱਕ ਬੇਬੇ ਨੇ ਪਰੌਂਠੇ ਲਾਹ ਦਿੱਤੇ ਸੀ। ਪਰ ਦੇਬਾ ਖਾਣ ਵੇਲੇ ਆਨਾ-ਕਾਨੀ ਜਿਹੀ ਕਰਨ ਲੱਗਾ, ਤਾਂ ਮਿੰਦਰ ਨੇ ਉਸਨੂੰ ਮਿੱਠਾ ਜਿਹਾ ਘੂਰਿਆ ਚੱਲ ਖਾ ਲੈ ਯਾਰ ਇੱਕ ਅੱਧਾ..., ਨਹੀਂ ਤਾਂ ਬੇਬੇ ਨੂੰ ਸ਼ੱਕ ਪੈ ਜਾਵੀ ਏ..., ਡਰ ਨਾ, ਕਿੱਧਰੇ ਨਈਂ, ਨਸ਼ਾ ਖਰਾਬ ਹੋਣ ਲੱਗਿਆ..., ਤੁਰਨ ਵੇਲੇ ਹੋਰ ਮਾਰ ਲਾਂਗੇ ਇੱਕ-ਇੱਕ ਕਾਟ... ਬਥੇਰਾ ਮਾਲ ਪਿਐ...?

ਬੇਬੇ ਦਾ ਦਿਲ ਰੱਖਣ ਲਈ ਉਨ੍ਹਾਂ ਅੱਧ-ਪਚੱਧ ਜਿਹੀ ਹਾਜ਼ਰੀ (ਨਾਸ਼ਤਾ) ਖਾ ਲਈ। ਮੁੜ ਚਾਹ ਪੀਤੀ ਅਤੇ ਅੰਦਰ ਤੋਂ ਮੋਟਰਸਾਇਕਲ ਕੱਢ ਕੇ ਵਿਹੜੇ ਵਿਚਕਾਰ ਖੜ੍ਹਾ ਕਰ ਦਿੱਤਾ। ਦੇਬਾ ਉਸਨੂੰ ਕੱਪੜੇ ਨਾਲ ਸਾਫ ਕਰਦਾ ਹੋਇਆ ਧੀਮੇ ਸੁਰ ਨਾਲ ਗਾਉਣ ਲੱਗਾ, "ਲੱਖ ਪ੍ਰਦੇਸੀ ਹੋਈਏ ਆਪਣਾ ਦੇਸ਼ ਨੀ ਭੰਡੀਦਾ, ਜਿਹੜੇ ਯਾਰ ਦਾ ਖਾਈਏ ਉਸਦਾ ਭਲਾ ਹੀ ਮੰਗੀਦਾ...? ਮਿੰਦਰ ਖਿੱਝਦਾ ਹੋਇਆ ਬੋਲਿਆ, "ਛੱਡ ਯਾਰ..., ਵਕਤ ਵੇਲਾ ਵੀ ਦੇਖੀਦੈ..., ਰਾਹ 'ਚ, ਸੌ ਸਿਆਪਾ ਪੈ ਸਕਦਾ, ਮੋਰਿੰਡੇ ਆਲਾ ਫਾਟਕ ਬੰਦ ਹੋ ਗਿਆ... ਤਾਂ ਉਥੇ ਈ ਘੰਟਾ ਭਰ ਗੜੈ-ਗੜੈ ਹੋਈ ਜਾਣੀ ਆ...? ਦੇਬਾ ਖੜਾ ਹੋ ਕੇ ਮੋਟਰਸਾਇਕਲ ਦੀ ਸੀਟ ਨੂੰ ਘੋੜੇ ਦੀ ਪਿੱਠ ਵਾਂਗ ਥਾਪੜਦਾ ਬੋਲਿਆ, ਚੱਲਦੇ ਆ ਯਾਰ...ਤੱਤਾਂ ਨ੍ਹੀ ਵਗੀਦੈ..., ਫਾਟਕ ਨੂੰ ਆਪਾਂ ਵੜੇਵੇ ਲੈਣ ਜਾਣੈ..., ਸਿੱਧਾ ਬਾਈ ਪਾਸ ਤੋਂ ਨਿਕਲ ਜਾਵਾਂਗੇ... ਹੁਣ ਤਾਂ ਬਾਈਪਾਸ ਤਿਆਰ ਈ ਹੋਇਆ ਪਿਐ। ਬੱਸ ਬਿੰਦ ਕੁ ਠਹਿਰ ਜਾਹ..., ਥੋੜ੍ਹਾ ਸਰੂਰ ਤਾਂ ਚੜ ਲੈਣ ਦੇਹ...,ਫਿਰ ਕਰਦੇ ਆਂ ਹਵਾ ਨਾਲ ਗੱਲਾਂ..., ਮਾਲ ਖਾਣ ਦਾ ਸੁਆਦ ਤਾਂ ਲੈਣਾ ਸਿੱਖ ਲੈ..., ਪਹਿਲਾ ਝੂਟਾ ਹੁੰਦੈ ਸਰੂਰੀ..., ਤੇ ਫਿਰ ਦੂਜਾ ਝੂਟਾ ਹੁੰਦੈ ਨੂਰੀ..., ਫਿਰ ਉਸ ਤੋਂ ਬਾਅਦ ਦੱਬ ਦੇ ਕਿੱਲੀ... ਸੁਬਾ ਜਲੰਧਰ ਸ਼ਾਮ ਨੂੰ ਦਿੱਲੀ...?

ਹੁਣ ਮਿੰਦਰ ਨੂੰ ਪੂਰਾ ਗੁੱਸਾ ਆ ਗਿਆ, ਉਹ ਤੱਤਾ ਹੁੰਦਾ ਬੋਲਿਆ, "ਚੱਲ ਸਾਲਾ..., ਪਖੰਡੀ..., ਬੋਲੀ ਡਰੈਵਰਾਂ ਆਲੀ ਬੋਲਣ ਲੱਗ ਪਿਆ..., ਹਾਲਾਂ ਕਹਿੰਦਾ ਸਰੂਰ ਨੀਂ, ਚੜ੍ਹਿਆ...? ਦੇਬਾ ਮੁਸਕੜੀਆਂ ਹੱਸ ਪਿਆ, ਤੇ ਫਿਰ ਮੋਟਰਸਾਇਕਲ ਦੀ ਕਿੱਕ ਮਾਰਦਾ ਬੋਲਿਆ, "ਚੱਲ ਬਾਈ ਮਿੰਦਰ ਸਿਆਂ..., ਐਵੇਂ ਖਿੱਝੀ ਜਾਨੈ..., ਸਾਲੀ ਚੌਂਹ ਕਦਮਾਂ ਦੀ ਤਾਂ ਵਾਟ ਆ..., ਤੈਨੂੰ ਪਤਾ ਏ..., ਜਦ ਮਿਰਜ਼ਾ ਬੱਕੀ ਉੱਤੇ ਚੜਦਾ ਹੁੰਦਾ ਸੀ ਤੇ ਦਾਨਾਬਾਦ ਅਤੇ ਝੰਗ ਸਿਆਲ ਵਿੱਚ ਚੌਂਹ ਕਦਮਾਂ ਦੀ ਵਿੱਥ ਰਹਿ ਜਾਂਦੀ ਸੀ।

ਮਿੰਦਰ ਹੁਣ ਕੁਝ ਨਹੀਂ ਬੋਲਿਆ। ਉਹ ਜਾਣਦਾ ਸੀ ਕਿ ਹੁੰਗਾਰਾ ਭਰਨ ਦੀ ਲੋੜ ਨਹੀਂ...? ਦੇਬਾ ਮੋਟਰਸਾਇਕਲ ਉਤੇ ਚੜਣ ਵੇਲੇ ਹਰ ਪੈਂਡੇ ਨੂੰ ਚੌਂਹ ਕਦਮਾਂ ਦੀ ਵਾਟ ਹੀ ਆਖਦਾ ਸੀ। ਮੋਟਰਸਾਇਕਲ ਕੱਚੀ ਫਿਰਨੀ ਦਾ ਗੇੜਾ ਕੱਢ ਕੇ ਪੱਕੀ ਸੜਕ ਉੱਤੇ ਜਾ ਚੜਿਆ। ਫਿਰ ਸੱਚਮੁੱਚ ਹੀ ਹਵਾ ਨਾਲ ਗੱਲਾਂ ਕਰਨ ਲੱਗ ਪਿਆ। ਉਹ ਫਰਾਟੇ ਭਰਦੇ ਹੋਏ ਮਿੱਥੇ ਟਿਕਾਣੇ ਵੱਲ ਵੱਧਣ ਲੱਗੇ। ਸ਼ਹਿਰ ਨਿਕਲ ਕੇ ਇੱਕ ਪਿੰਡ ਕੋਲ ਥੋੜ੍ਹੀ ਦੇਰ ਲਈ ਰੁਕੇ। ਪਿਸ਼ਾਬ ਕਰਨ ਦੇ ਬਹਾਨੇ ਝਾੜੀਆਂ ਉਹਲੇ ਨੂੰ ਹੋ ਕੇ ਜ਼ਰਦਾ ਰਗੜਿਆ। ਜ਼ਰਦਾ ਬੁੱਲਾਂ ਵਿੱਚ ਅੜੁੰਗ ਕੇ ਮੋਟਰਸਾਇਕਲ ਉੱਤੇ ਆ ਬੈਠੇ। ਮੋਟਰਸਾਇਕਲ ਮੁੜ ਸੜਕ ਦੀ ਹਿੱਕ ਉੱਤੇ ਦੌੜਣ ਲੱਗਾ। ਰਾਹ ਵਿੱਚ ਉਨ੍ਹਾਂ ਹੋਰ ਕੋਈ ਵਿਸ਼ੇਸ਼ ਗੱਲ ਨਾ ਕੀਤੀ। ਜ਼ਰਦੇ ਦਾ ਲਵ ਥੁੱਕਣ ਲਈ ਦੇਬਾ ਸੱਜੇ-ਖੱਬੇ ਨੂੰ ਜ਼ਰੂਰ ਟੇਢਾ ਹੁੰਦਾ ਸੀ।

ਜੀ. ਟੀ. ਰੋਡ ਤੋਂ ਲਿੰਕ ਰੋਡ ਨੂੰ ਮੁੜਦਿਆ ਉਨ੍ਹਾਂ ਪਿੰਡ ਦਾ ਨਾਂਅ ਜਾਨਣ ਲਈ ਬੋਰਡ ਵੱਲ ਨਜ਼ਰ ਮਾਰੀ, ਪਰ ਸੜਕ ਕਿਨਾਰੇ ਗੱਡੇ ਬੋਰਡ ਉੱਤੇ ਕਿਸੇ ਮੂਰਖ ਨੇ ਇਸ਼ਤਿਹਾਰ ਚਿਪਕਾਇਆ ਹੋਇਆ ਸੀ। ਖੈਰ ਉਹ ਅੰਦਾਜੇ ਨਾਲ ਹੀ ਮੁੜ ਪਏ। ਪਿੰਡ ਦੀ ਜੂਹ ਵੜਕੇ ਉਨ੍ਹਾਂ ਪਹੁੰਚਣ ਵਾਲੇ ਘਰ ਦਾ ਅਤਾ-ਪਤਾ

ਪੁੱਛਿਆ। ਜਦੋਂ ਘਰ ਪਹੁੰਚੇ ਤਾਂ ਉਨ੍ਹਾਂ ਦੀ ਉਡੀਕ ਹੋ ਰਹੀ ਸੀ।

ਪ੍ਰਾਹੁਣਚਾਰੀ ਚੰਗੀ ਸੀ, ਖ਼ੂਬ ਸੇਵਾ ਕੀਤੀ ਗਈ। ਚਾਹ ਨਾਲ ਮਠਿਆਈ ਨਮਕੀਨ ਅਤੇ ਹੋਰ ਨਿੱਕ-ਸੁੱਕ ਰੱਖਿਆ ਹੋਇਆ ਸੀ। ਉਹ ਉਥੇ ਮੁੰਡਾ ਵੇਖਣ ਗਏ ਸੀ। ਕਿਸਨੇ ਦੱਸ ਪਾਈ ਸੀ। ਦੇਬੇ ਨੂੰ ਕੁੜੀ ਲਈ ਵਰ੍ਹ ਲੱਭਦਿਆਂ, ਕਾਫੀ ਦੇਰ ਹੋ ਗਈ ਸੀ, ਪਰ ਕਿੱਧਰੇ ਜੋੜ ਨਹੀਂ ਬਣਿਆ। ਇਹ ਗੱਲ ਨਹੀਂ ਕਿ ਉਨ੍ਹਾਂ ਨੂੰ ਕਾਹਲ ਸੀ। ਬੱਸ ਇਨ੍ਹਾਂ ਦਿਨਾਂ ਵਿੱਚ ਉਹ ਵਿਹਲੇ ਸਨ। ਹਾੜ੍ਹੀ ਦੀ ਫ਼ਸਲ ਸਮੇਟ ਲਈ ਸੀ ਤੇ ਸਾਉਣੀ ਦੀ ਫਸਲ ਦਾ ਮੁੱਢ ਬੱਝ ਚੁੱਕਾ ਸੀ। ਹੁਣ ਤਾਂ ਪਾਣੀ ਲਾਉਣ ਲਈ ਭਈਆ ਹੀ ਬਥੇਰਾ ਸੀ। ਉਂਝ ਤਾਂ ਕੁੜੀ ਵੀ ਹਾਲਾਂ ਨਿਆਣੀ ਹੀ ਸੀ। ਪਰ ਮਾਪਿਆਂ ਲਈ ਤਾਂ ਕੁੜੀਆਂ ਜੰਮਦੀਆਂ ਹੀ ਫ਼ਿਕਰ ਬਣ ਜਾਂਦੀਆਂ ਨੇ।

ਚਾਹ ਪੀਂਦਿਆਂ ਨਿੱਕੀਆਂ-ਨਿੱਕੀਆਂ ਗੱਲਾਂ ਹੁੰਦੀਆਂ ਰਹੀਆਂ। ਫਿਰ ਉਨ੍ਹਾਂ ਨੇ ਮੁੰਡੇ ਨੂੰ ਬਲਾਉਣ ਲਈ ਕਿਹਾ। ਉਹ ਹੈਰਾਨ ਸਨ, ਕਿ ਹੁਣ ਤੱਕ ਮੁੰਡਾ ਆਪ ਕਿਉਂ ਨਹੀਂ ਆਇਆ। ਹਾਲਾਂਕਿ ਮੁੰਡੇ ਨੂੰ ਚਾਹੀਦਾ ਸੀ, ਕਿ ਚਾਹ ਉਹ ਖੁਦ ਲੈ ਕੇ ਆਉਂਦਾ। ਹੋ ਸਕਦਾ ਏ ਕਿ ਤਿਆਰ ਹੁੰਦਾ ਹੋਵੇ। ਇਹ ਖਿਆਲ ਆਉਂਦੇ ਹੀ ਮਿੰਦਰ ਚਿੰਤਾਂਤੁਰ ਹੋਇਆ, ਉਹ ਝੱਟ ਦੇਣੀ ਬੋਲਿਆ, "ਬਜ਼ੁਰਗੋ ਇੰਝ ਕਰੋ..., ਮੁੰਡਾ ਜਿਸ ਵੀ ਹਾਲਤ ਵਿੱਚ ਹੈ..., ਬੱਸ ਬਲਾਉਣ ਦੀ ਕਰੋ..., ਜ਼ਰੂਰੀ ਨਹੀਂ, ਕਿ ਪੱਗ ਈ ਬੰਨ੍ਹੀ ਜਾਵੇ..., ਹਾਲਾਂ ਤਾਂ ਆਪਾਂ ਮੁੱਢ ਈ ਬੰਨਣਾ ਏ। ਮਿੰਦਰ ਜਾਣਦਾ ਸੀ, ਕਿ ਅੱਜ ਕੱਲ੍ਹ ਦੇ ਮੁੰਡੇ ਘੰਟਾ-ਘੰਟਾ ਪੱਗ ਹੀ ਬੰਨ੍ਹੀ ਜਾਂਦੇ ਹਨ। ਥੋੜੀ ਕੁ ਦੇਰ ਬਾਅਦ ਮੁੰਡਾ ਆਪਣੇ ਮੋਨੇ ਸਿਰ ਉੱਤੇ ਪਟਕਾ ਲਪੇਟਦਾ ਹੋਇਆ ਕੁਰਸੀ ਤੇ ਆ ਬੈਠਿਆ। ਉਸਨੇ ਬਹੁਤ ਹੀ ਹੌਲੇ ਜਿਹੇ ਸਤਿ ਸ਼੍ਰੀ ਅਕਾਲ ਬੁਲਾਈ।

ਉਨ੍ਹਾਂ ਮੁੰਡੇ ਨੂੰ ਨਾਪ ਤੋਲ ਕੇ ਫਿਰ ਇੱਕੜ-ਦੁੱਕੜ ਸੁਆਲ ਪੁੱਛੇ। ਪਰ ਮੁੰਡਾ ਤਾਂ ਸਾਊ ਹੀ ਅੰਤਾਂ ਦਾ ਲੱਗਦਾ ਸੀ। ਉਹ ਕੁੜੀਆਂ ਵਾਂਗ ਸੰਗ-ਸੰਗ ਕੇ ਬੋਲਦਾ ਸੀ। ਹੁਣ ਤਾਂ ਕੁੜੀਆਂ ਵੀ ਚੰਗੇ-ਚੰਗਿਆ ਦੇ ਕੰਨ-ਕੁੱਤਰ ਦੀਆਂ ਨੇ..., ਫਿਰ ਉਸਨੂੰ ਕੀ ਹੋਇਆ ਏ। ਫਿਰ ਵਿੱਚ ਵਿਚਾਲੇ ਮੁੰਡੇ ਦੀ ਮਾਂ ਅਤੇ ਬਾਪ ਨਾਲ ਗੱਲਾਂ ਤੁਰ ਪਈਆਂ..., ਕੁਝ ਤਾਂ ਜ਼ਮੀਨਾਂ ਸਬੰਧੀ... ਕੁਝ ਲੈਣ ਦੇਣ ਬਾਰੇ, ਕਾਰਜ ਕਿਹੋ ਜਿਹਾ ਕਰਨਾ ਏ... ਆਦਿ ਆਦਿ...?

ਉਨ੍ਹਾਂ ਵੇਖਿਆ ਮੁੰਡਾ ਕੁਰਸੀ ਦੀ ਢੋਹ ਨਾਲ ਅੱਖਾਂ ਬੰਦ ਕਰੀ ਬੈਠਾ ਸੀ। ਕੋਈ ਗੱਲ ਪੁੱਛਣ ਤੇ ਤ੍ਰਭਕ ਪੈਂਦਾ ਤੇ ਫਿਰ ਸਿੱਧਾ ਤਣ ਕੇ ਬੈਠ ਜਾਂਦਾ, ਜਿਵੇਂ ਗੱਲ ਦੀ ਸਮਝ ਨਾ ਪਈ ਹੋਵੇ। ਆਖਿਰ ਮਿੰਦਰ ਨੇ ਪੁੱਛ ਹੀ ਲਿਆ, ਕੀ ਗੱਲ ਏ...,ਕਾਕਾ ਨੀਂਦ ਦੀਆਂ ਝੱਪਕੀਆਂ ਕਿਉਂ ਲਈ ਜਾਂਦੈ...?

ਮੁੰਡੀ ਦੀ ਮਾਂ ਨੇ ਗੱਲ ਭੁੰਜੇ ਨਹੀਂ ਡਿੱਗਣ ਦਿੱਤੀ, ਉਹ ਗੱਲ ਨੂੰ ਉਤਾਂਹ ਹੀ ਬੋਚਦੀ ਹੋਈ ਬੋਲੀ, "ਕਹਿਣ ਨੂੰ ਤਾਂ ਕਿਆ ਕਹੀਏ ਜੀ, ਆਹ ਪਿੰਡ ਵਿੱਚ ਪਹਿਰਾ ਲੱਗਦੈ..., ਵਿੱਚ ਵਿਚਾਲੇ ਜਿਹੇ ਤਾਂ ਬੰਦ ਹੋ ਗਿਆ ਸੀ। ਹੁਣ ਫਿਰ ਤੋਂ ਸ਼ੁਰੂ ਕਰ ਦਿੱਤਾ ਏ। ਇਹ ਰਾਤ ਸਾਰੀ ਰਾਤ ਪਹਿਰੇ ਉੱਤੇ ਰਿਹਾ ਏ..., ਹੁਣੇ ਥੋਡੇ ਆਉਣ ਤੋਂ ਪਹਿਲਾਂ ਸੁੱਤਾ ਉੱਠਿਆ ਏ...?"

ਸੁਣ ਕੇ ਮਿੰਦਰ ਹੱਸ ਪਿਆ...,ਆਪਣੀ ਆਦਤ ਅਨੁਸਾਰ। ਫਿਰ ਗੰਭੀਰ ਹੋ ਕੇ ਬੋਲਿਆ, ਇਹ ਤਾਂ ਜੀ ਹੁਣ ਸਾਰੇ ਪਿੰਡਾਂ ਵਿੱਚ ਹੀ ਚੱਲਦੈ..., ਜਿਹੜੇ ਕੰਮ ਪੁਲਿਸ ਆਲਿਆ ਨੇ ਕਰਨੇ ਨੇ..., ਉਹ ਲੋਕਾਂ ਉੱਤੇ ਠੋਸ ਦਿੰਦੇ ਨੇ..., ਨਾ ਜਾਉ ਤਾਂ ਧੜਕੂ..., ਜੇ ਜਾਉ ਤਾਂ ਅੱਡ ਦੀ ਪ੍ਰੇਸ਼ਾਨੀ...,ਸਰਕਾਰ ਸਹੁਰੀ ਦੀ ਜਾਣ ਦੀ ਹੀ ਨਹੀਂ, ਕਿ ਜੱਟ ਦੀ ਜੂਨ ਕਿਹੜੀ ਸੁਖਾਲੀ ਏ..., ਲੋਕ ਆਪਣੀ ਰੋਟੀ ਕਮਾਉਣ... ਜਾਂ ਪਿੰਡ ਦੀ ਰਾਖੀ ਕਰਨ...?

ਫਿਰ ਸਾਰੇ ਚੁੱਪ ਕਰ ਗਏ। ਜਿਵੇਂ ਗੱਲਾਂ ਮੁੱਕ ਗਈਆਂ ਹੋਣ..., ਜਾਂ ਕਰਨ ਲਈ ਹੋਰ ਗੱਲਾਂ ਦੀ ਲੋੜ ਨਹੀਂ ਰਹੀ। ਦੇਬਾ ਅਤੇ ਮਿੰਦਰ ਉਠਦੇ ਹੋਏ ਬੋਲੇ "ਚੰਗਾ ਜੀ ਫਿਰ..., ਹੁਣ ਅਸੀਂ ਚੱਲਦੇ ਹਾਂ..., ਦੌਂਹ-ਚੌਂਹ ਦਿਨਾਂ ਤੱਕ ਸਲਾਹ ਕਰਕੇ ਦੱਸ ਦਿਆਂਗੇ...?



ਮੁੰਡੇ ਦੇ ਬਾਪ ਨੇ ਰਾਹ ਡੱਕਣ ਵਾਂਗ ਕਿਹਾ, ਲੈ ਜੀ. ਆਹ ਕਿਹੜੀ ਗੱਲ ਹੋਈ..., ਪ੍ਰਸ਼ਾਦਾ ਤਾਂ ਛੱਕਦੇ ਜਾਉ...? ਮਿੰਦਰ ਨੇ ਮਿੱਠਾ ਜਿਹਾ ਹੱਸ ਕੇ ਗੱਲ ਟਾਲ ਦਿੱਤੀ, ਨਾਂ ਜੀ ਨਾ..., ਹਰ ਗੱਲ ਵੇਲੇ ਨਾਲ ਹੀ ਜੱਚਦੀ ਆ... ਕਦੇ ਫਿਰ ਸਹੀ। ਮੋਟਰਸਾਇਕਲ ਮੁੜ ਪਿੰਡ ਦੀ ਜੂਹ ਨੂੰ ਮਿੱਧਦਾ ਹੋਇਆ ਲਿੰਕ ਰੋਡ ਤੋਂ ਹੋ ਕੇ ਜੀ. ਟੀ. ਰੋਡ ਉੱਤੇ ਆ ਚੜ੍ਹਿਆ। ਹੁਣ ਉਹ ਹਵਾ ਨਾਲ ਗੱਲਾਂ ਨਹੀਂ ਸੀ ਕਰ ਰਹੇ, ਬੱਸ ਮੋਟਰਸਾਇਕਲ ਇੱਕ ਤਰ੍ਹਾਂ ਨਾਲ ਸੜਕ ਉੱਤੇ ਰੁੜ੍ਹਿਆ ਜਾ ਰਿਹਾ ਸੀ।

ਰਾਹ ਵਿੱਚ ਉਹ ਇੱਕ ਥਾਂ ਤੇ ਰੁਕੇ, ਪਹਿਲਾਂ ਵਾਂਗ ਹੀ ਝਾੜੀਆਂ ਉਹਲੇ ਗਏ, ਤੇ ਮੁੜ ਜ਼ਰਦਾ ਰਗੜਿਆ, ਬੁੱਲਾਂ 'ਚ ਅੜੁੰਗ ਕੇ ਮੋਟਰਸਾਇਕਲ ਉੱਤੇ ਆ ਚੜੇ। ਹੁਣ ਬਾਈਪਾਸ ਦੀ ਥਾਂ ਸ਼ਹਿਰ ਵਿੱਚ ਦੀ ਹੋ ਕੇ ਲੰਘੇ..., ਦੇਬੇ ਨੇ ਕਿਹਾ ਸੀ ਕਿ ਬੱਚਿਆਂ ਜੋਗੇ ਫਲ-ਫਰੂਟ ਹੀ ਲੈ ਚੱਲਦੇ ਹਾਂ। ਫਿਰ ਪਿੰਡ ਦੀ ਕੱਚੀ ਫਿਰਨੀ ਤੱਕ ਉਨ੍ਹਾਂ ਕੋਈ ਗੱਲ ਨਹੀਂ ਕੀਤੀ।

ਘਰ ਆ ਕੇ ਉਨ੍ਹਾਂ ਬੇਬੇ ਤੋਂ ਇੱਕ ਪਾਸੇ ਹੋ ਕੇ ਵਿਚਾਰ ਕੀਤੀ। ਮਿੰਦਰ ਬੋਲਿਆ, ਬਾਈ ਇਹ ਗੱਲ ਨੀਂ, ਬਣਦੀ ਦਿੱਖਦੀ..., ਤੂੰ ਦੇਖਿਆ ਸੀ..., ਮੁੰਡਾ ਵਾਰ-ਵਾਰ ਨੀਂਦ ਦੇ ਝੂਟੇ ਲਈ ਗਿਆ..., ਬੱਸ ਸਮਝ ਲੈ..., ਸਾਲਾ ਮਾਲ ਖਾਂਦਾ ਹੋਣੈ..., ਅੱਜ ਖੁਸ਼ੀ ਵਿੱਚ ਦੋ ਕਾਟ ਜ਼ਿਆਦਾ ਮਾਰ ਲੈ ਹੋਣਗੇ..., ਫਿਰ ਕਬੂਤਰ ਆਗੂੰ ਅੱਖਾਂ ਮੀਟੀ ਗਿਐ...? ਦੇਬਾ ਚਿੰਤਾਤੁਰ ਹੁੰਦਾ ਬੋਲਿਆ, ਫਿਰ ਬੇਬੇ ਨੂੰ ਕੀ ਦਸਾਂਗੇ। ਮਿੰਦਰ ਕਹਿੰਦਾ ਲੈ ਦੱਸਣ ਨੂੰ ਕੀ ਆ..., ਕਹਿ ਦਵਾਂਗੇ ਮੁੰਡਾ ਪਸੰਦ ਨੀਂ..., ਨਾਲੇ ਹੋਰ ਸੁਣ ਲੈ..., ਹੁਣ ਆਪਾਂ ਵੀ ਭੁੱਕੀ ਆਲਾ ਲਿਫ਼ਫ਼ਾ ਡੰਗਰਾਂ ਦੇ ਵਾੜੇ ਵਿੱਚ ਲਿਆ ਰੱਖਣੈ..., ਘਰ ਬੈਠ ਕੇ ਕਾਟ ਨਹੀਂ ਮਾਰਿਆ ਕਰਨੈ..., ਜੁਆਕ ਸਿਆਣੇ ਹੋ ਗਏ। ਦੇਬਾ ਰਿਸ਼ਤਾ ਖੁੱਸਣ ਕਾਰਨ ਨਿਰਾਸ਼ ਸੀ, ਉਹ ਹੌਲੇ ਜਿਹੇ ਬੋਲਿਆ, ਯਾਰ ਹੋ ਸਕਦੈ...ਮੁੰਡਾ ਸੱਚੀ-ਮੁੱਚੀ ਈ ਉਨੀਂਦਰਾ ਹੋਵੇ..., ਮੁੰਡਾ ਮਾੜਾ ਨੀਂ ਦੇਖਣ ਨੂੰ ਜਚਦਾ ਏ..., ਜੇ ਆਪਾਂ ਕਿਸੇ ਨੂੰ ਦੱਸੀਏ ਈ ਨਾ..., ਚੁੱਪ ਕਰਕੇ ਗੱਲ ਪੱਕੀ ਕਰ ਆਊਨੈ ਆਂ...?

ਮਿੰਦਰ ਥੋੜ੍ਹੀ ਦੇਰ ਲਈ ਸਸ਼ੋਪੰਜ ਵਿੱਚ ਪੈ ਗਿਆ, ਉਹ ਕੁਝ ਦੇਰ ਚੁੱਪ ਰਿਹਾ। ਉਸਨੂੰ ਦੇਬੇ ਨਾਲ ਪੂਰੀ ਹਮਦਰਦੀ ਸੀ। ਫਿਰ ਸਿਰ ਨੂੰ ਝਟਕਾ ਦੇ ਕੇ ਮੁੜ ਪਹਿਲਾਂ ਵਾਲੀ ਗੱਲ ਤੇ ਆ ਖੜਿਆ। ਉਹ ਥੋੜਾ ਜ਼ੋਰ ਲਾ ਕੇ ਉਚੀ ਆਵਾਜ਼ 'ਚ ਬੋਲਿਆ, " ਦੇਬਿਆ, ਮੈਂ ਸਾਰੀ ਗੱਲ ਸਮਝਦੈ..., ਸਾਲਾ ਵਕਤ ਈ ਮਾੜਾ ਆ ਗਿਆ..., ਮੁੰਡਿਆ ਨੂੰ ਕੰਮ ਨੀਂ, ਮਿਲਦੇ... ਤੇ ਕੁੜੀਆਂ ਨੂੰ ਵਰ੍ਹ ਨੀਂ ਆਪਣੀ ਥਾਂ ਮਜਬੂਰ ਹਾਂ..., ਮੈਂ ਇਹ ਕੰਮ ਨੀਂ ਹੋਣ ਦੇਣਾ..., ਇਹ ਥੋੜ੍ਹੇ ਜਿਹੇ ਦਿਨਾਂ ਦੀ ਗੱਲ ਨੀਂ, ਪੂਰੀ ਜ਼ਿੰਦਗੀ ਦੀ ਗੱਲ ਏ। ਕਮਲਿਆਂ ਇਹ ਤਾਂ ਸਾਰੀ ਉਮਰ ਦਾ ਸਫਰ ਏ.., ਤੇਰੇ ਮੋਟਰਸਾਇਕਲ ਆਲੀ ਚੌਂਹ ਕਦਮਾਂ ਦੀ ਵਾਟ ਨਈਂ...? ਪਤਾ ਪਿੰਡ ਪੋਹਲੋਮਾਜਰਾ, ਡਾਕ. ਸੰਘੋਲ, ਫਤਿਹਗੜ੍ਹ ਸਾਹਿਬ✪

ਉਤਮ ਕੁਆਲਟੀ ਦੀਆਂ ਪੁਸਤਕਾਂ ਛਪਵਾਉਣ ਲਈ ਅਤੇ ਖਰੀਦਣ ਲਈ

ਮਿਲੋ ਜਾਂ ਲਿਖੋ-

ਪਰਵਾਜ਼ ਪ੍ਰਕਾਸ਼ਨ

Parwaz Parkashan

Vill. Dharampur, P.O. Khamber, Distt. Jalandhar-144026,
Mob. 94170-64350 e.mail:parwazparkashan@gmail.com,
web:-www.parwazparkashan.com

# ਕਹਾਣੀ / ਪਿਆਸੀ ਨਦੀ / ਪ੍ਰੀਤ ਨੀਤਪੁਰ

ਜੱਗੂ ਨਾਈ ਆਪਣਾ ਨਿੱਕ-ਸੁੱਕ, ਆਪਣੇ ਜਿਹੇ ਸਾਈਕਲ 'ਤੇ ਲੱਦ ਕੇ, ਪਿੰਡੋਂ ਬਾਹਰ-ਬਾਹਰ ਜਗੀਰ ਕੀ ਮੋਟਰ (ਬੰਬੀ) 'ਤੇ ਲਿਆ ਰੱਖਦਾ ਹੈ। ਉਹਦੇ ਕੋਲ 'ਨਿੱਕ-ਸੁੱਕ' ਹੈ ਭਲਾਂ ਕਿੰਨਾਂ ਕੁ ਆ? ਇੱਕ ਪਾਣੀ ਵਾਲੀ ਪਲਾਸਟਿਕ ਦੀ ਕੈਂਨੀ। ਹੈਂਡਲ ਨਾਲ ਲਟਕਦੇ ਝੋਲੇ 'ਚ ਪਾਈਆਂ ਚਾਰ-ਪੰਜ ਕੱਚ ਦੀਆਂ ਗਲਾਸੀਆਂ। ਲੂਣ ਦੀ ਥੈਲੀ। ਭੁਜੀਏ ਦਾ ਪੈਕੇਟ। ਤੇ ਦੇਸ਼ੀ ਸ਼ਰਾਬ ਦੀ ਪੇਟੀ। ਤੇ ਚੱਲ ਭਾਈ ਮੇਰੇ ਆਵਦਾ....। ਉਹ ਥੱਲੇ ਬੋਰੀ ਵਿਛਾ ਕੇ ਆਪਣੀ ਦੁਕਾਨ ਸਜਾ ਲੈਂਦਾ ਹੈ।

ਉਹਦੇ ਬਹਿਣ ਸਾਰ ਹੀ ਪਿਆਕੜਾਂ ਦੀ ਲਾਇਨ ਲੱਗ ਜਾਂਦੀ ਹੈ। ਉਹ ਤਿੰਨਾਂ-ਚੌਂਹ ਘੰਟਿਆ 'ਚ ਹੀ ਠੋਕਵੀਂ ਦਿਹਾੜੀ ਬਣਾਉਂਦਾ ਹੈ। ਤੇ ਲੂੰਗੇ 'ਚ ਆਥਣੇ ਪੀਣ ਨੂੰ ਪਊਆ। ਉਹ ਕਹਿੰਦਾ ਹੁੰਦੈ, ਲੋਕਾਂ ਦੀਆਂ 'ਮੁਸ਼ਕ' ਮਾਰਦੀਆਂ ਕੱਛਾਂ ਵਿੱਚ ਉਸਤਰਾ ਫੇਰਨ ਨਾਲੋਂ ਇਹ ਕੰਮ ਸੌ ਦਰਜੇ ਚੰਗੈ। ਅਖੇ, ਹਿੰਗ ਲੱਗੇ ਨਾ ਫਟਕੜੀ। ਰੰਗ ਦੂਣਾ ਚੜ੍ਹਦੈ..। ਜੱਗੂ ਤਾਂ ਦਿਨੋਂ-ਦਿਨ ਪੈਰਾਂ ਸਿਰ ਹੋਈ ਜਾਂਦਾ ਹੈ ਤੇ ਪੀਣ ਵਾਲੇ...?

ਜਗੀਰੇ ਕੀ ਮੋਟਰ ਹੁਣ ਜੱਗੂ ਨਾਈ ਦੀ ਬਰਾਂਚ ਕਰਕੇ ਜਾਣੀ ਜਾਂਦੀ ਹੈ। ਇਹ ਬਰਾਂਚ ਨੇੜਲੇ ਨਿੱਕੇ-ਨਿੱਕੇ ਦੋ-ਤਿੰਨਾਂ ਪਿੰਡਾਂ ਦੀ ਮਾਰ ਹੇਠ ਪੈਂਦੀ ਹੈ। ਆਥਣੇ ਇਥੇ ਪੀਣ ਵਾਲਿਆਂ ਦਾ ਮੇਲਾ ਲੱਗਿਆ ਹੁੰਦਾ ਹੈ। ਅੱਜ-ਕੱਲ੍ਹ ਲੋਕ 'ਸ਼ਰਾਬ ਪੀਣੀ' ਆਪਣੀ ਸ਼ਾਨ ਸਮਝਦੇ ਹੈ। ਟੌਹਰ ਮੰਨਦੇ ਹੈ। ਸਟੈਟਸ ਸਿੰਬਲ ਵਜੋਂ ਲੈਂਦੇ ਹੈ। ਖਾਸ ਕਰਕੇ ਨੌਜਵਾਨ ਪੀੜ੍ਹੀ। ਨੌਜਵਾਨ ਪੀੜ੍ਹੀ ਤਾਂ ਨਸ਼ਿਆਂ ਦੀ ਦਲਦਲ ਵਿੱਚ ਧਸਦੀ ਤੁਰੀ ਜਾਂਦੀ ਹੈ।

ਸਾਊਆਂ ਦਾ ਗਿੰਦਰ ਆੜ ਦੀ ਵੱਟ ਨਾਲ ਟੇਢਾ ਜਿਹਾ ਹੋਇਆ ਪਿਆ ਹੈ। ਪਤੰਦਰ ਬਾਹਲਾ ਰੱਜਿਐ। ਜਮ੍ਹਾਂ ਸੁਰਤ ਨਹੀਂ। ਉਹਦਾ ਪੁਰਾਣਾ ਜਿਹਾ ਮੋਟਰਸਾਈਕਲ ਵਾਹਵਾ ਲੈਂਦਾ ਜਿਹਾ ਹੋਇਆ ਖੜਾ ਹੈ। ਲੱਗਦੈ ਮੋਟਰਸਾਈਕਲ ਦਾ ਸਟੈਂਡ ਇੱਕ ਪਾਸਿਓਂ ਥੱਲ੍ਹੇ ਨੂੰ ਧਸ ਗਿਆ ਹੈ।

ਸ਼ਰਾਬੀ ਹੋਏ ਪਏ ਗਿੰਦਰ ਵੱਲ ਕੋਈ ਉਤਸੁਕਤਾ ਨਾਲ ਨਹੀਂ ਵੇਖਦਾ ਹੈ। ਕੋਈ ਦਿਲਚਸਪੀ ਨਹੀਂ ਲੈਂਦਾ ਹੈ। ਇਹ ਕੋਈ ਨਵੀਂ ਗੱਲ ਨਹੀਂ, ਇਹਦਾ 'ਸਲੱਗ ਪੁੱਤ' ਦਾ ਤਾਂ ਨਿੱਤ ਦਾ ਇਹੋ ਕੰਮ ਹੈ। ਇਸ ਸਭ ਕਾਮੇ ਨੂੰ ਲੋਕ ਤਮਾਸ਼ਾ ਵੇਖਣ ਵਾਲਿਆਂ ਵਾਂਗੂੰ ਵੇਖਦੇ ਹੈ। ਮਾਖੌਲ ਵਜੋਂ ਲੈਂਦੇ ਹੈ। ਕਾਨਾ ਫੂਸੀ ਕਰਦੇ ਹੈ।

"ਇਹ ਕਿਹੜਾ ਪਿਐ?" ਕੋਈ ਪੁੱਛਦੈ।

"ਸਾਊਆਂ ਦਾ ਗਿੰਦਰ ਆ।

"ਆਹੋ ਬਾਈ, ਇਹਨੂੰ ਕੀ ਫਿਕਰ ਆ। ਸੰਮੂ ਭਈਆ ਖੇਤ 'ਤੇ 'ਘਰ' ਸਾਂਭੀ ਬੈਠੇ। ਤੇ ਚੱਲ ਭਾਈ ਮੇਰੇ ਆਪਦੈ...।"

ਕਹਿਣ ਵਾਲਾ ਗੁੱਝਾ ਜਿਹਾ ਹੱਸਦਾ ਹੈ। ਸੁਣਨ ਵਾਲਾ ਵੀ ਮੀਸਣਾ ਜਿਹਾ ਹੱਸਦਾ ਹੈ। ਜਿਵੇਂ ਦੋਵਾਂ ਨੇ ਕੋਈ 'ਗੁੱਪਤ ਗੱਲ' ਸਾਂਝੀ ਕੀਤੀ ਹੋਵੇ। ਗੁੱਪਤ ਗੱਲ ਕੀ...? ਚੱਲ ਛੱਡ ਪਰਾਂ...।

"ਛੱਡ ਪਰਾਂ ਕੀ...।" ਉਹ ਗਲਾਸੀ ਮੂੰਹ ਨੂੰ ਲਾਉਂਦਾ ਹੈ।

"ਅਖੇ, ਮੁੰਡਾ ਕਾਲਾ ਭੂੰਡ ਵਰਗਾ,

ਜੱਟੀ ਮਿਲਦੀ ਪਹਿਰ ਦੇ ਤੜਕੇ।

ਦੋਵੇਂ ਹੱਸਦੇ ਆ।

ਉਨ੍ਹਾਂ ਦਾ ਹਾਸਾ ਗਿੰਦਰ ਦੇ ਜਿਵੇਂ 'ਆਰ' ਵਾਂਗੂੰ ਲੱਗਿਆ ਹੋਵੇ। ਉਹ ਉਠ ਕੇ ਮੋਟਰਸਾਈਕਲ ਸਟਾਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਕਿੱਕਾਂ ਮਾਰਦਾ ਹੈ। ਉੱਚਰ ਨੂੰ ਮੰਮੂ ਭਈਆ ਆ ਜਾਂਦਾ ਹੈ। ਉਹ ਮੋਟਰ ਸਾਈਕਲ ਧੂਹ ਕੇ ਘਰ ਨੂੰ ਤੁਰ ਪੈਂਦਾ ਹੈ। ਗਿੰਦਰ ਲੜਖੜਾਉਂਦਾ ਉਹਦੇ ਪਿੱਛੇ-ਪਿੱਛੇ ਤੁਰ ਪੈਂਦਾ ਹੈ।

ਚੁਫੇਰੇ ਗਾੜ੍ਹਾ ਹਨ੍ਹੇਰਾ ਪਸਰ ਗਿਆ ਹੈ। ਜੱਗੂ ਇੱਕੋ ਸਾਹ ਪਊਆ ਚੜ੍ਹਾ ਕੇ। ਆਪਣਾ ਨਿੱਕ-ਸੁੱਕ



ਸਾਈਕਲ 'ਤੇ ਲੱਦਦਾ ਹੈ।

ਗਿੰਦਰ ਦੇ ਬਾਪੂ ਕਰਮ ਸਿਉਂ ਨੇ ਕੁਝ ਸਾਲ ਪਹਿਲਾਂ ਆਤਮ ਹੱਤਿਆ ਕਰ ਲਈ ਸੀ,

ਕਰਮ ਸਿਉਂ ਦਰਮਿਆਨਾ ਕਿਸਾਨ ਸੀ। ਇੱਕ ਹਲ ਦੀ ਵਾਹੀ ਜੋਗੀ ਜ਼ਮੀਨ ਸੀ। ਹੋਵੇਗੀ ਕੋਈ ਦਸ-ਬਾਰਾਂ ਕਿੱਲੇ। ਤਿੰਨ ਕੁ ਖੇਤ ਨਿਆਈ ਦੇ ਸੀ। ਬਾਕੀ ਮਾਰੂ ਸੀ।

ਕਹਿਣ ਨੂੰ ਤਾਂ ਦਸ-ਬਾਰਾਂ ਕਿੱਲੇ ਜ਼ਮੀਨ ਬਹੁਤ ਹੁੰਦੀ ਹੈ। ਇੰਨੀ ਜ਼ਮੀਨ ਵਾਲਾ ਜੱਟ ਕਦੇ ਭੁੱਖਾ ਨਹੀਂ ਮਰਦਾ ਹੁੰਦਾ। ਜ਼ਮੀਨ ਸਿਰਫ ਸੋਨਾ ਹੀ ਨਹੀਂ ਉੱਘਲਦੀ। ਸਗੋਂ, ਹਕੀਕਤ ਇਹ ਹੈ ਕਿ ਜ਼ਮੀਨ ਸੋਨਾ ਹੀ ਹੁੰਦੀ ਹੈ। ਨਿਰੀ ਸੋਨਾ। ਜ਼ਮੀਨ ਵਿੱਚ ਸੋਨਾ ਪੈਦਾ ਕਰਨ ਲਈ। ਅਥਵਾ ਭਰਪੂਰ 'ਫਸਲ' ਲੈਣ ਲਈ ਪਾਣੀ, ਪੈਸਾ, ਤਕਨੀਕ ਤੇ ਮਿਹਨਤੀ ਹੱਥਾਂ ਦੀ ਅਵੱਸ਼ ਲੋੜ ਹੁੰਦੀ ਹੈ।

ਕਰਮ ਸਿਉਂ ਦੇ ਨਿਆਂਈ ਵਾਲੇ ਖੇਤਾਂ ਨੂੰ ਤਾਂ ਕੱਸੀ ਦਾ ਪਾਣੀ ਲੱਗਦਾ ਸੀ। ਸੱਤ ਰੋਜੀ ਵਾਰੀ ਸੀ। ਨਿਆਂਈ 'ਚੋਂ ਤਾਂ ਹਾੜ੍ਹੀ-ਸਾਉਣੀ ਨੂੰ ਖਾਣ ਜੋਗੇ 'ਦਾਣੇ' ਤੇ ਪਸ਼ੂਆਂ ਲਈ ਪੱਠਾ-ਦੱਥਾ ਗੁਜਾਰਾ ਜੋਗਾ ਹੋ ਜਾਂਦਾ ਸੀ। ਪਰ ਮਾਰੂ ਖੇਤਾਂ 'ਚ ਫ਼ਸਲ ਰੱਬ ਆਸਰੇ ਹੀ ਹੁੰਦੀ ਸੀ। ਜੇ ਸਮੇਂ ਸਿਰ ਮੀਂਹ ਪੈ ਜਾਂਦਾ ਸੀ, ਤਾਂ ਵਾਹਵਾ ਫਸਲ ਹੋ ਜਾਂਦੀ ਹੁੰਦੀ ਸੀ। ਜੇ ਔੜ ਲੱਗ ਜਾਂਦੀ ਸੀ। ਤਾਂ ਵਹਾਈ-ਬਜਾਈ ਦਾ 'ਖਰਚਾ' ਸਿਰ ਟੁੱਟਣ ਦੇ ਨਾਲ-ਨਾਲ, ਮਾੜੀ ਫਸਲ ਦਾ ਤੀਲ੍ਹਾ-ਤੀਲ੍ਹਾ ਫੜਦਿਆਂ-ਵੱਢਦਿਆਂ, ਪੋਹਲੀ ਭੱਖੜੇ ਤੇ ਲੂੰਧੜੇ ਨਾਲ ਹੱਥ ਪੈਰ ਵੀ ਵਿਨ੍ਹੇ ਜਾਂਦੇ ਸੀ।

ਉਦੋਂ ਮਾਰੂ ਖੇਤਾਂ 'ਚ ਪੋਹਲੀ, ਭੱਖੜਾ, ਲੇਹਾ, ਲੂੰਧੜੇ ਤੇ ਹੋਰ ਕਈ ਤਰ੍ਹਾਂ ਦੇ ਕੰਡਿਆਲੇ ਨਦੀਨ ਉੱਗ ਆਉਂਦੇ ਸੀ। ਉਦੋਂ ਨਦੀਨਾਂ ਨੂੰ ਮਾਰਨ ਲਈ ਸਪਰੈ ਕਰਨ ਵਾਲੀਆਂ ਦਵਾਈਆਂ ਹੁੰਦੀਆਂ ਹੀ ਨਹੀਂ ਸੀ।

ਕਰਮ ਸਿਉਂ ਇੱਕ ਲੰਮੇ ਹਾਉਕੇ 'ਚੋਂ ਕਹਿੰਦਾ ਸੀ। ਅਖੇ, ਤਕੜੇ ਦੀ ਵਾਹੀ। ਮਾੜੇ ਦੀ ਫਾਹੀ। ਮਾੜੇ ਕਿਸਾਨ ਦੀ ਵੀ ਕੋਈ ਜੂਨ ਆ। ਸਿਰ ਕਰਜਾ। ਹੱਥਾਂ ਤੇ ਰੱਟਣ। ਪੈਰਾਂ 'ਚ ਵਿਆਈਆਂ। ਐਵੇਂ ਤਾਂ ਨ੍ਹੀਂ ਕਿਸੇ ਨੇ ਗੌਣ (ਗੀਤ) ਜੋੜਿਐ। ਅਖੇ, ਜੱਟਾ ਤੇਰੀ ਜੂਨ ਬੁਰੀ, ਹਲ ਛੱਡ ਕੇ ਚਰੀ ਨੂੰ ਜਾਣੇ।

ਇਸ ਸਭ ਕਾਮੇ ਦੇ ਬਾਵਜੂਦ, ਕਿਸਾਨ ਰੱਜਵੀ ਰੋਟੀ ਖਾਂਦਾ ਸੀ। ਲੋੜਾਂ-ਖਾਹਿਸ਼ਾਂ ਦਾ ਬਹੁਤਾ ਜੰਜਾਲ-ਝਮੇਲਾ ਨਾ ਹੋਣ ਕਰਕੇ, ਕਿਸਾਨ ਸਾਦ-ਮੁਰਾਦਾ ਜੀਵਨ ਭੋਗਦਿਆਂ ਅਨੰਦਮਈ ਅਵਸਥਾ 'ਚ ਵਿਚਰਦਾ ਸੀ। ਚਿੰਤਾ ਮੁਕਤ ਸੀ। ਤੰਦਰੁਸਤ ਤੇ ਹੱਡਾਂ-ਪੈਰਾਂ ਦਾ ਨਰੋਆ ਹੁੰਦਾ ਸੀ ਢੋਲੇ ਦੀਆਂ ਲਾਉਂਦਾ ਸੀ। ਹੱਲ ਵਾਹਉਂਦੈ, ਮਿਰਜ਼ਾ ਗਾਉਂਦਾ ਹੁੰਦਾ ਸੀ। ਸੱਥਾਂ 'ਚ ਬਹਿ ਕੇ ਕਿਸੇ ਪੜ੍ਹਦਾ-ਸੁਣਦਾ ਹੁੰਦਾ ਸੀ। ਕੰਮੀਆਂ ਦੇ ਵਿਹੜਿਆਂ 'ਚ ਕਿਸਾਨ (ਜੱਟ) ਦੀ ਸਰਦਾਰੀ ਸੀ। ਮਾਣ-ਇੱਜਤ ਸੀ। ਭਾਈਚਾਰਕ ਸਾਂਝ ਪੀਢੀ ਤੇ ਮਜ਼ਬੂਤ ਸੀ।

ਕਰਮ ਸਿਉਂ ਉਨ੍ਹਾਂ ਦਿਨਾਂ ਨੂੰ ਹੁੱਬ ਕੇ ਯਾਦ ਕਰਦੈ।

'ਉਦੋਂ-ਪਾਰੋ, ਰਲਮਿਲ ਕੇ ਫ਼ਸਲ ਬੀਜਣੀ-ਵੱਢਣੀ। ਇੱਕ ਦੂਜੇ ਨਾਲ 'ਵੀੜ੍ਹੀ' ਕਰਨੀ। ਆਹਵਤ ਪਾਉਣੀ। ਫਲਿਆਂ ਨਾਲ ਕਣਕ ਗਾਹੁਣੀ। ਮੀਨ੍ਹਾ-ਮੀਨ੍ਹਾ ਪਿੜਾਂ 'ਚ ਤੀਆਂ ਵਰਗੀ ਰੌਣਕ ਲੱਗੀ ਰਹਿੰਦੀ ਹੁੰਦੀ ਸੀ। ਮਸ਼ੀਨਰੀ ਦੇ ਸ਼ੋਰ-ਸ਼ਰਾਬੇ ਤੋਂ ਰਹਿਤ ਜੱਟਾਂ-ਸੀਰੀਆਂ ਦਾ ਹਾਸਾ, ਮੁਸ਼ਕੂਲੇ ਤੇ ਬੋਲੀਆਂ, ਪਿੜਾਂ ਦੀ ਰੌਣਕ ਨੂੰ ਚਾਰ ਚੰਨ ਲਾ ਦਿੰਦੇ ਹੁੰਦੇ ਸੀ। ਹੁਣ ਤਾਂ ਹਰੇਕ ਦੀ 'ਪੂਛ' ਨੂੰ ਅੱਗ ਲੱਗੀ ਆ। ਸਾਲੀ 'ਤਮ੍ਹਾ' ਨ੍ਹੀਂ ਚੈਨ ਲੈਣ ਦਿੰਦੀ ਬੰਦੇ ਨੂੰ...।

ਸਮੇਂ ਨੇ ਅੰਗੜਾਈ ਲਈ। ਕਰਵਟ ਬਦਲੀ। ਹਰੇ ਇਨਕਲਾਬ ਦੀ ਹਨ੍ਹੇਰੀ ਝੁੱਲੀ। ਝੱਖੜ। ਟਿੰਡਾਂ ਵਾਲੇ ਖੂਹਾਂ ਦੀ ਥਾਂ, ਟਿਊਬਵੈੱਲ, ਬਿਜਲੀ ਦੀਆਂ ਮੋਟਰਾਂ ਦੀ ਭਰਮਾਰ ਹੋ ਗਈ। ਟੋਏ-ਟਿੱਬੇ ਥਾਲੀ ਮਾਰਵੇ ਪੱਧਰੇ ਹੋ ਗਏ। ਬੰਜਰਾਂ-ਥੇਹਾਂ 'ਚ ਟਰੈਕਟਰ ਗੂੰਜੇ। ਬੁੱਕੇ। ਮਸ਼ੀਨਾਂ, ਥਰੇਸ਼ਰ, ਫਰਾਟੇ ਆਮ ਹੋ ਗਏ। ਵਲਾਇਤੀ ਬੀਜ, ਖਾਦਾਂ, ਕੀਟਨਾਸ਼ਕ ਦਵਾਈਆਂ ਸਪਰੇਆਂ ਤੇ ਨਵੀਆਂ ਖੇਤੀ ਤਕਨੀਕਾਂ ਦੀ ਬਦੌਲਤ ਇੱਕ ਸਾਲ 'ਚ ਭਰਵੀਆਂ ਤਿੰਨ-ਤਿੰਨ ਫ਼ਸਲਾਂ ਹੋਣ ਲੱਗੀਆਂ।

ਪੱਕੇ ਤੇ ਅੱਧ ਕੱਚੇ ਘਰਾਂ ਦੀ ਥਾਂ ਹੁਣ ਆਲੀਸ਼ਾਨ ਮਕਾਨ ਤੇ ਕੋਠੀਆਂ ਉਸਰਨ ਲੱਗ ਪਈਆਂ ਸੀ।

ਕੋਠੀਆਂ ਦੇ ਸਿਰਾਂ 'ਤੇ ਵੰਨ-ਸੁਵੰਨੀਆਂ ਟੈਂਕੀਆਂ, ਡਿਸ਼ਾਂ, ਐਨਟਿਨੇ। ਕਿਸਾਨ ਦੇ ਖੁਸ਼ਹਾਲ ਹੋਣ ਦੀ ਗਵਾਹੀ ਭਰਦੇ ਸਨ। ਵਿਹੜੇ 'ਚ ਖੜਾ ਟਰੈਕਟਰ, ਟਰਾਲੀ, ਕਾਰ, ਲੰਡੀ ਜੀਪ, ਬੁਲਟ ਮੋਟਰ ਸਾਈਕਲ ਤੇ ਗੁਲਾਬੀ ਸ਼ਾਮ ਹੋਈ ਤੋਂ ਮੇਜ਼ ਤੇ ਬੋਤਲ ਰੱਖ ਕੇ ਦਾਰੂ ਪਾਣੀ ਜੱਟਾਂ ਦੀ 'ਸਰਦਾਰੀ' ਦਾ ਪ੍ਰਤੀਕ ਹੋ ਨਿਬੜੇ ਸੀ।

ਮਾਲ-ਡੰਗਰ ਲਈ ਪੱਕੀਆਂ ਖੁਰਲੀਆਂ। ਥੱਲੇ ਫਰਸ਼। ਪੱਠੇ ਕੁਤਰਨ ਲਈ ਇੰਜਣ ਜਾਂ ਬਿਜਲੀ ਦੀ ਮੋਟਰ। ਉਂਗਲੀ ਨਾਲ ਕੰਮ ਕਰਾਉਣ ਲਈ ਯੂ. ਪੀ. ਬਿਹਾਰ ਦੇ ਭਈਏ। ਜੱਟਾਂ ਦੇ ਘਰਾਂ 'ਚ ਜਾਣੀ ਦੀ ਇਨਕਲਾਬ ਆ ਗਿਆ ਸੀ।

ਪਿੰਡ-ਪਿੰਡ ਦਾਣਾ ਮੰਡੀ। ਮੰਡੀ ਦੀ ਨੁੱਕਰ 'ਚ ਠੇਕਾ। ਅਹਾਤਾ, ਅਹਾਤੇ 'ਚ ਮਸਾਲੇਦਾਰ ਮੱਛੀ, ਮੁਰਗਾ। ਉੱਬਲੇ ਆਂਡੇ। ਇਹ ਸਭ ਮੰਡੀ ਜਿਨਸ ਲੈ ਕੇ ਆਏ ਜੱਟਾਂ ਲਈ ਹੀ ਤਾਂ ਸੀ। ਚਲਾਕ ਆੜ੍ਹਤੀਆ ਜੱਟ ਨੂੰ ਅਕਸਾਉਂਦੈ। ਭਰਮਾਉਂਦੈ।

"ਸਰਦਾਰ ਸਾਹਿਬ, ਪਹਿਲਾਂ ਗਰਮ ਹੋਵੇ! 'ਸਾਬ-ਕਿਤਾਬ ਫਿਰ ਹੁੰਦਾ ਫਿਰੂ! ਆਪਾਂ ਕਿਤੇ ਚੱਲੇ ਆ।" ਭੋਲਾ ਕਿਸਾਨ ਅੱਜ ਤੱਕ ਇਨ੍ਹਾਂ ਦੀਆਂ ਲੂੰਬੜਚਾਲਾਂ ਨੂੰ ਨਹੀਂ ਸਮਝ ਸਕਿਆ। ਕਿ ਹਰ ਕੋਈ ਉਹਦੀ ਉਨ ਲਾਹੁਣ ਨੂੰ ਫਿਰਦੈ। ਉਹ ਤਾਂ ਜੱਟ ਹਾਉਮੈਂ 'ਚ ਗ੍ਰਸਿਆ ਰੱਬ ਨੂੰ 'ਟੱਬ' ਤੇ ਰੋਟੀ ਨੂੰ 'ਟੁੱਕ' ਕਹਿਣ ਲੱਗ ਪਿਆ ਸੀ।

ਹਰੇ ਇਨਕਲਾਬ ਨੇ ਕਿਸਾਨ ਦੇ ਦਿਮਾਗ 'ਚ ਐਨਾ ਫਤੂਰ ਭਰਿਆ ਕਿ ਉਹ ਸਭ ਗਿਣਤੀਆਂ-ਮਿਣਤੀਆਂ ਭੁੱਲ ਕੇ, ਚਾਦਰ ਤੋਂ ਬਾਹਰ ਪੈਰ ਪਸਾਰਨ ਲੱਗ ਪਿਐ। ਮੁੰਡੇ-ਕੁੜੀਆਂ ਦੇ ਵਿਆਹਾਂ ਦੀ ਤਾਂ ਗੱਲ ਈ ਛੱਡੋ, ਉਹ ਬਜ਼ੁਰਗਾਂ ਦੇ ਭੋਗਾਂ ਦੇ ਸਮਾਗਮ ਵੀ ਮੈਰਿਜ ਪੈਲੇਸਾਂ ਵਿੱਚ ਕਰਨ ਲੱਗ ਪਿਆ। ਆਪਣੀ ਜੱਟ ਹਉਮੈ ਨੂੰ ਪੱਠੇ ਪਾਉਣ ਲਈ ਤੇ 'ਸਰਦਾਰੀ' ਨੂੰ ਕਾਇਮ ਰੱਖਣ ਲਈ ਲੋੜੋਂ ਵੱਧ ਅਡੰਬਰ ਕਰਨ ਲੱਗ ਪਿਆ। ਝੂਠੇ ਅਡੰਬਰ। ਫੋਕੀ ਸ਼ਾਨੋ-ਸ਼ੌਕਤ। ਨਸ਼ੇ-ਐਬ। ਹਥਿਆਰਾਂ ਦਾ ਸ਼ੌਕ। ਲੜਾਈਆਂ-ਝਗੜੇ ਥਾਣਿਆਂ-ਕਚਹਿਰੀਆਂ ਦੇ ਚੱਕਰਾਂ ਤੇ ਉਂਗਲ ਨਾਲ ਕੰਮ ਕਰਾਉਣ ਦੀ ਆਦਤ ਨੇ ਕਿਸਾਨ ਦੇ ਪੈਰ, ਪੈਰਾਂ ਸਿਰ ਨਾ ਰਹਿਣ ਦਿੱਤੇ।

ਕਰਮ ਸਿਉਂ ਨੇ ਮਾਰੂ ਖੇਤਾਂ ਵਿੱਚ ਬੋਰ ਕਰਵਾਕੇ ਅੱਠ ਹਾਸਪਾਵਰ ਦਾ ਇੰਝਣ ਰੱਖ ਲਿਆ ਸੀ। ਫਿਰ ਬਿਜਲੀ ਦਾ ਕੁਨੈਕਸ਼ਨ ਮਿਲਣ ਪਿੱਛੋਂ ਵੱਡਾ ਬੋਰ ਕਰਵਾ ਲਿਆ ਸੀ। ਸਮਰਸੀਬਲ। ਘਰੋਂ ਥੋੜ੍ਹੀ ਹੱਟਵੀਂ ਹਵੇਲੀ ਦਾ ਮੂੰਹ-ਮੱਥਾ ਸੰਵਾਰ ਲਿਆ ਸੀ। ਪਸ਼ੂਆਂ ਲਈ ਅੰਦਰ-ਬਾਹਰ ਪੱਕੀਆਂ ਖੁਰਲੀਆਂ। ਥੱਲੇ ਫਰਸ਼। ਪੱਠੇ ਕੁਰਤਨ ਲਈ ਇੰਜਣ। ਨਲਕੇ ਤੇ ਮੋਟਰਾਂ ਟਾਇਰਾਂ ਦੀ ਜੋੜੀ ਵਾਲਾ ਗੱਡਾ। ਖੇਤੀ ਦੇ ਕੰਮ ਲਈ ਕਾਮਾ। ਸੀਰੀ। ਮੱਝਾਂ ਨੂੰ ਪੱਠੇ ਪਾਉਣ ਲਈ ਛੋਟੀ ਉਮਰ ਦਾ ਭਈਆ। ਸੋਹਣਾ ਗੁਜਾਰਾ ਸੀ ਕਰਮ ਸਿਉਂਦਾ...।

ਫਿਰ ਅਜਿਹਾ ਸਮਾਂ ਆਇਆ ਕਿ ਕਰਮ ਸਿਉਂ ਨੂੰ ਬਲਦਾਂ ਨਾਲ ਖੇਤੀ ਕਰਨੀ ਔਖੀ ਲੱਗਦੀ ਸੀ। ਕੰਮ ਹੀ ਨਹੀਂ ਸੀ ਨਿਬੜਦਾ। ਬਲਦਾਂ ਨਾਲ ਖੇਤੀ ਕਰਨ ਦੇ ਗੁਣ ਗਾਉਣ ਵਾਲਾ ਤੇ ਕੁੱਕੜ ਦੀ ਪਹਿਲੀ ਬਾਂਗ ਨਾਲ ਹੱਲ ਜੋੜਨ ਵਾਲਾ ਕਰਮ ਸਿਉਂ ਹੁਣ ਕਿਸ਼ਤਾਂ ਤੇ ਟਰੈਕਟਰ ਲੈਣ ਦੀਆਂ ਵਿਉਂਤਾ ਬਣਾਉਂਦਾ ਰਹਿੰਦਾ ਸੀ।

"ਮੇਰਾ" ਰਾਦਾ ਟਰੈਕਟਰ ਨਾ ਲੈਲੀਏ? " ਉਹ ਘਰਵਾਲੀ ਹਰਨਾਮ ਕੌਰ ਦੀ ਸਲਾਹ ਪੁੱਛਦੈ।

"ਵੇਖ ਲੈ, ਤੇਰੀ ਮਰਜ਼ੀ ਆ।" ਹਰਨਾਮ ਕੌਰ ਦੋਚਿੱਤੀ 'ਚੋਂ ਬੋਲਦੀ।

"ਮੇਰੀ ਮਰਜੀ ਕਿਤੇ 'ਕੱਲੇ ਦੀ ਆ।" ਕਰਮ ਸਿਉਂ ਉਹਦੀਆਂ ਅੱਖਾਂ 'ਚ ਝਾਕਦੈ, "ਤੇਰੀ ਸਲਾਹ ਬਿਨਾਂ ਤਾਂ ਮੈਂ ਕਦੇ ਪੈਰ ਨੀਂ ਪੱਟਿਐ। ਦਸ ਪੱਟਿਐ? "

"ਨਹੀਂ।" ਹਰਨਾਮ ਕੌਰ ਦਾ ਗੋਲ-ਮੋਲ ਚਿਹਰਾ ਸੱਜਰੇ ਖਿੜੇ ਗੁਲਾਬ ਵਾਂਗੂੰ ਖਿੜ ਗਿਆ ਸੀ। ਉਹ ਕੁਰਬਾਨ ਹੋਣ ਦੀ ਭਾਵਨਾ ਨਾਲ ਉਹਦੇ ਵੱਲ ਤ੍ਰਿਛਾ ਝਾਕੀ ਸੀ। ਸੱਚੀ ! ਕਰਮ ਸਿਉਂ ਉਹਦਾ ਮੁਰੀਦ ਸੀ।



ਪੁੱਛੇ ਬਿਨਾਂ ਪੈਰ ਨਹੀਂ ਸੀ ਪੱਟਦੈ। ਹਰ ਕੰਮ 'ਚ ਸਲਾਹ ਲੈਂਦਾ ਸੀ। ਪੁੱਛਦਾ ਸੀ, 'ਦਸ, ਕਿਵੇਂ ਕਰੀਏ?"

'ਮੈਂ ਤਾਂ ਕਹਿਨੀ ਆ, ਅਜੇ ਠਹਿਰ ਜਾ। ਸਾਲ ਖੰਡ। ਮੁੰਡਾ ਛੋਟੈ। ਅਜੇ ਸੱਤਵੀਂ 'ਚ ਪੜਦੈ। ਤੈਥੋਂ ਕਿਤੇ ਸਾਂਭੀ ਜਾਣੀ ਆ ਮਸ਼ੀਨਰੀ।" ਹਰਨਾਮ ਕੌਰ ਨੇ ਲੰਮੀ ਸੋਚ ਵਿਚਾਰ ਤੋਂ ਬਾਅਦ ਨਿਰਣਾ ਕੀਤਾ ਸੀ। ਰਾਇ ਦਿੱਤੀ ਸੀ।

"ਲੈ, ਐਨੇ ਚਿਰ ਤੋਂ ਮੈਂ ਭਾਰੀ ਮਸ਼ੀਨਰੀ ਸਾਂਭੀ ਫਿਰਦੈ। ਮੈਂ ਕਿਤੇ ਮਾੜੈ...।" ਉਹ ਮੁੱਛਾਂ 'ਚ ਹੱਸਿਆ ਸੀ। ਉਹਨੇ ਹਰਨਾਮ ਕੌਰ ਦਾ 'ਭਾਰਾਪਣ' ਚਿਤਾਰਿਆ ਸੀ। ਮਖੌਲ ਕੀਤਾ ਸੀ।

ਹਰਨਾਮ ਕੌਰ ਉਹਦੇ ਕੰਨੀਂ ਕੁਨੱਖਾ ਝਾਕੀ। ਬੁੱਲਾਂ 'ਚ ਹੱਸੀ। ਬੋਲੀ, "ਬੰਦਾ ਤਾਂ ਉਹੀ ਹੁੰਦੈ। ਜਿਹੜਾ ਭਾਰੀ ਮਸ਼ੀਨਰੀ ਨੂੰ ਕਾਬੂ 'ਚ ਰੱਖੇ।" ਉਹ ਹੱਸਦੀ-ਦੂਹਰੀ-ਤੀਹਰੀ ਹੋ ਗਈ ਸੀ। ਉਹ ਆਪਣੇ ਕਰਮ ਸਿਉਂ 'ਤੇ ਕਿੰਨੀ ਖੁਸ਼ ਸੀ। ਕਿੰਨੀ ਬਾਗੋਬਾਗ ਸੀ।

ਕਰਮ ਸਿਉਂ ਇੱਕਹਿਰੇ ਪਿੰਡੇ ਦਾ ਸੀ। ਪਤਲਾ-ਪਤੰਗ।

ਮਾੜਚੂ ਜਿਹਾ ਊਂ ਬਾਹਲਾ ਹੱਠੀ 'ਤੇ ਸਿਰੜੀ ਸੀ। ਮਜ਼ਬੂਤ ਹੱਡੀ ਵਾਲਾ। ਹਰਨਾਮ ਕੌਰ ਦੂਹਰੇ ਪਿੰਡੇ ਦੀ ਸੀ। ਭਾਰੀ। ਮੱਧਰੀ। ਗੋਲ-ਮੋਲ। ਭਰਵਾਂ ਸਰੀਰ। ਗੋਰਾ ਰੰਗ। ਨੇਕ ਦਿਲ। ਡਾਢਢੀ ਸਚਿਆਰੀ। ਕਾਮੀ ਤੇ ਸਾਊ।

ਇਨ੍ਹਾਂ ਦੋਵਾਂ ਜੀਆਂ ਦੀ ਚੰਗੀ ਕਾਢ ਰਲਦੀ ਹੁੰਦੀ ਸੀ। ਦੋਵੇਂ ਠੰਢੇ ਸੁਭਾ ਦੇ ਸੀ।

ਕਰਮ ਸਿਉਂ ਸਾਊ ਬੰਦਾ ਸੀ। ਸਰੀਫ। ਉਹਨੂੰ ਕੋਈ ਐਬ ਨਹੀਂ ਸੀ। ਕੋਈ ਮਾੜੀ ਵਾਦੀ ਨਹੀਂ ਸੀ। ਰਾਜਨੀਤੀ, ਪਿੰਡ ਦੀ ਧੜੇਬੰਦੀ ਜਾਂ ਪੰਚਾਇਤੀ ਚੋਣਾਂ 'ਚ ਉਹ ਕੋਈ ਦਿਲਚਸਪੀ ਨਹੀਂ ਸੀ ਲੈਂਦਾ। ਉਹ ਹਮੇਸ਼ਾ ਨਿਰਪੱਖ ਤੇ ਨਿਰਲੇਪ ਹੀ ਰਹਿੰਦਾ ਸੀ। ਉਹਦੀ ਆਦਤ ਸੀ। ਘਰੋਂ ਖੇਤ। ਖੇਤੋਂ ਘਰ। ਤੇ ਬੱਸ...। ਹਾਂ, ਉਹ ਦੋ ਵੇਲੇ ਗੁਰਦੁਆਰੇ ਮੱਥਾ ਟੇਕਣ ਜ਼ਰੂਰ ਜਾਂਦਾ ਸੀ। ਇੱਕ ਮਨ ਹੋ ਕੇ 'ਗੁਰਬਾਣੀ' ਸੁਣਦਾ ਸੀ।

ਕੇਰਾ ਪਿੰਡ ਦੀ ਪੰਚਾਇਤ ਦੀ ਸਰਬਸੰਮਤੀ ਨਾਲ ਚੋਣ ਕਰਾਉਣ ਲਈ ਗੁਰਦੁਆਰੇ 'ਚ ਪਿੰਡ ਵਾਸੀਆਂ ਦਾ ਇਕੱਠ ਹੋਇਆ। ਪੂਰਾ ਪਿੰਡ ਜੁੜਿਆ ਬੈਠਾ ਸੀ। ਸਭ ਤੋਂ ਪਹਿਲਾਂ ਪੰਚਾਇਤ ਮੈਂਬਰ ਵਜੋਂ ਕਰਮ ਸਿਉਂ ਦਾ ਨਾਂਅ ਵਿਚਾਰਿਆ ਗਿਆ। ਇਕੱਠ ਨੇ ਹਾਮੀ ਭਰੀ। "ਸਾਨੂੰ ਮਨਜ਼ੂਰ ਆ।" ਲੋਕਾਂ ਨੇ ਹੱਥ ਖੜੇ ਕੀਤੇ ਸੀ।

ਪਰ ਇਹ ਕੀ...? ਕਰਮ ਸਿਉਂ ਤਾਂ ਇਕੱਠ ਵਿੱਚ ਸ਼ਾਮਿਲ ਹੀ ਨਹੀਂ ਸੀ।

ਗੁਰਦੁਆਰੇ ਦੇ ਭਾਈ ਨੇ ਦੋ ਵਾਰ ਅਨਾਉਂਸਮੈਂਟ ਕੀਤੀ ਸੀ।

"ਸ੍ਰੀ ਵਹਿਗੁਰੂ ਜੀ ਕਾ ਖਾਲਸਾ! ਸ੍ਰੀ ਵਹਿਗੁਰੂ ਜੀ ਕੀ ਫਤਹਿ। ਸਮੂਹ ਨਗਰ ਵਾਸੀਆਂ ਨੂੰ ਪਤਾ ਹੀ ਹੈ ਕਿ ਅਗਲੇ ਮਹੀਨੇ ਪੰਚਾਇਤੀ ਚੋਣਾਂ ਹੋਣੀਆਂ ਹਨ। ਸੋ ਇਸ ਸੰਬੰਧ 'ਚ ਵਿਚਾਰ ਵਟਾਂਦਰਾ ਕਰਨ ਲਈ ਸਮੂਹ ਨਗਰ ਵਾਸੀਆਂ ਨੂੰ ਗੁਰਦੁਆਰਾ ਸਾਹਿਬ ਵਿੱਚ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਬਹੁਤ ਸਾਰੇ ਪਤਵੰਤੇ ਸੱਜਣਾਂ ਦਾ ਸੁਝਾਅ ਹੈ ਕਿ ਐਂਤਕੀ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕੀਤੀ ਜਾਵੇ। ਸੋ ਦੁਬਾਰਾ ਫਿਰ ਬੇਨਤੀ...।"

ਭਾਈ ਸਾਹਿਬ ਦੇ ਉਪਰੋਕਤ ਬੋਲ, ਨਿਆਈ ਵਾਲੇ ਖੇਤ 'ਚ ਕੰਮ ਕਰਦੇ ਕਰਮ ਸਿਉਂ ਨੇ ਪ੍ਰਤੱਖ ਸੁਣੇ ਸੀ। ਸਰਬਸੰਮਤੀ ਵਾਲੀ ਗੱਲ, ਉਹਨੂੰ ਬਾਹਲੀ ਚੰਗੀ ਲੱਗੀ ਸੀ।

"ਜੇ ਐਂ ਹੋਜੇ, ਚੰਗੈ।" ਉਹ ਸੋਚਦੈ, "ਵੋਟਾਂ 'ਚ ਤਾਂ ਸੌ ਲੜਾਈਆਂ ਝਗੜੇ ਹੁੰਦੇ ਆ। ਪਿੰਡ ਧੜਿਆਂ 'ਚ ਵੰਡਿਆ ਜਾਂਦੈ। ਨਾਲੇ ਵਾਧੂ ਦਾ ਖਰਚਾ ਹੁੰਦੈ।"

"ਚਾਚਾ, ਆਹ ਭਾਈ ਕੀ ਬੋਲੀ ਜਾਂਦੈ।" ਪਰ੍ਹੋਂ ਕਹੀ ਚੁੱਕੀ ਤੁਰਿਆ ਆਉਂਦਾ ਸੀਰੀ ਬੋਲਿਆ, "ਕਹਿੰਦੈ, ਪੰਚੈਤ ਟਿਕਣੀ ਆ, ਨਵੀਂ। ਜਾਣਾ ਨ੍ਹੀਂ...? "

"ਓ ਕੈਲਿਆ, ਛੱਡ ਪਰਾਂ! ਆਪਾਂ ਕੀ ਲੈਣਾ-ਦੇਣਾ। ਉਥੇ ਹੈਗੇ ਈ ਆ, ਸਿਆਣੇ ਬੰਦੇ। ਚੰਗਾ ਈ ਕਰਨਗੇ। ਜੋ ਕਰਨਗੇ। ਆਪਾਂ ਨੂੰ ਮਨਜ਼ੂਰ ਆ ਭਾਈ।" ਕਰਮ ਸਿਉਂ ਨੂੰ ਅਜਿਹੇ ਕੰਮਾਂ 'ਚ ਭੋਰਾ ਜਿੰਨੀ

ਦਿਲਚਸਪੀ ਨਹੀਂ ਸੀ।

"ਚਾਚਾ, ਵੇਖਲੀਂ। ਸੰਮਤੀ-ਸੁੰਮਤੀ ਨ੍ਹੀਂ ਹੋਣੀ।" ਕੈਲਾ ਪੂਰੇ ਵਿਸ਼ਵਾਸ ਨਾਲ ਬੋਲਿਆ ਸੀ, 'ਬੁੱਟਰਾਂ ਕੇ 'ਲਾਣੇ' ਨੇ ਕੋਈ 'ਅੜੰਗਾ' ਡਾਹ ਦੇਣਾ, ਵੇਖਲੀਂ।"

"ਹਾਂ, ਉਹ ਸੌਹਰੇ ਅਲਸੇਟੀ ਆ।" ਕਰਮ ਸਿਉਂ ਨੂੰ ਕੈਲੇ ਦੀ ਗੱਲ ਜਚ ਗਈ ਸੀ।

ਗੱਲ ਵੀ ਸੱਚੀ ਸੀ। ਬੁੱਟਰਾਂ ਦਾ 'ਲਾਣਾ' ਹਰ ਕੰਮ 'ਚ ਲੱਤ ਅੜਾਉਂਦਾ ਹੁੰਦਾ ਸੀ। ਪਿੰਡ 'ਚ ਉਨ੍ਹਾਂ ਦੇ ਘਰ ਵੀ ਬਾਹਲੇ ਸੀ। ਉਹ ਆਰਥਿਕ ਪੱਖੋਂ ਵੀ ਮਜ਼ਬੂਤ ਸੀ। ਖਰਚ ਕਰਨ ਨੂੰ ਵੀ ਦਲੇਰ ਸੀ। ਲੜਨ-ਭਿੜਨ ਨੂੰ ਵੀ ਤਕੜੇ ਸੀ। ਰੌਲੀ ਸੀ। ਰੱਟੇਬਾਜ਼ ਸੀ। ਕਰਦਾਰ ਦੇ ਭੈੜੇ ਸੀ। ਮਨਸ਼ਾ ਦੇ ਮਾੜੇ ਸੀ। ਅਖੇ, ਬੁੱਟਰ ਪੱਤੀ। ਬੜੀ ਕੁਪੱਤੀ। ਲੋਕ ਕਹਿੰਦੇ ਹੁੰਦੇ ਸੀ।

"ਚਾਚਾ ਵੇਖਲੀਂ।" ਕੈਲੇ ਨੂੰ ਹਰ ਗੱਲ 'ਚ 'ਵੇਖਲੀਂ' ਕਹਿਣ ਦੀ ਆਦਤ ਸੀ, ਪਿਛਲੀ ਆਰੀ ਵੀ ਇਨ੍ਹਾਂ ਨੇ ਪੰਗਾ ਪਾਇਆ ਸੀ, ਵੇਖਲੀਂ, ਐਂਤਕੀ ਫਿਰ ਕੋਈ ਭਸੂੜੀ ਪਾਉਣਗੇ, ਵੇਖਲੀਂ...।"

ਇਸ ਤੋਂ ਪਹਿਲਾਂ ਕਿ ਕਰਮ ਸਿਉਂ ਕੁਝ ਬੋਲਦੈ, ਪਿੰਡ ਦਾ ਚੌਂਕੀਦਾਰ ਭਾਗੂ ਸਾਈਕਲ ਨੂੰ ਸਟੈਂਡ 'ਤੇ ਕਰਕੇ, ਉਨ੍ਹਾਂ ਵੱਲ ਦੋ ਤਿੰਨ ਕਦਮ ਤੁਰਕੇ ਬੋਲਿਆ।

"ਭਾਈ ਕਰਮ ਸਿਆਂ, ਥੋਨੂੰ ਉੱਥੇ ਗੁਰਦੁਆਰੇ ਸੱਦਿਐ। ਨਵੀਂ ਪੰਚੈਤ ਟਿਕਣੀ ਆ। ਸੰਮਤੀ ਨਾਲ...।"

"ਭਾਗ ਸਿਆਂ, ਪਿੰਡ ਆਲੇ ਜਿਹਨੂੰ ਮਰਜ਼ੀ ਟਿੱਕ ਲੈਣ, ਮੈਨੂੰ ਕੋਈ ਉੱਜ਼ਰ ਨਹੀਂ।"

"ਪਿੰਡ ਵਾਲੇ ਤਾਂ ਫਿਰ ਥੋਨੂੰ ਟਿੱਕੀ ਬੈਠੇ ਆ।" ਭਾਗੂ ਚੌਂਕੀਦਾਰ ਨੇ ਖੁਲਾਸਾ ਕੀਤਾ।

"ਮੈਨੂੰ...? " ਕਰਮ ਸਿਉਂ ਜੁੱਤੀ 'ਚੋਂ ਮਿੱਟੀ ਝਾੜਦਾ, ਹੈਰਾਨੀ ਪ੍ਰਗਟ ਕਰਦਾ ਬੋਲਿਆ। " ਹੈ ਕਮਲੇ ਨਾ ਹੋਣ ਤਾਂ, ਸਾਡੇ ਕੋਲ ਤਾਂ ਪਿੰਡੇ 'ਤੇ ਪਾਣੀ ਪਾਉਣ ਦਾ ਵਿਹਲ ਨ੍ਹੀਂ। ਇਹ ਤਾਂ ਭਾਈ ਘਰੋਂ 'ਸਰਦੇ-ਪੁੱਜਦੇ' ਤੇ ਵਿਹਲੇ ਬੰਦੇ ਦਾ ਕੰਮ ਆ ਸਾਡੇ 'ਮਹਾਤੜਾਂ' ਦੇ ਵੱਸ ਦਾ ਰੋਗ ਨ੍ਹੀਂ...।" ਕਰਮ ਸਿਉਂ ਸਿਰ 'ਤੇ ਸਾਫਾ ਸੂਤ ਕਰਕੇ ਲਪੇਟਦਾ ਹੋਇਆ। ਭਾਗੂ ਦੇ ਨਾਲ ਪਿੰਡ ਨੂੰ ਤੁਰ ਪਿਆ ਸੀ।

ਕਰਮ ਸਿਉਂ ਵੱਲੋਂ ਹੱਥ ਜੋੜ ਕੇ ਮੁਆਫੀ ਮੰਗਣ ਕਰਕੇ, ਸਰਬਸੰਮਤੀ ਵਾਲੀ ਗੱਲ ਲੀਹੋਂ ਲਹਿ ਗਈ ਸੀ। ਬੁੱਟਰਾਂ ਦਾ ਲਾਣਾ ਇਹੋ ਚਾਹੁੰਦਾ ਸੀ। ਉਨ੍ਹਾਂ ਨੂੰ ਪਤਾ ਸੀ ਕਿ ਸਰਬਸੰਮਤੀ 'ਚ ਉਨ੍ਹਾਂ ਦਾ ਨੰਬਰ ਨਹੀਂ ਸੀ ਲੱਗਣਾ। ਵੋਟਾਂ 'ਚ ਸ਼ਾਇਦ ਬਾਜ਼ੀ ਮਾਣ ਜਾਣ। ਬੁੱਟਰਾਂ ਦੀ 'ਢਾਣੀ' ਦੇ ਬੰਦੇ ਬਾਹਾਂ ਕੱਢ ਕੇ ਉੱਚੀ-ਉੱਚੀ ਬੋਲੀ ਜਾਂਦੇ ਸੀ।

"ਬਈ, ਐਂ ਨੀ ਓ ਕੰਮ ਸੂਤ ਆਉਨੈ।"

"ਚਲੋ, ਉਠੋ ਪਰਾਂ...।"

ਇਕੱਠ 'ਚ ਹੋ-ਹੱਲਾ ਮੱਚ ਗਿਆ ਸੀ।

"ਹੁਣ ਤਾਂ ਵੋਟਾਂ ਈ ਪੈਣਗੀਆਂ।"

"ਮਖਿਆ, ਫਸਣਗੇ ਕੁੰਡੀਆਂ ਦੇ ਸਿੰਗ।"

"ਬਾਈ, ਹੁਣ ਪੈਣਗੇ ਪਟਾਕੇ।"

ਹਰ ਕੋਈ ਆਪੋ-ਆਪਣੀ ਬੋਲੀ, ਬੋਲੀ ਜਾਂਦਾ ਸੀ। ਆਪੋ-ਆਪਣੀ ਮਾਰੀ ਜਾਂਦਾ ਸੀ। ਜਿਵੇਂ ਸਾਰੇ ਈ ਫੰਨੇ ਖਾਂ ਹੋਣ।

'ਚੰਗਾ ਸਵਾਂ ਕੇ, ਚਾਰ ਦਿਨ ਮਾਲ-ਪੱਤਾ ਮਿਲੂ...।" ਨਛੱਤਰ ਅਮਲੀ ਨੱਕ 'ਚ ਬੋਲਿਆ, "ਸਾਨੂੰ ਤਾਂ ਵੋਟਾਂ ਮੌਕੇ ਈ ਮਿਲਦੀ ਆ ਡੱਬੇ ਆਲੀ (ਅੰਗ੍ਰੇਜ਼ੀ) ਊਂ ਤਾਂ ਸਾਲੀ 'ਰਸਭਰੀ' ਵੀ ਨਸੀਬ ਨ੍ਹੀਂ ਹੁੰਦੀ। ਹੈ ਕਿ ਨਹੀਂ।" ਅਮਲੀ ਹੱਥ ਤੇ ਹੱਥ ਮਾਰਕੇ ਹੱਸਦਾ ਹੈ, "ਅਸੀਂ ਤਾਂ ਅੱਜ ਤੋਂ 'ਪ੍ਰਹੁਣੇ' ਹੋ ਗਏ। ਹੈ ਕਿ ਨਹੀਂ।" ਨਛੱਤਰ ਅਮਲੀ ਪੂਰਾ ਬਾਗੋ-ਬਾਗ ਸੀ। ਉਹਦੀ ਕਾਟੋ ਫੁੱਲਾਂ 'ਤੇ ਖੇਡਦੀ ਸੀ। ਉਹ ਨਸ਼ੇ ਨਾਲ ਗੜੁੱਚ ਸੀ। ਜਮਾਂ ਫੁੱਲ।

ਸਰਬਸੰਮਤੀ ਵਾਲਾ ਅਮਲ ਠੱਪ ਹੋਣ 'ਤੇ ਤਮਾਸ਼ਬੀਨਾ ਅਤੇ ਖਾਣ-ਪੀਣ ਵਾਲਿਆਂ ਨੇ ਕੱਛਾਂ



ਵਜਾਈਆਂ ਸੀ। ਬਾਗ੍ਹੀਆਂ ਪਾਈਆਂ ਸੀ।

ਕਰਮ ਸਿਉਂ ਨੂੰ ਲੋਕ ਸ਼ਾਇਦ 'ਸਾਊ' ਇਸੇ ਕਰਕੇ ਕਹਿੰਦੇ ਹੁੰਦੇ ਸੀ। ਕਿ ਉਹ ਪਿੰਡ ਦੇ ਕਿਸੇ ਵੀ ਸਾਂਝੇ ਕੰਮ ਜਾਂ ਪ੍ਰੋਗਰਾਮ ਵਿੱਚ ਦਖਲ ਅੰਦਾਜ਼ੀ ਨਹੀਂ ਸੀ ਕਰਦਾ। ਉਹ ਹਮੇਸ਼ਾ ਨਿਰਪੱਖ ਤੇ ਨਿਰਲੇਪ ਹੀ ਰਹਿੰਦਾ ਸੀ। ਆਪਣੇ ਕੰਮ ਨਾਲ ਮਤਲਬ ਰੱਖਦਾ ਸੀ। ਹਰੇਕ ਵੱਡੇ-ਛੋਟੇ ਨੂੰ ਪਿਆਰ ਤੇ ਸਤਿਕਾਰ ਨਾਲ ਬਲਾਉਂਦਾ ਸੀ। ਉਹ ਬਾਹਲਾ ਸਾਊ ਤੇ ਠੰਡਾ ਬੰਦਾ ਸੀ।

ਨਛੱਤਰ ਅਮਲੀ ਉਨ੍ਹਾਂ ਦੀ ਸਾਊ 'ਅਲ' ਪੈਣ ਦੀ ਹੋਰ ਈ ਕਹਾਣੀ ਦੱਸਦਾ ਸੀ। ਅਖੇ, 'ਕਰਮ ਸਿਉਂ ਦੇ ਬਾਪੂ ਹੋਰੀਂ ਤਿੰਨ ਭਰਾ ਸੀ। ਗਾਮਾ। ਰਾਮਾ ਤੇ ਸ਼ਾਮਾ। ਤਿੰਨੇ ਛੜੇ-ਛਾਂਟ ਸੀ। ਵਿਚਾਲੜਾ ਰਾਮਾ ਟਾਂਗਾ ਵਹੁੰਦਾ ਸੀ। ਕਾਂ ਦੇ ਸਿਰ ਜਿੰਨੀ ਫੀਮ ਖਾਂਦਾ ਸੀ। ਗਾਲੜੀ ਤੇ ਗੱਪੀ ਸੀ ਪੂਰਾ। ਸਿਰੇ ਦਾ ਫੀਸਚੀ ਤੇ ਤੀਮਚੀ। ਲਉ ਜੀ ਕੇਰਾਂ ਉਹਦੇ ਟਾਂਗੇ 'ਤੇ ਇੱਕ ਤੀਮੀ ਬਹਿ ਗਈ। ਲੰਮੀ-ਲੰਝੀ ਤੇ ਭਰ-ਜਵਾਨ। ਗੋਰੀ ਨਛੋਹ। ਰੱਜ ਕੇ ਸੁਨੱਖੀ। ਰਾਮੇ ਨੇ ਪੁੱਛਿਐ, "ਭਾਈ ਕਿਥੇ ਜਾਣੈ?" ਉਹ ਅੱਗੋ ਨਿਸੰਗ ਬੋਲੀ, 'ਜਿਥੇ ਮਰਜ਼ੀ ਲੈ ਜਾ।" ਤੀਮੀ ਦੀ ਮਰਜ਼ੀ ਭਾਂਪ ਕੇ, ਰਾਮੇ ਦੀ ਵਰਾਛਾਂ ਖਿੜ ਗਈਆਂ। ਇਹ ਤਾਂ ਅੰਨ੍ਹੇ ਦੇ ਪੈਰ ਥੱਲੇ ਬਟੇਰਾ ਆਉਣ ਵਾਲੀ ਗੱਲ ਸੀ। ਲਓ ਜੀ, ਰਾਮਾ ਉਹਨੂੰ ਘਰ ਲੈ ਆਇਆ। ਕਹਿੰਦੇ, ਰਾਮਾ ਦੀ ਮਾਂ ਨੇ ਪਾਣੀ ਵਾਰ ਕੇ ਪੀਤਾ। ਤੇ ਤੇਲ ਚੋਅ ਕੇ ਅੰਦਰ ਲੰਘਾ ਲਈ। ਪਹਿਲਾਂ ਤਾਂ ਕਿੰਨਾਂ ਈ ਚਿਰ ਕੰਨੋਂ-ਕੰਨ ਕਿਸੇ ਨੂੰ ਖਬਰ ਨਾ ਹੋਈ। ਇਨ੍ਹਾਂ ਪਤੰਦਰਾਂ ਨੇ ਜਮ੍ਹਾਂ ਧੂਹ ਨ੍ਹੀਂ ਕੱਢੀ। ਜਿਵੇਂ ਡੱਬੀ 'ਚ ਪਾ ਕੇ ਰੱਖ ਲਈ ਹੋਵੇ। ਇਨ੍ਹਾਂ ਨੂੰ ਪੁਲਿਸ ਦਾ ਡਰ ਸੀ, ਉਦੋਂ 'ਰੌਲੇ' ਪੈ ਕੇ ਹਟੇ ਸੀ। ਬੁੜ੍ਹੀ, ਇਨ੍ਹਾਂ ਦੀ ਮਾਂ ਤਿੱਖੀ ਸੀ। ਸਿਆਣੀ ਸੀ। ਅੰਦਰ ਲਕੋਆ ਕੇ ਰੱਖਦੀ। ਲਉ ਜੀ, ਜਦੋਂ ਉਹਦੇ ਪਹਿਲਾ ਜੁਵਾਕ ਹੋਇਆ। ਕੁੜੀ, ਉਦੋਂ ਭਾਗੂ ਦਾ ਪਿਉ ਹੁਕਮਾ ਚੌਂਕੀਦਾਰ ਹੁੰਦਾ ਸੀ। ਹੁਕਮਾ ਬੜਾ ਮਖੌਲੀਆ ਤੇ ਟਿੱਚਰਬਾਜ਼ ਹੁੰਦਾ ਸੀ। ਉਹ ਆਪਣੀ ਵਹੀ (ਜਨਮ-ਮੌਤ ਦਾ ਰਜਿਸਟਰ) ਜਿਹੀ 'ਤੇ ਨਾਂਅ ਚੜ੍ਹਾਉਣ ਲੱਗਾ ਪੁੱਛਦੈ।

"ਭਗਵਾਨ ਕੁਰੇ, ਪਿਉ ਵਜੋਂ ਕਿਹਦਾ ਨਾਂਅ ਲਿਖਾ?"

ਇਨ੍ਹਾਂ ਦੀ ਮਾਂ ਭਗਵਾਨ ਕੌਰ ਕਿਹੜਾ ਅੱਗੋਂ ਘੱਟ ਸੀ, ਪੂਰੀ ਛਟੀ ਵੀ ਤੀਮੀ ਸੀ। ਬਣਾ ਸੰਵਾਰ ਕੇ ਬੋਲੀ।

"ਵੇ ਭਾਈ, ਜਿਹਦਾ ਮਰਜ਼ੀ ਲਿਖ ਲੈ। ਮੇਰੇ ਪੁੱਤ ਤਾਂ ਬਾਹਲੇ ਈ 'ਸਾਊ' ਆ। ਐਂ ਨ੍ਹੀਂ ਲੜਦੇ। ਨਿੱਕੀ-ਨਿੱਕੀ ਗੱਲ ਪਿੱਛੇ। ਲਉ ਜੀ ਫਿਰ, ਹੁਕਮੇ ਪਤੰਦਰ ਨੇ ਸਾਰੇ ਪਿੰਡ 'ਚ ਗੱਲ ਧੁੰਮਾ 'ਤੀ। ਅਖੇ, ਭਗਵਾਨ ਕੁਰ ਦੇ ਮੁੰਡੇ ਤਾਂ ਬਾਹਲੇ ਈ ਸਾਊ ਆ। ਤਿੰਨੇ 'ਇੱਕ' ਨਾਲ ਈ ਸਾਰੀ ਜਾਂਦੇ ਆ।' ਪੂਰੀ ਕਹਾਣੀ ਸੁਣਾ ਕੇ ਨਛੱਤਰ ਅਮਲੀ ਹੱਥ 'ਤੇ ਹੱਥ ਮਾਰ ਕੇ ਹੱਸਦੈ," ਫਿਰ ਭਾਈ ਐਂ ਇਨ੍ਹਾਂ ਦੀ ਅੱਲ ਪੈ ਗਈ, ਸਾਊ। ਊਂ ਉਦੋਂ ਆਪਣੇ ਜੱਟਾਂ ਦੇ ਬਾਹਲੇ ਘਰੀ ਐਂ ਈ ਹੁੰਦਾ ਸੀ। ਤਿੰਨਾਂ-ਚੌਂਹ ਭਰਾਵਾਂ 'ਚੋਂ ਇੱਕ ਜਣਾ ਵਿਆਇਆ ਜਾਂਦਾ ਹੁੰਦਾ ਸੀ। ਐਂ ਬਾਕੀਆਂ ਨੂੰ ਵੀ ਵੇਲੇ ਕੁਵੇਲੇ 'ਦਾਲ ਦੀ ਕੌਲੀ' ਮਿਲ ਜਾਂਦੀ ਹੁੰਦੀ ਸੀ। ਹੈ ਕਿ ਨਹੀਂ...। ਉਹ ਫਿਰ ਹੱਸਦੈ।

"ਸਾਲਾ, ਗੱਪੀ...।" ਕੋਈ ਮਲਵੀਂ ਜ਼ਬਾਨ 'ਚ ਕਹਿੰਦਾ।

"ਮਖਿਆ, ਸੌਂ ਗਊ ਦੀ ਐਂ ਈ ਹੁੰਦਾ ਸੀ।" ਅਮਲੀ ਆਪਣੀ ਗੱਲ ਨੂੰ ਪੱਕੇ ਪੈਰੀ ਕਰਨ ਲਈ ਕਹਿੰਦੈਂ," ਹੁਣ ਵੀ ਆਪਣੇ ਪਿੰਡ 'ਚ ਇਹੋ ਜਿਹੇ ਪੰਜ-ਛੇ ਕੇਸ ਹੈਗੇ ਆ। ਗਿਣਾਵਾਂ? "

"ਚੱਲ, ਛੱਡ ਪਰਾਂ...।" ਕੋਈ ਜਣਾ ਲੋਕਾਂ ਦੇ ਪਰਦੇ ਫੋਲਣ ਤੋਂ ਉਹਨੂੰ ਰੋਕਦੈ। ਵਰਜਦੈ।

ਨਿਸ਼ਚਿਤ ਸਮੇਂ 'ਤੇ ਪੰਚਾਇਤ ਦੀਆਂ ਚੋਣਾਂ ਹੋਈਆਂ। ਵੋਟਾਂ ਪਈਆਂ। ਗਿਣਤੀ ਹੋਈ। ਬੁੱਟਰ ਬਾਜ਼ੀ ਮਾਰ ਗਏ ਸੀ। ਬੁੱਟਰਾਂ ਦੀ ਪੱਤੀ ਦਾ ਅੱਠਵੀਂ ਫੇਲ, ਚੜ੍ਹਦੀ ਉੱਮਰ ਦਾ ਮੁੰਡਾ, ਜਿਹਨੇ ਪਿਛਲੇ ਤੋਂ ਪਿਛਲੇ ਸਾਲ, ਵਿਹੜੇ ਵਾਲਿਆਂ ਦੀ ਕੁੜੀ ਨਾਲ ਬਲਾਤਕਾਰ ਕੀਤਾ ਸੀ, ਸਰਪੰਚ ਬਣ ਗਿਆ ਸੀ। ਇਹ ਸਭ ਧੰਨ, ਧੌਂਸ ਤੇ ਸ਼ਰਾਬ ਦੀ ਕਰਾਮਾਤ ਸੀ। ਸਾਊ ਤੇ ਸਿਆਣੇ ਬੰਦੇ ਪ੍ਰੇਸ਼ਾਨ ਤੇ ਉਦਾਸ ਸੀ।

ਪਿੰਡ 'ਚ ਹੁਣ ਪਹਿਲਾਂ ਵਾਲੀ ਭਾਈਚਾਰਕ ਸਾਂਝ ਤੇ ਅਪਣਤ ਨਹੀਂ ਸੀ ਰਹਿ ਗਈ। ਵੋਟਾਂ ਦੀ

ਰਾਜਨੀਤੀ ਨੇ ਲੜਾਈਆਂ-ਝਗੜੇ ਤੇ ਇੱਕ-ਦੂਜੇ ਵਿਰੁੱਧ ਸਾਜਿਸ਼ਾਂ ਘੜਨ ਦਾ ਰੁਝਾਨ, ਲੋਕ ਮਨਾਂ ਵਿੱਚ ਪੈਦਾ ਕਰ ਦਿੱਤਾ ਸੀ। ਇਸ ਨਾ ਪੱਖੀ ਵਰਤਾਰੇ ਤੋਂ ਕਰਮ ਸਿਉਂ ਵਰਗੇ ਸਾਊ ਤੇ ਸਿਆਣੇ ਬੰਦੇ ਡਾਹਢੇ ਦੁਖੀ ਸੀ।

ਲੋਕਾਂ ਦੇ ਘਰੀਂ 'ਸਰੱਗੀ' ਕੀ ਆ ਗਈ ਸੀ। ਉਹ ਉਤਾਂਹ ਨੂੰ ਥੁੱਕਣ ਲੱਗ ਪਏ ਸੀ। ਇੱਕ ਦੂਜੇ ਦੀ ਵੱਢਵੀ ਕਰਦੇ ਸੀ। ਨਿੱਕੀ ਜਿੰਨੀ ਗੱਲ ਤੇ ਡਾਂਗਾਂ ਖਿੱਚ ਤੁਰਦੇ ਸੀ। ਖ਼ੈਰ...।

ਕਰਮ ਸਿਉਂ ਨੇ ਆਪਣੀਆਂ ਤਿੰਨਾਂ ਕੁੜੀਆਂ ਨੂੰ ਗੁਜਾਰੇ ਜੋਗਾ ਪੜ੍ਹਾਇਆ-ਲਿਖਾਇਆ ਸੀ। ਵੱਡੀਆਂ ਦੋਵੇਂ ਦੱਸਵੀਂ ਤੱਕ ਪੜ੍ਹੀਆਂ ਸੀ। ਵੈਸੇ ਵੱਡੀ ਕੁੜੀ ਦਸਵੀਂ 'ਚੋਂ ਹਟ ਗਈ ਸੀ। ਉਹਨੇ ਸਾਲਾਨਾ ਪੇਪਰ ਨਹੀਂ ਸੀ ਦਿੱਤੇ। ਉਹਦੇ ਪੇਪਰ ਨਾ ਦੇਣ ਦਾ ਵੱਡਾ ਕਾਰਨ ਇਹ ਸੀ ਕਿ ਹਰਨਾਮ ਕੌਰ ਦੀ ਸਿਹਤ ਠੀਕ ਨਹੀਂ ਸੀ ਰਹਿੰਦੀ। ਉਹਨੂੰ 'ਗਠੀਏ' ਦੀ ਸ਼ਿਕਾਇਤ ਸੀ। ਛੋਟੀ ਕੁੜੀ ਨੇ ਪਲਸ ਟੂ ਪਾਸ ਕੀਤੀ ਸੀ ਤੇ ਗਿੰਦਰ ਨਵੇਂ ਟਰੈਕਟਰ ਦੇ ਚਾਅ 'ਚ ਪੜ੍ਹਨੋਂ ਹਟ ਗਿਆ ਸੀ।

ਹਰਨਾਮ ਕੌਰ ਨੇ ਗਿੰਦਰ ਨੂੰ ਸਕੂਲ ਭੇਜਣ ਲਈ ਵਾਹਵਾ ਵਾਹ ਲਾਈ ਸੀ। ਪਿਆਰ ਨਾਲ ਵੀ ਸਮਝਾਇਆ ਸੀ। ਝਿੜਕਿਆ-ਮਾਰਿਆ ਵੀ ਸੀ। ਪਰ ਉਹਨੇ ਪਿਉ ਦੇ ਪੁੱਤ ਨੇ ਇੱਕੋ ਨੰਨਾ ਫੜੀ ਰੱਖਿਆ ਸੀ। ਕਰਮ ਸਿਉਂ ਇਸ ਮਾਮਲੇ 'ਚ ਚੁੱਪ ਹੀ ਰਿਹਾ ਸੀ। ਸ਼ਾਇਦ ਉਹਦੀ 'ਜੱਟ ਮੱਤ' ਇਹੋ ਕਹਿੰਦੀ ਸੀ। ਕਿ ਮੁੰਡਾ ਜੇ ਬੰਦਿਆਂ ਵਾਂਗੂ ਮਨ ਲਾ ਕੇ ਵਾਹੀ ਕਰੇ ਤਾਂ ਭੁੱਖਾ ਨ੍ਹੀਂ ਮਰਦਾ। ਪੜ੍ਹਕੇ ਇਹਨੇ ਕਿਹੜਾ ਡੀ. ਸੀ. ਲੱਗਣੈ...।

ਗਿੰਦਰ ਪੂਰੀ ਤਰ੍ਹਾਂ ਖੇਤੀ ਦੇ ਕੰਮ ਵਿੱਚ ਰੁੱਝ ਗਿਆ ਸੀ। ਚੜ੍ਹਦੀ ਉੱਮਰ ਕਰਕੇ, ਉਹ ਨਾ ਥੱਕਦਾ ਸੀ। ਨਾ ਅੱਕਦਾ ਸੀ। ਨਵੇਂ ਟਰੈਕਟਰ ਦੇ ਚਾਅ 'ਚ ਉਹ ਦਿਨ-ਰਾਤ ਇੱਕ ਕਰਦਾ ਸੀ। ਲੋਕ ਹੈਰਾਨ ਸੀ। ਕਿ ਸੋਹਲ ਜਿਹਾ ਮੁੰਡਾ ਐਨਾ ਸਿਰੜੀ। ਐਨੀ ਸਖਤ ਜਾਨ। ਸ਼ਰੀਕ ਢਿੱਡੋਂ ਔਖੇ ਹੋਣ ਦੇ ਬਾਵਜੂਦ, ਸਿਫਤਾਂ ਕਰਦੇ।

"ਬਈ ਕਰਮ ਸਿਉਂ ਦਾ ਮੁੰਡਾਂ ਤਾਂ ਬਾਹਲਾ ਕਾਮੈ।"

ਗਿੰਦਰ ਦੀਆਂ ਸਿਫਤਾਂ ਸੁਣ ਕੇ ਨਛੱਤਰ ਅਮਲੀ ਢਿੱਡ 'ਚ ਹੱਸਦੈ। ਗੁੱਝਾ ਤੀਰ ਮਾਰਦੈ।

"ਮਖਿਆ, ਕਰਮ ਸਿਉਂ ਦੇ ਅੱਖਾਂ ਮੀਟਣ ਦੀ ਦੇਰ ਆ। ਵੇਖ ਲਿਉ ਕੀ ਬਣਦੈ ਇਥੇ...। ਸਿਆੜ ਨ੍ਹੀਂ ਬਚਣੀ !' ਇਹ ਅਮਲੀ ਦੀ ਭਵਿੱਖ ਬਾਣੀ ਸੀ। ਉਹ ਗਿੰਦਰ ਦਾ ਭੇਤੀ ਸੀ।

ਕਰਮ ਸਿਉਂ ਖੁਸ਼ ਸੀ। ਗਿੰਦਰ ਨੇ ਅੱਗੇ ਹੋ ਕੇ ਖੇਤੀ ਦਾ ਸਾਰਾ ਕੰਮ ਸਾਂਭ ਲਿਆ ਸੀ। ਫਿਰ ਵੀ ਉਹ ਟਿਕ ਕੇ ਨਹੀਂ ਸੀ ਬਹਿੰਦਾ। ਮੁੰਡੇ ਨਾਲ ਸਾਵਾਂ ਵਗਦਾ ਸੀ। ਬਾਬੇ ਨਾਨਕ ਦੇ ਸਿਧਾਂਤ ਨੂੰ ਪ੍ਰਨਾਇਆ ਹੋਇਆ, ਕਰਮ ਸਿਉਂ ਹੱਥੀਂ ਕੰਮ ਕਰਨ 'ਚ ਯਕੀਨ ਰੱਖਦਾ ਸੀ। ਵਿੱਤ ਮੁਤਾਬਿਕ 'ਦਾਨ-ਪੁੰਨ' ਕਰਦਾ ਸੀ। ਨਿੱਤਨੇਮੀ ਸੀ। ਆਸ਼ਾਵਾਦੀ ਸੀ। ਗੁਰੂ ਗ੍ਰੰਥ ਸਾਹਿਬ 'ਚ ਉਹਦੀ ਅਥਾਹ ਸ਼ਰਧਾ ਸੀ।

ਅਜਿਹੇ ਧਰਮੀ, ਕਰਮੀ ਤੇ ਆਸ਼ਾਵਾਦੀ ਮਨੁੱਖ ਦਾ ਆਤਮ ਹੱਤਿਆ ਕਰ ਜਾਣਾ। ਅਚੰਭੇ ਵਾਲੀ ਗੱਲ ਸੀ। ਦੁਖੀ ਕਰਨ ਵਾਲੀ ਗੱਲ ਸੀ। ਕੋਈ ਇਹ 'ਸੱਚ' ਮੰਨਣ ਨੂੰ ਤਿਆਰ ਹੀ ਨਹੀਂ ਸੀ। ਕਿਸੇ ਨੂੰ ਯਕੀਨ ਹੀ ਨਹੀਂ ਸੀ ਆਉਂਦਾ। ਸਾਰਾ ਪਿੰਡ ਸਕਤੇ 'ਚ ਆਇਆ ਤਾਹ੍-ਤਾਹ੍ ਪਿਆ ਕਰਦਾ ਸੀ। ਇਹ ਕੀ ਭਾਣਾ ਬੀਤ ਗਿਆ। ਇਹ ਕੀ ਲੋਹੜ ਪੈ ਗਿਆ? ਲੋਕਾਂ ਨੂੰ ਕੁਝ ਸਮਝ ਨਹੀਂ ਸੀ ਲੱਗਦੀ।

"ਵੇਖੋ ਯਾਰੋ, ਐਡੇ ਦਰਵੇਸ਼ ਬੰਦੇ ਦੀ ਐਂ ਮੌਤ ਹਊ। ਕਦੇ ਸੋਚਿਆ ਵੀ ਨਹੀਂ ਸੀ।" ਤਾਰਾ ਸਿਉਂ ਮੀਰਾਬ ਦਾ ਗਚ ਭਰ ਆਇਆ ਸੀ।

"ਤਾਰਾ ਸਿਆਂ, ਬੰਦਾ ਸੋਚਦਾ ਕੁਝ ਹੋਰ ਆ। ਹੁੰਦਾ ਕੁੱਝ ਹੋਰ ਆ।" ਮਾਸਟਰ ਗੁਰਤੇਜ ਬੋਲਿਆ ਸੀ, " ਜੇ ਸਾਡੇ ਸੋਚਣ ਮੁਤਾਬਿਕ ਸਭ ਕੁਝ ਹੋ ਜਾਂਦੈ। ਤਾਂ ਇਹ ਦੁਨੀਆਂ ਹੋਰ ਦੀ ਹੋਰ ਹੁੰਦੀ...।"

"ਥੋਨੂੰ ਮੈਂ ਦੱਸਾਂ।" ਨਛੱਤਰ ਅਮਲੀ ਬੋਲਿਆ, "ਏਹ ਦੁਨੀਆਂ ਦੀ ਗੱਡੀ ਦਾ 'ਹੈਂਡਲ' ਉਹਦੇ ਹੱਥ 'ਚ ਆ। ਜਿਧਰ ਮਰਜ਼ੀ ਮੋੜੀ ਫਿਰੇ। ਜਿਧਰ ਮਰਜ਼ੀ ਦਬੱਲੀ ਫਿਰੇ। ਉਹਦਾ ਕਿਹੜਾ ਕਿਸੇ ਨੇ 'ਚਲਾਨ' ਕੱਟ



ਦੇਣਾ...। ਹੈ ਕਿ ਨਹੀਂ।"

ਅਮਲੀ ਦੀ ਗੱਲ 'ਤੇ ਦੋ ਕੁ ਬੰਦੇ ਆਪਣੀ ਨੀਵੀਂ 'ਚ ਹੱਸੇ ਸੀ। "ਇਹ ਸਾਲਾ ਆਪਣੀਆਂ ਈ ਧੱਭਲੀਆਂ ਮਾਰੀ ਜਾਊ...।"

" ਲੈ, ਮੈਨੂੰ ਆਪ 'ਖਾਉ-ਪੀਏ' ਜਿਹੇ ਵੇਲੇ ਮਿਲਿਐ।"

ਵਿਹੜੇ ਵਾਲਾ ਗੇਲੂ ਬੋਲਿਆ, "ਮੈਂ ਉਧਰੋਂ-ਪਰੋਂ (ਬਰਾਂਚ ਤੋਂ) ਤੁਰਿਆ ਆਉਂਦਾ ਸੀ। ਮੈਂ ਪੁੱਛਿਐ, ਚਾਚਾ ਸਿਆਂ। ਐਸਏਲੇ ਕਿੱਧਰ ਨੂੰ ? ਕਹਿੰਦੈ, ਕਣਕ 'ਚ ਢੱਟਾ ਪੈਂਦਾ। ਗੇੜਾ ਮਾਰਨ ਚੱਲਿਐ। ਲੈ, ਮੈਨੂੰ ਤਾਂ ਐਂ ਕਹਿੰਦੈ। ਲੈ, ਹੁਣ ਮੈਨੂੰ ਕੀ ਪਤਾ ਸੀ, ਕਿ ਉਹਦੇ ਚਿੱਤ 'ਚ ਕੋਈ ਬਦੀ ਆ। ਪਈ ਜਾਂਦਾ ਈ ਕਿੱਕਰ ਨਾ ਰੱਸਾ ਪਾਲੂ...। ਲੈ, ਮੈਨੂੰ ਮਾੜਾ ਜਿਹਾ ਵੀ ਪਤਾ ਹੁੰਦੈ। ਉਹਨੇ ਐਂ ਕਰਨੀ ਆ। ਲੈ, ਮੈਂ ਉਦੋਂ ਈ ਬਾਹੋਂ ਫੜ ਲੈਣਾ ਸੀ...। ਗੋਲੂ ਦੁੱਖ ਤੇ ਪਛਤਾਵੇ ਦੇ ਰਲਵੇਂ ਪ੍ਰਭਾਵ 'ਚੋਂ ਗਲਾਤਾਰ ਬੋਲੀ ਜਾਂਦਾ ਸੀ।

"ਉਦੇਂ ਉਹ ਗੁਰਦੁਆਰੇ ਵੀ ਨ੍ਹੀਂ ਆਇਐ।" ਭਾਈ ਬੋਲਿਆ, "ਨਹੀਂ ਤਾਂ ਉਹਨੇ ਕਦੇ 'ਨਾਗਾ' ਨਹੀਂ ਸੀ ਪਾਇਐ। ਪਿਛਲੇ ਦਸਾਂ ਸਾਲਾਂ ਤੋਂ ਤਾਂ ਮੈਂ ਵੇਖਦੈ। ਉਹ ਦੋ ਵੇਲੇ ਮੱਥਾ ਟੇਕਣ ਜ਼ਰੂਰ ਆਉਂਦਾ ਹੁੰਦਾ ਸੀ।"

"ਹੁਣ ਤਾਂ ਉਹਨੇ ਸਾਰੀ ਕਬੀਲਦਾਰੀ ਕਿਉਂਟ ਲਈ ਸੀ।" ਕੋਈ ਹੋਰ ਬੋਲਿਆ, "ਤਿੰਨਾਂ ਕੁੜੀਆਂ ਦੇ ਚੰਗੇ ਘਰੀਂ ਵਿਆਹ ਕੀਤੇ। ਮੁੰਡਾ ਵਿਆਇਐ। ਸੁੱਖ ਨਾ ਦੋ ਪੋਤੇ ਆ। ਕਮੀ ਸੀ ਕੋਈ...।"

"ਨਾ... ਹੁਣ ਤਾਂ ਕੰਮ ਬਾਹਲਾ ਸੂਤ ਸੀ।"

ਦਰੀ 'ਤੇ ਬੈਠੇ ਲੋਕ ਕਰਮ ਸਿਉਂ ਦੀਆਂ ਗੱਲਾਂ ਕਰਦੇ। ਉਹਦੇ ਚੰਗੇ ਸੁਭਾ ਦੀਆਂ ਸਿਫਤਾਂ ਕਰਦੇ।

ਕਰਮ ਸਿਉ ਦੇ 'ਭੋਗ' ਤੋਂ ਬਾਅਦ ਵੀ ਕਿੰਨੇ ਈ ਦਿਨ ਪਿੰਡ 'ਚ ਚੁੱਪ ਵਰਤੀ ਰਹੀ ਸੀ। ਉਦਾਸੀ ਛਾਈ ਰਹੀ ਸੀ। ਇਸ ਨੇਕ ਬੰਦੇ ਦੀ ਮੌਤ ਨੇ ਸਾਰੇ ਪਿੰਡ ਨੂੰ ਝੰਜੋੜ ਕੇ ਰੱਖ ਦਿੱਤਾ ਸੀ।

0 0 0

ਕਰਮ ਸਿਉਂ ਜਿੱਦਣ ਦਾ ਲਾਗਲੇ ਪਿੰਡ ਦੇ ਕਿਸਾਨ, ਜਿਹਨੇ 'ਕਰਜ਼ੇ' ਤੋਂ ਤੰਗ ਆ ਕੇ, ਸਲਫਾਸ ਦੀਆਂ ਗੋਲੀਆਂ ਖਾ ਕੇ ਆਤਮ ਹੱਤਿਆ ਕਰ ਲਈ ਸੀ, ਦੇ 'ਭੋਗ' ਤੋਂ ਮੁੜ ਕੇ ਆਇਆ ਸੀ, ਉੱਦਣ ਦਾ ਹੀ ਉਹ ਉਦਾਸ ਤੇ ਪ੍ਰੇਸ਼ਾਨ ਜਿਹਾ ਹੋਇਆ, ਸੋਚਾਂ 'ਚ ਗੁਵਾਚਿਆ ਰਹਿੰਦਾ ਸੀ। ਚੁੱਪ-ਚਾਪ ਆਪਣੇ-ਆਪ 'ਚ ਘੁੱਲ੍ਹਦਾ ਰਹਿੰਦਾ ਸੀ।

ਭੋਗ ਦਾ ਦ੍ਰਿਸ਼ ਉਹ ਦੀਆਂ ਅੱਖਾਂ ਸਾਹਮਣੇ ਸਾਕਾਰ ਰੂਪ 'ਚ ਐਂ ਜਮ੍ਹਾ ਪ੍ਰਤੱਖ ਦਿਸਦੈ। ਜਾਣੀ, ਬਹੁਤ ਵੱਡਾ ਇਕੱਠ ਹੋਇਐ। ਠਾਠਾਂ ਮਾਰਦਾ ਇਕੱਠ। ਆਮ ਪੇਂਡੂ ਲੋਕਾਂ ਦੇ ਨਾਲ-ਨਾਲ, ਕਿਸਾਨ ਜਥੇਬੰਦੀਆਂ ਵਾਲੇ। ਆਪੋਜੀਸ਼ਨ ਦੇ ਲੀਡਰ ਸੱਤਾਧਾਰੀ ਪਾਰਟੀ ਸਮੇਤ ਉੱਥੇ ਹਰ ਸਿਆਸੀ ਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਿਲ ਸੀ।

ਭਾਸ਼ਨ ਹੋ ਰਹੇ ਸੀ।

ਆਪੋਜੀਸ਼ਨ ਦੇ ਲੀਡਰਾਂ ਤੇ ਕਿਸਾਨ ਯੂਨੀਅਨ ਵਾਲਿਆਂ ਨੇ ਸਮੇਂ ਦੀ ਸਰਕਾਰ ਨੂੰ ਪਾਣੀ ਪੀ ਪੀ ਕੋਸਿਆ। ਕਿਸਾਨ ਦੀ ਦੁਰਦਸ਼ਾ। ਮੰਡੀ 'ਚ ਰੁੱਲਦੀ ਫ਼ਸਲ। ਬਿਜਲੀ ਦੇ ਕੱਟ। ਬੀਜ, ਤੇਲ ਖਾਦ ਤੇ ਦਿਵਾਈਆਂ ਦਾ ਮਹਿੰਗਾ ਹੋਣਾ। ਜਿਣਸਾਂ ਦੇ ਘੱਟ ਮੁਲ ਦੇ ਰੋਣੇ ਰੋਏ ਗਏ। ਕੁਦਰਤੀ ਆਫਤਾਂ ਨਾਲ ਕਿਸਾਨਾਂ ਦੀ ਮਾਰੀ ਗਈ ਫ਼ਸਲ ਦਾ, ਸਵਾਏ ਗਦਾਵਰੀਆਂ ਕਰਾਉਣ ਤੋਂ ਕੱਖ ਪੱਲੇ ਦਾ ਪਾਉਣਾ, ਦੀ ਨਿਖੇਦੀ ਕੀਤੀ ਗਈ।

ਸੱਤਾਧਾਰੀ ਪਾਰਟੀ ਦੇ ਲੀਡਰਾਂ ਨੇ ਕਿਸਾਨ ਦੀ ਮਾੜੀ ਹਾਲਤ ਹੋਣ ਦਾ ਭਾਂਡਾ ਸੈਂਟਰ ਦੀ ਸਰਕਾਰ ਸਿਰ ਭੰਨਿਆ। ਵਿਤਕਰਾ ਕਰਨ ਦਾ ਦੋਸ਼ ਲਾਇਆ। ਦਿੱਲੀ ਨੂੰ ਪੰਜਾਬ ਵਿਰੋਧੀ ਗਰਦਾਨਿਆ।

ਇੱਕ ਪਾਸੇ ਵਰਲਾਪ ਸੀ। ਚੀਕਾਂ ਸੀ। ਵੈਣ ਸੀ। ਇੱਕ ਪਾਸੇ ਕਿਸਾਨ ਦੇ ਸਿੱਵੇ 'ਤੇ ਸਿਆਸੀ ਰੋਟੀਆਂ ਸੇਕਣ ਲਈ ਜ਼ੋਰ-ਅਜ਼ਮਾਈ ਹੋ ਰਹੀ ਸੀ।

ਕਰਮ ਜਿਉਂ ਵੇਖਦੈ। ਸੁਣਦੈ। ਇਹ ਡਰਾਮੇਬਾਜ਼ੀ ਕਿੰਨਾਂ ਈ ਚਿਰ ਚੱਲਦੀ ਰਹੀ ਸੀ।

ਅਖੀਰ ਵਿੱਚ ਸਰਕਾਰੀ ਨੁਮਾਇੰਦੇ (ਡੀ. ਸੀ.) ਵੱਲੋਂ, ਆਪੋਜ਼ੀਸਨ ਤੇ ਕਿਸਾਨ ਜਥੇਬੰਦੀਆਂ ਦੇ ਦਬਾ ਕਰਕੇ, ਆਤਮਹੱਤਿਆ ਕਰ ਗਏ ਕਿਸਾਨ ਦੇ ਵਾਰਿਸਾਂ ਨੂੰ ਪੰਜ ਲੱਖ ਰੁਪਏ ਦੀ ਸਹਾਇਤਾ ਤੇ ਪਰਿਵਾਰ 'ਚੋਂ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਾ ਐਲਾਨ ਹੋਇਆ।

"ਇਹ ਤਾਂ ਐਵੇਂ ਐਲਾਨ ਈ ਹੁੰਦੈ। ਕੋਈ ਸਾਲਾ ਨ੍ਹੀਂ ਪੁੱਛਦੈ, ਮਗਰੋਂ।" ਇਕੱਠ 'ਚ ਘੁਸਰ-ਮੁਸਰ ਹੋਈ ਸੀ।

ਹਮਦਰਦੀ ਵਜੋਂ ਜਾਂ ਆਉਣ ਵਾਲੇ ਸਮੇਂ 'ਚ ਆਪਣੀ 'ਪੈਂਠ' ਬਣਾਉਣ ਲਈ ਜਾਂ ਵੋਟਾਂ ਪੱਕੀਆਂ ਕਰਨ ਲਈ। ਸਮੂਹ ਸਿਆਸੀ ਪਾਰਟੀਆਂ, ਕਿਸਾਨ ਸਭਾਵਾਂ ਤੇ ਧਾਰਮਿਕ ਸੰਸਥਾਵਾਂ ਨੇ ਵੀ ਦਿਲ ਖੋਲ੍ਹ ਕੇ ਆਰਥਿਕ ਮਦਦ ਕੀਤੀ ਸੀ। ਕੁਝ ਗੁਪਤ ਸਹਾਇਤਾ ਵੀ ਹੋਈ। ਕੁੱਲ ਰਕਮ ਮਿਲਾ ਕੇ ਵੀਹ ਲੱਖ ਦੇ ਲਾਗੇ-ਚਾਗੇ ਪਹੁੰਚ ਗਈ ਸੀ।

"ਐਨੀ ਰਕਮ...? " ਕਰਮ ਸਿਉਂ ਸੋਚਦੈ, "ਮਰਨਾ ਤਾਂ ਹੈ ਈ ਇੱਕ ਦਿਨ! ਜੇ ਬੰਦਾ ਐਂ ਮਰਜੇ। ਪਿਛਲੇ ਤਾਂ ਸੁਰਖਰੂ ਹੋ ਜਾਣ! ਜੇ ਮੈਂ ਵੀ ਐਂ ਕਰਲਾਂ। ਆਤਮ ਹੱਤਿਆ! ਪਿੱਛੋਂ ਮੁੰਡਾਂ ਤਾਂ ਸੁਰਖਰੂ ਹੋਜੂ...।"

ਅਜਿਹੀਆਂ ਦਿਲ ਢਾਹੂ ਸੋਚਾਂ ਸੋਚਦਾ ਕਰਮ ਸਿਉਂ ਨਿਢਾਲ ਹੋ ਜਾਂਦੈ। ਉਦਾਸ ਹੋ ਜਾਂਦੈ। ਭਾਵਿਕ ਹੋ ਜਾਂਦੈ। ਉਹਦਾ ਭਰਿਆ ਮਨ ਅੱਖਾਂ ਥੀ ਡਲਕਦੈ। ਉਹ ਪੱਗ ਦੇ ਲੜ ਨਾਲ ਅੱਖਾਂ ਪੂੰਝਦੈ।

ਫਿਰ ਉਹ ਸੋਚਦੈ। ਛੱਡ ਮਨਾਂ, ਕਿਹੜੇ ਪੁੱਠੇ ਵਹਿਣਾਂ 'ਚ ਪਿਐਂ। ਜਿਉਂਦੀ ਜਾਨ ਨੂੰ ਔਕੜੀਆਂ-ਸੋੜ੍ਹੀਆਂ ਪੈਂਦੀਆਂ ਈ ਹੁੰਦੀਆਂ। ਬੰਦੇ ਨੂੰ ਐਂ ਦਿਲ ਨ੍ਹੀਂ ਛੱਡਣਾ ਚਾਹੀਦੈ। ਊਠ ਤਾਂ ਅੜਾਂਦੇ ਈ ਲੱਦੀਦੇ ਆ। ਕਰਜ਼ਾ ਸਾਲੀ ਕੀ ਚੀਜ਼ ਆ ਦੇ ਦਾਂਗੇ। ਐਂ ਕਿਤੇ 'ਨੇਰ੍ਹੀ ਆਉਣ ਲੱਗੀ ਆ। ਦੇਣ-ਲੈਣ ਬਨਿਐ। ਦੱਸ, ਕਿਹਨੇ ਨ੍ਹੀਂ ਦੇਣੇ। ਸਭ ਨੇ ਦੇਣੇ ਆ। ਸਭ ਕਰਜ਼ਾਈ ਆ। ਹੈ ਕੋਈ ਜੱਟ, ਜਿਹੜਾ ਬਾਂਹ ਕੱਢਕੇ ਆਖੇ, 'ਮੈਂ ਕਰਜ਼ਾਈ ਨ੍ਹੀਂ ਓਏ।' ਸਭ ਜੱਟ ਕਰਜ਼ਾਈ ਆ। ਕੋਈ ਥੋੜ੍ਹਾ। ਕੋਈ ਬਾਹਲਾ। ਇਹ ਟਰੈਕਟਰ, ਟਰੈਕਟਰਾਂ 'ਤੇ ਵੱਜਦੀਆਂ ਟੇਪਾਂ। ਮੋਟਰਸਾਈਕਲ। ਲੰਡੀਆਂ ਜੀਪਾਂ 'ਤੇ ਕੋਠੀਆਂ ਤੇ ਟੈਂਕੀਆਂ, ਡਿੱਸਾਂ! ਐਨਟੀਨੇ। ਸਭ ਫੋਕੀ ਹੈਂਕੜ ਦਾ ਵਿਖਾਵਾ ਹੈ। ਜੱਟ ਹਉਮੈ ਹੈ। ਜੱਟਾਂ ਦੀ ਤਾਂ ਉਹ ਗੱਲ ਆ। ਅਖੇ, ਰੱਸੀ ਜਲ ਗਈ। ਵੱਟ ਨਾ ਗਿਆ। ਜੱਟਾਂ ਦੇ ਪੱਲੇ ਹੈ ਕੀ..? ਸਵਾਏ ਜੱਟ ਹੋਣ ਦੀ ਹੈਂਕੜ ਦੇ...।

ਅਜਿਹੀਆਂ ਊਲ-ਜਲੂਲ ਸੋਚਾਂ 'ਚ ਖੁੱਭਿਆ ਹੋਇਆ, ਕਰਮ ਸਿਉਂ ਕਦੇ ਆਪਣੇ-ਆਪ ਨੂੰ ਦਿਲਾਸਾ ਜਿਹਾ ਦਿੰਦਾ ਹੈ। 'ਸਭ ਠੀਕ ਹੋ ਜੂ। ਬੰਦੇ ਨੂੰ ਸਦਾ ਚੜ੍ਹਦੀ ਕਲਾ 'ਚ ਰਹਿਣਾ ਚਾਹੀਦੈ। ਐਂ ਢੇਰੀ ਨ੍ਹੀਂ ਢਾਹੁਣੀ ਚਾਹੀਦੀ...।'

ਪਰ ਬਿੰਦ ਕੁ ਪਿੱਛੋਂ ਫਿਰ ਉਹੀ ਖਿਆਲ। ਉਹੀ ਸੋਚਾਂ। ਉਹੀ ਦ੍ਰਿਸ਼! ਉਹਦੇ ਜਿਹਨ 'ਚ ਉਭਰਦੇ। 'ਭੋਗ' ਤੇ ਲੋਕਾਂ ਦਾ ਠਾਠਾਂ ਮਾਰਦਾ ਇਕੱਠ। ਲੀਡਰਾਂ ਦੇ ਭਾਸ਼ਨ। ਕਿਸਾਨ ਦੀ ਤ੍ਰਾਸਦੀ ਦੇ ਰੋਣੇ। ਮੁੰਡੇ ਨੂੰ ਨੌਕਰੀ। ਵੀਹ ਲੱਖ...।

ਉਹ ਫਿਰ ਸੋਚਦੈ!

'ਵੀਹ ਲੱਖ ਦੀ ਰਕਮ ਕੋਈ ਥੋੜ੍ਹੀ ਨ੍ਹੀਂ ਹੁੰਦੀ। ਵੀਹ ਲੱਖ ਬਹੁਤ ਹੁੰਦੈ। ਵੀਹ ਲੱਖ! ਵੀਹ ਲੱਖ! ਵੀਹ ਲੱਖ ਦਾ ਭੂਤ ਚੱਤੋ ਪਹਿਰ ਉਹਦੇ ਦਿਮਾਗ 'ਚ ਖੌਰੂ ਪਾਈ ਰੱਖਦਾ ਸੀ।

ਦਰਅਸਲ, ਕਰਮ ਸਿਉਂ ਆਪਣੇ ਅੰਦਰ ਇਹ 'ਭਰਮ' ਪਾਲੀ ਫਿਰਦਾ ਸੀ। ਕਿ ਆਤਮ ਹੱਤਿਆ ਕਰਨ ਵਾਲੇ ਹਰ ਕਿਸਾਨ ਦੇ ਪਰਿਵਾਰ ਨੂੰ ਸਰਕਾਰ ਘੱਟੋ-ਘੱਟ 'ਵੀਹ ਲੱਖ' ਰੁਪਏ ਜ਼ਰੂਰ ਦਿੰਦੀ ਹੈ।

ਕਰਮ ਸਿਉਂ ਦਾ ਸਿਰ ਹਮੇਸ਼ਾ ਭਾਰਾ-ਭਾਰਾ ਰਹਿੰਦੈ। ਚਕਰਾਉਂਦੈ। ਦੁਖਦੈ। ਮੱਥਾ ਫਾਲੇ ਵਾਂਗੂੰ ਤਪਦੈ। ਪੈਰਾਂ ਥੱਲੇ ਅੱਗ। ਅੱਖਾਂ 'ਚ ਸੇਕ। ਤੇ ਕੰਨਾਂ 'ਚ ਸਾਂ-ਸਾਂ ਹੁੰਦੀ ਰਹਿੰਦੀ ਸੀ। ਉਦਾਸੀ ਤੇ ਪ੍ਰੇਸ਼ਾਨੀ ਉਹਦਾ ਪਿੱਛਾ ਨਹੀਂ ਸੀ ਛੱਡਦੀ। ਉਹ ਚੁੱਪ-ਗੜੁੱਪ ਜਿਹਾ ਰਹਿੰਦਾ ਹੁੰਦਾ ਸੀ। ਕਦੇ ਊਈ ਅਵਾ-ਤਵਾ ਜਿਹਾ



ਬੋਲਣ ਲੱਗ ਜਾਂਦਾ ਸੀ। ਜਿਵੇਂ ਉਹਨੂੰ ਕੁਸ਼ ਹੋ ਗਿਆ ਹੁੰਦੈ। ਉਹ ਹਰੇਕ ਤੋਂ ਦੂਰੀ ਬਣਾ ਕੇ ਰੱਖਦਾ ਸੀ। ਕਦੇ ਗਿੰਦਰ ਦੇ ਨਾਂਅ ਜ਼ਮੀਨ ਦੀ 'ਵਸੀਅਤ' ਕਰਾਉਣ ਦੀਆਂ ਗੱਲਾਂ ਕਰਦਾ ਸੀ।

"ਬੰਦੇ ਦਾ ਕੀ ਭਰੋਸਾ! ਕਦੋ ਫੂਕ ਨਿਕਲਜੇ।"

ਉਹ ਉਦਾਸ ਸੁਰ 'ਚ ਕਹਿੰਦਾ ਸੀ।

ਕਰਮ ਸਿਉਂ ਦੀ ਅਜੀਬੋ-ਗਰੀਬ ਹਾਲਤ ਵੇਖ ਕੇ, ਘਰਵਾਲੀ ਹਰਨਾਮ ਕੌਰ ਫਿਕਰ ਕਰਦੀ। ਝੁਰਦੀ। ਪੁੱਛਦੀ।

"ਥੋਨੂੰ ਐਂ ਹੋਇਆ ਕੀ ਆ? ਤੂੰ ਹੋਰੂੰ-ਹੋਰੂੰ ਕਰਦਾ ਰਹਿਨੈਂ। ਵਿੱਚੋਂ ਗੱਲ ਕੀ ਆ! ਕੁਸ਼ ਪਤਾ ਤਾਂ ਲੱਗੇ! ਹੈਂ...।"

"ਕੁਸ਼ ਵੀ ਨ੍ਹੀਂ...।" ਉਹ ਦੱਸਦੈ, "ਮੈਨੂੰ ਐਂ ਕੀ ਹੋਣੈ। ਤੂੰ ਐਵੇਂ ਮਾਰੀ ਜਾਨੀ ਆ।"

"ਮੈਂ ਐਵੇਂ ਨ੍ਹੀਂ, ਮਾਰੀ ਜਾਂਦੀ। " ਉਹ ਤਾੜ ਕੇ ਪੁੱਛਦੀ, "ਤੇਰੇ ਢਿੱਡ 'ਚ ਕੋਈ ਗੱਲ ਰਿੱਝਦੀ ਆ। ਤੂੰ ਲਕੋਨੈਂ! ਮੈਨੂੰ ਪਤੈ।"

"ਤੈਨੂੰ ਕੀ ਪਤੈ...!" ਉਹ ਥੋੜ੍ਹਾ ਠਠੰਬਰ ਜਿਹੇ ਗਿਆ ਸੀ। ਜਿਵੇਂ ਉਹਦੀ ਚੋਰੀ ਫੜੀ ਗਈ ਹੋਵੇ।

"ਮੈਨੂੰ ਪਤੈ...।" ਹਰਨਾਮ ਕੌਰ ਉਹਦੀਆਂ ਅੱਖਾਂ 'ਚ ਝਾਕੀ ਸੀ, "ਤੂੰ ਛੋਟੀ ਕੁੜੀ ਕੰਨੀਓਂ ਦੁਖੀ ਆ। ਜਿੱਦਣ ਦਾ ਉਹਦਾ ਫੋਨ ਆਇਐ। ਤੂੰ ਉੱਦਣ ਦਾ ਈ ਦਿਲ ਛੱਡੀ ਫਿਰਦੈ। ਐਂ ਦਿਲ ਛੱਡਿਐ ਸਰਜੂ! ਦੱਸ...? " ਫਿਰ ਉਹ ਥੋੜ੍ਹਾ ਤਾਅ ਜਿਹਾ ਖਾ ਕੇ ਬੋਲੀ, "ਅਸੀਂ ਕਿਤੇ ਮਰ ਤਾਂ ਨ੍ਹੀਂ ਗਏ। ਐਂਤਕੀ ਹਾੜ੍ਹੀ ਨੂੰ ਕੰਜਰਾਂ ਦਾ ਮੱਥਾ ਡੰਗਦਾਂਗੇ। ਭੁੱਖੇ। ਅਸੀਂ ਤਾਂ ਸਾਰਾ ਘਰ ਕੂੰਲਝ ਕੇ ਦੇਤਾ...। ਇਨ੍ਹਾਂ ਭੁਖਿਆਂ ਦੀ ਭੁੱਖ ਨਾ ਮਿਟੀ। ਕੰਜਰ ਕਿਸੇ ਥਾਂ ਦੇ...।"

"ਹਰਨਾਮ ਕੁਰੇ, ਕਿਉਂ ਐਵੇਂ ਕਲਪਦੀ ਆ।" ਕਰਮ ਸਿਉਂ ਠਰ੍ਹੰਮੇ ਨਾਲ ਬੋਲਿਆ ਸੀ," ਜਦੋਂ ਕੋਈ ਮਾੜਾ ਰਿਸ਼ਤੇਦਾਰ ਟੱਕਰ ਜੇ, ਫਿਰ ਐਂ ਈ ਹੁੰਦੈ। ਤੂੰ ਐਵੇਂ ਨਾ ਕਲਪ। ਮੈਂ ਬੈਠਾਂ।"

"ਮੈਂ ਕਲਪਾ ਨਾ...।" ਉਹ ਗਲੇਡੂ ਭਰਕੇ ਬੋਲੀ ਸੀ, "ਕੰਜਰ ਮੇਰੀ ਕੁੜੀ ਨੂੰ ਨਿੱਤ ਤਲਦੇ ਆ। ਕੁੱਟਦੇ ਮਾਰਦੇ ਆ। ਮੈਂ ਤਾਂ ਆਪਦੀ ਧੀ ਨੂੰ ਕਦੇ ਝਿੜਕ ਤੱਕ ਨਹੀਂ ਸੀ ਮਾਰੀ। ਤੇ ਉਹ ਕੰਜਰ...! ਹਰਨਾਮ ਕੌਰ ਦੀਆਂ ਅੱਖਾਂ 'ਚੋਂ ਧਾਰੋ-ਧਾਰ ਹੰਝੂ ਵਹਿ ਤੁਰੇ ਸੀ।

ਕਰਮ ਸਿਉਂ ਦਾ ਵੀ ਮਨ ਭਰ ਆਇਆ ਸੀ। ਉਹ ਆਪਣੇ ਹੰਝੂਆਂ 'ਤੇ ਕਾਬੂ ਪਾ ਕੇ। ਬਿਨ੍ਹਾਂ ਕੁਝ ਬੋਲੇ। ਚੁੱਪ-ਚਾਪ। ਚਾਹ ਵਾਲਾ ਡੋਲੂ ਫੜਕੇ, ਮੂੰਹ ਲਮਕਾਈ ਖੇਤਾਂ ਨੂੰ ਤੁਰ ਗਿਆ ਸੀ।

ਕਰਮ ਸਿਉਂ ਅੰਦਰੋਂ ਕਿਨਾਂ ਦੁੱਖੀ ਸੀ। ਉਹ ਜਾਣੇ ਜਾਂ ਉਹਦਾ ਰੱਬ।

ਤੇ ਹਰਨਾਮ ਕੌਰ? ਹਰਨਾਮ ਕੌਰ ਨੂੰ ਇੱਕ ਤਾਂ 'ਗਠੀਏ' ਦੀ ਬਿਮਾਰੀ ਸੀ। ਦੂਜਾ ਗਿੰਦਰ ਵੀ ਹੁਣ ਪੁੱਠੇ ਲੱਛਣੀ ਪੈ ਗਿਆ ਸੀ। ਤੇ ਉੱਤੋਂ ਆਹ ਕੁੜੀਆਂ ਦੀ ਕਬੀਲਦਾਰੀ ਨੇ ਉਹਨੂੰ ਜਮ੍ਹਾ ਭੁੰਜੇ ਲਾਹ ਦਿੱਤਾ ਸੀ। ਖਾਸ਼ ਕਰਕੇ ਛੋਟੀ ਕੁੜੀ ਵੱਲੋਂ ਉਹ ਬਾਹਲੀ ਦੁੱਖੀ ਸੀ। ਛੋਟੀ ਕੁੜੀ ਦੇ ਸਹੁਰੇ ਬਾਹਲੇ ਲਾਲਚੀ ਸੀ। ਦਾਜ ਦੇ ਲੋਭੀ। ਭੁੱਖੇ।

ਕਰਮ ਸਿਉਂ ਨੇ ਤਿੰਨਾਂ ਕੁੜੀਆਂ ਦੇ ਵਿਆਹ 'ਤੇ ਦਿਲ ਖੋਲ੍ਹ ਕੇ ਖੁੱਲ੍ਹਾ-ਡੁੱਲ੍ਹਾ ਖਰਚ ਕੀਤਾ ਸੀ। ਵੱਡੀਆਂ ਦੇ ਮੁਕਾਬਲੇ ਛੋਟੀ ਕੁੜੀ ਦੇ ਵਿਆਹ 'ਤੇ ਵਿਤੋਂ ਵੱਧ ਖਰਚ ਕੀਤਾ ਸੀ। ਬਥੇਰਾ ਦਾਜ-ਦਹੇਜ ਦਿੱਤਾ ਸੀ। ਭਾਮੇਂ ਉਹ ਦਾਜ-ਦਹੇਜ ਦੇ ਵਿਰੁੱਧ ਸੀ ਪਰ ਉਹਦੀ ਚੱਲੀ ਨਹੀਂ ਸੀ। ਨਾ ਚਾਹੁੰਦਿਆਂ ਹੋਇਆਂ ਵੀ ਉਹਨੂੰ ਸਭ ਕੁਝ ਕਰਨਾ ਪਿਆ ਸੀ। ਰੁਝਾਨ ਹੀ ਅਜਿਹਾ ਸੀ। ਕਿ ਵੇਖੋ-ਵੇਖ ਲੋਕ ਅੱਡੀਆਂ ਚੁੱਕ-ਚੁੱਕ 'ਫਾਹਾ' ਲੈਂਦੇ ਸੀ। ਕਰਮ ਸਿਉਂ ਕਿਹੜਾ ਕਿਸੇ ਤੋਂ ਘੱਟ ਸੀ। ਆਖਿਰ ਉਹ ਵੀ ਜੱਟ ਸੀ। ਜੱਟ ਹਾਉਮੈ ਨੂੰ ਪੱਠੇ ਪਾਉਣ ਲਈ ਸ਼ਹਿਰ ਦਾ ਸਭ ਤੋਂ ਮਹਿੰਗਾ ਪੈਲੇਸ ਬੁੱਕ ਕਰਵਾਇਆ ਸੀ। ਬਰਾਤ ਦੀ ਖੂਬ ਸੇਵਾ ਕੀਤੀ ਸੀ। ਦਾਜ-ਦਹੇਜ ਨਾਲ ਅਗਲਿਆਂ ਦਾ ਘਰ ਭਰ ਦਿੱਤਾ ਸੀ। ਪਰ ਉਹ ਫਿਰ ਵੀ ਨਾ ਰੱਜੇ। ਕਮੀਨੇ। ਪ੍ਰਹੁਣਾ ਹੁਣ ਬੁਲਟ ਮੋਟਰਸਾਈਕਲ ਮੰਗਦਾ ਸੀ।

"ਮੋਟਰ ਸਾਈਕਲ ਦੇ ਜੋ, ਨਹੀਂ, ਆਪਦੀ ਨੂੰ ਲੈ ਜੋ...।"

ਪ੍ਰਹੁਣੇ ਨੇ ਫੋਨ 'ਤੇ ਕਿਹਾ ਸੀ। ਜਾਣੀ ਧਮਕੀ ਦਿੱਤੀ ਸੀ।

ਫੋਨ ਦਾ ਰਸੀਵਰ ਠਾਹ ਰੱਖਦਿਆਂ, ਗਿੰਦਰ ਭਵਕਿਆ ਸੀ।

"ਭੈਣ 'ਚੋਂ ਭੁੱਖਾ! ਸਾਲਾ ਨੰਗ...।"

ਹਰਨਾਮ ਕੌਰ ਨੂੰ ਗੱਲ ਤਾਂ ਪਹਿਲਾਂ ਵੀ ਖੁੜਕ ਗਈ ਸੀ, ਪਈ ਕਿਹਦਾ ਫੋਨ ਆ। ਫਿਰ ਵੀ ਉਹਨੇ ਪੁੱਛਿਆ।

"ਵੇ ਕੀ ਹੋਇਐ? ਕਿਹਦੇ ਫੋਨ ਸੀ?"

"ਮੋਟਰ ਸਾਈਕਲ ਮੰਗਦੈ, ਤੇਰਾ ਜਵਾਈ।" ਗਿੰਦਰ ਦੇ ਬੋਲਾਂ 'ਚੋਂ ਗੁੱਸੇ ਦਾ ਸੇਕ ਆਉਂਦਾ ਸੀ।

ਜਵਾਈ ਸਾਹਿਬ ਦੀ ਇਹ ਕੋਈ ਨਵੀਂ ਮੰਗ ਨਹੀਂ ਸੀ। ਉਹ ਤਾਂ ਪਿਛਲੇ ਮਹੀਨੇ ਤੋਂ ਹੀ ਖਹਿੜੇ ਪਿਆ ਹੋਇਆ ਸੀ। ਪਰ ਗਿੰਦਰ ਨੂੰ ਨਹੀਂ ਸੀ ਪਤਾ। ਕੁੜੀ ਨੇ ਵੀ ਕਿੰਨੀ ਵਾਰੀ ਫੋਨ ਕੀਤਾ ਸੀ। ਪਰ ਐਨੀ ਜਲਦੀ! ਖੜੇ ਪੈਰ। ਐਨੀ ਰਕਮ ਕੱਢਣੀ ਉਨ੍ਹਾਂ ਲਈ ਬਾਹਲਾ ਔਖਾ ਸੀ।

ਛੋਟੀ ਕੁੜੀ ਦੇ ਸਹੁਰੇ ਚੋਖੀ ਜ਼ਮੀਨ-ਜਾਇਦਾਦ ਦੇ ਮਾਲਕ ਸੀ। ਰੱਜੇ-ਪੁੱਜੇ ਜੱਟ ਸੀ। ਪਰ ਨੀਤ ਦੇ ਬਾਹਲੇ ਮਾੜੇ ਸੀ। ਰੱਜ ਕੇ ਸੂੰਮ ਤੇ ਚੀਪੜ। ਲਾਲਚੀ। ਪਿੰਡ 'ਚ ਉਹ 'ਮੱਖੀ ਚੂਸ' ਕਰਕੇ ਜਾਣੇ ਜਾਂਦੇ ਸੀ।

ਗਿੰਦਰ ਚੁੱਲ੍ਹੇ ਚੜ੍ਹੇ ਤਵੇ ਵਾਂਗੂੰ ਤਪਿਆ, ਲਗਾਤਾਰ ਬੋਲੀ ਜਾਂਦਾ ਸੀ। ਗਾਲ੍ਹਾਂ ਕੱਢੀ ਜਾਂਦਾ ਸੀ।

"ਭੈਣ ਚੋ...। ਸਾਲੇ ਨੰਗ।"

"ਉਹਨੂੰ ਕੰਜਰ ਨੂੰ ਕਿਹਾ ਤਾਂ ਹੈ। ਪਈ ਹਾੜੀ ਤੱਕ ਰੁੱਕ ਲੈ।" ਹਰਨਾਮ ਕੌਰ ਦੁਖੀ ਮਨ ਨਾਲ ਬੋਲੀ ਸੀ, ਇਥੇ ਕਿਹੜਾ ਰੁੱਖਾਂ ਨੂੰ ਲੱਗਦੇ ਆ, ਨੋਟ! ਜੱਟ-ਜ਼ਿਮੀਦਾਰ ਦੀ ਤਾਂ ਇੱਕ 'ਫ਼ਸਲ' 'ਤੇ ਆਸ ਹੁੰਦੀ ਆ। ਉਹ ਵੀ ਜੇ ਸਹੀ ਸਲਾਮਤ ਘਰ ਆ ਜਾਵੇ ਤਾਂ...।"

"ਉਹ ਤਾਂ ਮੇਰਾ ਸਾਲਾ ਧਮਕੀਆਂ ਦਿੰਦੈ। ਕਹਿੰਦੈ, ਮੋਟਰ ਸਾਈਕਲ ਦੇ ਜੋ। ਨਹੀਂ ਆਪਦੀ ਨੂੰ ਲੈਜੋ! ਮੈਂ ਹੋਰ ਕਰਾਲੂੰ...! ਪੁੱਤ, ਤੂੰ ਹੋਰ ਕਰਾ! ਪਹਿਲਾਂ, ਉਨ੍ਹਾਂ ਚਿਰ ਛੱਡ ਆਪਣੀ ਭੈਣ ਨੂੰ ਮੇਰੇ ਘਰ...। ਪਵੇ ਥੱਲੇ...। ਤੈਨੂੰ ਦੇਵਾਂ ਮੋਟਰਸਾਈਕਲ ਸਾਲਿਆ...।"

"ਚੱਲ ਹੁਣ ਤੂੰ ਚੁੱਪ ਕਰ ਜਾ।" ਗਿੰਦਰ ਦੀ ਵਹੁਟੀ ਜਸਪ੍ਰੀਤ ਬੋਲੀ ਸੀ, "ਜ਼ਰੂਰ ਲੋਕਾਂ ਨੂੰ ਸੁਣਾਉਣੈ। ਇਹ ਤਾਂ ਆਪਣਾ ਮਸਲਾ, ਆਪਾਂ ਹਲ ਕਰਾਂਗੇ।" ਜਸਪ੍ਰੀਤ ਨੇ ਸਿਆਣੀ ਗੱਲ ਕੀਤੀ ਸੀ।

"ਮਸਲਾ ਭੈਣ 'ਚੋਂ ਆਪੇ ਹਲ ਹੁੰਦਾ ਫਿਰੂ, ਸਾਲਿਆ ਨਾ ਲਾਗਾ-ਦੇਗਾ ਛੱਡੋ। ਨਾ ਆਓ-ਨਾ ਜਾਓ। ਫਿਰ ਮੈਂ ਵੇਖੂ ਕੀ ਕਰਦੇ ਆ ਵੱਡੇ ਨੰਗੋਰੀ...।"

"ਵੇ ਐਂ ਕਿਸੇ ਸਰਜੂ।" ਹਰਨਾਮ ਕੌਰ ਤੜਫ ਕੇ ਬੋਲੀ ਸੀ, "ਚੰਦਰਿਆ! ਅਸੀਂ ਧੀਆਂ ਆਲੇ ਆ। ਧੀਆਂ ਆਲਿਆਂ ਨੂੰ ਹਮੇਸ਼ਾ ਲਿਫਨਾ ਪੈਂਦਾ...।"

"ਫਿਰ ਲਿਫੀ ਜਾਹ...।" ਗਿੰਦਰ ਕੁੱਦ ਕੇ ਪਿਆ, "ਬੂ-ਬੂ ਕਾਹਤੋਂ ਕਰਦੀ ਆ। ਇਹ ਤੇਰੀ 'ਪੁੱਚ-ਪੁੱਚ' ਨੇ ਸਾਰੇ ਪੁਵਾੜੇ ਪਾਏ ਵੇ ਆ...।"

"ਵੇ ਮੈਂ ਕੀ ਪੁੱਚ-ਪੁੱਚ ਕਰਦੀ ਆ। ਮੈਂ ਕੋਈ ਘਰ ਲੁਟਾਈ ਜਾਨੀ ਆ। ਮੈਂ ਧੀਆਂ ਨੂੰ ਕੁਸ਼ ਚੋਰੀ ਦਿਨੀ ਆ, ਥੋਤੋਂ...। ਪੁੱਛ ਜਸਪ੍ਰੀਤ ਨੂੰ...।" ਹਰਨਾਮ ਕੌਰ ਦਾ ਸਾਹ ਫੁੱਲ ਗਿਆ ਸੀ। ਮਨ ਭਰ ਆਇਆ ਸੀ, ਉਹਦੇ ਨੱਕ ਦੀ ਕਰੂੰਬਲੀ ਕੰਬੀ ਜਾਂਦੀ ਸੀ, ਉਹਦੇ ਕੰਨਾਂ ਦੀਆਂ ਵਾਲੀਆਂ ਉਦਾਸ ਮੁਦਰਾ 'ਚ ਹਿਲਦੀਆਂ। ਉਹ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਹੈ। ਆਪਣੀ ਮਾੜੀ ਕਿਸਮਤ ਨੂੰ ਕੋਸਦੀ ਹੈ।

"ਬੇ. ਜੀ... ਤੁਸੀਂ ਐਂ ਨਾ ਕਰਿਆ ਕਰੋ।" ਜਸਪ੍ਰੀਤ ਬੋਲੀ ਸੀ, "ਤੁਸੀਂ ਤਾਂ ਪਹਿਲਾਂ ਈ ਬਿਮਾਰ ਆ। ਜਦੋਂ ਤੁਸੀਂ ਐਂ ਕਰਦੇ ਆ। ਥੋਨੂੰ ਵੇਖ ਕੇ, ਬਾਪੂ ਜੀ ਦਾ ਬਲੱਡ ਪ੍ਰੈਸ਼ਰ ਵੱਧ ਜਾਂਦੈ। ਹੋਰ ਕੋਈ ਜੱਭ੍ਹ ਖੜਾ ਕਰੋਗੇ...।" ਜਸਪ੍ਰੀਤ ਵਾਹਵਾ ਸਿਆਣੀ ਤੇ ਸਮਝਦਾਰ ਔਰਤ ਹੈ। ਮਿੱਠ ਬੋਲੜੀ ਤੇ ਸੁੱਚਜੀ ਹੈ। ਸਾਊ ਤੇ ਸਚਿਆਰੀ ਹੈ। ਰਿਸ਼ਤੇਦਾਰਾਂ 'ਚ ਉਹਦੀ ਵਾਹਵਾ ਭਲ ਬਣੀ ਹੋਈ ਹੈ। ਉਹ ਆਏ-ਗਏ ਦਾ ਮਾਣ



ਸਤਿਕਾਰ ਕਰਦੀ ਹੈ। ਉਹ ਡਾਹਢੀ ਮਿਲਾਪੜੀ ਦੇ ਨਿੱਘੇ ਸੁਭਾ ਦੀ ਹੈ।

ਗਿੰਦਰ ਭਰਿਆ-ਪੀਤਾ, ਮੋਟਰਸਾਇਕਲ ਸਟਾਟ ਕਰਕੇ, ਬਾਹਰ ਨੂੰ ਤੁਰ ਗਿਆ ਸੀ। ਉਹ ਹੁਣ ਨੱਛਤਰ ਅਮਲੀ ਦੇ ਡੇਰੇ ਪੱਕਾ ਜਾਂਦਾ ਹੈ।

ਨਛੱਤਰ ਅਮਲੀ ਖੇਤਾਂ ਵਿੱਚ ਰਹਿੰਦਾ ਹੈ। ਛੜਾ-ਛਾਂਟ ਹੈ। ਆਪੇ ਪਕਾਉਂਦਾ ਹੈ। ਆਪੇ ਖਾਂਦਾ ਹੈ। ਵਾਹਵਾ ਚਿਰ ਪਹਿਲਾਂ ਉਹ ਕਿਤੋਂ ਮੁੱਲ ਦੀ ਤੀਮੀ ਲਿਆਇਆ ਸੀ। ਭਈਆਣੀ ਸੀ। ਪਰ ਉਹ ਬਹੁਤਾ ਚਿਰ ਨਹੀਂ ਸੀ ਟਿਕੀ। ਰਾਤ ਨੂੰ ਚੋਰੀ ਦੌੜ ਗਈ ਸੀ। ਅਮਲੀ ਦਾ ਵਾਹਵਾ 'ਨਿੱਕ-ਸੁੱਕ' ਵੀ ਲੈ ਗਈ ਸੀ।

"ਅਮਲੀਆ, ਕਹਿੰਦੇ, ਭਈਆਣੀ ਫੁਰਰ ਹੋ ਗਈ।" ਕੋਈ ਉਹਨੂੰ ਛੇੜਦੈ।

ਕਾਹਨੂੰ ਯਾਰ, ਫੁਰਰ ਹੋਈ ਆ। "ਅਮਲੀ 'ਨਿਮੋਸ਼ੀ' ਤੋਂ ਬਚਣ ਲਈ ਪੈਰਾਂ 'ਤੇ ਪਾਣੀ ਨਾ ਪੈਣ ਦਿੰਦਾ, "ਉਹ ਤਾਂ ਮੈਂ ਆਪ ਦਬੱਲੀ ਆ। ਸਾਲੀ ਰੋਟੀਆਂ ਬਹੁਤ ਖਾਂਦੀ ਸੀ।" ਅਮਲੀ ਝੂਠ ਬੋਲਦਾ ਸੀ। ਕੋਰਾ ਝੂਠ। ਉਹ ਨਹੀਂ ਸੀ ਜਾਣਦਾ ਕਿ ਤੀਮੀ 'ਰੋਟੀਆਂ' ਨਾਲੋਂ ਸਸਤੀ ਨਹੀਂ ਹੁੰਦੀ। ਤੀਮੀ ਬਿਨਾਂ ਘਰ ਵਿੱਚ ਬਰਕਤ ਨਹੀਂ ਹੁੰਦੀ। ਤੀਮੀ ਬਿਨਾਂ ਬੰਦੇ ਵਿੱਚ ਹਰਕਤ ਨਹੀਂ ਹੁੰਦੀ।

"ਊਈ ਨ੍ਹੀਂ ਸਾਲੇ ਤੋਂ ਪੂੰਗਿਆ ਜਾਂਦਾ ਹੋਣੈ।"

"ਭਾਈਆਣੀ ਤਾਂ ਬਾਹਲੀ ਜਰਵਾਣੀ ਸੀ।"

ਲੋਕ ਗੱਲਾਂ ਕਰਕੇ ਸਵਾਦ ਲੈਂਦੇ ਹੁੰਦੇ ਸੀ।

0 0 0

ਉੱਤੋਂ-ਅੜੁੱਤੀ ਕੁੜੀਆਂ ਦੇ ਵਿਆਹ ਕਰਨ ਤੋਂ ਬਾਅਦ, ਕਰਮ ਸਿਉਂ ਦੇ ਪੈਰ ਉਖੜਨੇ ਸ਼ੁਰੂ ਹੋ ਗਏ ਸੀ। ਵਿਆਹਾਂ 'ਤੇ ਉਹਨੇ ਵਿਤੋਂ ਵੱਧ ਖਰਚ ਕੀਤਾ ਸੀ। ਸੋਖਾ ਦਾਜ-ਦਹੇਜ ਦਿੱਤਾ ਸੀ। ਪਰ ਗਿੰਦਰ ਦਾ ਵਿਆਹ ਉਹਨੇ ਇਸ ਸ਼ਰਤ 'ਤੇ ਕੀਤਾ ਸੀ। ਕਿ ਇੱਕ ਫੁੱਟੀ ਕੌਡੀ ਦਾ ਦਾਜ-ਦਹੇਜ ਨਹੀਂ ਲੈਣਾ। ਸਿਰਫ ਗਿਆਰਾਂ ਬੰਦੇ ਬਰਾਤ ਜਾਣਗੇ। ਪਿੰਡ 'ਚ ਸਾਦੇ ਢੰਗ ਨਾਲ ਵਿਆਹ ਹੋਵੇਗਾ।

ਅਗਲੇ (ਕੁੜੀ ਵਾਲੇ) ਅੱਗੋਂ ਕਹਿੰਦੇ, ਅਸੀਂ ਜੱਟ ਆ। ਐਨੇ ਤਾਂ ਨ੍ਹੀਂ ਗਏ ਗੁਜਰੇ। ਪਈ ਪੈਲੇਸ 'ਚ ਵਿਆਹ ਨ੍ਹੀਂ ਕਰ ਸਕਦੇ।

'ਭਾਈ, ਅਸੀਂ ਕਿਹੜਾ ਨਾਈਆ, "ਕਰਮ ਸਿਉਂ ਹੱਸਦੈ," ਬਸ, ਜੱਟਾਂ ਨੂੰ ਇਹੋ ਗੱਲ ਲੈ ਬੈਠੀ। ਪਈ ਅਸੀਂ ਜੱਟ ਹੁੰਨੇ ਆ।"

ਇਹੋ ਜਿਹੀਆਂ ਸਿੱਧ-ਪੱਧਰੀਆਂ ਗੱਲਾਂ ਕਰਦਾ ਹੁੰਦਾ ਸੀ ਕਰਮ ਸਿਉਂ। ਉਹਨੂੰ ਮਰੇ ਨੂੰ ਕਿੰਨੇ ਈ ਵਰ੍ਹੇ ਹੋ ਗਏ ਆ। ਊਂ ਐਂ ਲੱਗਦੈ, ਜਿਵੇਂ ਕੱਲ੍ਹ ਦੀ ਗੱਲ ਹੁੰਦੀ ਆ। ਉਹਦੀਆਂ ਗੱਲਾਂ ਰਹਿ-ਰਹਿ ਯਾਦ ਆਉਂਦੀਆਂ।

ਉਹ ਕਹਿੰਦਾ ਹੁੰਦਾ ਸੀ। ਅਖੇ, ਭਈਆਂ ਦੀ ਆਮਦ ਨੇ ਜੱਟਾਂ ਨੂੰ ਆਲਸੀ ਬਣਾ ਤਾ। ਨਿਕੰਮੇ। ਜੇ ਭਈਏ ਨਾ ਹੁੰਦੈ। ਜੱਟਾਂ ਦੇ ਘਰ ਖਾਣ ਜੋਗੇ ਦਾਣੇ ਨਾ ਹੁੰਦੇ। ਸਭ ਕੁਝ ਭਈਆਂ 'ਤੇ ਛੱਡ ਤਾ। ਖੇਤ। ਘਰ। ਮਾਲ-ਭੰਡਾਰ। ਰਸੋਈ...। ਹੁਣ ਕੋਈ ਕਰਦਾ ਹੱਥੀ ਕੰਮ? ਸਭ ਵਿਹਲੀਆਂ ਖਾਂਦੇ ਆ। ਜੇ ਜੱਟਾਂ ਦਾ ਇਹੋ ਹਾਲ ਰਿਆ। ਤਾਂ ਪੀੜ੍ਹੀ ਦਰ ਪੀੜ੍ਹੀ ਕਰਜੇ ਦੀ ਪੰਡ ਭਾਰੀ ਹੁੰਦੀ ਤੁਰੀ ਜਾਊ...।

ਜ਼ਮਾਨੇ ਨੂੰ ਖਵਨੀ ਕਿਹੋ-ਜਿਹੀ ਵਾਅ ਲੱਗ ਗਈ ਹੈ। ਸਿਰਫ ਜੱਟਾਂ ਸਰਦਾਰਾਂ ਦੇ ਮੁੰਡੇ ਹੀ ਨਹੀਂ। ਸਗੋਂ ਦਲਿਤਾਂ ਮਜ਼ਦੂਰਾਂ ਦੇ ਮੁੰਡੇ ਵੀ ਮੁੰਦਰਾਂ ਪਾ ਕੇ, ਕੰਨ ਨੂੰ ਮੋਬਾਇਲ ਲਈ, ਮੋਟਰ ਸਾਇਕਲਾਂ 'ਤੇ ਘੁੰਮਦੇ ਆ। ਆਸ਼ਕੀ ਕਰਦੇ ਆ। ਲੜਦੇ ਆ। ਲੁੱਟਦੇ ਆ। ਹੈ ਕੋਈ ਨਸ਼ਾ, ਜਿਹੜਾ ਇਨ੍ਹਾਂ ਨੇ ਛੱਡਿਆ ਹੋਵੇ। ਪੰਜਾਬ ਦੀ ਜਵਾਨੀ ਹੁਸਨ ਤੇ ਅਣਖ ਨਸ਼ਿਆਂ ਦੀ ਦਲਦਲ ਵਿੱਚ ਗਰਕ ਹੁੰਦੀ ਜਾ ਰਹੀ ਹੈ।

ਕਰਮ ਸਿਉਂ ਨੂੰ ਕੀ ਪਤਾ ਸੀ ਕਿ ਉਹਦਾ ਗਿੰਦਰ ਵੀ ਇਸੇ ਰਾਹ ਤੁਰ ਪਵੇਗਾ।

ਕਰਮ ਸਿਉਂ ਦੀ ਮੌਤ ਤੋਂ ਬਾਅਦ, ਗਿੰਦਰ ਨਸ਼ੇ-ਪੱਤੇ ਦਾ ਪੱਕਾ ਆਦੀ ਹੋ ਗਿਆ ਸੀ। ਅਮਲੀ। ਸ਼ਰਾਬੀ। ਹੁਣ ਉਹਨੂੰ ਕਿਸੇ ਦਾ ਡਰ ਨਹੀਂ ਸੀ। ਕਿਸੇ ਦੀ ਝੇਂਪ ਨਹੀਂ ਸੀ। ਉਹ ਖੁਦ ਮੁਖਤਿਆਰ ਸੀ। ਮਾਲਕ

ਸੀ। ਮਨ ਆਈਆਂ ਕਰਦਾ ਸੀ। ਵਿਹਲੜ ਮੁੰਡਿਆਂ ਨਾਲ ਘੁੰਮਦਾ ਸੀ। ਉਹਨੇ ਕੇਸ ਕਟਾ ਲਏ ਸੀ। ਕੰਨਾਂ 'ਚ ਮੁਰਕੀਆਂ ਪਾ ਲਈਆਂ ਸੀ। ਟਰੈਕਟਰ ਤੇ ਉੱਚੀ ਆਵਾਜ਼ 'ਚ ਡਿੱਕ ਲਾ ਕੇ ਰੱਖਦਾ ਸੀ। ਕਿਸੇ ਦੀ ਕੱਖ ਪ੍ਰਵਾਹ ਨਹੀਂ ਸੀ ਕਰਦਾ। ਉਹ ਨੂੰ ਨਾ ਖੇਤਾਂ ਦਾ ਫਿਕਰ ਸੀ। ਨਾ ਘਰ ਦਾ...। ਉਹ ਆਪਣੇ ਖੇਤ ਮਗਰੋਂ ਵਾਹੁੰਦਾ ਬੀਜਦਾ ਸੀ। ਪਹਿਲਾਂ ਲਿਹਾਜਾਂ ਪੂਰਦਾ ਸੀ। ਵੰਗਾਰਾਂ ਕਰਦਾ ਸੀ। ਯਾਰੀਆਂ ਪਾਲਦਾ ਸੀ। ਸ਼ੈਤਾਨ ਲੋਕ ਉਹਨੂੰ ਨਸ਼ਾ-ਪੱਤਾ ਕਰਾਕੇ ਟਰੈਕਟਰ ਦਬੱਲੀ ਫਿਰਦੇ ਸੀ। ਵਰਤਦੇ ਸੀ। ਗਿੰਦਰ ਨਾ ਸਮਝ ਸੀ। ਪਾਡਾ ਸੀ। ਦਲੇਰ ਸੀ। ਲਾਪ੍ਰਵਾਹ ਸੀ। ਉਹਦੀ ਲਾਪ੍ਰਵਾਹੀ ਕਰਕੇ ਟਰੈਕਟਰ ਛੇਤੀ ਖੜਕ ਗਿਆ ਸੀ। ਵਾਧੂ ਤੇਲ ਪੀਂਦਾ ਸੀ। ਧੱਕੇ ਨਾਲ ਸਟਾਟ ਹੁੰਦਾ ਸੀ।

ਨਛੱਤਰ ਅਮਲੀ ਕਹਿੰਦਾ ਹੁੰਦਾ ਸੀ। ਅਖੇ, ਗਿੰਦਰ ਤੇ ਗਿੰਦਰ ਦਾ ਟਰੈਕਟਰ ਦੋਵੇਂ ਘਰ ਦਾ ਖੌਅ ਆ।

ਸੱਚੀ ਗੱਲ ਸੀ। ਗਿੰਦਰ ਬਹੁਤ ਢੀਠ ਹੋ ਗਿਆ ਸੀ। ਆਲਸੀ, ਨਿਕੰਮਾ। ਉਹ ਗਈ ਰਾਤ ਨੂੰ ਘਰ ਵੜਦਾ ਸੀ। ਸੂਰਜ ਨੂੰ ਪਿੱਠ ਵਿਖਾ ਕੇ ਉਠਦਾ ਹੁੰਦਾ ਸੀ। ਖੇਤੀ ਦਾ ਕੰਮ ਇੱਕ ਤਰ੍ਹਾਂ ਨਾਲ ਚੌਪਟ ਹੋ ਗਿਆ ਸੀ। ਪਹਿਲਾਂ ਵਾਂਗੂੰ ਭਰਵੀਂ ਫਸਲ ਨਹੀਂ ਸੀ ਹੁੰਦੀ। ਮਾਲ-ਡੰਗਰ ਰੁਲ ਗਿਆ ਸੀ। ਇੱਕ ਸੰਮੂ ਭਈਆ ਹੀ ਸੀ ਜਿਹੜਾ ਕੋਹਲੂ ਦੇ ਬਲਦ ਵਾਂਗੂੰ ਨੀਵੀਂ ਪਾ ਕੇ ਚੁੱਪ-ਚਾਪ ਵਗਦਾ ਸੀ। ਇਸ ਘਰ ਦਾ 'ਲੇਖਾ' ਦਿੰਦਾ ਸੀ।

ਆਰਥਿਕ ਪੱਖੋਂ ਕਮਜ਼ੋਰ ਤੇ ਸਿਹਤ ਪੱਖੋਂ ਦਿਨੋਂ-ਦਿਨ ਨਿਘਰਦਾ ਜਾਂਦਾ ਗਿੰਦਰ ਬਹੁਤ ਲੜਾਕਾ ਤੇ ਚਿੜਚਿੜਾ ਹੋ ਗਿਆ ਸੀ। ਉਹਦੇ ਖਰ੍ਹਵੇ ਤੇ ਤੱਤੇ ਸੁਭਾ ਕਰਕੇ ਰਿਸ਼ਤੇਦਾਰ ਦੂਰ ਹੋ ਗਏ ਸੀ। ਹਰਨਾਮ ਕੌਰ 'ਤੇ ਜਸਪ੍ਰੀਤ ਕਿਵੇਂ ਨਾ ਕਿਵੇਂ ਦਰ-ਗੁਜਰ ਕਰੀ ਜਾਂਦੀਆਂ ਸੀ। ਉਹ ਦੁੱਖ ਰੋਣ ਤੇ ਕਿਹਦੇ ਕੋਲ ਰੋਣ...? ਉਹ ਦੋਵੇਂ ਬੇਵੱਸ ਤੇ ਮਜ਼ਬੂਰ ਸੀ।

ਗਿੰਦਰ ਨੇ ਜਿੱਦਣ ਟਰੈਕਟਰ ਵੇਚਿਆ ਸੀ, ਹਰਨਾਮ ਕੌਰ ਨੇ ਵਾਹਵਾ ਪਿੱਟ ਸਿਆਪਾ ਕੀਤਾ ਸੀ।

"ਕੰਜਰਾ, ਤੂੰ ਕਿਹਨੂੰ ਪੁੱਛ ਕੇ ਟਰੈਕਟਰ ਵੇਚਿਐ? " ਹਰਨਾਮ ਕੌਰ ਨੇ ਥੱਲੇ ਖੂੰਡੀ ਮਾਰ ਕੇ ਪੁੱਛਿਆ ਸੀ।

"ਵੇਚਿਐ, ਤੈਨੂੰ ਕੀ...? "

"ਮੈਨੂੰ ਹੈ ਨ੍ਹੀਂ...? ਮੈਂ ਘਰ ਦੀ ਮਾਲਕ ਆ।"

"ਹੂੰ... ਮਾਲਕ!" ਗਿੰਦਰ ਹੂੰਗਰ ਮਾਰ ਕੇ ਹੱਸਿਆ ਸੀ।

"ਜਿਹੜੇ 'ਚੱਜ' ਤੂੰ ਕਰਦਾ ਫਿਰਦੈ, ਭੁੱਖਾ ਮਰੇਂਗਾ।"

ਹਰਨਾਮ ਕੌਰ ਕਲਪਦੀ, "ਕੰਜਰਾ, ਪਿਉ-ਦਾਦੇ ਦੀ ਜ਼ਮੀਨ ਨੂੰ 'ਟੱਕ' ਧਰ ਲਿਐ। ਉਨ੍ਹਾਂ ਨੇ ਤਾਂ ਇੱਕ 'ਸਿਆੜ' ਨ੍ਹੀਂ ਗਵਾਇਐ! ਤੇ ਤੂੰ...? "

"ਮੈਂ ਜਾਣਦੈ, ਪਿਉ-ਦਾਦੇ ਨੂੰ...।" ਉਹ ਵਿਅੰਗ ਕੱਸਦੈ," ਉਨ੍ਹਾਂ ਨੂੰ ਕੀ ਪਤਾ ਸੀ। ਡੱਡਾਂ ਕਿਹੜੇ ਵੇਲੇ ਪਾਣੀ ਪੀਂਦੀਆਂ। ਉਹ ਤਾਂ ਕੇਰਾਂ 'ਬੀਜ' ਆਉਂਦੇ ਸੀ। ਜੇ ਹੋ ਜਾਂਦੀ ਸੀ ਤਾਂ 'ਵੱਢ' ਲੈਂਦੇ ਸੀ। ਨਹੀਂ ਤਾਂ ਚੱਲ ਭਾਈ ਮੇਰੇ ਆਪਦੈ...। ਪੈਰੋਂ-ਲੱਤੋਂ ਨੰਗੇ, ਖੱਦਰ ਦੇ ਝੱਗੇ ਪਾ ਕੇ, ਸੱਥ 'ਚ ਬੈਠੇ ਗੱਪਾਂ ਮਾਰਦੇ ਰਹਿੰਦੇ ਸੀ। ਨਾਲੇ ਧੜੀ-ਧੜੀ ਦੇ ਪੱਦ ਮਾਰੀ ਜਾਂਦੇ ਸੀ।" ਉਹ ਧਾਗੇ ਨਾਲ ਖਤ ਕੱਢੀਆਂ ਮੁੱਛਾਂ 'ਚ ਖੀ-ਖੀ ਕਰਦੇ ਹੱਸਦੈ।

"ਬੇਸ਼ਰਮ।" ਹਰਨਾਮ ਕੌਰ ਹਾਰ ਜਿਹੀ ਮੰਨ ਕੇ ਚੁੱਪ ਕਰ ਜਾਂਦੀ ਸੀ।

ਗਿੰਦਰ ਦੀਆਂ ਗੱਲਾਂ ਸੁਣਕੇ ਜਸਪ੍ਰੀਤ ਨੂੰ ਹਾਸਾ ਵੀ ਆਉਂਦਾ ਸੀ। ਤੇ ਗੁੱਸਾ ਵੀ...! ਪਰ ਉਹ ਹਮੇਸ਼ਾ ਚੁੱਪ-ਗੜੁੱਪ ਰਹਿੰਦੀ ਹੁੰਦੀ ਸੀ।

ਗਿੰਦਰ ਨੇ ਦੋ-ਢਾਈ ਕਿੱਲੇ ਬੈਅ ਕਰ ਦਿੱਤੇ ਸੀ। ਦੋ ਕਿੱਲੇ ਬੁੱਟਰਾਂ ਕੋਲ ਗਹਿਣੇ ਰੱਖ ਦਿੱਤੇ ਸੀ। ਉਹ ਤੋਰੇ-ਫੇਰੇ ਤੇ ਐਬਾਂ ਦੇ ਮੂੰਹ ਸਭ ਕੁਝ ਉਜਾੜੀ ਤੁਰਿਆ ਜਾਂਦਾ ਸੀ। ਉਹ ਪਾਡਾ ਤੇ ਸੇਖੀਮਾਰ ਸੀ। ਜੇਬ ਲਕਾਉਣੀ ਉਹਦੀ ਆਦਤ ਨਹੀਂ ਸੀ। ਉਹ ਗਿਣਤੀਆਂ-ਮਿਣਤੀਆਂ ਵਿੱਚ ਨਹੀਂ ਸੀ ਪੈਂਦਾ ਹੁੰਦਾ।

ਪਹਿਲੇ ਟਰੈਕਟਰ ਦੀਆਂ (ਜਿਹੜਾ ਵੇਚਿਆ ਸੀ) ਅਜੇ ਪੂਰੀਆਂ ਕਿਸ਼ਤਾਂ ਨਹੀਂ ਸੀ ਮੋੜੀਆਂ। ਹੁਣ



ਉਹਨੇ ਥੋੜ੍ਹਾ ਚਿਰ ਚੱਲਿਆ ਟਰੈਕਟਰ ਖਰੀਦ ਲਿਆ ਸੀ। ਫੋਰਡ।

ਦਾਰੂ ਨਾਲ ਧੁੱਤ ਹੋਏ ਗਿੰਦਰ ਨੇ ਵਿਹੜੇ 'ਚ ਲਿਆ ਕੇ ਜਦੋਂ ਟਰੈਕਟਰ ਖੜਾ ਕੀਤਾ ਤਾਂ ਜਸਪ੍ਰੀਤ ਨੇ ਬੁੜ-ਬੁੜ ਕੀਤੀ ਸੀ।

"ਏਹ ਵੀ ਲੋਕਾਂ ਜੋਗਾ ਹੋਣੈ।"

ਪਰ ਹਰਨਾਮ ਕੌਰ ਖੁਸ਼ ਸੀ। ਜਮਾਂ ਬਾਗੋ-ਬਾਗ। ਟਰੈਕਟਰ ਨਾਲ ਵਿਹੜਾ ਭਰਿਆ-ਭਰਿਆ ਲੱਗਦਾ ਸੀ। ਜਿੱਦੇ ਦਾ ਟਰੈਕਟਰ ਵੇਚਿਆ ਸੀ। ਉਦੋਂ ਦਾ ਓਹਨੂੰ ਵਿਹੜਾ ਸੁੰਨਾ-ਸੁੰਨਾ ਲੱਗਦਾ ਸੀ। ਜਮਾਂ ਭਾਂ-ਭਾਂ ਕਰਦਾ। ਅੱਜ ਫਿਰ ਵਿਹੜੇ ਨੂੰ ਭਾਗ ਲੱਗੇ ਸੀ। ਉਹ ਸੋਚਦੀ, ਉਸੇ ਜੱਟ ਦਾ ਘਰ ਭਾਗਾਂ ਵਾਲਾ ਹੁੰਦੈ। ਜਿਹਦੇ ਵਿਹੜੇ 'ਚ ਟਰੈਕਟਰ ਹੋਵੇ। ਟਰਾਲੀ ਹੋਵੇ। ਮੱਝਾਂ-ਗਾਂਈਆਂ ਹੋਣ। ਕੱਟੇ-ਵੱਛੇ ਹੋਣ...। ਇਸ ਸੱਭ ਕਾਮੇ ਤੋਂ ਬਿਨਾਂ, ਜੱਟ ਦਾ ਘਰ ਨਾਈਆਂ ਦਾ ਘਰ ਲੱਗਦੈ।

ਉਹ ਖੁਸ਼ੀ ਦੀ ਰੌਅ 'ਚ ਬੋਲੀ ਸੀ।

'ਮੇਰਾ ਪੁੱਤ! ਇਹਨੂੰ ਹੁਣ ਪਹਿਲਾਂ ਵਾਂਗੂੰ ਨਾ ਭੰਨੀ।" ਉਹ ਟਰੈਕਟਰ 'ਤੇ ਹੱਥ ਫੇਰਦੀ ਹੈ, ਬਗਾਨੇ ਹੱਥੀ ਨਾ ਦਈ। ਇਹ ਚੀਜ਼ਾਂ ਕਿਤੇ ਐਵੇਂ ਬਣਦੀਆਂ...।"

ਗਿੰਦਰ ਨੇ ਮਾਂ ਦੀਆਂ ਸੱਤਾਂ ਦੀ ਨਾ ਪਹਿਲਾਂ ਕਦੇ ਪ੍ਰਵਾਹ ਕੀਤੀ ਸੀ। ਨਾ ਹੁਣ ਕੀਤੀ ਸੀ। ਉਹ ਇੱਕ ਕੰਨ ਸੁਣਦਾ ਸੀ। ਦੂਜੇ ਕੰਨ ਕੱਢ ਦਿੰਦਾ ਹੁੰਦਾ ਸੀ। ਬਾਹਲਾ ਢੀਠ ਸੀ। ਮਨਮਨਤੀਆ। ਉਹ ਨਾਲ ਆਏ ਦੋ ਮੁੰਡਿਆਂ ਨੂੰ ਲੈ ਕੇ ਬੈਠਕ ਵਿੱਚ ਵੜ ਗਿਆ ਸੀ। ਪਿੱਛੋਂ ਪੀਂਦੇ ਆਏ ਸੀ। ਹੁਣ ਫਿਰ ਪੀਣ ਬਹਿ ਗਏ ਸੀ। ਸੰਮੂ ਭਈਏ ਨੇ ਪਾਣੀ ਦਾ ਜਗ। ਗਲਾਸੀਆਂ ਤੇ ਆਚਾਰ ਵਗੈਰਾ ਉਨ੍ਹਾਂ ਦੇ ਮੂਹਰੇ ਰੱਖ ਦਿੱਤਾ ਸੀ।

ਹਨੀ ਤੇ ਮਨੀ ਟਰੈਕਟਰ 'ਤੇ ਚੜ੍ਹਕੇ ਇੱਲਤਾਂ ਜਿਹੀਆਂ ਕਰੀ ਜਾਂਦੇ ਸੀ। ਹਾਰਨ ਵਜਾ ਕੇ ਖੁਸ਼ ਹੁੰਦੇ ਸੀ। ਲੁੱਡੀਆਂ ਪਾਉਂਦੇ ਸੀ। ਮੂੰਹ ਨਾਲ ਟੀ.ਟੀ. ਕਰਦੇ ਸੀ।

"ਵੇ, ਉਤਰੋ ਥੱਲੇ, ਕੁਝ ਭੰਨੋਗੇ।" ਹਰਨਾਮ ਮਿੱਠੀ ਝਿੜਕ ਮਾਰਦੀ ਹੈ, "ਵੇ ਸੱਟ ਵੱਜੂ ਵੇ ਥੋਡੇ। ਵੇ ਕੰਜਰੋ ਹੜ ਜੋ।"

ਪਰ ਜਵਾਕ ਕਦੋਂ ਕਿਸੇ ਦੀ ਮੰਨਦੇ ਹੁੰਦੇ ਆ।

0 0 0

ਹਰਨਾਮ ਕੌਰ ਦੇ ਜੋੜਾਂ 'ਚ ਬਾਹਲੀ ਦਰਦ ਹੁੰਦੀ ਰਹਿੰਦੀ ਹੈ। ਕੋਈ ਦਵਾ-ਦਾਰੂ ਭੋਰਾ ਜਿਨ੍ਹਾਂ ਅਸਰ ਨਹੀਂ ਕਰਦੀ। ਫਿਰ ਵੀ ਉਹ ਦਵਾਈਆਂ ਖਾਂਦੀ ਰਹਿੰਦੀ ਹੈ। ਖੂੰਡੀ ਦੇ ਆਸਰੇ ਮਾੜਾ-ਮੋਟਾ ਤੁਰਦੀ ਫਿਰਦੀ ਹੈ। ਹੌਂਸਲੇ ਵਾਲੀ ਹੈ। ਆਪਣੀ ਬਿਮਾਰੀ ਨਾਲੋਂ ਵੱਧ ਉਹ ਗਿੰਦਰ ਦੇ 'ਲੱਛਣਾਂ' ਤੋਂ ਦੁਖੀ ਹੈ। ਪ੍ਰੇਸ਼ਾਨ ਹੈ। ਉਹ ਉਦਾਸੀ ਤੇ ਬੇਵੱਸੀ ਦੇ ਆਲਮ 'ਚ ਜੀ ਰਹੀ ਹੈ। ਕਰਮ ਸਿਉਂ ਨਾਲ ਗੁਜਾਰੇ ਭਲੇ ਸਮੇਂ ਨੂੰ ਚੇਤੇ ਕਰਕੇ ਤੇ ਉਹਦੇ ਸਾਊ ਸਭਾ ਦੀਆਂ ਗੱਲਾਂ ਕਰਕੇ ਰੋਂਦੀ ਰਹਿੰਦੀ ਹੈ। ਜਸਪ੍ਰੀਤ ਉਹਨੂੰ ਦਲਾਸੇ ਦਿੰਦੀ ਖੁਦ ਰੋ ਪੈਂਦੀ ਹੈ।

ਛੋਟੀ ਕੁੜੀ ਦੇ ਸਹੁਰੇ ਕਰਮ ਸਿਉਂ ਦੇ 'ਭੋਗ' 'ਤੇ ਜ਼ਰੂਰ ਆਏ ਸੀ। ਉਸ ਤੋਂ ਬਾਅਦ ਉਨ੍ਹਾਂ ਨੇ ਕਦੇ ਪੈਰ ਨਹੀਂ ਸੀ ਪਾਇਆ। ਜਮਾ ਆਉਣਾ-ਜਾਣਾ ਛੱਡ ਦਿੱਤਾ ਸੀ। ਇੱਕ ਤਾਂ ਉਨ੍ਹਾਂ ਦੀ ਮੋਟਰ ਸਾਈਕਲ ਦੀ ਮੰਗ ਪੂਰੀ ਨਹੀਂ ਸੀ ਹੋਈ। ਦੂਜਾ, ਗਿੰਦਰ ਉਨ੍ਹਾਂ ਨੂੰ ਮੂੰਹ ਨਹੀਂ ਸੀ ਲਾਉਂਦਾ। ਉਹ ਵੀ ਗਿੰਦਰ ਨੂੰ ਚੰਗਾ ਨਹੀਂ ਸੀ ਸਮਝਦੇ। ਗਿੰਦਰ ਤੇ ਪ੍ਰਹੁਣੇ ਦੀ ਆਪਸ-ਵਿਚਦੀ ਬਣਦੀ ਨਹੀਂ ਸੀ। ਦਾਰੂ ਪੀ ਕੇ ਉਹ ਇੱਕ-ਦੋ ਵਾਰ ਖਹਿਬੜ ਵੀ ਪਏ ਸੀ। ਵਾਹਵਾ ਤੂੰ-ਤੂੰ, ਮੈਂ-ਮੈਂ ਹੋਈ ਸੀ। ਗਿੰਦਰ ਉਨ੍ਹਾਂ ਨੂੰ 'ਭੁੱਖੇ' ਕਹਿੰਦਾ ਸੀ। ਤੇ ਪ੍ਰਹੁਣਾ 'ਨੰਗਾ' ਕਹਿਣੋ ਨਹੀਂ ਸੀ ਹਟਦਾ। ਐਂ ਉਹ ਮਿਹਣੋ-ਮਿਹਣੀ ਹੁੰਦੇ, ਇੱਕ ਦੂਜੇ ਤੋਂ ਦੂਰ ਹੋ ਗਏ ਸੀ। ਜਮਾਂ ਟੁੱਟ ਕੇ ਬਹਿ ਗਏ ਸੀ। ਜਾਣੀ 'ਲਕੀਰ' ਈ ਖਿੱਚ ਦਿੱਤੀ ਸੀ।

ਰਿਸ਼ਤੇਦਾਰਾਂ ਦਾ ਟੁੱਟ ਕੇ ਬਹਿ ਜਾਣਾ, ਹਰਨਾਮ ਕੌਰ ਤੇ ਜਸਪ੍ਰੀਤ ਲਈ ਇਹ ਬਹੁਤ ਹੀ ਦੁੱਖਦਾਈ ਪਹਿਲੂ ਸੀ। ਪਰ ਉਹ ਵਿਚਾਰੀਆਂ ਕਰ ਕੁਝ ਨਹੀਂ ਸੀ ਸਕਦੀਆਂ। ਹਰਨਾਮ ਕੌਰ ਤਾਂ ਕਦੇ ਕੁਝ ਤੱਤਾ-ਠੰਢਾ ਬੋਲ ਲੈਂਦੀ ਹੁੰਦੀ ਸੀ। ਪਰ ਜਸਪ੍ਰੀਤ ਨੇ ਕਦੇ ਉੱਜਰ ਨਹੀਂ ਸੀ ਕੀਤਾ। ਉਹਨੇ ਇੱਕ ਤਰ੍ਹਾਂ 'ਚੁੱਪ' ਈ

ਸਾਧ ਲਈ ਸੀ। ਪਰ ਇੱਕ ਖ਼ਾਮੋਸ਼ ਤੁਫਾਨ ਹਮੇਸ਼ਾ ਉਹਦੇ ਅੰਦਰ ਖੌਰੂ ਪਾਉਂਦਾ ਰਹਿੰਦਾ ਹੁੰਦਾ ਸੀ।

ਪਿੰਡ ਦੇ ਕਰਜ਼ਾਈ ਕਿਸਾਨਾਂ/ ਜੱਟਾਂ ਦੀ ਲਿਸਟ 'ਚ ਗਿੰਦਰ ਦਾ ਨਾਂਅ ਸਭ ਤੋਂ ਉਪਰ ਸੀ। ਉਹ ਸੁਸਾਇਟੀ, ਬੈਂਕ ਤੇ ਆੜ੍ਹਤੀਆਂ ਦਾ ਕਰਜ਼ਾਈ ਸੀ। ਦੇਣਦਾਰ ਸੀ। ਉਹ ਵਿਹਾਰ ਦਾ ਬਹੁਤ ਮਾੜਾ ਸੀ। ਲੈਣ ਵੇਲੇ ਮਿੰਤਾਂ ਕੱਢਦਾ ਹੁੰਦਾ ਸੀ। ਦੇਣ ਵੇਲੇ ਅੱਖਾਂ ਵਿਖਾਉਂਦਾ ਹੁੰਦਾ ਸੀ। ਉਹਦੇ 'ਤੇ ਕੋਈ ਇਤਬਾਰ ਨਹੀਂ ਸੀ ਕਰਦਾ ਹੁੰਦਾ। ਇਥੋਂ ਤੱਕ ਕਿ ਕੋਈ ਕਾਮਾ ਉਹਦੇ ਦਿਹਾੜੀ ਜਾਣ ਨੂੰ ਤਿਆਰ ਨਹੀਂ ਸੀ ਹੁੰਦਾ।

ਇਸ ਸਭ ਕਾਮੇ ਦੇ ਬਾਵਜੂਦ, ਗਿੰਦਰ ਦੇ ਟਰੈਕਟਰ 'ਤੇ ਉੱਚੀ ਆਵਾਜ਼ 'ਚ ਟੇਪ ਗੂੰਜਦੀ ਰਹਿੰਦੀ ਹੈ।

'ਕਿਹੜਾ ਰੋਕਲੂ ਚੜ੍ਹਤ ਜੱਟ ਦੀ...।"

ਗਾਣਾ ਸੁਣਕੇ, ਨਛੱਤਰ ਅਮਲੀ ਮਖੌਲ ਨਾਲ ਕਹਿੰਦੈ।

'ਮਖਿਆ, ਜੱਟਾਂ ਦੇ ਪੱਲੇ ਭਾਮੇਂ ਕੁਸ਼ ਹੋਵੇ ਨਾ ਹੋਵੇ। ਪਰ ਜੱਟਾਂ ਦੀ ਚੜ੍ਹਤ ਤੇ ਮੜ੍ਹਕ ਕਦੇ ਨ੍ਹੀਂ ਮਰਦੀ ਹੁੰਦੀ। 'ਜੱਟ' ਹੋਣਾ ਈ ਵੱਡੀ ਗੱਲ ਆ। ਹੈ ਕਿ ਨਹੀਂ...।" ਉਹ ਹੱਥ ਤੇ ਹੱਥ ਮਾਰ ਕੇ ਹੱਸਦਾ ਹੈ।

ਗਿੰਦਰ ਦਾ ਟਰੈਕਟਰ ਧੂੰਏਂ ਦਾ "ਵਰੋਲਾ" ਛੱਡਦਾ ਹੋਇਆ ਅੱਗੇ ਲੰਘ ਜਾਂਦਾ ਹੈ।

"ਸਾਲਾ, ਚੜ੍ਹਤ ਦਾ ਚੱਕਿਐ। ਨੰਗ।" ਅਮਲੀ ਇੱਕ ਪਾਸੇ ਨੂੰ ਥੁੱਕ ਦੀ ਪਿਚਕਾਰੀ ਜਿਹੀ ਮਾਰਦਾ ਹੈ।

ਹਰਨਾਮ ਕੌਰ ਦਾ 'ਗਠੀਆ' ਹੁਣ ਇਸ ਸਟੇਜ਼ 'ਤੇ ਸੀ ਕਿ ਉਸਦਾ ਇਲਾਜ਼ ਅਸੰਭਵ ਸੀ। ਉਹਦਾ ਸਰੀਰ ਫੁੱਲ ਗਿਆ ਸੀ। ਉਹ ਤੁਰਨ-ਫਿਰਨ ਵੱਲੋਂ ਆਰ੍ਹੀ ਸੀ। ਬਿਮਾਰੀ ਦੇ ਨਾਲ-ਨਾਲ ਘਰਦੇ ਝੋਰਿਆਂ ਨੇ ਉਹਦੇ ਸਾਹ-ਸੱਤ ਸੂਤ ਲਏ ਸੀ। ਉਹ ਸੁਘੜ-ਸਿਆਣੀ ਨੂੰਹ ਤੇ ਮਾਸੂਮ ਪੋਤਿਆਂ ਦੇ 'ਕੱਲ੍ਹ' ਬਾਰੇ ਸੋਚ ਕੇ ਡਾਹਢੀ ਦੁੱਖੀ ਹੁੰਦੀ। ਰੋਂਦੀ। ਕਲਪਦੀ।

"ਵੇ ਚੰਦਰਿਆ! ਜੇ ਮੈਨੂੰ ਪਤਾ ਹੁੰਦੈ। ਤੂੰ ਇਹੋ ਜਿਹਾ ਨਿਕਲਨੈ। ਮੈਂ ਇੱਕ ਦੇ ਦੋ ਜੰਮ ਲੈਂਦੀ।" ਹਰਨਾਮ ਕੌਰ ਰੁਦਨ ਕਰਦੀ। ਮਣ-ਮਣ ਰੌਂਦੀ। ਹੰਝੂ ਕੇਰਦੀ।

"ਬੇ-ਜੀ, ਤੁਸੀਂ ਐਂ ਕਿਉਂ ਕਰਦੇ ਹੁੰਨੇ ਆ? " ਜਸਪ੍ਰੀਤ ਭਰੇ ਮਨ 'ਚੋਂ ਬੋਲਦੀ, "ਜੇ ਥੋਨੂੰ ਕੁਸ਼ ਹੋ ਗਿਐ? ਸਾਡਾ ਕੀ ਬਣੂ...? " ਉਹਦੀਆਂ ਅੱਖਾਂ ਛਲਕ ਪੈਂਦੀਆਂ।

"ਨੀ ਧੀਏ, ਮੈਨੂੰ ਤਾਂ ਮਿਲਖੀ ਲੰਬੜ ਨੇ ਦੱਸਿਐ। ਕਹਿੰਦੈ, ਚਾਚੀ... ਗਿੰਦਰ ਨੇ ਚਾਰ ਕਨਾਲਾਂ ਨਿਆਈ 'ਚੋਂ ਅਧਰਮੀਆਂ ਨੂੰ ਵੇਚਤੀ। ਇੱਕ ਕਨਾਲ ਦਾ ਜੱਗੋ ਨਾਈ ਤੋਂ 'ਬਿਆਨਾ' ਫੜਿਐ। ਤੇ ਦਸ ਮਰਲੇ ਉਸ ਸੱਤੀ ਵਹਿਲ ਨੂੰ ਦੇਣ ਨੂੰ ਫਿਰਦੈ...। ਨੀ ਨੇਰ੍ਹ ਸਾਂਈ ਦਾ...। ਨੀ ਹੇਠਲੀ ਉੱਤੇ ਆਗੀ। ਨੀ 'ਲਾਗੀ-ਭਾਗੀ' ਜੱਟਾਂ ਦੀਆਂ ਜ਼ਮੀਨਾਂ ਖਰੀਦਣ ਲਪਏ ਨੀ...ਨੀ ਲੋਹੜੈ।" ਹਰਨਾਮ ਕੌਰ ਦਾ ਸਾਹ ਚੜ੍ਹ ਗਿਆ ਸੀ।

"ਬੇ-ਜੀ, ਏਹ ਕਿਹੜਾ ਉਨ੍ਹਾਂ ਨੂੰ 'ਦਾਨ' ਦਿੰਦੈ। ਅਗਲੇ ਪੰਡ ਰੁਪਿਆ ਦੀ ਦਿੰਦੇ ਆ।" ਜਸਪ੍ਰੀਤ ਨਿਰਪੱਖਤਾ 'ਚੋਂ ਬੋਲੀ ਸੀ।

"ਨੀ ਮੇਰੇ ਹੌਲ ਪੈਂਦਾ! ਨੀ ਮੇਰੇ ਦਿਲ ਨੂੰ ਕੁਸ਼ ਹੁੰਦੈ। ਨੀ ਮੈਨੂੰ ਪਾਣੀ ਲਿਆ ਕੇ ਦੇਹ...। ਨੀ ਮੇਰੇ ਪੁੱਤ ਦੇ ਸਿਰ ਕੁਸ਼ ਪਾਤਾ...। ਸ਼ਰੀਕਾਂ। ਨੀ ਮੇਰਾ ਘਰ ਪੱਟਤੈ...।" ਹੌਂਕਦੀ ਹਰਨਾਮ ਕੌਰ ਦਾ ਭਾਰਾ ਸਰੀਰ ਕੰਬਦਾ ਹੈ।

ਜਸਪ੍ਰੀਤ ਨੇ ਝੱਬਦੇ ਪਾਣੀ ਦਾ ਗਲਾਸ ਲਿਆ ਕੇ, ਬੇ. ਜੀ. ਦੇ ਮੂੰਹ ਨੂੰ ਲਾਇਆ ਸੀ। ਜਸਪ੍ਰੀਤ ਦਾ ਗਲਾਸ ਵਾਲਾ ਹੱਥ ਕੰਬਦਾ ਹੈ। ਥੋੜਾ ਜਿਹਾ ਪਾਣੀ ਬੇ-ਜੀ ਦੀ ਛਾਤੀ 'ਤੇ ਡੁੱਲ ਜਾਂਦਾ ਹੈ। ਉਹਦੀ ਕੁੜਤੀ ਦਾ ਗਲਾਸ ਭਿੱਜ ਜਾਂਦਾ ਹੈ।

ਪਾਣੀ ਪੀ ਕੇ ਪੰਜਾਂ-ਸੱਤਾਂ ਮਿੰਟਾਂ ਪਿੱਛੋਂ, ਬੇ. ਜੀ. ਦਾ ਚਿੱਤ ਜਦੋਂ ਕੁਝ ਟਿਕਾਣੇ ਆਉਂਦਾ ਹੈ ਤਾਂ ਜਸਪ੍ਰੀਤ ਨੇ ਕਈਆਂ ਦਿਨਾਂ ਤੋਂ ਆਪਣੇ ਢਿੱਡ 'ਚ ਦੱਬੀ ਹੋਈ ਗੱਲ ਬੇ-ਜੀ ਨਾਲ ਸਾਂਝੀ ਕੀਤੀ ਸੀ।

"ਬੇ-ਜੀ ਇੱਕ ਗੱਲ ਕਰਾਂ, ਜੇ ਮੰਨੇ ਤਾਂ...? "

"ਦਸ ਧੀਏ...!" ਬੇ-ਜੀ ਨੇ ਉਤਸੁਕਤਾ ਨਾਲ ਪੁੱਛਿਆ,



"ਤੇਰੀ ਇੱਕ ਨ੍ਹੀਂ... ਸੌ ਮੰਨੂੰ...।"

"ਬੇ-ਜੀ, ਥੋਨੂੰ ਮੇਰੇ ਨਾਲ ਕਚਹਿਰੀ ਜਾਣਾ ਪੈਣਾ।"

"ਕਚਹਿਰੀ...?" ਬੇ-ਜੀ ਦਾ ਮੂੰਹ ਖੁੱਲ੍ਹਾ ਦਾ ਖੁੱਲ੍ਹਾ ਰਹਿ ਗਿਆ ਸੀ।

"ਹਾਂ, ਕਚਹਿਰੀ।"

"ਉਥੇ ਕੀ ਕਰਨੈ...? " ਬੀ. ਜੀ. ਨੇ ਕੰਨ ਖੜੇ ਕਰ ਲਏ ਸੀ।

"ਬਸ, ਉਥੇ ਤੁਸੀਂ ਤਹਿਸੀਲਦਾਰ ਨੂੰ ਇੱਕ ਅਰਜ਼ੀ ਲਿਖ ਕੇ ਦੇਣੀ ਆ। ਪਈ ਮੇਰਾ ਪੁੱਤ ਨਸ਼ੇ-ਪੱਤੇ ਕਰਦੈ। ਦਿਮਾਗੀ ਅੱਪਸੈਟ ਰਹਿੰਦੈ। ਕੌਡੀਆਂ ਦੇ ਭਾ ਜ਼ਮੀਨ ਵੇਚੀ ਜਾਂਦੈ। ਮੇਰੇ ਪੋਤੇ ਅਜੇ ਮਾਸੂਮ ਆ। ਉਨ੍ਹਾਂ ਮਾਸੂਮਾ ਦੇ ਹੱਕ 'ਤੇ ਇਹਨੂੰ 'ਡਾਕਾ' ਮਾਰਨੋਂ ਰੋਕਿਆ ਜਾਵੇ। ਬਸ, ਐਨਾ ਕਰਨੈ...।" ਇਹ ਸਭ ਕਹਿ ਕੇ ਜਸਪ੍ਰੀਤ ਨੇ ਇੱਕ ਲੰਮਾ ਸਾਹ ਖਿੱਚਿਆ ਸੀ। ਜਿਵੇਂ ਉਹਦੇ ਸਿਰੋਂ ਮਾਣਾਂ-ਮੂੰਹੀਂ ਭਾਰ ਲਹਿ ਗਿਆ ਹੋਵੇ।

"ਤੇਰੀ ਗੱਲ ਤਾਂ ਠੀਕ ਆ ਧੀਏ...।" ਬੇ.ਜੀ. ਦੋਚਿੱਤੀ 'ਚੋਂ ਬੋਲੀ ਸੀ। "ਪਰ ਉਹ ਕੰਜਰ ਆਪਾਂ ਨੂੰ ਜਾਣ ਦੇ ਦਉ...? " ਉਹ ਗਿੰਦਰ ਦੇ ਰੰਘੜਪੁਣੇ ਤੋਂ ਡਰਦੀ ਸੀ।

"ਲੈ, ਆਪਾਂ ਉਹਨੂੰ ਕਿਤੇ ਦੱਸਣੈ...।" ਜਸਪ੍ਰੀਤ ਸਣੈ ਵਿਸ਼ਵਾਸ ਨਾਲ ਬੋਲੀ ਸੀ, "ਥੋਡੀ ਦਵਾਈ ਲੈਣ ਦੇ ਬਹਾਨੇ, ਪਰਾਂ ਕਚਹਿਰੀ ਜਾ ਵੜਾਂਗੀਆਂ।"

"ਠੀਕ ਆ ਧੀਏ। ਕੱਲ੍ਹ ਈ ਚੱਲ! ਜੇ ਕਿਤੇ ਰੱਬ ਸਾਡੀ ਵੀ ਸੁਣੇ...।" ਹਰਨਾਮ ਕੌਰ ਨੇ ਸੌਖ ਜਿਹੀ ਮਹਿਸੂਸ ਕੀਤੀ ਸੀ। ਜਿਵੇਂ ਉਹਨੇ ਉਲਝੀ ਤਾਣੀ ਸੁਲਝਾ ਲਈ ਹੋਵੇ।

ਖਸਮ ਦੇ ਵਿਰੁੱਧ ਕਚਹਿਰੀ ਚੜ੍ਹਨੋਂ ਜਸਪ੍ਰੀਤ ਦਾ ਚਿੱਤ ਘਊਂ-ਮਊਂ ਕਰਦਾ ਸੀ। ਦਿਲ ਧੜਕਦਾ ਸੀ। ਇੱਕ ਡਰ ਉਹਦੇ ਅੰਦਰ ਅਜੀਬ ਜਿਹੀ ਕੰਬਣੀ ਛੇੜੀ ਜਾਂਦੀ ਸੀ। ਉਹ ਗਿੰਦਰ ਦੇ ਤੱਤੇ-ਅੜਬ ਸੁਭਾ ਤੋਂ ਡਰਦੀ ਸੀ। ਤ੍ਰਹਿਦੀ ਸੀ। ਉਹ ਅਤਿ ਦੀ ਨਿਮਰ ਤੇ ਨਹਿਤ ਸਰੀਫ ਔਰਤ ਸੀ। ਉਹ ਅੱਜ ਤੱਕ ਗਿੰਦਰ ਮੂੰਹਰੇ ਕਦੇ ਉੱਚਾ ਨਹੀਂ ਸੀ ਬੋਲੀ, ਕਦੇ ਉੱਚਾ ਸਾਹ ਨਹੀਂ ਸੀ ਭਰਿਆ। ਉਹਦੇ ਚੰਗੇ-ਮੰਦੇ ਕੰਮਾਂ 'ਤੇ ਕਦੇ ਕਿਤੂੰ-ਪ੍ਰੰਤੂ ਨਹੀਂ ਸੀ ਕੀਤਾ। ਪਰ ਹੁਣ ਸਿਰੋਂ ਪਾਣੀ ਲੰਘ ਗਿਆ ਸੀ। ਬਰਦਾਸ਼ਤ ਦੀ ਵੀ ਕੋਈ ਹੱਦ ਹੁੰਦੀ ਹੈ। ਲੀਹ ਕੁੱਟਣ ਦੀ ਬਜਾਏ, ਜਸਪ੍ਰੀਤ ਨੇ 'ਸੱਪ' ਨੂੰ ਮਾਰਨ ਦਾ ਤੁਹੱਈਆ ਕਰ ਲਿਆ ਸੀ। ਨਿਸ਼ਾਨਾਂ ਫੁੱਡਣ ਦੇ ਇਰਾਦੇ ਨਾਲ 'ਤੀਰ' ਕਮਾਨ ਤੇ ਚੜਾ ਲਿਆ ਸੀ।

ਅਗਲੇ ਦਿਨ ਕਚਹਿਰੀ ਦਾ ਕੰਮ ਠੀਕ-ਠੀਕ ਹੋ ਗਿਆ ਸੀ। ਜਿਥੇ ਪ੍ਰੋਗਰਾਮ ਮੁਤਾਬਿਕ ਪਿੰਡੋਂ ਮਿਲਖੀ ਲੰਬੜ ਤੇ ਜਸਪ੍ਰੀਤ ਦੇ ਪੇਕਿਓਂ ਉਹਦਾ ਭਰਾ ਤੇ ਕਾਮਰੇਡ ਚਾਚਾ ਅਜਮੇਰ ਵੇਲੇ ਸਿਰ ਅੱਪੜ ਗਏ ਸੀ। ਤਹਿਸੀਲਦਾਰ ਨੂੰ ਲਿਖ ਕੇ ਦੇਣ ਦੀ 'ਨੇਕ ਸਲਾਹ' ਕਾਮਰੇਡ ਅਜਮੇਰ ਨੇ ਹੀ ਦਿੱਤੀ ਸੀ। ਉਹ ਸਿਆਣਾ ਤੇ ਸੁਲਝਿਆ ਹੋਇਆ ਬੰਦਾ ਸੀ। ਸਾਰੇ ਕਾਨੂੰਨੀ ਦਾਅ-ਪੇਚ ਜਾਣਦਾ ਸੀ।

ਤਹਿਸੀਲਦਾਰ ਨੇ ਉਨ੍ਹਾਂ ਨੂੰ ਭਰੋਸਾ ਦਵਾਇਆ ਸੀ। ਕਿ ਤੁਹਾਡੀ ਸਹਿਮਤੀ ਤੋਂ ਬਿਨਾਂ ਉਹ ਜ਼ਮੀਨ ਨਹੀਂ ਵੇਚ ਸਕਦੈ।

ਨੂੰਹ-ਸੱਸ ਦੇ ਚਿਹਰੇ ਖਿੜ ਗਏ ਸੀ। ਉਨ੍ਹਾਂ ਨੇ ਆਪਣਾ ਘਰ ਉਜੜਨੋਂ ਬਚਾ ਲਿਆ ਸੀ।

ਜਸਪ੍ਰੀਤ ਨੇ ਹੁਣ ਹੌਂਸਲਾ ਫੜ ਲਿਆ ਸੀ। ਚਿੱਤ ਤਕੜਾ ਕਰ ਲਿਆ ਸੀ। ਹਰ ਮੁਸੀਬਤ ਨਾਲ ਟੱਕਰ ਲੈਣ ਦੀ ਠਾਣ ਲਈ ਸੀ। ਉਹ ਪਹਿਲਾਂ ਦੇ ਮੁਕਾਬਲੇ ਵੱਧ ਉਤਸ਼ਾਹ ਨਾਲ ਕੰਮ ਕਰਨ ਲੱਗ ਪਈ ਸੀ। ਚੌਂਕਾ-ਚੁੱਲ੍ਹਾ ਤੇ ਘਰ ਦੇ ਹੋਰ ਨਿੱਕੇ-ਮੋਟੇ ਕੰਮਾਂ ਦੇ ਨਾਲ-ਨਾਲ ਉਹ ਮੱਝਾਂ ਸਾਂਭਦੀ। ਚੌਂਕੀ। ਦੁੱਧ ਵੇਚਦੀ। ਕਿਰਸ ਕਰਕੇ ਬੱਚਿਆਂ ਨੂੰ ਪੜ੍ਹਾਉਂਦੀ ਸੀ। ਬੱਚਿਆਂ ਦੇ ਉੱਜਲ ਭਵਿੱਖ ਲਈ ਉਹ ਹਰ ਕੁਰਬਾਨੀ ਕਰਨ ਨੂੰ ਤਿਆਰ ਸੀ।

ਛੋਟੇ ਪ੍ਰਹੁਣੇ ਨੇ ਜਮਾਂ ਲੀਕ ਵਾਹਤੀ ਸੀ। ਨਾ ਦੁੱਖਦੇ। ਨਾ ਸੁੱਖਦੇ। ਕੁੜੀ ਗਾਹੇ-ਬਗਾਹੇ ਫੋਨ ਕਰ ਲੈਂਦੀ ਸੀ, ਰਾਜੀ-ਖੁਸ਼ੀ ਪੁੱਛ ਲੈਂਦੀ ਸੀ। ਦੁੱਖ-ਸੁੱਖ ਸਾਂਝਾ ਕਰ ਲੈਂਦੀ ਸੀ।

ਹਰਨਾਮ ਕੌਰ ਛੋਟੇ 'ਪ੍ਰਹੁਣੇ' ਨੂੰ ਅਕਸਰ ਹੀ ਮੰਦਾ-ਚੰਗਾ ਬੋਲਦੀ ਰਹਿੰਦੀ ਸੀ।

"ਏਹ ਸਾਡਾ ਛੋਟਾ ਤਾਂ ਫਿਟਣੀਆਂ ਦਾ ਫੇਟ ਆ।"

ਉਹ ਆਪੇ ਨਾਲ ਗੱਲਾਂ ਕਰਦੀ, "ਅਖੇ, ਇੱਕ ਨੂੰ ਕੀ ਰੋਨੀਂ ਆ। ਲਾਣ ਈ ਊਤਿਐ...।"

ਵੱਡਾ ਪ੍ਰਹੁਣਾ ਲੰਘਦਾ-ਟੱਪਦਾ ਹਰਨਾਮ ਕੌਰ ਦੀ ਖਬਰਸਾਰ ਪੁੱਛ ਜਾਂਦਾ ਸੀ। ਕਦੇ ਕੋਈ ਦੇਸੀ ਦਵਾਈ ਜਾਂ ਤੇਲ ਬਗੈਰਾ ਵੀ ਲਿਆ ਕੇ ਦੇ ਜਾਂਦਾ ਸੀ। ਉਹ ਸਾਊ ਬੰਦਾ ਸੀ। ਭਲਾਮਾਨਸ। ਆਪਣੇ ਕੰਮ ਨਾਲ ਮਤਲਬ ਰੱਖਦਾ ਹੁੰਦਾ ਸੀ। ਨਸ਼ੇ-ਪੱਤੇ ਤੋਂ ਰਹਿਤ ਸੀ। ਖੇਤੀ ਕਰਦਾ ਸੀ। ਵੇਲੇ-ਕੁਵੇਲੇ ਟਰੈਕਟਰ ਨਾਲ ਭਾੜਾ ਵੀ ਢੋਹੁੰਦਾ ਸੀ। ਥੋੜ੍ਹੀ ਜ਼ਮੀਨ ਹੋਣ ਦੇ ਬਾਵਜੂਦ, ਉਹ ਸੁੱਖ ਦੀ ਰੋਟੀ ਖਾਂਦਾ ਸੀ।

"ਮੇਰਾ ਵੱਡਾ ਜਵਾਈ ਤਾਂ ਜਮਾਂ ਗਊ ਆ।" ਹਰਨਾਮ ਕੌਰ ਸਿਫਤਾਂ ਕਰਦੀ ਨਾ ਥੱਕਦੀ, "ਲੈ, ਐਨਾ ਚਿਰ ਹੋਇਐ, ਕੁੜੀ ਵਿਆਹੀ ਨੂੰ, ਕਦੇ ਕੋਈ ਲਾਮ੍ਹਾ ਨ੍ਹੀਂ। ਸ਼ਿਕਾਇਤ ਨ੍ਹੀਂ। ਕੁੜੀ ਬਾਹਲੀ ਸੌਖੀ ਆ। ਮੌਜਾਂ ਕਰਦੀ ਆ। ਧੀਆਂ ਤਾਂ ਭਾਈ ਸਭ ਦੀਆਂ ਰਾਜ਼ੀ-ਖੁਸ਼ੀ ਵੱਸਣ...। ਅਖੇ, ਧੀ ਸੁੱਖੀ। ਕੁਲ ਸੁੱਖੀ।"

...ਤੇ ਵਿਚਾਲੜਾ ਪ੍ਰਹੁਣਾ ਜਸਵੰਤ ਸਿਉਂ? ਹਮੇਸ਼ਾ, ਅੜੇ-ਥੁੜੇ ਇਨ੍ਹਾਂ ਦੇ ਕੰਮ ਆਉਂਦੈ। ਹਾੜ੍ਹੀ ਸਾਉਣੀ ਬੀਜਣੀ ਹੋਵੇ। ਕਟਾਈ-ਗਰਾਈ ਕਰਨੀ ਹੋਵੇ। ਉਹ ਇਨ੍ਹਾਂ ਦੀ ਮਦਦ ਕਰਦੈ। ਕਈ-ਕਈ ਦਿਨ ਇਥੇ ਰਹਿੰਦੈ। ਇਨ੍ਹਾਂ ਜਸਵੰਤ ਹੋਰਾਂ ਦਾ ਆਪਣਾ ਕੰਮ ਵਾਹਵਾ ਚੰਗੈ। ਤਿੰਨ ਭਰਾ ਇਕੱਠੇ ਰਹਿੰਦੇ ਆ। ਇਕੱਠੀ ਖੇਤੀ ਕਰਦੇ ਆ। ਇਕੱਠੇ ਪਕਾਉਂਦੇ-ਖਾਂਦੇ ਆ। 'ਇਕੱਠ ਵਰਗੀ ਕੋਈ ਰੀਸ ਆ। ਜਸਵੰਤ ਦਾ ਪਿਉ ਕਹਿੰਦਾ ਹੁੰਦੈ। ਇਕੱਠ, ਲੋਹੇ ਦੀ ਲੱਠ...।

ਜਸਵੰਤ ਦੇ ਵੱਡੇ ਦੋਵੇਂ ਭਰਾ ਹਲ ਵਾਹਕ ਹੈ। ਖੇਤਾਂ ਦੇ ਪੁੱਤ। ਨਿਰੋਲ ਪੇਂਡੂ ਜੱਟ। ਅਨਪੜ੍ਹ। ਜਸਵੰਤ ਦਸ ਜਮਾਤਾਂ ਪੜ੍ਹਿਐ। ਵਾਹਵਾ ਸਿਆਣਾ। ਤਿੱਖਾ। ਮੰਡੀ ਦਾਣਾ-ਫੱਕਾ ਵੇਚਣ ਜਾਣਾ, ਖਾਦ, ਬੀਜ, ਤੇਲ ਲਿਉਣਾ ਤੇ ਹੋਰ ਉੱਤਲੇ ਨਿੱਕੇ-ਮੋਟੇ ਕੰਮ ਕਰਨੇ, ਸਭ ਉਸਦੀ ਜ਼ਿੰਮੇਵਾਰੀ ਹੈ। ਉਂ ਵੀ ਉਹ ਤੋਰੇ-ਫੇਰੇ ਵਾਲਾ। ਰੱਜ ਕੇ ਸ਼ੌਕੀਨ ਤੇ ਸਨੁੱਖਾ ਹੈ। ਠੋਕਵੀਂ ਪੇਚਾਂ ਵਾਲੀ ਪੱਗ ਬੰਨ੍ਹਦੈ। ਮੋਚਨੇ ਨਾਲ ਦਾੜ੍ਹੀ ਦੇ ਖਤ ਕੱਢ ਕੇ ਰੱਖਦੈ। ਹਰ ਸੋਹਣੀ 'ਚੀਜ਼' ਦਾ ਆਸ਼ਕ ਹੈ। ਉਪਾਸ਼ਕ ਹੈ। ਸੋਹਣੀ ਤੀਮੀ ਹੋਵੇ ਜਾਂ ਮੱਝ-ਗਾਂ। ਉਹ ਝੱਟ ਕਾਇਲ ਹੋ ਜਾਂਦੈ। ਘਾਇਲ ਹੋ ਜਾਂਦੈ।

ਜਸਵੰਤ ਤੇ ਗਿੰਦਰ ਦੀ ਵਾਹਵਾ ਬਣਦੀ ਸੀ। ਦੋਵਾਂ ਦੀ ਉਮਰ 'ਚ ਉਨੀਂ-ਇੱਕੀ ਦਾ ਫਰਕ ਸੀ। ਜਸਵੰਤ ਕੋਈ ਹੋਰ ਨਸ਼ਾ ਤਾਂ ਨਹੀਂ ਸੀ ਕਰਦਾ ਹੁੰਦੈ। ਪਰ ਰੋਜ਼ਾਨਾ ਸੁਰਮਈ ਸ਼ਾਮ ਹੁੰਦਿਆਂ, ਚੰਗੀ ਦਾਰੂ ਦੇ ਦੋ-ਤਿੰਨ ਪੈਗ ਜ਼ਰੂਰ ਲਾਉਂਦਾ ਹੁੰਦਾ ਸੀ। ਸ਼ੌਕ ਨਾਲ ਪੀਂਦਾ ਸੀ। ਬੰਦਿਆਂ ਵਾਂਗੂੰ ਪੀਂਦਾ ਸੀ। ਪੀ. ਕੇ. ਸ਼ਿਅਰੋ-ਸ਼ੇਅਰੀ ਵੀ ਕਰਦਾ ਹੁੰਦਾ ਸੀ। ਉਹ ਇਸ਼ਕ ਮਜਾਜੀ ਤੇ ਠਰਕੀ ਸੁਭਾ ਦਾ ਸੀ।

ਜਸਪ੍ਰੀਤ ਨੂੰ ਪਤਾ ਨਹੀਂ ਕਿਉਂ ਵਹਿਮ ਜਿਹਾ ਵੱਢ-ਵੱਢ ਖਾਂਦਾ ਰਹਿੰਦਾ ਸੀ। ਉਹਦੇ ਅੰਦਰ 'ਸ਼ੱਕ' ਦਾ ਖੜੱਪਾ ਹਰ ਵੇਲੇ ਫੰਨ ਚੁਕੀ ਰੱਖਦਾ ਸੀ। ਉਹਨੂੰ ਐਂ ਲੱਗਦਾ ਸੀ ਕਿ ਜਸਵੰਤ ਉਹਦੇ 'ਤੇ ਮੈਲੀ ਅੱਖ ਰੱਖਦਾ ਹੈ। ਅਜਿਹਾ ਸੋਚ ਕੇ ਉਹਦਾ ਕਾਲਜਾ ਕੰਬ ਜਾਂਦਾ ਸੀ। ਹਾਏ ਰੱਬਾ, ਮੈਂ ਇਉਂ ਕਾਹਤੋਂ ਸੋਚਦੀ ਆ? ਨਹੀਂ! ਮੈਨੂੰ ਐਵੇਂ ਨ੍ਹੀਂ ਕਿਸੇ 'ਤੇ ਸ਼ੱਕ ਕਰਨਾ ਚਾਹੀਦੈਂ। ਉਹ ਅਜੀਬੋ-ਗਰੀਬ ਸੋਚਾਂ ਵਿੱਚ ਉਲਝੀ ਰਹਿੰਦੀ ਸੀ। ਉਹਦੇ ਧੁਰ-ਅੰਦਰ ਕਿਤੇ ਇੱਕ ਡਰ ਜਿਹਾ ਕੰਨ ਚੁੱਕੀ ਰੱਖਦਾ ਸੀ।

ਹਰਨਾਮ ਕੌਰ ਦੀ ਮੌਤ ਤੋਂ ਬਾਅਦ, ਜਸਵੰਤ ਦੇ 'ਗੇੜੇ' ਵੱਧ ਗਏ ਸੀ। ਉਹਦਾ ਮੋਟਰ ਸਾਈਕਲ ਜਦੋਂ ਵਿਹੜੇ 'ਚ ਆ ਕੇ ਰੁਕਦਾ ਸੀ। ਜਸਪ੍ਰੀਤ ਦਾ ਰੰਗ ਫੱਕ ਹੋ ਜਾਂਦਾ ਸੀ। ਦਿਲ ਧੜਕਦਾ ਸੀ। ਬੁੱਲ ਕੰਬਦੇ ਹੁੰਦੇ ਸੀ। ਉਹ ਧੜਕਦੇ ਦਿਲ ਨੂੰ ਕਾਬੂ ਕਰਕੇ, ਸ਼ਿਸਟਾਚਾਰ ਵਜੋਂ ਬਲਾਉਂਦੀ।

"ਬਾਈ ਜੀ, ਸਾਸ਼੍ਰੀਕਾਲ।"

"ਹਾਂ, ਕਿਮੇਂ ਆ, ਜਸਪ੍ਰੀਤ।" ਉਹ ਮੋਟਰ ਸਾਈਕਲ ਨੂੰ ਸਟੈਂਡ ਤੇ ਕਰਦੈ। ਬੁੱਲਾਂ 'ਚ ਹੱਸਦੈ।

"ਠੀਕ ਆ, ਬਾਈ ਜੀ।" ਉਹ ਚੁੰਨੀ ਹਿੱਕ 'ਤੇ ਖਿੱਚਦੀ। ਛਾਤੀਆਂ ਢੱਕਦੀ।

"ਹੋਰ ਫਿਰ ਕਿਮੇਂ ਆ।" ਉਹ ਉਹਦੀਆਂ ਅੱਖਾਂ 'ਚ ਸਿੱਧਾ ਝਾਕਦੈ।

'ਠੀਕ ਆ, ਬਾਈ ਜੀ।' ਉਹ ਧੱਕੇ ਨਾਲ ਮੁਸਕਰਾਉਂਦੀ। ਹੇਠਲਾ ਬੁੱਲ੍ਹ ਚੱਬਦੀ।



" ਹੋਰ ਫਿਰ...? " ਜਸਵੰਤ ਘੱਟੋ-ਘੱਟ ਤਿੰਨ-ਚਾਰ ਵਾਰੀ 'ਹੋਰ ਫਿਰ' ਸ਼ਬਦ ਦੀ ਵਰਤੋਂ ਕਰਦੈ। ਜਸਪ੍ਰੀਤ ਠੀਕ ਆ-ਬਾਈ ਜੀ' ਕਹਿੰਦੀ ਰਸੋਈ 'ਚ ਵੜ ਜਾਂਦੀ। ਉਹਦੇ ਚਿਹਰੇ 'ਤੇ ਮਾਮੂਲੀ ਜਿਹਾ ਤਣਾਅ ਪੱਸਰ ਜਾਂਦੈ। ਮੱਥੇ ਤ੍ਰਿਸ਼ੂਲ ਉੱਭਰਦੈ। ਸੀਨੇ 'ਚ ਦਿੱਲ ਫੱਟੜ ਪੰਛੀ ਵਾਂਗੂੰ ਫੜਫੜਾਉਂਦੈ। ਆਵਾਜ਼ ਕੰਬਦੀ। ਗੈਸ ਚੁੱਲਾ ਬਾਲਦੀ ਦੇ ਹੱਥ ਕੰਬਦੇ। ਇੱਕ ਦੋ। ਉਫ...। ਤੀਜੀ ਤੀਲ੍ਹੀ ਨਾਲ ਲਾਟ ਉੱਭਰਦੀ।

ਉਹਦੇ ਅੰਦਰ ਸ਼ੱਕ ਦਾ ਭਾਂਬੜ ਲਾਟੀ ਬਲਦੈ। ਉਹ ਸੋਚਦੀ। ਇਹ ਹੋਰ ਫਿਰ ਤੋਂ ਅੱਗੇ ਵੀ ਕੁਝ ਕਹਿਣਾ ਚਾਹੁੰਦੈ। ਕਹਿਣ ਤੋਂ ਪਹਿਲਾਂ, ਮੈਨੂੰ ਟੋਂਹਦੈ। ਮੇਰੇ ਅੰਦਰਲੇ ਨੂੰ ਟਟੋਲਦੈ। ਵੱਤਰ-ਖਲਵੱਤਰ ਤਾੜਦੈ। ਮੇਰੀਆਂ ਅੱਖਾਂ 'ਚੋਂ ਕੁਝ ਪੜ੍ਹਦੈ। ਮੇਰੇ ਚਿਹਰੇ ਨੂੰ ਨਿਹਾਰਦੈ। ਤਾੜਦੈ। 'ਹਾਮੀ' ਦੇ ਨਕਸ਼ ਤਲਾਸ਼ਦੈ। ਮੇਰੀ 'ਸਹਿਮਤੀ' ਦਾ ਹੁੰਗਾਰਾ ਉਡੀਕਦੈ। ਹਾਏ ਆੜਿਆ! ਏਹ ਐਂ ਕਾਹਤੋਂ ਕਰਦੈ। ਐਂ ਕਾਹਤੋਂ ਸੋਚਦੈ। ਇਹ ਸਮਝਦਾ ਕਿਉਂ ਨੀ...। ਕਿ ਹਰ ਰਿਸ਼ਤੇ ਦੀ ਆਪਣੀ ਮਰਿਯਾਦਾ ਹੁੰਦੀ ਹੈ। ਸੀਮਾ ਹੁੰਦੀ ਹੈ। ਸਮਾਜਿਕ ਰਿਸ਼ਤਿਆਂ ਦੀ ਪਵਿੱਤਰਤਾ ਨੂੰ 'ਪਲੀਤ' ਕਰਨਾ, ਇਖਲਾਕੀ ਜੁਰਮ ਹੁੰਦੈ। ਗੁਨਾਹ ਹੁੰਦੈ। " ਜਸਪ੍ਰੀਤ ਅਜਿਹੀਆਂ ਸੋਚਾਂ ਦੀ ਉਧੇੜ-ਬੁਣ 'ਚ ਉਲੱਝੀ ਰਹਿੰਦੀ ਹੁੰਦੀ ਸੀ।

ਜਸਵੰਤ ਅਕਸਰ ਜਦੋਂ ਵੀ ਆਉਂਦਾ ਹੁੰਦਾ ਸੀ। ਜਸਪ੍ਰੀਤ ਘਰੇ ਇਕੱਲੀ ਹੁੰਦੀ ਸੀ। ਉਂ ਵੀ ਉਹ ਬੇ-ਜੀ ਤੋਂ ਬਿਨਾਂ ਇਕੱਲੀ ਹੋ ਗਈ ਸੀ। ਜਮਾਂ ਸੁੰਨੀ। ਉਹਦਾ ਇਕੱਲੀ ਦਾ ਮਨ ਡਰਦੈ। ਉਛਾਲਾ ਖਾਂਦੈ।

ਸੁੰਨੀ ਨਾ ਛੱਡਿਆ ਕਰ ਵੇ
ਮੈਨੂੰ ਖਤਰਾ ਹੋ ਗਿਆ।

...ਤੇ ਫਿਰ ਇੱਕ ਦਿਨ...? ਸ਼ੱਕ ਦੇ ਖੜੱਪੇ ਨੇ ਸੱਚੀ-ਮੁੱਚੀ ਜਸਪ੍ਰੀਤ ਨੂੰ ਡੰਗ ਲਿਆ ਸੀ। ਜ਼ਹਿਰ ਨਾੜ-ਨਾੜ ਚੜ੍ਹ ਗਿਆ ਸੀ। ਉਹ ਦੀਆਂ ਸੋਚਾਂ ਨੂੰ 'ਦੰਦਲ' ਪੈ ਗਈ। ਉਹਦੇ ਚਿਹਰੇ ਦਾ ਰੰਗ ਉੱਡ ਗਿਆ ਸੀ। ਉਹ ਬੱਗੀ ਫੂਸ ਹੋ ਗਈ ਸੀ। ਜਮਾਂ ਪੂਣੀ ਵਰਗੀ।

ਜਸਵੰਤ ਨੇ ਬਿਨਾਂ ਕਿਸੇ ਡਰ ਡੁਕਰਦੇ, ਨਸੰਗ। ਉਹਦੀ ਬਾਂਹ ਫੜ ਲਈ ਸੀ। ਜਸਵੰਤ ਦੇ ਮਜ਼ਬੂਤ ਹੱਥ 'ਚ ਜਸਪ੍ਰੀਤ ਦੀ ਨਾਜ਼ੁਕ ਕਲਾਈ ਕੰਬ ਰਹੀ ਸੀ। ਕੱਚ ਦੀ ਵੰਗ ਤਿੜਕ ਗਈ ਸੀ। ਵੰਗ ਦਾ ਟੁੱਕੜਾ ਜਸਪ੍ਰੀਤ ਦੀ ਬਾਂਹ 'ਚ ਖੁੱਭ ਗਿਆ ਸੀ। ਪੀੜ ਧੁਰ-ਅੰਦਰ ਤੱਕ ਲਹਿ ਗਈ ਸੀ।

"ਬਾਈ ਜੀ, ਇਹ ਕੀ...? " ਉਹ ਤੜਫੀ। ਕੰਬੀ।

"ਬਸ! ਬੰਦਾ ਤੇਰੀ ਹੁਸ਼ਨ ਦੀ ਕਚਹਿਰੀ 'ਚ ਹਾਜ਼ਰ ਹੈ। ਜੋ ਮਰਜੀ ਸਜ਼ਾ ਦੇਹ...।" ਜਸਵੰਤ ਨੇ ਉਹਦੇ ਚਿਹਰੇ 'ਤੇ ਅੱਖਾਂ ਗੱਡ ਦਿੱਤੀਆਂ ਸੀ।

"ਬਾਈ, ਹੋਸ਼ ਕਰ...।" ਉਹ ਤਿਲਮਲਾਈਂ, 'ਛੱਡ ਮੇਰੀ ਬਾਂਹ।"

"ਤੇਰੀਆਂ ਅੱਖਾਂ 'ਚੋਂ ਪੀਕੇ, ਮੈਂ ਹੋਸ਼ ਖੋਹ ਬੈਠਾਂ! ਆ, ਸੀਨੇ ਲੱਗ ਜਾਹ...।" ਜਸਵੰਤ ਨੇ ਉਹਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਸੀ।

ਸ਼ਰਾਬ ਦੀ 'ਬੂ' ਜਸਪ੍ਰੀਤ ਦੀਆਂ ਨਾਸਾਂ 'ਚ ਘਸੁੰਨ ਵਾਂਗ ਵੱਜੀ ਸੀ। ਉਹ ਥਾਂਏ ਪੈਰ ਅੜਾ ਕੇ ਬੋਲੀ ਸੀ।

"ਜਸਵੰਤ, ਮੈਂ ਤੇਰੀ ਇੱਜ਼ਤ ਕਰਦੀ ਆ। ਲੱਗਦੈ, ਹੁਣ ਤੂੰ ਦਾੜ੍ਹੀ ਪਟਾਏਗਾ...।" ਉਹ ਬਿਫਰੀ। ਚੰਘਿਆੜੀ। ਚੀਕੀ, "ਕੁੱਤਿਆ, ਛੱਡ ਮੇਰੀ ਬਾਂਹ...।"

ਜਸਵੰਤ ਨੇ ਝੱਟ ਬਾਂਹ ਛੱਡ ਦਿੱਤੀ ਸੀ, ਉਹਨੂੰ ਅਜਿਹੀ ਆਸ ਨਹੀਂ ਸੀ। ਉਹਨੇ ਤਾਂ ਸੋਚਿਆ ਤੱਕ ਨਹੀਂ ਸੀ। ਕਿ ਇੱਕ ਮਲੂਕ ਜਿਹੀ ਹਿਰਨੀ ਉਹਨੂੰ ਬਘਿਆੜੀ ਬਣਕੇ ਟੱਕਰੇਗੀ। ਉਹ ਕੰਬਦੀ ਆਵਾਜ਼ 'ਚ ਬੋਲਿਆ ਸੀ।

"ਜਸਪ੍ਰੀਤ, ਮੈਥੋਂ ਗਲਤੀ ਹੋ ਗਈ। ਤੂੰ ਮੇਰੀ ਭੈਣ ਆ। ਮੈਨੂੰ ਮਾਫ ਕਰਦੇ...।" ਜਸਵੰਤ ਦਾ ਛੇਤੀ ਪਾਰਾ ਲਹਿ ਗਿਆ ਸੀ। ਨਸ਼ਾ ਉੱਤਰ ਗਿਆ ਸੀ।

"ਭੈਣ ਦੀ ਇੱਜ਼ਤ ਨੂੰ ਹੱਥ ਪਾਉਂਦੇ ਨੂੰ, ਤੈਨੂੰ ਸ਼ਰਮ ਨਾ ਆਈ।" ਉਹ ਲਾਹਣਤ ਪਾਉਂਦਿਆਂ ਬੋਲੀ,

ਤੁਸੀਂ ਮਰਦਾਂ ਨੇ ਔਰਤ ਨੂੰ ਸਮਝਿਆ ਕੀ ਆ? ਖਡੌਣਾ। ਜਦੋਂ ਚਿੱਤ ਕੀਤਾ ਖੇਡ ਲਿਆ। ਜਦੋਂ ਚਿੱਤ ਕੀਤਾ ਤੋੜਤਾ...। ਤੁਸੀਂ ਮਰਦਾਂ ਨੇ ਹਰ ਯੁੱਗ 'ਚ ਔਰਤ ਦਾ ਸ਼ੋਸ਼ਣ ਕੀਤੈ। ਕਿਸੇ ਦੀ ਅਗਨੀ ਪ੍ਰੀਖਿਆ ਲੈ ਕੇ। ਕਿਸੇ ਨੂੰ ਮਾਰੂਥਲਾਂ ਵਿੱਚ ਸੜਨ ਲਈ ਮਜ਼ਬੂਰ ਕਰਕੇ। ਤੇ ਕਿਸੇ ਦੀ ਇੱਜ਼ਤ ਨਾਲ ਖਲਵਾੜ ਕਰਕੇ...। ਹਾਏ ਮੇਰਿਆ ਰੱਬਾ! ਔਰਤ, ਬੁੱਕਲ ਦੇ ਸੱਪਾਂ ਤੋਂ ਆਪਣੇ-ਆਪ ਨੂੰ ਕਿਵੇਂ ਬਚਾਵੇ...? ਕਿਵੇਂ ਬਚਾਵੇ...।"

ਜਸਪ੍ਰੀਤ ਬੈੱਡ 'ਤੇ ਚੁਫਾਲ ਡਿੱਗ ਪੈਂਦੀ ਹੈ, ਭੁੱਬੀਂ ਰੋਣ ਲੱਗ ਪੈਂਦੀ ਹੈ। 'ਔਰਤ' ਹੋਣ ਦਾ 'ਦਰਦ' ਅੱਖਾਂ ਦੇ ਪਰਨਾਲਿਆਂ 'ਚੋਂ ਵਹਿ ਤੁਰਦਾ ਹੈ।

ਜਸਪ੍ਰੀਤ ਨੂੰ ਜਮਾਂ ਨਹੀਂ ਪਤਾ। ਜਸਵੰਤ ਕਦੋਂ ਮੋਟਰ ਸਾਈਕਲ ਨੂੰ ਕਿੱਕ ਮਾਰ ਕੇ ਚੋਰਾਂ ਵਾਂਗੂੰ ਭੱਜ ਗਿਆ ਸੀ।

ਇਸ ਘਟਨਾ ਤੋਂ ਬਾਅਦ, ਜਸਪ੍ਰੀਤ ਕਿੰਨੇ ਈ ਦਿਨ ਆਪਣੇ-ਆਪ 'ਚ ਘੁਲਦੀ ਰਹੀ ਸੀ। ਮੱਛੀ ਵਾਂਗੂੰ ਤੜਫਦੀ ਰਹੀ ਸੀ। ਸੋਚਾਂ ਦੀ ਦੋ ਧਾਰੀ ਛੁਰੀ ਉਹਦੇ ਜ਼ਿਹਨ 'ਚ ਚੀਰ ਪਾਈ ਤੁਰੀ ਜਾਂਦੀ ਸੀ। ਆਪਣੇ ਨਾਲ ਹੋਈ ਬੀਤੀ ਦੀ ਉਹ ਕਿਹਦੇ ਕੋਲ ਫਰਿਆਦ ਕਰੇ? ਕਿਹਦੇ ਕੋਲ ਸ਼ਿਕਾਇਤ ਕਰੇ? ਕਰੇ ਕਿ ਨਾ ਕਰੇ? ਉਹਨੂੰ ਕੋਈ ਸਮਝ ਨਹੀਂ ਸੀ ਪੈਂਦੀ। ਕੁੱਝ ਸੁੱਝਦਾ ਨਹੀਂ ਸੀ। ਕੁਝ ਔੜ੍ਹਦਾ ਨਹੀਂ ਸੀ।

ਇਹਦੀਆਂ (ਗਿੰਦਰ ਦੀਆਂ) ਕਰਤੂਤਾਂ ਕਰਕੇ ਸਾਰੇ ਰਿਸ਼ਤੇਦਾਰ ਤਾਂ ਪਹਿਲਾਂ ਈ ਟੁੱਟਕੇ ਬਹਿ ਗਏ ਨੇ। ਜੇ ਮੈਂ ਜਸਵੰਤ ਦੀ 'ਵਧੀਕੀ' ਦਾ ਰੌਲਾ ਪਾਇਐ। ਤਾਂ ਰਹਿੰਦੀ ਖੂੰਹ ਦੀ ਗਿੱਲ-ਸੁੱਕ ਵੀ ਜਾਂਦੀ ਰਹੂ। ਮੇਰੀ ਮਿੱਟੀ ਪੱਟੀ ਜਾਊ। ਸ਼ਰੀਕਾਂ 'ਚ 'ਤੋਏ-ਤੋਏ' ਵੱਖਰੀ ਹਊ। ਜੇ ਬੇ-ਜੀ ਜਿਉਂਦੇ ਹੁੰਦੇ। ਫਿਰ ਗੱਲ ਹੋਰ ਸੀ...।' ਉਹ ਬੇ-ਜੀ ਨੂੰ ਯਾਦ ਕਰਕੇ ਭਾਵਿਕ ਹੋ ਜਾਂਦੀ ਹੈ। ਅੱਖਾਂ ਭਰਕੇ ਰੌਂਦੀ ਹੈ।

ਚੌਂਹ ਕੂਟਾਂ ਨੂੰ ਸੋਚਾਂ ਦੇ ਘੋੜੇ ਦੜਾਉਣ ਤੋਂ ਬਾਅਦ, ਜਦੋਂ ਕੋਈ ਰਾਹ ਨਾ ਲੱਭਾ, ਤਾਂ ਜਸਪ੍ਰੀਤ ਦੜ ਵੱਟ ਗਈ ਸੀ। ਚੁੱਪ ਹੋ ਗਈ ਸੀ। ਜ਼ਹਿਰ ਦੀਆਂ ਘੁੱਟਾਂ ਪੀ ਗਈ ਸੀ। ਹੋਰ ਵਿਚਾਰੀ ਕਰਦੀ ਵੀ ਕੀ...? ਜਿਨ੍ਹਾਂ ਦੇ 'ਕਿੱਲੇ' ਕਮਜ਼ੋਰ ਹੁੰਦੇ ਆ। ਉਹ ਬਹੁਤਾ ਅੜਾਟ ਨਹੀਂ ਪਾਉਂਦੀਆਂ ਹੁੰਦੀਆਂ।

0 0 0

ਸੰਮੂ ਭਈਆ ਜਿਵੇਂ ਇਸ ਪਰਿਵਾਰ ਦਾ ਮੈਂਬਰ ਹੁੰਦਾ ਹੈ। ਜਾਣੀ ਘਰ ਦਾ ਜੀਅ। ਉਹ ਘਰ, ਪਰਿਵਾਰ ਤੇ ਖੇਤਾਂ ਪ੍ਰਤੀ ਸੁਹਿਰਦ ਸੀ। ਇਮਾਨਦਾਰ ਸੀ। ਦੁੱਖ-ਸੁੱਖ ਦਾ ਸਾਂਝੀ ਸੀ।

ਸੁਮੇਰ ਦੀ ਇਮਾਨਦਾਰੀ, ਮਨ ਲਾ ਕੇ ਕੰਮ ਕਰਨ ਦਾ ਸ਼ੌਕ 'ਤੇ ਉਹਦੇ ਨਿੱਘੇ ਸੁਭਾ ਤੋਂ ਜਸਪ੍ਰੀਤ ਵਾਹਵਾ ਪ੍ਰਭਾਵਿਤ ਸੀ। ਸੁਮੇਰ ਉਹਨੂੰ ਚੰਗਾ-ਚੰਗਾ ਲੱਗਦਾ ਸੀ। ਆਪਣਾ-ਆਪਣਾ। ਉਹ ਹਰ ਤਰ੍ਹਾਂ ਉਸਦਾ ਖਿਆਲ ਰੱਖਦੀ ਸੀ। ਘਰ ਵਿੱਚ ਜੋ ਬਣਦਾ-ਪੱਕਦਾ ਸੀ। ਪਹਿਲਾਂ, ਸੁਮੇਰ ਲਈ ਵੱਖ ਰੱਖਦੀ ਹੁੰਦੀ ਸੀ। ਦੁੱਧ, ਦਹੀ, ਮੱਖਣ ਕਿਸੇ ਨੂੰ ਮਿਲੇ ਨਾ ਮਿਲੇ, ਪਰ ਸੁਮੇਰ ਦੇ ਭਾਂਡੇ ਵਿੱਚ ਜ਼ਰੂਰ ਪੈਂਦਾ ਹੁੰਦਾ ਸੀ।

'ਜੇ ਇਹ ਨਾ ਹੋਵੇ, ਖੇਤ ਬੰਜਰ ਤੇ ਘਰ ਬਰਬਾਦ ਹੋਜੇ।' ਉਹ ਸੋਚਦੀ, ਬੰਦਿਆਂ ਬਿਨਾਂ ਨਾ ਘਰ ਬਚਦੈ, ਨਾ ਖੇਤ-'ਕਾਮਾ ਮਨੁੱਖ' ਇਸ ਧਰਤੀ ਦਾ ਸਭ ਤੋਂ ਸਰਵੋਤਮ ਜੀਵ ਹੈ।'

ਫਿਰ ਉਹਦੀਆਂ ਸੋਚਾਂ ਵਿੱਚ ਗਿੰਦਰ ਆ ਵੜਦਾ ਹੈ। ਇਹ ਵੀ ਤਾਂ ਬੰਦਾ ਈ ਆ। ਜਿਹੜਾ ਨਸ਼ਿਆਂ ਦੇ ਮੂੰਹ ਸਭ ਕੁਝ ਉਜਾੜੀ ਜਾਂਦਾ ਹੈ। ਅਜਿਹੇ ਬੰਦੇ ਘਰ, ਪਰਿਵਾਰ ਤੇ ਸਮਾਜ ਲਈ ਘਾਤਕ ਹੁੰਦੇ ਹਨ। ਕਾਂ ਗਿਆਰੀ।

ਜਸਪ੍ਰੀਤ ਦਾ, ਗਿੰਦਰ ਤੇ ਸੁਮੇਰ ਬਾਰੇ ਵੱਖੋ-ਵੱਖਰਾ ਦ੍ਰਿਸ਼ਟੀਕੋਣ ਸੀ। ਵੱਖੋ-ਵੱਖਰੀ ਸੋਚ ਸੀ। ਜਦੋਂ ਉਹ ਗਿੰਦਰ ਬਾਰੇ ਸੋਚਦੀ ਸੀ। ਉਹਦਾ ਅੰਦਰ ਨਫ਼ਰਤ ਨਾਲ ਭਰ ਜਾਂਦਾ ਸੀ, ਵੈਸੇ ਹੁਣ ਉਸਨੇ ਗਿੰਦਰ ਬਾਰੇ ਸੋਚਣਾ ਵਿਚਾਰਨਾ ਛੱਡ ਦਿੱਤਾ ਸੀ।

ਜਦੋਂ ਉਹ ਸੁਮੇਰ ਬਾਰੇ ਸੋਚਦੀ ਸੀ। ਚਿਤਵਦੀ ਸੀ। ਤਾਂ ਉਹਦੇ ਅੰਦਰ ਚਾਅ ਤੇ ਸਕੂਨ ਜਿਹਾਂ ਲਹਿਰ-ਲਹਿਰ ਹੋ ਜਾਂਦਾ ਸੀ। ਉਹਦਾ ਹਿਰਦਾ, ਮੋਹ, ਮਮਤਾ ਤੇ ਅਪਣਤ ਜਿਹੀ ਨਾਲ ਭਰ ਜਾਂਦਾ ਹੁੰਦਾ ਸੀ।



ਮਿੱਟੀ ਨਾਲ ਮਿੱਟੀ ਹੁੰਦੇ ਸੁਮੇਰ ਤੇ ਪਤਾ ਨਹੀਂ ਕਿਉਂ ਉਹਨੂੰ ਤਰਸ ਜਿਹਾ ਆਉਂਦਾ ਹੁੰਦਾ ਸੀ। ਹਮਦਰਦੀ ਜਿਹੀ ਜਾਗਦੀ ਸੀ। ਸ਼ਾਇਦ ਉਹਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ। ਕਿ 'ਤਰਸ' ਦੇ ਪੇਟੋਂ 'ਹਮਦਰਦੀ' ਜਨਮ ਲੈਂਦੀ ਹੈ ਤੇ ਹਮਦਰਦੀ ਤੇ ਪੇਟੋਂ ਪਿਆਰ...।

...ਹਾਏ ਆੜਿਆ! ਮੈਨੂੰ ਐਂ ਹੋਈ ਕੀ ਜਾਂਦੈ। ਉਹ ਸੋਚਦੀ, ਮੈਂ ਇੱਕ ਕਾਮੇ ਮੁੰਡੇ ਬਾਰੇ ਐਂ ਕਾਹਤੋਂ ਸੋਚਦੀ ਆ? ਚਿਤਵਦੀ ਆ...? ਉਹਦੇ 'ਚ ਐਨਾ ਕਾਹਤੋਂ ਲੁੱਛਦੀ ਆ...। ਮੈਂ ਕਿਤੇ 'ਗਲਤ ਰਾਹ' ਤਾਂ ਨ੍ਹੀਂ ਤੁਰ ਪਈ? ਉਹ ਡਰਦੀ। ਕੰਬਦੀ। ਪ੍ਰੇਸ਼ਾਨ ਹੁੰਦੀ। 'ਨਹੀਂ', ਅਜਿਹੀ ਕੋਈ ਗੱਲ ਨਹੀਂ। ਉਹ ਆਪਣੇ ਮਨ ਨੂੰ ਸਮਝਾਉਂਦੀ। 'ਸੁਮੇਰ ਸਾਡਾ ਕਾਮਾ। ਸਿਰਫ ਕਾਮਾ। ਕਾਮੇ ਪ੍ਰਤੀ ਮੈਨੂੰ ਐਨਾ ਉਲਾਰ ਨਹੀਂ ਹੋਣਾ ਚਾਹੀਦੈ। ਮੰਨਿਆ, ਉਹ ਮਿਹਨਤੀ ਹੈ। ਇਮਾਨਦਾਰ ਹੈ। ਵਫਾਦਾਰ ਹੈ। ਇਸ ਸਭ ਕਾਸੇ ਦੇ ਬਾਵਜੂਦ, ਉਹ ਸਾਡਾ ਕਾਮੈ। ਨੌਕਰ। ਨੌਕਰ ਨੂੰ ਬਹੁਤਾ ਮੂੰਹ ਨਹੀਂ ਲਾਉਣਾ ਚਾਹੀਦੈ। ਐਨੀ ਨੇੜਤਾ ਨਹੀਂ ਵਧਾਉਣੀ ਚਾਹੀਦੀ...। ਕਿ ਲੋਕ ਗੱਲਾਂ ਕਰਨ। ਖੰਭਾਂ ਦੀਆਂ ਡਾਰਾਂ ਬਣਾਉਣ। ਮਿੱਟੀ ਪੱਟਣ...।' ਜਸਪ੍ਰੀਤ ਅੜੀਏ! ਸੋਚ! ਸੰਭਲ...।'

ਅਜਿਹੀਆਂ ਸੋਚਾਂ ਵਿੱਚ ਪਲਚੀ ਹੋਈ ਉਹ ਆਪਣੇ ਅੰਦਰ ਉਠਦੇ ਜਵਾਹਰ ਭਾਟੇ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੀ ਰਹਿੰਦੀ ਸੀ। ਪਰ ਸੁਮੇਰ ਸੀ ਕਿ ਉਹਦੇ ਹੱਡਾਂ 'ਚ 'ਪਾਰਾ' ਬਣਕੇ ਰੌਂਅ ਗਿਆ ਸੀ। ਉਹਦੇ ਬੁੱਲ੍ਹ ਕੰਬਦੇ। ਫਰਕਦੇ।

'ਮੁੰਡਾ ਰੌਂਅ ਗਿਆ ਹੱਡਾਂ ਦੇ ਵਿੱਚ ਮੇਰੇ
ਮੈਂ ਸੁੰਘਿਆ ਸੀ ਫੁੱਲ ਕਰਕੇ...।

ਘਰ ਪਰਿਵਾਰ 'ਚੋਂ ਇੱਕ ਜਸਪ੍ਰੀਤ ਹੀ ਸੀ ਜਿਹੜੀ ਆਪਣੇ ਕਾਮੇ ਨੂੰ ਸੁਮੇਰ ਕਹਿਕੇ ਬਲਾਉਂਦੀ ਸੀ। ਸੰਬੋਧਨ ਹੁੰਦੀ ਸੀ। ਬਾਕੀ ਸਾਰੇ ਉਹਨੂੰ ਸੰਮੂ ਹੀ ਕਹਿੰਦੇ ਸੀ। ਸੰਮੂ ਭਈਆ। ਸੁਮੇਰ ਨੂੰ ਕੋਈ ਸੰਮੂ ਭਈਆ ਆਖੇ। ਉਹਨੂੰ ਚੰਗਾ ਨਹੀਂ ਸੀ ਲੱਗਦਾ ਹੁੰਦਾ। ਉਹਨੂੰ ਗੁੱਸਾ ਜਿਹਾ ਆਉਂਦਾ ਹੁੰਦਾ ਸੀ। ਖਿਝ ਜਿਹੀ ਫੁੱਟਦੀ ਹੁੰਦੀ ਸੀ। ਪਰ ਉਹ ਖ਼ਾਮੋਸ਼ ਰਹਿੰਦੀ ਹੁੰਦੀ ਸੀ। ਇਤਰਾਜ਼ ਜਾਂ ਗੁੱਸਾ ਪ੍ਰਗਟ ਕੀਤੀਆਂ, ਉਹਦੇ ਅੰਦਰਲਾ 'ਚੋਰ' ਫੜਿਆ ਜਾ ਸਕਦਾ ਸੀ। ਇਸ ਗੱਲੋਂ ਉਹ ਸੁਚੇਤ ਸੀ।

ਜਸਪ੍ਰੀਤ ਦਾ, ਸੁਮੇਰ ਵੱਲ ਆਕਾਰਸ਼ਿਤ, ਉਲਾਰ ਹੋਣਾ ਸਹਿਜ ਸੁਭਾਵਿਕ ਹੀ ਨਹੀਂ ਸੀ। ਸਗੋਂ ਇੱਕ ਖਾਸ ਵਜ੍ਹਾ ਸੀ। ਕਾਰਨ ਸੀ। ਇੱਕ ਤਾਂ ਉਹ ਇਸ ਘਰ ਲਈ ਜਾਨ ਤੋੜ ਕੇ ਮਿਹਨਤ ਕਰਦਾ ਸੀ। ਮਿਹਨਤੀ ਮਨੁੱਖ ਪ੍ਰਤੀ ਔਰਤ ਹਮੇਸ਼ਾ ਸੁਹਿਰਦ ਤੇ ਸਮਰਪਿਤ ਹੁੰਦੀ ਹੈ। ਦੂਜਾ, ਜਿੱਦਣ ਦਾ ਗਿੰਦਰ ਨੂੰ ਆਪਣੇ ਵਿਰੁੱਧ ਕਚਹਿਰੀਆਂ 'ਚ ਦਿੱਤੀ 'ਅਰਜ਼ੀ' ਦਾ ਪਤਾ ਲੱਗਾ ਸੀ। ਉਦੱਣ ਦਾ ਹੀ ਉਹ ਜਸਪ੍ਰੀਤ ਕੋਲੋਂ ਦੂਰੀ ਬਣਾ ਕੇ ਰੱਖਦਾ ਸੀ। ਪਿਛਲੇ ਇੱਕ ਸਾਲ ਤੋਂ ਉਹ ਇੱਕ ਛੱਤ ਥੱਲੇ ਨਹੀਂ ਸੀ ਸੁੱਤੇ। ਹਮਬਿਸਤਰ ਨਹੀਂ ਸੀ ਹੋਏ। ਉਹ ਇੱਕ ਦੂਜੇ ਲਈ ਜਮਾਂ ਅਜਨਬੀ ਹੋ ਗਏ ਸੀ, ਭਰ ਜਵਾਨ ਜਸਪ੍ਰੀਤ ਲਈ ਇਹ ਦੂਰੀ ਦੁਖਦਾਈ ਸੀ। ਮਾਰੂ ਸੀ।

ਪਿਆਸੀ ਨਦੀ ਕਿੰਨਾਂ ਕੁ ਚਿਰ ਸ਼ਾਂਤ ਵਹਿੰਦੀ?

ਜਸਪ੍ਰੀਤ ਨੇ ਗਿੰਦਰ ਨੂੰ ਮਨਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਸੀ। ਤਰਲੇ ਕੱਢੇ ਸੀ। ਹੰਝੂ ਕੇਰੇ ਸੀ। ਨੂੰ ਪਰ ਸਭ ਵਿਅਰਥ। ਗਿੰਦਰ ਜਮਾਂ ਪੱਥਰ ਹੋ ਗਿਆ ਸੀ, ਖਿੰਘਰ। ਉਹ ਬੜਾ ਅੜੀਅਲ ਸੀ। ਜਿੱਦੀ ਸੀ। ਖੁੰਨਸੀ ਸੀ।

ਜਸਪ੍ਰੀਤ ਨੂੰ ਪਤਾ ਸੀ ਕਿ ਗਿੰਦਰ ਦੇ ਭਾਗੂ ਚੌਂਕੀਦਾਰ ਦੀ ਨੂੰਹ ਸੱਤੀ ਨਾਲ ਨਜਾਇਜ਼ ਸੰਬੰਧ ਹੈ। ਸੱਤੀ ਜਵਾਨ ਸੀ। ਸੁਨੱਖੀ ਸੀ। ਪਰ ਜਸਪ੍ਰੀਤ ਉਹਦੇ ਨਾਲੋਂ ਕਿਸੇ ਵੀ ਗੱਲੋਂ ਘੱਟ ਨਹੀਂ ਸੀ। ਉਹ ਵੀ ਲੋਹੜੇ ਦੀ ਰੂਪਵਤੀ ਸੀ, ਗੋਰਾ ਰੰਗ। ਤਿੱਖੇ ਨੈਣ-ਨਕਸ਼। ਮੋਟੀਆਂ ਬਲੋਰੀ ਅੱਖਾਂ, ਗਜ-ਗਜ ਲੰਮੇ ਵਾਲਾ ਤੇ ਗੱਲ੍ਹਾਂ 'ਚ ਖਾਲ (ਟੋਏ) ਪੈਂਦੇ ਸੀ ਉਹਦੇ।

ਸੱਤੀ ਤੇ ਗਿੰਦਰ ਦਾ ਘਿਉ-ਖਿਚੜੀ ਹੋਣਾ। ਜਸਪ੍ਰੀਤ ਨੂੰ ਚੁੱਭਦਾ ਤਾਂ ਹੁੰਦਾ ਸੀ। ਪਰ ਉਹਨੇ ਕਦੇ

ਚਿਤਾਰਿਆ ਨਹੀਂ ਸੀ। ਕਦੇ ਗਿਲਾ-ਸ਼ਿਕਵਾ ਨਹੀਂ ਸੀ ਕੀਤਾ। ਕਦੇ ਮਿਹਣਾ ਨਹੀਂ ਸੀ ਮਾਰਿਆ, ਕਿ...।

ਘਰ ਦੀ ਸ਼ੱਕਰ ਬੂਰੇ ਵਰਗੀ,
ਗੁੜ ਚੋਰੀ ਦਾ ਖਾਵੇ...।

ਤੀਮੀਆਂ ਵਾਂਗੂੰ ਕਦੇ ਪਿੱਟ-ਸਿਆਪਾ ਨਹੀਂ ਸੀ ਕੀਤਾ। ਹਾਲਾਂਕਿ ਕੋਈ ਵੀ ਔਰਤ ਇਹ ਬਰਦਾਸ਼ਤ ਨਹੀਂ ਕਰਦੀ। ਕਿ ਉਹਦਾ ਮਰਦ ਕਿਸੇ ਹੋਰ ਔਰਤ ਨਾਲ...। ਪਰ ਉਹ ਸਬਰ ਵਾਲੀ ਸੀ। ਸਿਆਣੀ ਸੀ। ਉਹ ਜਾਣਦੀ ਸੀ ਕਿ ਮਰਦਾਂ ਨੂੰ ਬਿਗਾਨੀਆਂ ਖੁਰਲੀਆਂ 'ਚ ਮੂੰਹ ਮਾਰਨ ਦੀ ਆਦਤ ਹੁੰਦੀ ਹੈ। ਪੁੱਠੀ ਵਾਦੀ।

ਪਰ ਹੁਣ ਸਿਰੋਂ ਪਾਣੀ ਲੰਘ ਗਿਆ ਸੀ। ਉਹਦੇ ਸਬਰ ਦਾ ਪਿਆਲਾ ਭਰ ਗਿਆ ਸੀ, ਭਰ ਕੇ ਡੁੱਲ੍ਹ ਗਿਆ ਸੀ। ਇੱਕ ਦਿਨ ਉਹ ਬਾਬਰ ਕੇ ਬੋਲੀ ਸੀ।

"ਬਾਹਰ ਤੂੰ ਜੋ ਮਰਜ਼ੀ ਕਰਦਾ ਫਿਰ। ਮੈਂ ਨ੍ਹੀਂ ਕੁਸ਼ ਕਹਿੰਦੀ। ਪਰ ਮੈਂ ਤੇਰੀ ਪਤਨੀ ਹਾਂ। ਮੇਰਾ ਵੀ ਤੇਰੇ 'ਤੇ ਕੁਸ਼ ਹੱਕ ਬਣਦੈ। ਮੈਨੂੰ ਮੇਰੇ ਹੱਕ ਤੋਂ ਵਾਂਝੀ ਨਾ ਕਰ...।" ਉਹਦੀਆਂ ਅੱਖਾਂ ਦੇ ਹੰਝੂ ਗੱਲ੍ਹਾਂ 'ਤੇ ਧਾਗਲਾਂ ਬਣ ਵਹਿ ਤੁਰੇ ਸੀ। ਪਿਆਸੀ ਨਦੀ ਸਮੁੰਦਰ 'ਚ ਸਮਾਂ ਜਾਣਾ ਚਾਹੁੰਦੀ ਸੀ।

"ਘਰ-ਬਾਰ, ਜ਼ਮੀਨ-ਜਾਇਦਾਦ 'ਤੇ ਤੇਰਾ ਈ ਤਾਂ ਹੱਕ ਆ। ਮੇਰਾ ਇਥੇ ਕੀ ਆ? ਮੈਂ ਤੇਰਾ ਕੀ ਲੱਗਦੈ? ਗਿੰਦਰ ਭਰਿਆ ਪੀਤਾ ਬੋਲਿਆ ਸੀ। ਗੁੱਸੇ 'ਚ ਬੋਲਿਆ ਸੀ। ਕਚਹਿਰੀ 'ਚ ਦਿੱਤੀ ਅਰਜ਼ੀ ਦੀ ਗੱਲ ਰੜਕਾਈ ਸੀ। ਚਤਾਰੀ ਸੀ।

ਕਿਸੇ ਵੀ ਔਰਤ ਲਈ ਇਹ ਡਾਹਢਾ ਦੁਖਦਾਈ ਹੁੰਦਾ ਹੈ। ਮਰਦ ਦਾ ਉਹਤੋਂ ਦੂਰੀ ਬਣਾਕੇ ਰੱਖਣਾ, ਨਾ ਬੋਲਣਾ। ਨਾ ਹੱਸਣਾ। ਮੱਥੇ ਤਿਊੜੀਆਂ ਪਾਈ ਰੱਖਣਾ। ਆਪਣੇ ਮਰਦ ਦੀ ਤਿਊੜੀ। ਔਰਤ ਦੇ ਕਾਲਜੇ 'ਚ ਤ੍ਰਿਸ਼ੂਲ ਹੋ ਜਾਂਦੀ ਹੈ। ਅੰਗ-ਅੰਗ ਪੀੜ ਪਰੁੰਨਿਆ ਜਾਂਦਾ ਹੈ। ਬਸ, ਗਿੰਦਰ ਦੀ ਇਹੋ ਮਨਸਾ ਸੀ। ਜਸਪ੍ਰੀਤ ਨੂੰ ਦੁਖੀ ਕਰਨੈ। ਸਾੜਨੈ। ਖਿਝਾਉਣੈ।

ਗਿੰਦਰ ਬੇਸ਼ਰਮੀ ਦੇ ਸਭ ਹੱਦਾਂ-ਬੰਨੇ ਟੱਪ ਗਿਆ ਸੀ। ਇਖਲਾਕੀ ਕਦਰਾਂ-ਕੀਮਤਾਂ ਦੀ ਉਹਦੇ ਲਈ ਕੋਈ ਅਹਿਮੀਅਤ ਨਹੀਂ ਸੀ ਰਹਿ ਗਈ। ਸੱਤੀ ਰਾਤ ਨੂੰ ਉਹਦੇ ਨਾਲ ਬੈਠਕ 'ਚ ਆ ਕੇ ਸੌਂਦੀ ਹੁੰਦੀ ਸੀ।

ਨੱਛਤਰ ਅਮਲੀ ਦੇ ਕਹਿਣ ਮੁਤਾਬਿਕ, ਸੱਤੀ ਬੜੀ 'ਚਗਲ' ਤੀਮੀ ਸੀ। ਲਾਲਚੀ ਸੀ। ਸਵਾਰਥੀ ਸੀ। ਉਹ ਆਪਣੇ ਸਵਾਰਥ ਲਈ ਅਸਲੋਂ ਨਿੱਘਰ ਗਈ ਸੀ। ਨੰਗੀ ਹੋ ਗਈ ਸੀ। ਉਹ ਦੋ ਹੱਥੀ ਗਿੰਦਰ ਨੂੰ ਲੁੱਟਦੀ ਸੀ। ਗਿੰਦਰ ਇਸ ਗੱਲੋਂ ਅਣਜਾਨ ਨਹੀਂ ਸੀ। ਪਰ ਉਹਦਾ ਤਰਕ ਸੀ ਕਿ 'ਭਾੜੇ' 'ਤੇ ਲੱਗੀ ਹੋਈ ਮੱਝ, ਭਾੜੇ ਤੋਂ ਬਿਨਾਂ ਪੱਸਮਦੀ ਨਹੀਂ ਹੁੰਦੀ। ਗਿੰਦਰ ਦੇ ਅੰਦਰ ਕਾਮ ਤੇ ਕਬਜ਼ੇ ਦੀ ਭਾਵਨਾ ਭਾਰੂ ਸੀ। ਇਹ ਵੀ ਸੱਚ ਸੀ ਕਿ ਉਹ ਜਸਪ੍ਰੀਤ ਨੂੰ ਦੁੱਖੀ ਕਰਨ ਲਈ। ਸਾੜਨ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਸੀ। ਕਚਹਿਰੀਆਂ 'ਚ ਦਿੱਤੀ ਅਰਜ਼ੀ ਉਹਦੇ ਕਾਲਜੇ 'ਚ ਛਿੱਲਤ ਵਾਂਗੂੰ ਖੁੱਭਦੀ ਰਹਿੰਦੀ ਹੁੰਦੀ ਸੀ।

ਜਸਪ੍ਰੀਤ ਲਈ ਇਹ ਬੜਾ ਹਿਰਦੇ ਵੇਦਕ ਸੀ ਕਿ ਉਹਦਾ 'ਖਸਮ' ਬਿਗਾਨੀ ਰਜਾਈ ਦਾ ਨਿੱਘ ਮਾਣਦਾ ਹੈ। ਪਰ ਉਸ ਚੰਦਰੀ ਦੀ ਰਜਾਈ ਦਾ, ਉਸੱਲ ਵੱਟੇ ਲੈਂਦਿਆਂ, ਰੂੰ ਲੋਗੜ ਹੋ ਗਿਆ ਸੀ।

ਇਨ੍ਹਾਂ ਹਾਲਾਤਾਂ 'ਚ ਵਿਚਰਦੀ ਜਸਪ੍ਰੀਤ ਸੁਮੇਰ ਵੱਲ ਉਲਾਰ ਹੁੰਦੀ ਜਾ ਰਹੀ ਸੀ। ਅੱਲਾ-ਮੀਆਂ ਖੈਰ ਕਰੀਂ। ਜਸਪ੍ਰੀਤ ਭਾਮੇਂ ਆਪਣੀਆਂ ਭਾਵਨਾਵਾਂ-ਜਜਬਿਆਂ ਨੂੰ ਕਾਬੂ ਵਿੱਚ ਰੱਖਦੀ ਸੀ। ਕਾਮ ਦੇ ਅੱਥਰੇ ਘੋੜੇ ਦੀ ਲਗਾਮ ਖਿੱਚ ਕੇ ਰੱਖਦੀ ਸੀ। ਪਰ ਉਦੋਂ ਉਹਦੀ ਹਾਲਤ ਬਹੁਤ ਪਤਲੀ ਹੋ ਜਾਂਦੀ ਸੀ। ਜਦੋਂ ਸੱਤੀ ਤੇ ਗਿੰਦਰ ਦਾ ਹਾਸਾ ਉਹਦੇ ਬਗੈਰ ਕੰਨਾਂ ਵਿੱਚ ਗੂੰਜਦਾ ਸੀ। ਉਦੋਂ ਉਹ ਸੋਚਦੀ ਸੀ ਕਿ 'ਸਮਾਜ ਵੱਲੋਂ ਉਸਾਰੀਆਂ ਮਰਿਯਾਦਾ ਦੀਆਂ ਕੰਧਾਂ ਉਲੰਘ ਕੇ। ਢਾਹ ਕੇ। ਸੁਮੇਰ ਦੀਆਂ ਬਾਹਾਂ ਵਿੱਚ ਜਾ ਡਿੱਗੇ। ਤੇ ਆਪਾਂ ਸਮਰਪਿਤ ਕਰ ਦੇਵੇ...।

ਤੇ ਕਦੇ ਉਹ ਸੋਚਦੀ ਸੀ ਕਿ ਇਸ ਕੁੱਤੀ ਤੀਮੀ ਨੂੰ ਰੰਗੇ ਹੱਥੀਂ ਗੁੱਤੋਂ ਜਾ ਫੜੇ। ਪੁੱਛੇ। ਕਮਜਾਤੇ, ਕਿਸੇ



ਦਾ ਘਰ ਪੱਟਣ ਦਾ ਤੈਨੂੰ ਕਿਹਨੇ ਹੱਕ ਦਿੱਤੈ...? ਲੁੱਚੀਏ।'

ਪਰ ਉਹ ਅਜਿਹਾ ਕਰਨ ਦਾ ਕਦੇ ਜੇਰਾ ਨਹੀਂ ਸੀ ਕਰਦੀ। ਦਿਲ ਦਰਿਆ ਵਿੱਚ ਉੱਠਦੀਆਂ ਵਿਦਰੋਹੀ ਭਾਵਨਾਵਾਂ ਦੀਆਂ ਲਹਿਰਾਂ, ਮਰਿਯਾਦਾਂ ਦੇ ਠੋਸ ਕਿਨਾਰਿਆਂ ਨਾਲ ਟਕਰਾ ਕੇ ਆਤਮਘਾਤ ਕਰ ਜਾਂਦੀਆਂ ਹੁੰਦੀਆਂ ਸੀ।

ਬੇਵੱਸੀ ਦੇ ਆਲਮ 'ਚ ਜਿਉਂਦੀ ਜਸਪ੍ਰੀਤ ਨੇ ਮਨ ਨੂੰ ਸਮਝਾ ਲਿਆ ਸੀ। ਤ੍ਰੀਆ ਹੱਠ ਕਰ ਲਿਆ ਸੀ। ਉਹ ਸਹਿੰਦੜ ਹੋ ਗਈ ਸੀ। ਹੋਰ ਕਰਦੀ ਵੀ ਕੀ...? ਮਜਬੂਰੀ ਵੱਸ ਉਹ ਬਾਪੂ ਗਾਂਧੀ ਦੇ ਬਾਂਦਰ ਵਾਲੀ ਭੂਮਿਕਾ (ਰੋਲ) ਨਿਭਾਉਂਦੀ ਹੁੰਦੀ ਸੀ। ਅੱਖਾਂ ਬੰਦ। ਮੂੰਹ ਬੰਦ। ਕੰਨ ਬੰ। ਉਹਨੇ ਸੱਭ ਕੁਝ ਹਾਲਾਤ 'ਤੇ ਛੱਡ ਦਿੱਤਾ ਸੀ। ਜੋ ਹੁੰਦੈ, ਹੋਈ ਜਾਵੇ...।

ਅਜਿਹਾ ਵੀ ਨਹੀਂ ਕਿ ਉਹ ਜਮਾਂ ਆਵੇਸਲੀ ਜਾਂ ਸੰਵੇਦਨਹੀਣ ਹੋ ਗਈ ਹੋਵੇ। ਉਹ ਗਿੰਦਰ ਦੇ 'ਗਲਤ ਰਾਹ' ਤੁਰਨ ਤੇ ਝੂਰਦੀ ਰਹਿੰਦੀ ਸੀ। ਆਪਣੇ ਪ੍ਰਤੀ ਉਹਦੀ ਬੇਰੁੱਖੀ 'ਤੇ ਦੁੱਖੀ ਰਹਿੰਦੀ ਸੀ। ਬੱਚਿਆਂ ਦੇ ਭਵਿੱਖ ਬਾਰੇ ਫਿਕਰਮੰਦ ਰਹਿੰਦੀ ਸੀ। ਉਦਾਸ ਰਹਿੰਦੀ ਸੀ।

ਜਸਪ੍ਰੀਤ ਨੂੰ ਇੱਕ ਹੋਰ ਤੌਖਲਾ ਵੱਢ-ਵੱਢ ਖਾਂਦਾ ਰਹਿੰਦਾ ਸੀ। ਇੱਕ ਡਰ ਜਿਹਾ ਉਹਦੇ ਅੰਦਰ ਹਮੇਸ਼ਾ ਸਹੇ ਵਾਂਗੂੰ ਕੰਨ ਚੁੱਕੀ ਰੱਖਦਾ ਸੀ। ਉਹਨੂੰ ਇਉਂ ਲੱਗਦਾ ਸੀ। ਜਿਵੇਂ ਲੋਕ ਸੁਮੇਰ ਭਈਏ ਨਾਲ ਉਹਦਾ ਨਾਂਅ ਜੋੜਦੇ ਹੋਣ। ਉਂਗਲਾਂ ਕਰਦੇ ਹੋਣ। ਗੱਲਾਂ ਕਰਦੇ ਹੋਣ। ਉਹਦੇ ਅੰਦਰਲਾ ਚੋਰ ਉਹਨੂੰ ਚੈਨ ਨਹੀਂ ਸੀ ਲੈਣ ਦਿੰਦਾ। ਚੱਤੋ ਪਹਿਰ ਉਹਨੂੰ ਤੋੜਾ-ਖੋਹੀ ਜਿਹੀ ਲੱਗੀ ਰਹਿੰਦੀ ਸੀ। ਉਹਦੇ ਅੰਦਰ ਕਿੰਨਾਂ ਕੁਝ ਟੁੱਟਦਾ-ਉਸਰਦਾ ਰਹਿੰਦਾ ਸੀ।

ਜਸਪ੍ਰੀਤ ਤੇ ਪੈਰਾਂ ਥੱਲੋਂ ਉਦੋਂ ਜ਼ਮੀਨ ਖਿਸਕਦੀ ਸੀ। ਡੋਲਦੀ ਸੀ। ਜਦੋਂ ਕਦੇ ਸੁਮੇਰ ਭਈਆ ਕਹਿੰਦਾ ਸੀ।

"ਬੀਬੀ ਜੀ, ਮੈਂ ਦੇਸ਼ (ਪਿੰਡ) ਜਾਣੈ। ਆਪਣੀ ਸ਼ਾਦੀ ਕਰਾਉਣੀ ਹੈ।"

"ਵੇ ਸੁਮੇਰ, ਤੇਰੀ ਉਮਰ ਤਾਂ ਅਜੇ ਥੋੜੀ ਆ।" ਉਹ ਮੁਸਕਰਾਉਂਦੀ। ਹੱਸਦੀ। ਪਰ ਉਹਦੇ ਅੰਦਰ 'ਟੱਕ' ਜਿਹਾ ਪੈਂਦਾ ਸੀ। ਕਾਲਜੇ 'ਚੋਂ 'ਹੌਲ' ਜਿਹਾ ਉਠਦਾ ਸੀ।

"ਬੀਬੀ ਜੀ, ਮੈਨੂੰ ਉਨੀਵਾਂ ਬਰਸ ਲੱਗੈ।"

"ਵੇ ਉਨੀਵੇਂ 'ਚ ਤਾਂ ਬੰਦੇ ਨੂੰ ਮਾੜੀ ਮੋਟੀ ਸੂੰਹ ਆਉਂਦੀ ਆ। ਵਿਆਹ ਤਾਂ ਬਾਈ-ਤੇਈ ਸਾਲ ਤੋਂ ਬਾਅਦ ਈ ਕਰਾਉਣੈ ਚਾਹੀਦੈ। ਜਦੋਂ ਬੰਦਾ ਆਪਣੇ ਪੈਰਾਂ 'ਤੇ ਖੜਾ ਹੋਵੇ।" ਉਹ ਸੁਮੇਰ ਨੂੰ ਭਰਮਾਉਂਦੀ। ਟਰਕਾਉਂਦੀ। ਮੱਤਾਂ ਦਿੰਦੀ।

ਪਰ ਉਹਦੇ ਅੰਦਰਲੀ ਜਸਪ੍ਰੀਤ ਉਹਦੇ ਹੁੱਝਾਂ-ਹੂਰੇ ਮਾਰਦੀ ਹੈ। ਫਟਕਾਰਦੀ ਹੈ।

'ਅੜੀਏ, ਜਸਪ੍ਰੀਤ! ਆਪਣੇ ਸਵਾਰਥ ਲਈ ਮੁੰਡੇ ਨੂੰ ਸ਼ਿੰਗਾਰੀ ਹੋਈ ਘੋੜੀ ਤੋਂ ਨਾ ਲਾਹ। ਕੋਈ ਤੱਤੜੀ ਸ਼ਗਨਾਂ ਦੀ ਮਹਿੰਦੀ ਲਾ ਕੇ। ਬਾਹੀਂ ਰੰਗਲਾ ਚੂੜਾ ਪਾ ਕੇ। ਉਹਦਾ ਰਾਹ ਉਡੀਕ ਦੀ ਹਊ...।

ਜਸਪ੍ਰੀਤ ਨੂੰ ਆਪਣੇ ਵਿਆਹ ਦਾ ਚੇਤਾ ਆ ਜਾਂਦਾ ਹੈ। ਉਹ ਬੀਤੇ 'ਚ ਗੁਵਾਚ ਜਾਂਦੀ ਹੈ।

0 0 0

ਜਸਪ੍ਰੀਤ ਨੇ ਪਿਛਲੇ ਸਾਲ ਦਸਵੀਂ ਪਾਸ ਕੀਤੀ ਸੀ। ਅਜੇ ਉਹਨੇ ਅਠਾਰਵਾਂ ਵੀ ਪਾਰ ਨਹੀਂ ਸੀ ਕੀਤਾ ਕਿ ਬਾਪੂ ਜੀ ਨੇ ਕਾਹਲੀ ਪਾ ਦਿੱਤੀ ਸੀ। ਅੱਖੇ, ਕੱਲਾ-ਕੇਰਾ ਮੁੰਡੈ। ਪੰਦਰਾਂ ਕਿੱਲਿਆਂ ਦਾ ਮਾਲਕ। ਵਿੱਚ ਵੱਡਾ ਬੋਰ। ਸਮਰਸੀਬਲ। ਮਾਲ-ਡੰਗਰ। ਸੋਹਣਾ ਘਰ-ਬਾਰ। ਸਾਊ ਬੰਦੇ। ਪਿੰਡ 'ਚ ਮਾਣ ਇੱਜਤ। ਹੋਰ ਆਪਾਂ ਨੂੰ ਕੀ ਚਾਹੀਦੈ...?

ਉਹ ਬੀਤੇ 'ਚੋਂ ਵਰਤਮਾਨ 'ਚ ਪਰਤਦੀ ਹੈ।

"ਹੂੰ...!" ਉਹਦਾ ਢਿੱਡ ਹੁੰਗਰਿਆਂ ਸੀ, " ਆ ਕੇ ਵੇਖ ਬਾਪੂ! ਮਾਣ-ਇੱਜ਼ਤ ਦੇ ਕਿਵੇਂ ਝੰਡੇ ਝੁਲਦੇ ਨੇ...।" ਉਹਦੇ ਮਨ ਨੇ ਉਛਾਲਾ ਖਾਧਾ ਸੀ। ਲੰਬੜਾਂ ਦੀ ਜੀਤੀ ਦੀ ਤੀਆਂ ਦੇ ਪਿੜ 'ਚ ਪਾਈ ਬੋਲੀ

ਉਹਦੇ ਕੰਨਾਂ 'ਚ ਗੂੰਜਦੀ ਹੈ।

ਹਾੜ ਦਾ ਮਹੀਨਾ ਧੁੱਪਾਂ ਪੈਣ ਦੇ ਕਰਾਰੀਆਂ,
ਨਿੱਜ ਨੂੰ ਵਿਆਹੀ ਬੁੱਲ੍ਹੇ ਲੁੱਟਣ ਕਵਾਰੀਆਂ।

"ਬੀਬੀ ਜੀ, ਸਾਡੇ ਤਾਂ ਬਾਰਾਂ-ਤੇਰਾਂ ਬਰਸ ਮੇਂ ਸ਼ਾਦੀ ਹੋ ਜਾਤੀ ਹੈ।"

"ਆਹੋ, ਮੈਨੂੰ ਪਤੈ। ਥੋਡੇ ਐਂ ਈ ਕਰਦੇ ਆ।" ਜਸਪ੍ਰੀਤ ਅਪਣਤ ਜਿਹੀ ਨਾਲ ਬੋਲੀ ਸੀ, 'ਸੁਮੇਰ, ਮੈਂ ਤਾਂ ਕੁਸ਼ ਨ੍ਹੀਂ ਕਹਿੰਦੀ। ਆਪਣੇ ਭਾਅ ਜੀ ਤੋਂ ਪੁੱਛ ਕੀ ਕਹਿੰਦੈ...।"

ਸੁਮੇਰ ਫਿਰ ਚੁੱਪ ਹੋ ਜਾਂਦਾ ਸੀ

ਸੁਮੇਰ ਜਦੋਂ ਕਦੇ ਗਿੰਦਰ ਨਾਲ ਆਪਣੇ ਵਿਆਹ ਦੀ ਗੱਲ ਸਾਂਝੀ ਕਰਦਾ ਹੁੰਦਾ ਸੀ। ਗਿੰਦਰ ਅੱਗੋ ਹੱਸਕੇ ਕਹਿੰਦਾ ਸੀ।

"ਸੰਮੂ, ਮੈਂ ਤੇਰੇ ਲਈ ਦਾਣਾ ਮੰਡੀ 'ਚ ਇੱਕ ਭਈਆਣੀ ਵੇਖੀ ਆ। ਐਂ ਜਮਾਂ 'ਕਬੂਤਰੀ' ਵਰਗੀ ਆ ਸਾਲੀ, ਤੇਰਾ ਉਹਦੇ ਨਾ 'ਟੰਕਾ' ਫਿੱਟ ਕਰਨੈ।" ਉਹ ਨਸ਼ੇ ਦੀ ਲੋਰ 'ਚ ਭਈਆਣੀ ਦੇ ਕੱਲੇ-ਕੱਲੇ ਅੰਗ ਦੀਆਂ ਸਿਫਤਾਂ ਕਰਦਾ ਹੁੰਦਾ ਸੀ।

ਸੁਮੇਰ ਚਿੱਟੇ ਦੰਦਾਂ 'ਚ ਹੱਸਦਾ ਹੁੰਦਾ ਸੀ। ਉਹਦਾ ਸਾਂਵਲਾ ਪੱਕਾ ਰੰਗ ਲਿਸ਼ਕਦਾ ਹੁੰਦਾ ਸੀ। ਸੁਰਮਈ ਭਾਅ ਮਾਰਦਾ ਹੁੰਦਾ ਸੀ।

ਗਿੰਦਰ ਐਡਾ ਅਨਾੜੀ ਨਹੀਂ ਸੀ, ਕਿ ਆਪਣੇ ਸਿਰੜੀ ਤੇ ਇਮਾਨਦਾਰ ਕਾਮੇ ਨੂੰ ਲੰਮੀ ਛੁੱਟੀ ਦੇ ਕੇ ਆਪ 'ਹੱਥਲ' ਹੋ ਕੇ ਬਹਿ ਜਾਵੇ। ਉਹਨੂੰ ਪਤਾ ਸੀ ਕਿ ਸੁਮੇਰ ਤੋਂ ਬਿਨਾਂ ਉਹਦਾ ਕੰਮ ਨਹੀਂ ਸੀ ਚੱਲਣਾ। ਉਹਨੂੰ ਇਹ ਵੀ ਧੜਕੂ ਸੀ ਕਿ ਸੰਮੂ ਬਿਹਾਰ ਗਿਆ, ਮੁੜ ਕੇ ਸ਼ਾਇਦ ਹੀ ਮੁੜੇ। ਅੱਜ-ਕੱਲ੍ਹ ਭਈਏ ਕਿਹੜਾ ਟਿਕ ਕੇ ਕੰਮ ਕਰਦੇ ਆ। ਜੇ ਕੋਈ ਟਿਕਦੈ। ਉਹਨੂੰ ਸ਼ਰੀਕ ਨ੍ਹੀਂ ਟਿਕਣ ਦਿੰਦੇ। ਵੱਧ ਪੈਸਿਆਂ ਦਾ ਲਾਲਚ ਦੇ ਕੇ ਲੈਂਦੇ ਆ। ਸੋ ਉਹ ਗੱਲੀ ਬਾਤੀ ਸੁਮੇਰ ਨੂੰ ਟਰਕਾ ਛੱਡਦਾ ਸੀ।

ਇਹ ਵੀ ਸੱਚ ਹੈ ਕਿ ਸੁਮੇਰ ਨੇ ਕਦੇ ਬਾਹਲਾ ਜ਼ੋਰ ਈ ਨਹੀਂ ਸੀ ਪਾਇਆ। ਉਹ ਦੱਬਵੀਂ ਸੁਰ 'ਚ ਕਦੇ-ਕਦਾਈ ਗੱਲ ਕਰਦਾ ਸੀ। ਤੇ ਫਿਰ ਚੁੱਪ ਹੋ ਜਾਂਦਾ ਸੀ। ਦਰਅਸਲ, ਸੁਮੇਰ ਨੂੰ ਇਸ ਘਰ ਨਾਲ 'ਲਗਾਉ' ਜਿਹਾ ਹੋ ਗਿਆ ਸੀ। ਬੱਚਿਆਂ ਨਾਲ ਮੋਹ। ਤੇ ਜਸਪ੍ਰੀਤ ਨਾਲ, ਵਗੈਰ ਕਿਸੇ ਮੰਦਭਾਵਨਾ ਦੇ, ਉਹਦੇ ਅੰਦਰ ਭਾਵਨਾਤਮਕ ਸਾਂਝ ਜਿਹੀ ਦਿਨੋਂ-ਦਿਨ ਪੀਡੀ ਹੁੰਦੀ ਜਾਂਦੀ ਸੀ। ਉਹ ਦਿਲੋਂ ਜਸਪ੍ਰੀਤ ਦਾ ਸਤਿਕਾਰ ਕਰਦਾ ਸੀ। ਉਹਨੂੰ ਗਿੰਦਰ ਤੇ ਜਸਪ੍ਰੀਤ ਦੇ ਰਿਸ਼ਤੇ 'ਚ ਪਈ 'ਤਰੇੜ' ਦਾ ਵੀ ਅਹਿਸਾਸ ਸੀ। ਉਹ ਜਾਣਦਾ ਸੀ। ਕਿ ਉਹ ਪਿਛਲੇ ਇੱਕ ਸਾਲ ਤੋਂ ਕਦੇ ਇਕੱਠੇ ਨਹੀਂ ਸੀ ਸੁੱਤੇ। ਉਹਦਾ 'ਮਾਲਕ' ਤਾਂ ਸੱਤੀ ਦਾ 'ਗੁਲਾਮ' ਸੀ ਮੁਰੀਦ ਸੀ। ਸੁਮੇਰ ਨੂੰ ਜਸਪ੍ਰੀਤ ਦੀ ਜਵਾਨੀ 'ਤੇ ਤਰਸ ਜਿਹਾ ਆਉਂਦਾ ਸੀ। ਉਹ ਆਪਣੀ ਮਾਲਕਣ ਦੇ ਦੁੱਖ-ਦਰਦ ਨੂੰ ਇੱਕ ਵਫਾਦਾਰ ਨੌਕਰ ਵਜੋਂ ਮਹਿਸੂਸ ਕਰਦਾ ਸੀ।

ਸੁਮੇਰ ਨੂੰ ਸੱਤੀ 'ਤੇ ਬਹੁਤ ਗੁੱਸਾ ਆਉਂਦਾ ਸੀ। ਉਹ ਮਨ ਹੀ ਮਨ ਗੱਡੀ ਨੂੰ ਗਾਲ੍ਹਾਂ ਕੱਢਦਾ ਹੁੰਦਾ ਸੀ। 'ਸਾਲੀ ਭੂਤਨੀ। ਚੁੜੇਲ।' ਉਹ ਮੱਝਾਂ-ਗਾਵਾਂ ਨੂੰ ਕੁੱਟ ਕੇ ਆਪਣਾ ਗੁੱਸਾ ਕੱਢ ਲੈਂਦਾ ਸੀ।

0 0 0

ਜਸਪ੍ਰੀਤ ਵੱਲੋਂ ਕਚਹਿਰੀਆਂ 'ਚ ਦਿੱਤੀ 'ਅਰਜ਼ੀ' ਦੀ ਗੱਲ ਮੂੰਹੋਂ-ਮੂੰਹ ਸਾਰੇ ਪਿੰਡ ਵਿੱਚ ਫੈਲ ਗਈ ਸੀ। ਨਛੱਤਰ ਅਮਲੀ ਗੁੱਡਾ ਬੰਨ੍ਹੀ ਫਿਰਦਾ ਸੀ। ਉਹ ਸ਼ਬਦਾਂ ਨੂੰ ਘਰੋੜ ਕੇ ਉੱਚੀ ਸੁਰ 'ਚ ਬੋਲਦੈ, "ਮਖਿਆ, ਠੋਕਤਾ ਫਾਨਾ ਜੱਟੀ ਨੇ...। ਹੁਣ ਨ੍ਹੀਂ ਨਿਕਲਦੈਂ...। ਮਖਿਆ। ਐਂ ਈ ਆ...। ਜੇ ਤੀਮੀ ਆਪਣੀ ਆਈ 'ਤੇ ਆਜੇ। ਵੱਡਿਆਂ-ਵੱਡਿਆਂ ਦਾ ਸੀਂਢ ਕੱਢ ਦਿੰਦੀ ਆ। ਗਿੰਦਰ ਵਿਚਾਰਾ ਕਿਹੜੇ ਖੇਤ ਦਾ ਗੋਂਗਲੂ ਆ...। ਹੈ ਕਿ ਨਹੀਂ...।"

"ਖਸਮਾ, ਗੋਂਗਲੂ ਨ੍ਹੀਂ ..ਮੂਲੀ ਹੁੰਦੈ।"

"ਚੱਲ, ਮੂਲੀ ਸਹੀ...।"



ਲੋਕ ਉਹਦੀਆਂ ਗੱਲਾਂ 'ਤੇ ਹੱਸਦੇ। ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ। ਜਿਹੜੇ ਦਾਨਸ਼ਮੰਦ ਚਾਹੁੰਦੇ ਸੀ ਕਿ ਇਹ ਘਰ ਨਾ ਉੱਜੜੇ। ਉਹ 'ਚੰਗਾ ਹੋਇਐ' ਕਹਿੰਦੇ ਸੀ। ਤੇ ਮਨਸਾਂ ਦੇ ਮਾੜੇ, ਜਿਨ੍ਹਾਂ ਦੀ ਗਿੰਦਰ ਦੀ ਪੈਲੀ ਤੇ ਅੱਖ ਸੀ। ਉਹ ਢਿੱਡੋਂ ਔਖੇ ਸੀ। ਕਚੀਚੀਆਂ ਲੈਂਦੇ ਸੀ।

"ਸਾਲੀ ਤੀਮੀ ਦੀ ਕੀ ਜੁਰੱਅਤ ਆ। ਉਹ ਐਂ ਕਰਜੇ।"

ਇਹ ਸਭ ਸੁਣਕੇ, ਸੱਤੀ ਨੂੰ ਸੱਪ ਸੁੰਘ ਗਿਆ ਸੀ।

ਉਹਦੀ ਸਕੀਮ ਧਰੀ-ਧਰਾਈ ਰਹਿ ਗਈ ਸੀ। ਉਹ ਨਿਆਈ 'ਚੋਂ ਮੁਫਤੋਂ-ਮੁਫਤੀ ਦਸ ਮਰਲੇ ਦੇ ਪਲਾਟ ਦੀ ਰਜਿਸਟਰੀ ਕਰਾਉਣ ਨੂੰ ਫਿਰਦੀ ਸੀ। ਪਰ ਉਹਦੀਆਂ ਆਸਾਂ-ਉਮੀਦਾਂ 'ਤੇ ਪਾਣੀ ਫਿਰ ਗਿਆ ਸੀ, ਉਹ ਫੱਟੜ ਸੱਪਣੀ ਵਾਂਗੂੰ ਵਿਹੁ ਘੋਲਦੀ ਸੀ। ਹੱਥਾਂ 'ਤੇ ਦੰਦੀਆਂ ਵੱਢਦੀ ਸੀ। ਤੰਦੂਰ ਵਾਂਗੂੰ ਮੱਚਦੀ ਸੀ। ਅੜਬ ਘੋੜੀ ਵਾਂਗੂੰ ਪਿੰਡੇ ਤੇ ਹੱਥ ਨਹੀਂ ਸੀ ਰੱਖਣ ਦਿੰਦੀ।

ਗਿੰਦਰ ਪੁਚਕਾਰਦੈ। ਮਨਾਉਂਦੈ।

"ਜੇ ਆਖੇ ਤਾਂ ਟਰੈਕਟਰ ਵੇਚਦਾਂ।"

"ਮੇਰੇ ਲਈ ਵੇਚਨੈ...।" ਉਹ ਕੁਨੱਖਾ ਝਾਕਦੀ। ਨਿਹੋਰਾ ਮਾਰਦੀ, "ਮੈਂ ਤੇਰੀ ਕੀ ਲੱਗਦੀ ਆ।" ਉਹਦੀਆਂ ਮੋਟੀਆਂ ਸੁਰਮਈ ਅੱਖਾਂ ਝਲਕਦੀਆਂ," ਜੱਟਾਂ, ਤੇਰੀ ਖਾਤਰ ਮੈਂ ਸ਼ਰੀਕਾਂ 'ਚ ਕੱਖੋਂ ਹੌਲੀ ਹੋਈ। ਤੋਹਮਤਾਂ ਦੇ ਛੱਜ ਝੋਲੀ 'ਚ ਪਵਾਏ। ਪਰ ਤੂੰ...? " ਉਹ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ।

"ਤੂੰ ਐਂ ਕਿਉਂ ਕਰਦੀ ਆ? " ਗਿੰਦਰ ਉਹਨੂੰ ਬਾਹਾਂ ਵਲਦੈ, "ਮੇਰੇ ਹੁੰਦੇ ਤੈਨੂੰ ਕਿਸੇ ਚੀਜ਼ ਦਾ ਘਾਟੈ? ਦੱਸ...। ਦੱਸ ਕਿੰਨੀਆਂ ਬੋਰੀਆਂ ਕਣਕ ਚਾਹੀਦੀ ਆ...? "

ਜਦੋਂ ਦੇ ਗਿੰਦਰ ਦੇ ਸੱਤੀ ਨਾਲ ਸੰਬੰਧ ਬਣੇ ਸੀ, ਉਦੋਂ ਤੋਂ ਹੀ ਹਾੜੀ-ਸਾਉਣੀ ਨੂੰ 'ਦਾਣਾ-ਫੱਕਾ' 'ਤੇ ਤੂੜੀ-ਤੰਦ' ਪਿੜਾਂ 'ਚੋਂ ਈ ਸਿੱਧਾ, ਟਰਾਲੀ 'ਚ ਲੱਦ ਕੇ ਗਿੰਦਰ ਖੁਦ ਸੱਤੀ ਦੇ ਘਰ ਸੁੱਟ ਕੇ ਆਉਂਦਾ ਹੁੰਦਾ ਸੀ। ਸੱਤੀ ਦੀਆਂ ਮੱਝਾਂ ਲਈ 'ਪੱਠਾ-ਦੱਥਾ' ਵੀ ਗਿੰਦਰ ਦੇ ਖੇਤੋਂ ਹੀ ਜਾਂਦਾ ਹੁੰਦਾ ਸੀ।

"ਮੈਂ ਕੀ ਕਹਿਨੈ। ਦਸ, ਕਿੰਨੀਆਂ ਬੋਰੀਆਂ ਕਣਕ ਭੇਜਾਂ।"

"ਤੈਨੂੰ ਪਤਾ ਈ ਆ। ਪੰਜ ਬੋਰੀਆਂ ਲੱਗਦੀਆਂ, ਸਾਲ ਦੀਆਂ।"

"ਬੱਲੀਏ, ਕੱਲ੍ਹ ਜਾਂ ਪਰਸੋਂ ਪਹੁੰਚ ਜਾਣਗੀਆਂ। ਅਜੇ ਜੰਡ ਆਲੇ ਖੇਤ ਦੀ ਖੜੀ ਆ ਵੱਢਣ ਆਲੀ...।" ਉਹ ਉਹਨੂੰ ਜ਼ੋਰ ਨਾਲ ਘੁਟਦੈ। ਚੁੰਮਦੈ।

"ਹੁਣ ਥੁਕਦੇ ਗੁੱਸਾ।"

ਸੱਤੀ ਸੂਹੇ ਬੁੱਲਾਂ 'ਚ ਮੁਸਕਰਾਉਂਦੀ ਹੈ। ਫੁੱਲਾਂ ਲੱਦੀ ਟਾਹਣੀ ਵਾਂਗੂੰ ਝੁਕ ਜਾਂਦੀ ਹੈ। ਲਿਫ ਜਾਂਦੀ ਹੈ, ਮੋਮ ਵਾਂਗੂੰ ਪੰਘਰ ਜਾਂਦੀ ਹੈ।

ਕਾਮ ਵਾਸ਼ਨਾ ਦੇ ਸੇਕ ਨਾਲ 'ਖੰਘਰ' ਵੀ ਪੰਘਰ ਜਾਂਦੈ।

ਤੀਮੀ-ਮਰਦ ਤਾਂ ਹੈ ਈ ਹੱਡ-ਮਾਸ ਦੇ ਪੁਤਲੇ।

ਇਨ੍ਹਾਂ ਦਾ ਰਿਸ਼ਤਾ ਸਵਾਰਥ ਦੀ ਤੰਦ ਨਾਲ ਬੱਝਾ ਹੋਇਆ ਸੀ। ਪਰ ਸੱਤੀ ਆਪਣੀ ਲੋੜ ਨਾਲੋਂ ਵੀ ਵੱਧ ਸਵਾਰਥੀ ਸੀ। ਲਾਲਚੀ ਸੀ। ਉਹ ਬੜੀ ਤਿੱਖੀ ਤੇ ਚਲਾਕ ਰੰਨ ਸੀ। ਲੋਹੜੇ ਦੀ ਮਿੰਨ੍ਹੀ-ਮੀਸਣੀ। ਉਹ ਗਿੰਦਰ ਨਾਲ ਸਾਂਝ ਪਾ ਕੇ ਆਪਣੀਆਂ ਦੋਹੇਂ, ਸਰੀਰਕ ਤੇ ਆਰਥਿਕ ਲੋੜਾਂ ਦੀ ਪੂਰਤੀ ਕਰ ਰਹੀ ਸੀ।

"ਲੁੱਟ ਕੇ ਖਾ-ਗੀ ਗਿੰਦਰ ਨੂੰ...।" ਲੋਕ ਗੱਲਾਂ ਕਰਦੇ।

"ਅਗਲੀ ਨਾਲ ਸੌਦੀ ਆ। ਲਾਹਾ ਤਾਂ ਲਉਗੀ ਈ। ਹੈ ਕਿ ਨਹੀਂ।" ਨਛੱਤਰ ਅਮਲੀ ਹੱਥ 'ਤੇ ਹੱਥ ਮਾਰ ਕੇ ਹੱਸਦਾ ਹੁੰਦਾ ਸੀ।

ਗਿੰਦਰ ਦੀ ਹੁਣ ਪਹਿਲਾਂ ਵਾਲੀ ਚੜ੍ਹਤ ਨਹੀਂ ਸੀ ਰਹਿ ਗਈ। ਉਹ ਸਰੀਰਕ ਤੇ ਆਰਥਿਕ ਪੱਖੋਂ ਜਮਾਂ ਥੱਲੇ ਲੱਗ ਗਿਆ ਸੀ

ਨਛੱਤਰ ਅਮਲੀ ਕਹਿੰਦਾ ਹੁੰਦਾ ਸੀ।

"ਨਸ਼ਿਆਂ ਦੀ ਆਦਤ ਤੇ ਬਿਗਾਨੀ ਤੀਮੀ ਦਾ 'ਚਸਕਾ' ਬੰਦੇ ਦੀ 'ਤਬਾਹੀ' ਦਾ ਕਾਰਨ ਹੁੰਦੇ ਨੇ...।

ਗਿੰਦਰ ਹੁਣ ਤਬਾਹੀ ਦੇ ਕੰਢੇ 'ਤੇ ਖੜਾ ਸੀ। ਇਸ ਦੇ ਬਾਵਜੂਦ, ਟਰੈਕਟਰ 'ਤੇ ਟੇਪ (ਡੈੱਕ) ਉੱਚੀ ਆਵਾਜ਼ 'ਚ ਗੂੰਜਦੀ ਰਹਿੰਦੀ ਹੁੰਦੀ ਸੀ।

"ਪੂਰਾ ਸਿੱਕਾ ਚੱਲਦਾ ਏ, ਯਾਰਾਂ ਦੀ ਯਾਰੀ ਦਾ।
ਇੱਕ ਤੇਰੀ ਦੀਵਾਨਗੀ, ਦੂਜਾ ਸ਼ੌਕ ਸਰਦਾਰੀ ਦਾ।"

"ਸਾਲਾ ਨੰਗ।" ਕੋਈ ਉਹਦੀ ਟੇਪ ਤੋਂ ਨਿੱਤ ਦਾ ਅੱਕਿਆ ਕਹਿੰਦਾ ਹੁੰਦਾ ਸੀ।

ਸੱਤੀ ਹੁਣ ਹੋਲੀ-ਹੋਲੀ ਗਿੰਦਰ ਨਾਲੋਂ ਦੂਰੀ ਬਣਾਉਣ ਲੱਗ ਪਈ ਸੀ। ਸ਼ਾਇਦ ਹੁਣ ਉਹਦਾ ਘਰ ਪੂਰਾ ਨਹੀਂ ਸੀ ਹੁੰਦਾ।

ਨਛੱਤਰ ਅਮਲੀ ਕੋਲੋਂ ਲੰਘਦੀ ਸੱਤੀ ਨੂੰ ਛੇੜਦੈ। ਲਾਕੇ ਸੁਣਾਉਂਦੈ। ਬੋਲੀ ਪਾਉਂਦੈ।

"ਜੁੱਤੀ ਟੁੱਟਗੀ ਪਾਟ ਗਏ ਲੀੜੇ,
ਯਾਰ ਨੰਗ ਹੋ ਗਿਆ, ਕੁੜੀਓ।"

ਸੱਤੀ ਕਿਹੜਾ ਅੱਗੋਂ ਘੱਟ ਸੀ। ਬਾਹਲੀ ਮੂੰਹ ਫਟ ਸੀ। ਝੱਟ ਨਹਿਲੇ ਤੇ ਦਹਿਲਾਂ ਮਾਰਦੀ।

"ਨੰਗਾ, ਤੇਰੇ ਆਂਗੂੰ ਨ੍ਹੀਂ...। ਮਹਿੰ ਜਿੱਡਾ ਜੇਰਾ ਜੱਟ ਦੈ। ਜੇ ਮੰਗਾ, ਜਾਨ ਵੀ ਦੇ ਦਉ...। ਉਹ ਗਿੰਦਰ ਦੀ ਜਿੰਦਾ ਦਿਲੀ ਤੋਂ ਕੁਰਬਾਨ ਜਾਂਦੀ ਹੁੰਦੀ ਸੀ।

"ਸੱਤੀਏ, ਹੁਣ ਉਹਦੇ 'ਚ ਜਾਨ ਕਿਥੇ...।" ਅਮਲੀ ਹੱਸਦੈ। ਸਿੱਧੀ ਸੱਟ ਮਾਰਦੈ, "ਸਾਡੇ ਆਂਗੂੰ ਕੁਸ਼ ਨਸ਼ਿਆਂ ਨੇ ਖਾ ਲਿਆ। ਕੁਸ਼ ਤੂੰ ਨਚੋੜ ਲਿਐ। ਹੈ ਕਿ ਨਹੀਂ...।"

"ਹੈ ਲਹਿ ਜਾਣੈ।" ਸੱਤੀ ਹੱਸਦੀ। ਕਲੋਲਾਂ ਕਰਦੀ। ਮੜਕ ਨਾਲ ਪੱਬ ਧਰਦੀ। ਅੱਗੇ ਲੰਘ ਜਾਂਦੀ ਹੈ।

"ਬੜੀ ਮੜਕ ਆ ਤੀਮੀ 'ਚ...।" ਅਮਲੀ ਉਹਦੇ 'ਪਿੱਛੇ' ਨੂੰ ਨਿਹਾਰਦਾ ਹੈ, "ਮਖਿਆ, ਰੇਤੀ ਦੀ ਦਾਤੀ ਅਰਗੀ 'ਚੱਸ' ਆ ਸਾਲੀ 'ਚ...।" ਉਹ ਜਰਦਾ ਮਲਦਾ, ਜਾਂਦੀ ਸੱਤੀ ਨੂੰ ਕਿੰਨਾਂ ਈ ਚਿਰ ਵੇਖਦਾ ਰਹਿੰਦਾ ਹੈ।

0 0 0

ਕਿੰਨੀ ਹੀ ਰਾਤ ਬੀਤ ਗਈ ਹੈ।

ਜਸਪ੍ਰੀਤ ਨੂੰ ਨੀਂਦ ਨਹੀਂ ਆ ਰਹੀ। ਉਹ ਖੁੱਲ੍ਹੀਆਂ ਅੱਖਾਂ ਨਾਲ ਹਨ੍ਹੇਰੇ 'ਚ ਝਾਕਦੀ ਹੈ। ਬਿੰਦੇ-ਝੱਟੇ ਉਹਦੀ ਨਿਗ੍ਹਾ ਹਨ੍ਹੇਰੇ 'ਚ ਤਾਰੇ ਵਾਂਗੂੰ ਚਮਕਦੇ, ਸਵਿੱਚ ਦੇ ਇੰਡੀਗੇਟਰ ਤੇ ਪੈਂਦੀ ਹੈ। ਉਹ ਚਮਕਦੇ ਬਿੰਦੂ ਨੂੰ ਇੱਕ ਟੱਕ ਵੇਖਦੀ ਹੈ। ਉਹਦੀਆਂ ਨੀਂਦਰਾਈਆਂ ਬੋਝਲ ਅੱਖਾਂ ਪ੍ਰਤੱਖ ਵੇਖਦੀਆਂ। ਚਮਕਦਾ ਬਿੰਦੂ (ਇੰਡੀਗੇਟਰ) ਸਕਰੀਨ 'ਚ ਬਦਲ ਜਾਂਦਾ ਹੈ। ਸਕਰੀਨ 'ਤੇ ਤਸਵੀਰਾਂ ਬਣਦੀਆਂ। ਉਭਰਦੀਆਂ। ਤੁਰਦੀਆਂ। ਬੋਲਦੀਆਂ। ਸਕਰੀਨ 'ਤੇ ਜਾਣੀ ਬੀਤੇ ਦੀ ਫਿਲਮ ਚੱਲਦੀ ਹੈ। ਉਹ ਆਪਣੇ ਬੀਤੇ ਨੂੰ ਅੱਖੀਂ ਵੇਖਦੀ ਹੈ।

ਬਾਲੜੀ ਜਸਪ੍ਰੀਤ ਪਿੰਡ ਦੇ ਪ੍ਰਾਇਮਰੀ ਸਕੂਲ 'ਚ ਪੜ੍ਹਨ ਜਾਂਦੀ ਹੈ। ਮੋਢੇ ਬਸਤਾ ਪਾਇਆ ਹੋਇਆ ਹੈ। ਹੱਥ 'ਚ ਨੁੱਗੇ ਤੋਂ ਫੱਟੀ ਫੜੀ ਹੈ। ਉਹ ਫੱਟੀ ਪੋਚਦੀ ਹੈ। ਸਕਾਉਂਦੀ ਹੈ।

'ਸੂਰਜਾ-ਸੂਰਜਾ ਫੱਟੀ ਸੁਕਾ।
ਸਾਡੀ ਕੋਠੀ ਦਾਣੇ ਪਾ।'

ਪ੍ਰਾਇਮਰੀ ਪਾਸ ਕਰਨ ਤੋਂ ਬਾਅਦ, ਉਹ ਲਾਗਲੇ ਪਿੰਡ ਦੇ ਹਾਈ ਸਕੂਲ ਵਿੱਚ ਦਾਖਲ ਹੁੰਦੀ ਹੈ। ਸਹੇਲੀਆਂ ਨਾਲ ਹੱਸਦੀ-ਖੇਡਦੀ ਸਕੂਲ ਜਾਂਦੀ ਹੈ। ਹੱਸਦੀ ਖੇਡਦੀ ਆਉਂਦੀ ਹੈ। ਅੱਧੀ ਛੁੱਟੀ ਵੇਲੇ ਕੁੜੀਆਂ ਸਮੁੰਦਰ ਗੀਟਾ ਖੇਡਦੀਆਂ। ਮੁੰਡਿਆਂ ਦਾ ਕਬੱਡੀ ਦਾ ਮੈਚ ਵੇਖਦੀਆਂ। ਕਬੱਡੀ ਖੇਡਦਾ ਸੁਖਮੰਦਰ ਜਸਪ੍ਰੀਤ ਨੂੰ ਸੋਹਣਾ ਲੱਗਦਾ ਹੈ। ਪਿਆਰਾ ਲੱਗਦਾ ਹੈ। ਉਹ ਸੋਹਣਾ ਮੁੰਡਾ ਹੈ। ਸੋਹਣੀ ਕਬੱਡੀ ਖੇਡਦਾ ਹੈ। ਉਹਦਾ ਹਮਜਮਾਤੀ ਹੈ। ਉਹ ਇੱਕ ਦੂਜੇ ਨੂੰ ਕਾਪੀਆਂ ਕਿਤਾਬਾਂ 'ਚ ਫੁੱਲ ਤੇ ਤਿੱਤਲੀਆਂ ਦੇ ਖੰਭ ਰੱਖ ਕੇ ਦਿੰਦੇ ਹੈ। ਹੱਸਦੈ ਹੈ। ਮੁਸਕਰਾਉਂਦੇ ਹੈ। ਪੀ. ਟੀ. ਮਾਸਟਰ ਤਾੜਦਾ ਹੈ। ਘੂਰਦਾ ਹੈ। ਪੀ. ਟੀ ਖੁਦ ਅੰਦਰੋਂ



ਜਸਪ੍ਰੀਤ ਨੂੰ ਚਾਹੁੰਦਾ ਹੈ। ਸੁਨੱਖੀ ਕੁੜੀ ਕਹਿੰਦਾ ਹੈ। ਹੱਸਦਾ ਹੈ। ਉਹ ਸ਼ਰਮਾਉਂਦੀ ਹੈ।

ਉਹ ਚੰਗੇ ਨੰਬਰ ਲੈ ਕੇ ਦੱਸਵੀਂ ਪਾਸ ਕਰਦੀ ਹੈ।

ਸੀਨ ਬਦਲਦਾ ਹੈ।

ਉਹ ਘਰ ਦਾ ਕੰਮ-ਕਾਜ ਕਰਦੀ ਹੈ। ਭਾਬੀ ਨਾਲ ਖੇਤਾਂ 'ਚੋਂ ਸਾਗ ਲੈਣ ਜਾਂਦੀ ਹੈ। ਕਦੇ-ਕਦਾਈ ਸੁਖਮੰਦਰ ਟੱਕਰਦਾ ਹੈ। ਉਹ ਸਾਈਕਲ 'ਤੇ ਕਾਲਜ ਪੜ੍ਹਨ ਜਾਂਦਾ ਹੈ। ਪੁੱਛਦਾ ਹੈ।

"ਜੱਸੀ, ਤੂੰ ਪੜ੍ਹਨੋਂ ਕਿਉਂ ਹਟਗੀ?"

"ਬਸ ਊਈ।" ਉਹ ਮੁਸਕਰਾਉਂਦੀ ਹੈ। ਹੇਠਲਾ ਬੁੱਲ੍ਹ ਚੱਬਦੀ ਹੈ।

ਦਰਵਾਜੇ 'ਚ ਬਹਿਕੇ ਜਸਪ੍ਰੀਤ ਚਾਦਰ 'ਤੇ ਫੁੱਲ-ਬੂਟੀਆਂ ਪਾਉਂਦੀ ਹੈ। ਚੁੰਨੀ ਨੂੰ ਗੋਟਾ-ਕਿਨਾਰੀ ਲਾਉਂਦੀ ਹੈ। ਸੁਖਮੰਦਰ ਦਰਵਾਜ਼ੇ ਮੂਹਰ ਦੀ ਲੰਘਦਾ ਹੈ। ਨਿੱਤ ਹੀ ਲੰਘਦਾ ਹੈ। ਬਿਨਾਂ ਖੰਘ ਤੋਂ ਖੰਘਦਾ ਹੈ। ਮੁਸਕਰਾਉਂਦਾ ਹੈ। ਉਹ ਬੁੱਲ੍ਹ ਟੁੱਕਦੀ ਹੈ। ਅੱਖਾਂ 'ਚ ਹੱਸਦੀ ਹੈ। ਭਾਬੀ ਤਾੜਦੀ ਹੈ। ਉਹ ਘਬਰਾਉਂਦੀ ਹੈ।

ਸੀਨ ਬਦਲਦਾ ਹੈ।

ਜਸਪ੍ਰੀਤ ਆਥਣੇ ਸਹੇਲੀਆਂ ਨਾਲ ਤੀਆਂ ਦੇ ਪਿੜ ਵਿੱਚ ਜਾਂਦੀ ਹੈ। ਨੱਚਦੀ ਹੈ। ਬੋਲੀ ਪਾਉਂਦੀ ਹੈ।

ਆ ਬਹਿ ਦੋ ਗੱਲਾਂ ਕਰੀਏ
ਮਾਈਏ ਠੰਢੀਆਂ ਛਾਵਾਂ,
ਮਿੱਤਰਾਂ ਦੇ ਫੁਲਕੇ ਨੂੰ,
ਖੰਡ ਦਾ ਪਲੇਖਣ ਲਾਵਾਂ।

ਸੁਖਮੰਦਰ ਉਹਦੇ ਚੇਤਿਆਂ 'ਚ ਵਸ ਜਾਂਦਾ ਹੈ। ਉਹ, ਉਹਦੀ ਪੱਗ ਨਾਲ ਦੀ ਚੁੰਨੀ ਰੰਗਾ ਲੈਂਦੀ ਹੈ। ਪਰ ਬਾਪੂ ਦੀ ਪੱਗ ਦਾ ਖਿਆਲ ਆਉਂਦਿਆਂ ਹੀ ਸੁਖਮੰਦਰ ਉਹਦੇ ਚੇਤਿਆਂ 'ਚੋਂ ਵਿਸਰ ਜਾਂਦਾ ਹੈ। ਸਦਾ ਲਈ ਵਿਸਰ ਜਾਂਦਾ ਹੈ।

ਇਹ ਜਸਪ੍ਰੀਤ ਦੇ ਬਚਪਨ, ਜਵਾਨੀ ਤੇ ਪਿਆਰ ਦੀ ਸੰਖੇਪ ਕਹਾਣੀ ਸੀ। ਜਿਹੜੀ ਹੁਣੇ ਉਹਨੇ ਸੁਫਨਾਈ ਅਵਸਥਾ 'ਚ ਵੇਖੀ ਸੀ। ਚਿਤਵੀ ਸੀ।

ਜਸਪ੍ਰੀਤ ਦੀਆਂ ਅੱਖਾਂ ਦੇ ਕੋਇਆਂ 'ਚੋਂ ਹੰਝੂ ਵਹਿਕੇ ਉਹਦੇ ਕੰਨਾਂ ਵੱਲ ਢਲਕ ਜਾਂਦੇ ਹੈ।

'ਔਰਤ ਹੋਣਾ ਵੀ ਇੱਕ ਸਰਾਪ ਹੈ।' ਇੱਕ ਹਾਉਂਕਾ ਉਹਦੇ ਅੰਦਰ ਆਤਮਘਾਤ ਕਰ ਜਾਂਦਾ ਹੈ। ਉਹ ਉੱਤਲੇ ਦੰਦਾਂ ਨਾਲ, ਹੇਠਲੇ ਬੁੱਲ੍ਹ ਨੂੰ ਕਿੰਨਾਂ ਈ ਚਿਰ ਘੁੱਟੀ ਰੱਖਦੀ ਹੈ। ਉਹ ਆਤਮਘਾਤ ਕਰ ਗਏ ਹਾਉਂਕੇ ਦੀ ਲਾਸ਼ ਉੱਤੇ ਭੁੱਬ ਨਹੀਂ ਸੀ ਮਾਰਨਾ ਚਾਹੁੰਦੀ।

ਇਹੋ ਤਾਂ ਔਰਤ ਦੀ ਮਹਾਨਤਾ ਹੈ ਕਿ ਉਹ "ਭੁੱਬਾਂ" ਨੂੰ ਹਜ਼ਮ ਕਰ ਜਾਂਦੀ ਹੈ। ਅੱਗ ਨੂੰ ਕੱਖਾਂ 'ਚ ਲਕੋਅ ਲੈਂਦੀ ਹੈ।

ਬੀਤਿਆ ਅਤੀਤ ਫਿਰ ਉਹਦੀਆਂ ਅੱਖਾਂ ਸਾਹਵੇਂ ਫਿਲਮ ਦੀ ਰੀਲ੍ਹ ਵਾਂਗੂੰ ਘੁੰਮਦਾ ਹੈ।

...ਬਾਪੂ ਜੀ ਕਰਮ ਸਿਉਂ ਆਥਣੇ ਜਿਹੇ ਖੇਸ ਦੀ ਬੁੱਕਲ ਮਾਰਕੇ, ਖੇਤਾਂ ਨੂੰ ਗੇੜਾ ਮਾਰਨ ਜਾਂਦਾ ਹੈ। ਫਿਰ ਉਹਦੀ 'ਲਾਸ਼' ਮੁੜਦੀ ਹੈ। ਸਿਵਾ ਬਲਦਾ ਹੈ।

ਬੇ-ਜੀ ਗਿੰਦਰ ਨਾਲ ਲੜਦੀ ਹੈ। ਕਲਪਦੀ ਹੈ। ਮੱਤਾਂ ਦਿੰਦੀ ਹੈ। ਉਹ ਬੇ-ਜੀ ਨਾਲ ਕਚਹਿਰੀ ਜਾਂਦੀ ਹੈ। ਗਿੰਦਰ ਸ਼ਰਾਬੀ ਹੋਇਆ ਗਾਲ੍ਹਾਂ ਕੱਢਦਾ ਹੈ। ਖੈਰੂ ਪਾਉਂਦਾ ਹੈ। ਬੇ-ਜੀ ਨੂੰ ਧੱਕਾ ਮਾਰਦਾ ਹੈ। ਬੇ.ਜੀ ਫਿਰ ਨ੍ਹੀਂ ਉੱਠਦੀ। ਜਸਵੰਤ ਉਹਦੇ ਤੇ ਮੈਲੀ ਅੱਖ ਰੱਖਦਾ ਹੈ। ਕੁੱਨਖਾ ਝਾਕਦਾ ਹੈ। ਨਿਝੱਕ ਉਹਦੀ ਬਾਂਹ ਫੜਦਾ ਹੈ। ਉਹ ਬਾਂਹ ਛਡਾਉਂਦੀ ਹੈ। ਲਾਹਣਤਾਂ ਪਾਉਂਦੀ ਹੈ।

ਸੱਤੀ ਬਿਨਾਂ ਕਿਸੇ ਸੰਗ-ਸ਼ਰਮ ਦੇ ਬੈਠਕ ਵਿੱਚ ਆਉਂਦੀ ਹੈ। ਗਿੰਦਰ ਨਾਲ ਸੌਂਦੀ ਹੈ। ਹੱਸਦੀ ਹੈ।

ਸੰਮੂ ਭਈਆ ਕੋਹਲੂ ਦੇ ਬਲਦ ਵਾਂਗੂ ਨੀਵੀਂ ਪਾ ਕੇ ਦਿਨ-ਰਾਤ ਵਗਦਾ ਹੈ। ਮਾਲ-ਡੰਗਰ ਸਾਂਭਦਾ ਹੈ। ਡੇਹਰੀ ਦੁੱਧ ਪਾ ਕੇ ਆਉਂਦਾ ਹੈ। ਬੱਚਿਆਂ ਨੂੰ ਸਕੂਲ ਦੀ ਬੱਸ ਚੜ੍ਹਾ ਕੇ ਆਉਂਦਾ ਹੈ। ਲੈ ਕੇ ਆਉਂਦਾ

ਹੈ।

"ਮੰਮੀ, ਮੂਤ ਕਰਨੈ...।" ਛੋਟਾ ਮੁੰਡਾ ਮਨੀ ਉਠਕੇ ਬੈਠ ਜਾਂਦਾ ਹੈ। ਉਹ ਦੋਵੇਂ ਭਰਾ ਇੱਕ ਮੰਜੇ 'ਤੇ ਸੌਂਦੇ ਆ।

ਜਸਪ੍ਰੀਤ ਦੀਆਂ ਸੋਚਾਂ ਦੀ ਲੜੀ ਟੁੱਟ ਜਾਂਦੀ ਹੈ। ਉਹ ਭੂਤ 'ਚੋਂ ਭਵਿੱਖ 'ਚ ਪਰਤਦੀ ਹੈ। ਉੱਠਦੀ ਹੈ। ਮੁੰਡੇ ਨੂੰ ਪਿਸ਼ਾਬ ਕਰਾਉਂਦੀ ਹੈ। ਚੁਫੇਰੇ ਨਿਗ੍ਹਾ ਮਾਰਦੀ ਹੈ। ਸੁੰਨਾ ਵਿਹੜਾ ਭਾਂ-ਭਾਂ ਕਰਦਾ ਹੈ। ਬੈਠਕ ਸੁੰਨੀ ਹੈ। ਗਿੰਦਰ ਕੱਲ੍ਹ ਦਾ ਮੰਡੀ ਝੋਨਾ ਲੈ ਕੇ ਗਿਆ, ਮੁੜਿਆ ਨਹੀਂ, ਅਜੇ ਦੋ-ਤਿੰਨ ਦਿਨ ਹੋਰ ਨ੍ਹੀਂ ਮੁੜਦਾ। ਸੁਮੇਰ ਦੱਸਦਾ ਸੀ ਅਖੇ, ਉਥੇ ਝੋਨੇ ਨੂੰ ਕੋਈ ਨਹੀਂ ਪੁੱਛਦੈ। ਕੋਈ ਨਹੀਂ ਚੁੱਕਦੈ। ਜ਼ਿੰਮੀਦਾਰ ਕਿੰਨੇ-ਕਿੰਨੇ ਦਿਨ ਮੰਡੀ 'ਚ ਰੁੱਲਦੇ ਨੇ...। ਔਖੇ ਹੁੰਦੇ ਨੇ...।

ਜਸਪ੍ਰੀਤ ਕਿਸਾਨ ਦੀ ਤ੍ਰਾਸਦੀ ਬਾਰੇ ਸੋਚਦੀ, ਮੰਜੇ 'ਤੇ ਲੰਮੀ ਪੈਂਦੀ ਹੈ। ਮਨੀ ਵੀ ਉਹਦੇ ਨਾਲ ਸੌਂ ਜਾਂਦਾ ਹੈ। ਮਨੀ ਉਹਦੇ ਨਾਲ ਚੁੰਬੜ ਕੇ ਪਿਆ ਹੈ। ਜੱਫੀ ਪਾ ਕੇ ਸੁੱਤਾ ਹੈ। ਮੁੰਡੇ ਦੀ ਸੱਜੀ ਬਾਂਹ ਉਹਦੀ ਛਾਤੀ 'ਤੇ ਹੈ। ਤੇ ਸੱਜੀ ਲੱਤ ਪੱਟਾਂ 'ਤੇ...। ਉਹ ਮੁੰਡੇ ਦੇ ਵਾਲਾਂ 'ਚ ਉਂਗਲਾਂ ਦੀ ਕੰਘੀ ਕਰਦੀ ਹੈ। ਸੋਚਦੀ ਹੈ।

...ਇਹ ਹੁਣ ਪੰਜਾਵੀਂ 'ਚ ਪੜ੍ਹਦੈ। ਉਦੋਂ ਇਹ ਖਣੀ ਤੀਜੀ 'ਚ ਪੜ੍ਹਦਾ ਹੁੰਦਾ ਸੀ। ਜਦੋਂ ਗਿੰਦਰ ਨੇ ਇਹਨੂੰ ਮੇਰੇ ਨਾਲੋਂ ਚੁੱਕ ਕੇ ਦੂਜੇ ਮੰਜੇ 'ਤੇ ਪਾਇਆ ਸੀ। ਬਸ, ਉਹ ਦਿਨ ਤੇ ਆਹ ਦਿਨ...। ਉਹ ਮੁੜਕੇ ਮੇਰੇ ਨਾਲ ਕਦੇ ਨ੍ਹੀਂ ਸੁੱਤੈ...। ਉਹ ਕਿੰਨਾਂ ਕੁਝ ਸੋਚਦੀ ਹੈ। ਚਿਤਵਦੀ ਹੈ। ਉਹਦੇ ਅੰਗਾਂ 'ਚ ਖਿੱਚ ਜਿਹੀ ਪੈਂਦੀ ਹੈ। ਉਹਦਾ ਸਰੀਰ ਕੱਸਿਆ ਜਾਂਦਾ ਹੈ। ਉਹ 'ਮਸਤੀ' ਜਿਹੀ ਨਾਲ ਭਰੀ ਭਕੁੰਨੀ ਕਲਪਣਾ ਦੀ ਰੰਗੀਨ ਦੁਨੀਆਂ 'ਚ ਗੁਵਾਚ ਜਾਂਦੀ ਹੈ। ਖੂਬਸੂਰਤ ਸੁਫਨੇ 'ਚ ਖੋਹ ਜਾਂਦੀ ਹੈ। ਪ੍ਰਤੱਖ ਰੂਪ 'ਚ ਉਹ ਮਹਿਸੂਸ ਕਰਦੀ ਹੈ। ਕਿ ਉਹਦੀ ਛਾਤੀ 'ਤੇ ਕਿਸੇ ਗੱਭਰੂ ਦਾ ਹੱਥ ਹੈ। ਹੱਥ ਲਗਾਤਾਰ ਹਰਕਤ ਕਰਦਾ ਹੈ। ਉਹਦੀਆਂ ਛਾਤੀਆਂ 'ਚ ਝਰਨਾਹਟ ਜਿਹੀ ਛਿੜ੍ਹਦੀ ਹੈ। ਪੂਰੇ ਵਜੂਦ 'ਚ ਕਰੰਟ ਜਿਹਾ ਭਰ ਜਾਂਦਾ ਹੈ। ਉਹ ਅਨੰਦਮਈ ਅਵਸਥਾ 'ਚ ਪਹੁੰਚ ਜਾਂਦੀ ਹੈ। ਅਰਧ ਚੇਤਨਾ ਤੇ ਸੁਫਨਈ ਅਵਸਥਾ 'ਚ ਉਹਨੂੰ ਹੱਥ ਕਦੇ ਗਿੰਦਰ ਦਾ ਲੱਗਦਾ ਹੈ। ਕਦੇ ਸੁਮੇਰ ਦਾ...। ਵਾਸਤਵ ਵਿੱਚ ਇਹ ਹੱਥ ਨਾ ਗਿੰਦਰ ਦਾ ਹੁੰਦੈ। ਨਾ ਸੁਮੇਰ ਦਾ...। ਸਗੋਂ ਉਹਦੀ ਛਾਤੀ 'ਤੇ ਟਿਕਿਆ ਹੱਥ ਉਹਦੇ ਪੁੱਤਰ ਸਨੀ ਦਾ ਹੁੰਦਾ ਹੈ। ਇਸ ਗੱਲ ਦਾ ਜਿਉਂ ਹੀ ਉਹਨੂੰ ਅਹਿਸਾਸ ਹੁੰਦਾ ਹੈ। ਉਹ ਅਪਰਾਧ ਬੋਧ ਨਾਲ ਭਰ ਜਾਂਦੀ ਹੈ। ਜਮਾਂ ਮੁੜਕੋ-ਮੁੜਕੀ ਹੋ ਜਾਂਦੀ ਹੈ।

ਉਹ ਹੌਲੀ ਜਿਹੇ ਮੁੰਡੇ ਦਾ ਹੱਥ ਛਾਤੀ 'ਤੋਂ ਲਾਹੁੰਦੀ ਹੈ। ਉਸਦਾ ਦਿਲ ਧੜਕਦਾ ਹੈ। ਪਿੰਡਾਂ ਸੇਕ ਮਾਰਦਾ ਹੈ। ਅੱਖਾਂ 'ਚ ਕੁੜੱਤਣ ਜਿਹੀ-ਘੁਲ ਜਾਂਦੀ ਹੈ। ਕੰਨਾਂ 'ਚ ਸਾਂ-ਸਾਂ ਹੁੰਦੀ ਹੈ। ਮੀਂਹ 'ਚ ਭਿੱਜੇ ਮੁੰਜ ਦੇ ਮੰਜੇ ਵਾਂਗੂੰ ਉਹਦਾ ਸਰੀਰ ਜਮਾਂ ਕੱਸਿਆ ਜਾਂਦਾ ਹੈ।

ਗੁਰਦੁਆਰੇ ਦਾ ਭਾਈ ਬੋਲਦਾ ਹੈ। ਕੁੱਕੜ ਬਾਂਗ ਦਿੰਦਾ ਹੈ। ਗਲੀ ਦਾ ਲੁੱਟਰ ਕੁੱਤਾ ਭੌਂਕਦਾ ਹੈ। ਉਹਦਾ ਚਿੱਤ ਕਾਹਲਾ ਪੈਂਦਾ ਹੈ। ਉਹ ਉਠ ਕੇ ਬੈਠ ਜਾਂਦੀ ਹੈ। ਗੋਡਿਆਂ 'ਤੇ ਸਿਰ ਰੱਖ ਕੇ ਕਿੰਨਾਂ ਈ ਚਿਰ ਬੈਠੀ ਰਹਿੰਦੀ ਹੈ। ਉਹ ਖਵਨੀ ਕਿਹੜੀਆਂ ਸੋਚਾਂ, ਖਿਆਲਾਂ 'ਚ ਗੁਵਾਚੀ ਹੋਈ ਹੈ। ਉਹਦੇ ਅੰਦਰ ਪਤਾ ਨਹੀਂ ਕੀ ਕੁਝ ਰਿੱਝਦਾ-ਪੱਕਦਾ ਹੈ। ਉਹਨੂੰ ਜਮਾਂ ਸਮਝ ਨਹੀਂ ਪੈਂਦੀ ਕਿ ਗੁਰਦੁਆਰੇ ਦਾ ਭਾਈ ਕੀ ਬੋਲਦਾ ਹੈ। ਕੀ ਪੜ੍ਹਦਾ ਹੈ।

ਤੇ ਫਿਰ...? ਫਿਰ ਉਹ ਮਲਕੜੇ ਜਿਹੇ ਉੱਠਦੀ ਹੈ। ਬਾਹਾਂ ਖੋਲ੍ਹ ਕੇ ਅੰਗੜਾਈ ਲੈਂਦੀ ਹੈ। ਬਾਥਰੂਮ ਜਾਂਦੀ ਹੈ। ਮੂੰਹ-ਹੱਥ ਧੋਂਦੀ ਹੈ। ਸਰ੍ਹਾਣੇ ਤਹਿ ਲਾ ਕੇ ਰੱਖੇ ਸ਼ਾਲ ਦੀ ਬੁੱਕਲ ਮਾਰਦੀ ਹੈ। ਤੇ ਸਟੀਲ ਦੀ ਬਾਲਟੀ ਚੁੱਕ ਕੇ, ਹਵੇਲੀ ਨੂੰ ਵਗ ਤੁਰਦੀ ਹੈ। ਅੱਜ ਉਹ ਪਹਿਲਾਂ ਦੇ ਮੁਕਾਬਲੇ, ਬਾਹਲੇ ਸੁਵੱਖਤੇ ਮੱਝਾਂ ਚੋਣ ਤੁਰ ਪਈ ਹੈ।

ਅਸਮਾਨ 'ਤੇ ਟੁੱਟਵੇਂ ਜਿਹੇ ਛਾਏ ਬੱਦਲਾਂ 'ਚ ਗੋਡੀ ਮਾਰਕੇ ਚੜ੍ਹਿਆ ਚੰਨ ਲੁਕਣ-ਮੀਟੀ ਖੇਡ ਰਿਹਾ ਹੈ। ਟਾਵੇਂ-ਟਾਵੇਂ ਤਾਰੇ ਜਗਦੇ-ਬੁੱਝਦੇ ਪ੍ਰਤੀਤ ਹੁੰਦੇ ਹੈ। ਰੁੱਖਾਂ ਤੋਂ ਤ੍ਰਿਪ-ਤ੍ਰਿਪ ਤਰੇਲ ਦੀਆਂ ਬੂੰਦਾਂ ਟਪਕ ਰਹੀਆਂ ਹਨ। ਸਿਲ੍ਹੀ-ਸਿਲ੍ਹੀ ਹਵਾ ਵਗਦੀ ਹੈ। ਹਵਾ 'ਚ ਤਾਜਗੀ ਹੈ। ਸੁਗੰਧੀ ਹੈ। ਨਿੱਘ ਹੈ।



ਜਸਪ੍ਰੀਤ ਦੀਆਂ ਪੰਜੇਬਾਂ ਦੀ ਨਿੰਮ੍ਹੀ-ਨਿੰਮ੍ਹੀ ਛਣਕਾਰ, ਸਵੇਰ ਦੇ ਪਹੁਫੁਟਾਲੇ ਦੀ ਖੂਬਸੂਰਤੀ ਨੂੰ ਚਾਰ ਚੰਨ ਲਾ ਰਹੀ ਸੀ। ਫਿਜ਼ਾ 'ਚ ਸੁਹਜਮਈ, ਰਹੱਸਮਈ ਸੰਗੀਤ ਗੂੰਜਦਾ ਹੈ।

ਉਹ ਸਬੂਤੇ ਕਦਮੀ ਘਰ ਤੋਂ ਹਵੇਲੀ ਤੱਕ ਦਾ ਰਸਤਾ ਠਰ੍ਹੰਮੇ ਨਾਲ ਤਹਿ ਕਰਦੀ ਹੈ। ਉਹ ਜਮਾਂ ਸ਼ਾਂਤ ਹੈ। ਅਡੋਲ ਹੈ। ਬੇਖੌਫ ਹੈ। ਉਹਦੇ ਅੰਦਰ ਵਹਿੰਦੀ ਜਜਬਿਆਂ ਦੀ ਨਦੀ, ਸਮੁੰਦਰ ਨੂੰ ਮਿਲਣ ਦੀ ਤਾਂਘ ਵਿੱਚ ਸਮਾਜਿਕ ਵਲਗਣਾ ਦੇ ਕਿਨਾਰੇ ਤੋੜਦੀ ਤੁਰੀ ਜਾਂਦੀ ਹੈ।

ਜਸਪ੍ਰੀਤ ਨੇ ਅਰਲ ਘੁਮਾ ਕੇ, ਹਵੇਲੀ ਦਾ ਗੇਟ ਖੋਲ੍ਹ ਲਿਆ ਹੈ। ਹਵੇਲੀ ਦਾ ਵਿਹੜਾ ਪਾਰ ਕਰਕੇ, ਉਹ ਸਿੱਧੀ ਸੁਮੇਰ ਦੇ ਮੰਜੇ ਕੋਲ ਜਾਂਦੀ ਹੈ। ਹੋਲੀ ਜਿਹੇ ਬਾਲਟੀ ਭੁੰਜੇ ਰੱਖਦੀ ਹੈ।

"ਸੁਮੇਰ...।" ਉਹ ਕਿਸੇ ਅਨੋਖੇ ਰੰਗ 'ਚ ਬੋਲਦੀ ਹੈ, "ਸੁਮੇਰ, ਉਠ ਮੱਝ ਚੋਅ...।" ਉਹ ਸੁਮੇਰ ਤੋਂ ਰਜਾਈ ਖਿੱਚਦੀ ਹੈ।

"ਮੱਝ...।" ਸੁਮੇਰ ਉੱਬੜਵਾਹੇ ਉਠਕੇ ਬਹਿ ਗਿਆ ਹੈ,

"ਮੱਝ ਤਾਂ ਭਾਅ ਜੀ ਦੇ 'ਹੱਥ' ਪਈ ਆ।"

ਮੱਝ ਅੜਾਟ ਪਾਉਂਦੀ ਹੈ। ਸੰਗਲ ਤੜਾਉਂਦੀ ਹੈ। ਉਹਦੇ ਥਣ ਆਕੜੇ ਹੋਏ ਹੈ।

"ਨਹੀਂ, ਤੂੰ ਚੋਅ...। ਉਹਨੇ ਖਵਨੀ ਕਦੋਂ ਆਉਨੈ। ਮੱਝ ਤਾਂ ਜਮਾਂ 'ਪਸਵੀ' ਖੜੀ ਆ। ਤੂੰ ਚੋਣ ਵਾਲਾ ਬਣ...।"

"ਮੈਂ....?"

"ਹਾਂ, ਤੂੰ...।"

"ਬੀਬੀ ਜੀ...।" ਉਹ ਕੱਛੇ-ਬੁਣੈਨ 'ਚ ਥੋੜਾ ਜਿਹਾ ਸੰਗਦਾ ਹੈ। ਸ਼ਰਮਾਉਂਦਾ ਹੈ।

"ਨਹੀਂ, ਬੀਬੀ ਜੀ ਨਹੀਂ, ਜੱਸੀ। ਸਿਰਫ ਜੱਸੀ।"

ਤੇ ਹੁਣ ਰੋਜ਼ਾਨਾ ਕੁੱਕੜ ਦੀ ਪਹਿਲੀ ਬਾਂਗ ਨਾਲ ਹਵੇਲੀ 'ਚ ਪੰਜੇਬਾਂ ਦਾ ਸੰਗੀਤ ਗੂੰਜਦਾ ਹੈ। ਸੁਮੇਰ ਧਾਰਾਂ ਕੱਢਦਾ ਹੈ। ✪ ਡਾਕ:- ਬਾੜੀਆਂ ਕਲਾਂ, ਜ਼ਿਲ੍ਹਾ:- ਹੁਸ਼ਿਆਰਪੁਰ


## ਪਿਆਰਾ ਸਿੰਘ ਭੋਗਲ ਦੇ ਗਲਪ 'ਚ ਨਵਾਂ ਕੀ ਹੈ?

ਨਵਾਂ ਕਹਾਣੀ ਸੰਗ੍ਰਹਿ **'ਮੁਹੱਬਤ'** ਅਤੇ ਨਵਾਂ ਨਾਵਲ **'ਰੁਪਏ ਪੈਸੇ'** ਜਿਹੜਾ ਵਸਤੂ ਪਿਛਲੇ ਸੌ ਸਾਲ ਦੇ ਪੰਜਾਬੀ ਨਾਵਲ ਵਿੱਚ ਪੇਸ਼ ਨਹੀਂ ਹੋ ਸਕਿਆ, ਉਹ ਪਿਆਰਾ ਸਿੰਘ ਭੋਗਲ ਨੇ ਆਪਣੇ ਨਾਵਲ 'ਸ਼ੇਰ ਦੀ ਸਵਾਰੀ' (1994), 'ਸ਼ਹਿਰ' (1998), 'ਸੰਸਾਰ' (2004), 'ਪਰਿਵਾਰ' (2007) ਅਤੇ 'ਰੁਪਏ ਪੈਸੇ' (2012) ਵਿੱਚ ਪੇਸ਼ ਕੀਤਾ ਹੈ। ਭੋਗਲ ਦੇ ਮੁੱਖ ਪਾਤਰਾਂ ਨੇ ਨਾ ਸੁਧਾਰ ਦਾ ਝੰਡਾ ਚੁੱਕਿਆ, ਨਾਂ ਕ੍ਰਾਂਤੀ ਦਾ, ਤਾਂ ਵੀ ਉਨ੍ਹਾਂ ਨੇ ਜੀਵਨ 'ਚ ਸੰਘਰਸ਼ ਲੜਿਆ। ਉਹ ਅਯਾਸ਼ ਨਹੀਂ ਸਨ। ਤਾਂ ਵੀ ਨਿੱਜਵਾਦੀ ਸਨ। ਅੱਜ ਦੇ ਪੰਜਾਬ ਵਿੱਚ ਜੋ ਵੀ ਨਵਾਂ ਹੈ, ਮਾਨਵੀ-ਹਿਤਕਾਰੀ ਹੈ, ਉਹ ਪੰਜਾਬ ਦੇ ਇਨ੍ਹਾਂ 99 ਫੀ ਸਦੀ ਪੁਰਖਾਂ-ਨਾਰੀਆਂ ਦੀ ਸਿਰਜਣਾ ਹੈ। ਭੋਗਲ ਦੀ ਗਲਪ ਬੇਹੱਦ ਸੁਆਦਲੀ ਹੈ, ਪਰ ਇਹ ਚੇਤਨਾ ਵੀ ਜਗਾਉਂਦੀ ਹੈ।

**ਹਿਰਦੇਜੀਤ ਪ੍ਰਕਾਸ਼ਨ,**
ਕਨਾਟ ਸਰਕਸ, ਜਲੰਧਰ

## ਕਹਾਣੀ/ ਬਿਜ਼ਨਸ ਡੀਲ / ਰੀਤੂ ਕਲਸੀ

ਕਿੰਨਾ ਰਸ਼ ਏ। ਰੈੱਡ ਲਾਈਟ ’ਤੇ ਹੀ ਕਿੰਨਾ ਸਮਾਂ ਲੱਗ ਜਾਂਦਾ ਏ। ਕਈਆਂ ਕੋਲ ਤਾਂ ਸਬਰ ਨਾਂ ਦੀ ਕੋਈ ਚੀਜ਼ ਹੀ ਨਹੀਂ। ਜਾਨ ਦੀ ਪਰਵਾਹ ਈ ਨਹੀਂ ਕਰਦੇ। ਕਈ ਵਾਰ ਮੇਰਾ ਡਰਾਈਵਰ ਵੀ ਕਾਹਲੀ ਮਚੌਂਦੈ। ਪਰ ਮੈਂ ਮਨ੍ਹਾਂ ਕੀਤਾ ਹੋਇਐ। ਕੀ ਫਰਕ ਪੈ ਜਾਣੈ ਦੋ-ਤਿੰਨ ਮਿੰਟ ਨਾਲ...। ਗਰੀਨ ਲਾਈਟ ਹੋ ਗਈ ਏ। ਡਿਵਾਈਡਰ ’ਤੇ ਲੱਗੇ ਹਰੇ ਕਚੂਰ ਬੂਟੇ ਚੰਗੇ ਲਗ ਰਹੇ ਨੇ... ਕੁੱਝ ਦਿਨ ਪਹਿਲਾਂ ਹੀ ਲਾਏ ਲੱਗਦੇ ਨੇ। ਅੱਖਾਂ ਨੂੰ ਸਕੂਨ ਦੇਂਦੇ ਨੇ।

ਕਿੰਨਾ ਟਾਈਮ ਹੋ ਗਿਐ! ਲੱਗਦੈ ਲੇਟ ਹੋ ਗਈ ਹਾਂ। ਰੁਬੀਨਾ ਕਾਫੀ ਦੇਰ ਦੀ ਪਹੁੰਚ ਚੁੱਕੀ ਹੈ। ਵਾਰ-ਵਾਰ ਫੋਨ ਕਰ ਰਹੀ ਏ। ਹੁਣ ਪਹੁੰਚਣ ’ਚ ਜਿੰਨਾਂ ਟਾਈਮ ਲੱਗਣਾ ਏ ਓਨਾਂ ਤਾਂ ਲੱਗੇਗਾ ਹੀ। ਕਾਰ ਨੂੰ ਹਵਾਈ ਜਹਾਜ਼ ਤਾਂ ਨ੍ਹੀਂ ਬਣਾ ਲੈਣਾ। ... ਹਵਾਈ ਜਹਾਜ਼ ’ਚ ਬਹਿਣ ਦਾ ਮੌਕਾ ਨਹੀਂ ਮਿਲਿਆ ਕਦੇ। ਕਿਤੇ ਏਹੋ ਜਿਹੀ ਜਗ੍ਹਾ ਜਾਣ ਦਾ ਸਬੱਬ ਈ ਨਹੀਂ ਬਣਿਆ, ਜਿੱਥੇ ਹਵਾਈ ਜਹਾਜ਼ ’ਚ ਜਾ ਸਕਾਂ। ਆਰਾਮਦੇਅ ਸਫ਼ਰ ਹੁੰਦਾ ਹੋਣੈ। ਬੰਦਾ ਐਨੇ ਪੈਸੇ ਖਰਚਦੈ ਆਖ਼ਰ...। ਫੇਰ ਗੱਲਾਂ ਵੀ ਵੱਡੀਆਂ-ਵੱਡੀਆਂ ਕਰਦੈ। ਪਰ ਇਹ ਗੱਲ ਤਾਂ ਹੈ ਕਿ ਹਰ ਕੋਈ ਆਪਣੀ ਜੇਬ ਵੇਖ ਕੇ ਹੀ ਖਰਚ ਕਰਦੈ। ਆਪਣੀ ਸੁਵਿਧਾ ਵੀ ਤਾਂ ਵੇਖਣੀ ਹੋਈ। ... ਮੈਂ ਵੀ ਚਾਹੁੰਨੀ ਆਂ ਬਿਜਨਸ ’ਚ ਥੋੜ ਾ ਫਾਇਦਾ ਹੋ ਜਾਵੇ ਤਾਂ ਓਕਟਾਵੀਆ ਕਾਰ ਲੈ ਲਵਾਂ। ਬੜੀ ਪੰਸਦ ਏ ਮੈਨੂੰ। ਨਾਲੇ ਮੈਂ ਤਾਂ ਹਵਾਈ ਜਹਾਜ਼ ਵੀ ਲੈਣੈ...। ਨਾ ਵੀ ਲਈਏ। ਸੁਪਨੇ ਲੈਣ ’ਚ ਕੀ ਹਰਜ਼ ਏ। ਨਾਲੇ ਜੇ ਸੁਪਨੇ ਲਵਾਂਗੇ ਤਾਂ ਉਨ ਾਂ ਨੂੰ ਸੱਚ ਕਰਨ ਲਈ ਕੁੱਝ ਤਾਂ ਕਰਾਂਗੇ ਈ...। ਵਿਆਹ ਬਾਰੇ ਬਾਅਦ ’ਚ ਸੋਚਾਂਗੇ ਕਰਾਉਣੈ ਜਾਂ ਨਹੀਂ। ...ਕੀ ਪਤਾ ਕਿਸਮਤ ’ਚ ਕੀ ਲਿਖਿਐ। ਸ਼ਾਇਦ ਬਿਜ਼ਨਸ ਦੀ ਡੀਲ ਕਰਦੇ-ਕਰਦੇ ਕਿਤੇ ਲਾਈਫ ਦੀ ਵੀ ਡੀਲ ਹੋ ਜਾਵੇ। ਲਓ ਹੁਣ ਵਿਆਹ ਦੀ ਗੱਲ ਕਿਥੋਂ ਆ ਗਈ... ਨਾ-ਨਾ ਇਸ ਬਾਰੇ ਤਾਂ ਸੋਚਣਾ ਵੀ ਨਹੀਂ ਅਜੇ। ਟਾਈਮ ਹੀ ਨਹੀਂ।

ਕਾਰ ਦੀ ਬਰੇਕ ਨਾਲ ਮੇਰੀ ਸੋਚ ਦੀਆਂ ਵੀ ਬਰੇਕਾਂ ਲੱਗ ਗਈਆਂ। ਆਫਿਸ ’ਚ ਐਂਟਰ ਹੁੰਦਿਆਂ ਈ ਵੇਖਿਆ, ਰੁਬੀਨਾ ਫਾਇਲ ਤਿਆਰ ਕਰੀ ਬੈਠੀ ਹੈ। ਕਿਸੇ ਕਲਾਇੰਟ ਕੋਲੋਂ ਟਾਇਮ ਲਿਆ ਹੋਇਐ। ਆਪ ਕਈ ਵਾਰ ਜਾ ਚੁੱਕੀ ਏ, ਪਰ ਡੀਲ ਫਾਈਨਲ ਨਹੀਂ ਹੋ ਰਹੀ। ਦੱਸ ਰਹੀ ਏ, ਉਹ ਤੁਹਾਨੂੰ ਹੀ ਮਿਲਣਾ ਚਾਹੁੰਦੈ। ਮੈਂ ਕਈ ਵਾਰ ਕਹਿ ਚੁੱਕੀ ਆਂ ਕਿ ਛੱਡ ਪਰ੍ਹਾਂ, ਪਰ ਉਹ ਵੀ ਬੜੀ ਜਿੱਦੀ ਐ। ਕਹਿੰਦੀ ਏ ਡੀਲ ਫਾਈਨਲ ਕਰਕੇ ਕਰਨੀ ਹੀ ਐ...। ਮੇਰਾ ਤਾਂ ਅੱਜ ਵੀ ਜਾਣ ਨੂੰ ਮਨ ਨਹੀਂ ਕਰ ਰਿਹਾ। ਪਰ ਰੁਬੀਨਾ ਮੀਟਿੰਗ ਲਈ ਟਾਈਮ ਫਿਕਸ ਕਰ ਚੁੱਕੀ ਏ। ਇਸ ਲਈ ਜਾਣਾ ਈ ਪੈਣੈ।

੍ਮੈਂ ਉਹਨੂੰ ਕਿਹੈ ਕਿ ਜ਼ਿਆਦਾ ਟਾਈਮ ਨਹੀਂ ਲਾਉਣਾ। ਮੈਨੂੰ ਠੀਕ ਫੀਲ ਨਾ ਹੋਇਆ ਤਾਂ ਮੈਂ ਉੱਠ ਕੇ ਆ ਜਾਣੈ। ਮੇਰਾ ਤਾ ਵੈਸੇ ਵੀ ਮਨ ਨਹੀਂ ਉਸ ਨਾਲ ਬਿਜ਼ਨਸ ਡੀਲ ਦਾ।

ਫੇਰ ਇਕ ਖ਼ਿਆਲ ਇਹ ਵੀ ਆਉਂਦੈ- ਜੇ ਇਹ ਡੀਲ ਹੋ ਜਾਵੇ ਤਾਂ ਜ਼ਿਆਦਾ ਫਾਇਦੇ ਵਾਲੀ ਹੀ ਹੈ...

ਮੈਂ ਰੁਬੀਨਾ ਨੂੰ ਕਹਿ ਦਿੱਤਾ, ‘ਚਲਦੇ ਆਂ। ਥੋੜ੍ਹਾ ਠਹਿਰ। ਚਾਹ ਪੀ ਕੇ ਚੱਲਦੇ ਆਂ।’

‘ਪਰ ਮੈਡਮ ਆਪਾਂ ਲੇਟ ਹੋ ਜਾਂਗੇਂ।

‘ਫੇਰ ਕੀ ਹੋਇਆ... ਵੇਟ ਕਰਨ ਦੇ... ਮੈਨੂੰ ਈ ਮਿਲਣਾ ਚਾਹੁੰਦੈ ਤਾਂ ਕਰੇ ਫਿਰ ਵੇਟ...’

‘ਓ. ਕੇ. ਮੈਡਮ। ਮੈਂ ਚਾਹ ਕਹਿ ਦਿੰਨੀ ਆਂ।’

ਮੈਂ ਕਈ ਦਿਨਾਂ ਤੋਂ ਇਹੋ ਸੋਚ ਰਹੀ ਆਂ ਕਿ ਉਹ ਮੈਨੂੰ ਈ ਕਿਉਂ ਮਿਲਣਾ ਚਾਹੁੰਦੈ। ਕੰਮ ਤਾ ਸਾਰਾ



ਰੁਬੀਨਾ ਨੇ ਹੀ ਕਰਨੈ...।

ਰੁਬੀਨਾ ਮੇਰੀ ਇੰਪਲਾਈ ਹੈ। ਮਾਰਕੀਟਿੰਗ ਦਾ ਕੰਮ ਵੇਖਦੀ ਏ ਤੇ ਆਫਿਸ ਦਾ ਕੰਮ ਵੀ ਸਾਂਭ ਲੈਂਦੀ ਏ। ਇਕ ਹੋਰ ਮੁੰਡਾ ਰੱਖਿਆ ਹੋਇਐ ਪਾਰਟ ਟਾਈਮ, ਜਿਹੜਾ ਅਕਾਉਂਟਸ ਵੇਖਦਾ ਏ। ਕਈ ਵਾਰੀ ਸੋਚਦੀ ਹਾਂ ਕੰਮ ਵਧਾ ਲਵਾਂ। ਕਈ ਵਾਰੀ ਸੋਚਦੀ ਹਾਂ ਠੀਕ ਏ ਜਿੰਨਾ ਵੀ ਏ...। ਇੰਨਾ ਕੁ ਹੀ ਬੜਾ ਔਖਾ ਏ ਸੰਭਾਲਣਾ। ਕੰਪੀਟੀਸ਼ਨ ਈ ਬਹੁਤ ਏ। ਆਪਣਾ ਕਲਾਇੰਟ ਬਚਾਅ ਕੇ ਰੱਖਣਾ ਵੀ ਬੜਾ ਔਖਾ ਏ... ਜਿਹੜਾ ਜ਼ਿਆਦਾ ਡਿਸਕਾਉਂਟ ਦੇਵੇ, ਕਲਾਈਂਟ ਉਹਦੇ ਨਾਲ ਹੀ ਡੀਲ ਫਾਈਨਲ ਕਰ ਲੈਂਦੈ।

ਸੋਚਦੀ ਆਂ ਇਹੀ ਬਿਜ਼ਨਸ ਵਧਾਉਣ ਦੀ ਬਜਾਏ ਨਾਲ-ਨਾਲ ਕੋਈ ਹੋਰ ਕੰਮ ਸ਼ੁਰੂ ਕੀਤਾ ਜਾਵੇ। ...ਪ੍ਰਿੰਟਿੰਗ ਦਾ ਕੰਮ ਕਿਵੇਂ ਰਹੇਗਾ...। ਲਓ ਚਾਹ ਆ ਗਈ। ...ਅੱਜ ਨਵੇਂ ਕੱਪਾਂ ’ਚ ਲਿਆਇਐ। ਮੈਂ ਹੀ ਲਿਆ ਕੇ ਦਿੱਤੇ ਸਨ। ਪੁਰਾਣੇ ਕੱਪਾਂ ਦੀ ਹਾਲਤ ਬੜੀ ਖਸਤਾ ਹੋ ਚੁੱਕੀ ਸੀ। ਘਰ ਵਾਸਤੇ ਖਰੀਦਣ ਲੱਗੀ ਸਾਂ। ਯਾਦ ਆਇਆ ਆਫਿਸ ਲਈ ਵੀ ਲੈਣੇ ਨੇ।

ਆਫਿਸ ਲਈ ਲਾਲ ਰੰਗ ਦੇ ਕੱਪ ਲਏ... ਲਾਲ ਰੰਗ ਦੇ ਕੱਪ ਮੈਂ ਉਦੋਂ ਵੀ ਲਏ ਸਨ ਜਦੋਂ ਇਕ ਪੰਜਾਬੀ ਅਖ਼ਬਾਰ ਲਈ ਕੰਮ ਕਰਦੀ ਸਾਂ। ਲਾਲ ਰੰਗ... ਕ੍ਰਾਂਤੀ ਦਾ ਪ੍ਰਤੀਕ ...ਲਾਲ ਰੰਗ ਦੇ ਝੰਡੇ ਲੈ ਕੇ ਬੜਾ ਫਿਰਦੇ ਸਾਂ। ਦਰਅਸਲ ਓਦੋਂ ਖੱਬੇ ਪੱਖੀ ਲਹਿਰ ਦਾ ਬੜਾ ਜ਼ੋਰ ਸੀ। ਜਦੋਂ ਕਿਤੇ ਰੈਲੀ ਹੋਣੀ, ਅਸੀਂ ਰਸਤੇ ’ਚ ਪਾਣੀ ਪਿਲਾਉਣ ਲਈ ਆਪਣੀ ਡਿਊਟੀ ਲਵਾ ਲੈਣੀ। ਰੈਲੀ ’ਚ ਸ਼ਾਮਲ ਲੋਕਾਂ ਨੂੰ ਰਸਤੇ ’ਚ ਪਾਣੀ ਪਿਲਾਉਂਦੇ ਰਹਿਣਾ...। ਜਿਥੇ ਪਾਣੀ ਪਿਲਾਉਣ ਦੀ ਜਗ੍ਹਾ ਬਣਾਉਣੀ, ਉਹਦੇ ਆਸ-ਪਾਸ ਲਾਲ ਝੰਡੇ ਲਾ ਲੈਣੇ।

ਘਰਦੇ ਹੱਸਦੇ ਹੁੰਦੇ ਸਨ ਤੇ ਨਾਲੇ ਕਾਮਰੇਡਾਂ ਦੀਆਂ ਗੱਲਾਂ ਵੀ ਦੱਸਦੇ ਸਨ। ਇਕ ਗੱਲ ਤਾਂ ਮੈਨੂੰ ਅਜੇ ਵੀ ਯਾਦ ਏ। ਯਾਦ ਕਰਕੇ ਹੁਣ ਵੀ ਹਾਸਾ ਆ ਜਾਂਦੈ। ਕਹਿੰਦੇ ਸਨ, ਜਦੋਂ ਭਾਖੜਾ-ਨੰਗਲ ਡੈਮ ਬਣ ਰਿਹਾ ਸੀ ਤਾਂ ਕਾਮਰੇਡਾਂ ਨੇ ਇਹਦੇ ਖ਼ਿਲਾਫ਼ ਮੁਹਿੰਮ ਵਿੱਢ ਲਈ। ਕਹਿਣ- ‘ਸਰਕਾਰ ਕਹਿੰਦੀ ਏ ਪਾਣੀ ਤੋਂ ਬਿਜਲੀ ਬਣਾਣੀ ਏ... ਸਾਨੂੰ ਇਹ ਮੰਜੂਰ ਨਹੀਂ। ਜੇ ਪਾਣੀ ਵਿਚੋਂ ਸਾਰੀ ਬਿਜਲੀ ਪਹਿਲਾਂ ਈ ਕੱਢ ਲਈ ਤਾਂ ਅਸੀਂ ਫੋਕਾ ਪਾਣੀ ਪੀਆਂਗੇ। ਨਹੀਂ ਇਹ ਨ੍ਹੀਂ ਹੋ ਸਕਦਾ।’ ਉਹ ਮਾਈ ਗੌਡ... ਹੁਣ ਬੜਾ ਹਾਸਾ ਆਉਂਦੈ। ਕਿਆ ਦਿਨ ਸਨ ਕਾਲਜ ਦੇ ਵੀ...

ਰੁਬੀਨਾ ਕਿੱਥੇ ਚਲੀ ਗਈ। ਲਓ ਹੁਣ ਆਪ ਗਵਾਚ ਗਈ। ਸਾਹਮਣੇ ਆਫਿਸ ’ਚ ਗਈ ਹੋਣੀ ਏ। ਥੋੜ੍ਹੀ ਸ਼ਰਾਰਤੀ ਏ, ਝਕਦੀ ਨਹੀਂ। ਸਾਹਮਣੇ ਜਿਹੜਾ ਛੋਟਾ ਜਿਹਾ ਆਫਿਸ ਏ, ਉਹਨੂੰ ਸੰਭਾਲਣ ਵਾਲਾ ਥੋੜ੍ਹਾ ਏਜਡ ਏ। ਮੈਂ ਵੀ ਮਿਲੀ ਹਾਂ ਕਈ ਵਾਰੀ। ਇਕ ਦੋ ਵਾਰ ਚਾਹ ਦਾ ਕੱਪ ਵੀ ਸ਼ੇਅਰ ਕੀਤਾ ਏ ਉਹਨਾਂ ਨਾਲ। ਰੁਬੀਨਾ ਕਹਿੰਦੀ ਏ ਠਰਕੀ ਏ। ਜਿਸ ਅੰਦਾਜ਼ ’ਚ ਕਹਿੰਦੀ ਏ ਮੈਨੂੰ ਹਾਸਾ ਆ ਜਾਂਦੈ। ਜਦੋ ਕੰਮ ਘੱਟ ਹੁੰਦੈ, ਉਦੋਂ ਉਥੇ ਚਲੀ ਜਾਂਦੀ ਏ। ਮੈਂ ਛੇੜਦੀ ਆਂ, ਤੂੰ ਕੀ ਗੱਲਾਂ ਮਾਰਨ ਚਲੀ ਜਾਨੀ ਏਂ ਤਾਂ ਅੱਗੋਂ ਕਹਿੰਦੀ ਏ, ‘ਮੈਡਮ, ਮੈਂ ਕੀ ਗੱਲਾਂ ਮਾਰਨੀਆਂ। ਉਹ ਠਰਕੀ ਆਪੇ ਹੀ ਗੱਲਾ ਸ਼ੁਰੂ ਕਰ ਲੈਂਦੈ। ਆਪਾਂ ਵੀ ਚਾਹ ਪੀਣੀ ਹੁੰਦੀ ਏ। ਪੀ ਕੇ ਆ ਜਾਈਦਾ।”

ਮੈਂ ਕਹਿਦੀ ਹਾਂ- “ਤੈਨੂੰ ਡਰ ਨਹੀ ਲੱਗਦਾ?”

‘ਲਓ ਮੈਡਮ! ਠਰਕੀਆਂ ਤੋਂ ਕਾਹਦਾ ਡਰ। ਉਹਨਾਂ ਨੂੰ ਤਾਂ ਬੱਸ ਕੁੜੀਆਂ ਨਾਲ ਗੱਲਾਂ ਮਾਰਨ ਦਾ ਝੱਸ ਹੁੰਦੈ। ਹੋਰ ਕੁਝ ਨਹੀਂ...।”

ਕਾਫੀ ਟਾਈਮ ਹੋ ਗਿਐ। ਮੈਂ ਮੋਬਾਇਲ ਕਰਕੇ ਰੁਬੀਨਾ ਨੂੰ ਬੁਲਾਉਂਦੀ ਹਾਂ। ਮੇਰਾ ਅੰਦਾਜ਼ਾ ਸਹੀ ਸੀ। ਉਹ ਸਾਹਮਣੇ ਆਫਿਸ ’ਚ ਹੀ ਗਈ ਹੋਈ ਸੀ।

“ਮੈਨੂੰ ਕਹਿ ਰਹੀ ਸੈਂ ਲੇਟ ਹੋ ਰਹੇ ਆਂ ’ਤੇ ਆਪ ਓਥੇ ਜਾ ਕੇ ਬਹਿ ਗਈ।”

“ਮੈਡਮ, ਮੈਂ ਸੋਚਿਆ ਜ਼ਰਾ ਮਾਈਂਡ ਫਰੈਸ਼ ਕਰ ਆਵਾਂ।’

“ਓਥੇ ਜਾ ਕੇ ਤੇਰਾ ਮਾਈਂਡ ਫਰੈਸ਼ ਹੁੰਦੈ !’

‘ਤੇ ਹੋਰ ਕੀ। ... ਮੈਡਮ ਜੀ ਅੱਜ ਤਾਂ ਉਹ ਠਰਕੀ ਆਪਣੇ ਕਾਲਜ ਟਾਈਮ ਦੀਆਂ ਗੱਲਾਂ ਸੁਣਾ ਰਿਹਾ ਸੀ। ਦੱਸ ਰਿਹਾ ਸੀ, ਜਦੋਂ ਅਸੀਂ ਕਿਸੇ ਕੁੜੀ ਨਾਲ ਗੱਲ ਕਰਨੀ ਹੁੰਦੀ ਤਾਂ ਇੱਕੋ ਬਹਾਨਾ ਕੰਮ ਆਉਂਦਾ ਸੀ। ਕਹਿਦਾਂ ਆਪਾਂ ਕਹਿਣਾ ਸਾਨੂੰ ਹੱਥ ਵੇਖਣਾ ਆਉਂਦੈ। ਇਸ ਬਹਾਨੇ ਕੁੜੀ ਨਾਲ ਗੱਲ ਵੀ ਹੋ ਜਾਂਦੀ ਤੇ ਅਸੀਂ ਉਹਦਾ ਹੱਥ ਵੀ ਫੜ ਲੈਂਦੇ।’

ਮੈਨੂੰ ਹੈਰੋ ਦੀ ਯਾਦ ਆ ਗਈ। ਉਹ ਵੀ ਤਾਂ ਕਾਲਜ ’ਚ ਏਦਾਂ ਈ ਕਰਦਾ ਹੁੰਦਾ ਸੀ। ਮੈਨੂੰ ਪਤਾ ਸੀ ਡਰਾਮਾ ਕਰਦੈ। ਫਿਰ ਵੀ ਕਦੀ ਬੁਰਾ ਨਹੀਂ ਮੰਨਿਆ। ਸ਼ਾਇਦ ਚੰਗਾ ਲਗਦਾ ਸੀ ਉਹਦਾ ਇਸ ਤਰ੍ਹਾਂ ਹੱਥ ਫੜ ਨਾ...।

ਰੁਬੀਨਾ ਦਾ ਮੋਬਾਇਲ ਵਜਿਐ ...ਕਲਾਇੰਟ ਦਾ ਹੀ ਹੈ ਸ਼ਾਇਦ। ਮੈਂ ਰੁਬੀਨਾ ਨੂੰ ਕਿਹਾ, ‘ਚੱਲ ਚਲੀਏ। ਮਿਲ ਕੇ ਤਾਂ ਆਈਏ ਤੇਰੇ ਸਿਰਫਿਰੇ ਕਲਾਇੰਟ ਨੂੰ...।’

ਰੁਬੀਨਾ ਨੇ ਫਾਇਲ ਚੁੱਕ ਲਈ...। ਮੈਂ ਏ. ਸੀ. ’ਤੇ ਲਾਈਟਾਂ ਬੰਦ ਕਰਨ ਲੱਗ ਪਈ। ਇਹ ਵੇਖ ਕੇ ਰੁਬੀਨਾ ਬੋਲੀ, ‘ਮੈਡਮ ਰਹਿਣ ਦਿਓ। ਛੋਟੂ ਨੇ ਕਰ ਹੀ ਦੇਣੀਆਂ ਨੇ...।

‘ਨਹੀਂ। ਇਹ ਮੇਰੀ ਪੁਰਾਣੀ ਆਦਤ ਏ। ਨਾਲੇ ਇਹ ਚੰਗੀ ਆਦਤ ਏ...ਸਮਝੀ।’

ਆਫਿਸ ਤੋਂ ਬਾਹਰ ਨਿਕਲਦਿਆਂ ਹੀ ਮੇਰੀ ਤੇ ਰੁਬੀਨਾ ਦੀ ਨਜ਼ਰ ਸਾਮ੍ਹਣੇਂ ਸਟਰੀਟ ਲਾਈਟ ਵਾਲੇ ਖੰਬੇ ਤੇ ਪਈ। ਸਾਨੂੰ ਦੋਹਾਂ ਨੂੰ ਹਾਸਾ ਆ ਗਿਆ। ਸਟਰੀਟ ਲਾਈਟ ਜਗ ਰਹੀ ਸੀ।

ਡਰਾਇਵਰ ਨੇ ਕਾਰ ਲਿਆ ਕੇ ਸਾਹਮਣੇ ਰੋਕ ਲਈ। ਮੈਂ ਕਾਰ ਨੂੰ ਧਿਆਨ ਨਾਲ ਵੇਖਿਆ। ਦੋ ਸਾਲ ਹੋ ਗਏ ਨੇ ਲਈ ਨੂੰ। ਬਿਲਕੁਲ ਨਵੀਂ ਏ ਅਜੇ। ਇਹਦੇ ਤੋਂ ਪਹਿਲਾਂ ਮਾਰੂਤੀ ਸੀ। ਉਹਦੀ ਹਾਲਤ ਜ਼ਿਆਦਾ ਹੀ ਖ਼ਰਾਬ ਹੋ ਗਈ ਸੀ। ਵੈਸੇ ਚਲਾਈ ਵੀ ਬੜੀ ਸੀ ਉਹ।

ਮੈਂ ਦਰਵਾਜ਼ਾ ਖੋਲ੍ਹਿਆ ਤੇ ਅੰਦਰ ਬਹਿ ਗਈ।

ਸੋਚਦੀ ਆਂ, ਜੇ ਨਵੀ ਕਾਰ ਲੈ ਵੀ ਲਈ ਤਾਂ ਇਹਨੂੰ ਸੇਲ ਨਾ ਕਰਾਂ। ਆਪਣੀ ਕਮਾਈ ਦੀ ਲਈ ਹੋਈ ਪਹਿਲੀ ਕਾਰ ਏ... ਮਾਰੂਤੀ ਤਾਂ ਘਰਦਿਆਂ ਨੇ ਲੈ ਕੇ ਦਿੱਤੀ ਸੀ...

... ... ... ...

ਸ਼ੋਅ ਰੂਮ ਦੇ ਸਟੈਚੂ ’ਤੇ ਵਧੀਆ ਡਰੈੱਸ ਪਾਈ ਹੋਈ ਏ।

‘ਰੁਬੀਨਾ, ਚੱਲ ਲੈ ਲਈਏ।’ ਮੈਂ ਰੁਬੀਨਾ ਨੂੰ ਕਹਿੰਦੀ ਹਾਂ।

‘ਓ ਫੇ ਮੈਡਮ ਜੀ, ਪਹਿਲਾਂ ਈ ਦੇਰ ਹੋ ਰਹੀ ਏ।’

‘ਕੋਈ ਨਾ ਕਰਨ ਦੇ ਵੇਟ ...ਥੋੜ੍ਹਾ ਟਾਇਮ ਹੀ ਸਹੀ।’

ਨਾਲੋ-ਨਾਲ ਮੇਰੇ ਦਿਮਾਗ ’ਚ – ‘ਕਭੀ ਸ਼ਾਮ ਢਲੇ ਤੋ ਮੇਰੇ ਦਿਲ ਮੇਂ ਆ ਜਾਨਾ, ਕਭੀ ਚਾਂਦ ਖਿਲੇ ਤੋ ਮੇਰੇ ਦਿਲ ਮੇਂ ਆ ਜਾਨਾ...’ ਗਾਣਾ ਚੱਲ ਰਿਹਾ ਹੈ।

ਸ਼ੋ-ਰੂਮ ’ਚ ਦਾਖਲ ਹੋਏ ਤਾਂ, ਉਥੇ ਵੀ ਬਾਏਚਾਂਸ ਇਹੀ ਗਾਣਾ ਚੱਲ ਰਿਹੈ। ਕਾਸ਼ ਕੁਝ ਹੋਰ ਸੋਚ ਰਹੀ ਹੁੰਦੀ। ਰੁਬੀਨਾ ਵੀ ਹੁਣ ਡਰੈਸਿਜ਼ ਟਰਾਈ ਕਰਨ ਲਗ ਪਈ ਏ। ਹੁਣ ਨਹੀਂ ਦੇਰ ਹੋ ਰਹੀ ਏਹਨੂੰ।

ਮੈਂ ਆਪਣੇ ਲਈ ਕੁਝ ਜੀਂਸ, ਟਾਪ ਤੇ ਦੋ ਸੂਟ ਲਏ ਨੇ। ਰੁਬੀਨਾ ਨੇ ਵੀ ਆਪਣੇ ਲਈ ਜੀਂਸ, ਸ਼ਰਟ ਤੇ ਇਕ ਸਾੜ੍ਹੀ ਲਈ ਏ। ਸਾੜ੍ਹੀ ਆਪਣੇ ਭਰਾ ਦੇ ਵਿਆਹ ਵਾਸਤੇ ਲਈ ਏ। ਕਹਿ ਰਹੀ ਏ, ‘ਸਾੜ੍ਹੀ ਹੀ ਬੰਨ੍ਹਾਂਗੀ...।

ਰੁਬੀਨਾ ਨੂੰ ਸਾੜ੍ਹੀ ਜਚੇਗੀ ... ਵਧੀਆ ਫਿੱਗਰ ਏ... ਮੈਂ ਵੀ ਇਕ ਸੂਟ ਵਿਆਹ ’ਤੇ ਪਾਉਣ ਲਈ ਲਿਆ ਏ। ਸਫੈਦ ਰੰਗ ’ਤੇ ਆਸਮਾਨੀ ਰੰਗ ਦੇ ਛੋਟੇ ਛੋਟੇ ਫੁੱਲ ਬਣੇ ਹੋਏ ਨੇ। ਜਦੋ ਮੈਂ ਇਕ ਦਮ ਬਾਹਰ ਸਟੈਚੂ



’ਤੇ ਸੂਟ ਪਾਇਆ ਵੇਖਿਆ ਸੀ ਤਾਂ ਸੂਟ ਦਾ ਪ੍ਰਿੰਟ ਇੰਜ ਲੱਗਾ ਸੀ, ਜਿਵੇਂ ਆਸਮਾਨ ’ਚ ਸਫੈਦ ਰੰਗ ਦੇ ਬੱਦਲ ਛਾਏ ਹੋਣ ਤੇ ਕਿਤੋਂ-ਕਿਤੋਂ ਆਸਮਾਨ ਨਜ਼ਰ ਆ ਰਿਹਾ ਹੋਵੇ। ਸੂਟ ਹੈ ਬੜਾ ਸੋਹਣਾ। ਰੁਬੀਨਾ ਨੂੰ ਵੀ ਬੇਹੱਦ ਪੰਸਦ ਆਇਆ ਏ। ਉਹ ਵੀ ਕਹਿ ਰਹੀ ਏ ਵਿਆਹ ਵੇਲੇ ਇਹੋ ਸੂਟ ਪਾਉਣਾ।

ਮੈਨੂੰ ਸਫੇਦ ਰੰਗ ਵੈਸੇ ਵੀ ਬੜਾ ਪੰਸਦ ਹੈ। ਸ਼ਾਂਤ ਰੰਗ ਏ। ਕਾਲਜ ਟਾਈਮ ਮੈਂ ਜ਼ਿਆਦਾਤਰ ਸਫੇਰ ਰੰਗ ਹੀ ਪਾਉਂਦੀ ਹੁੰਦੀ ਸਾਂ। ਪਰ ਹੈਰੋ ਨੂੰ ਬਿਲਕੁਲ ਵੀ ਪਸੰਦ ਨਹੀ ਸੀ। ਕਹਿੰਦਾ ਹੁੰਦਾ ਸੀ ਇਕ ਤਾਂ ਵੈਸੇ ਹੀ ਏਨੀਂ ਸ਼ਾਂਤ ਏਂ ਉੱਤੋਂ ਸਫੇਦ ਰੰਗ ਪਾ ਲੈਂਨੀ ਏਂ। ਕਦੇ ਸ਼ੋਖ਼ ਰੰਗ ਵੀ ਪਾ ਲਿਆ ਕਰ। ਇਕ ਵਾਰੀ ਉਹ ਮੇਰੇ ਲਈ ਸੰਤਰੀ ਕਲਰ ਦੀ ਸ਼ਰਟ ਲੈ ਆਇਆ ਸੀ। ਇਕੋ ਵਾਰੀ ਪਾਈ ਸੀ। ਸਿਰਫ਼ ਓਹਦੇ ਜਨਮ ਦਿਨ ’ਤੇ। ਕਾਲਜ ਖਤਮ ਹੁੰਦਿਆਂ ਹੀ ਉਹ ਵਿਦੇਸ਼ ਚਲਾ ਗਿਆ। ਉਸਨੇ ਰਾਬਤਾ ਰੱਖਣਾ ਚਾਹਿਆ ਪਰ ਮੈਂ ਹੀ ਨਾ ਰੱਖ ਸਕੀ। ਕੁਝ ਦਿਨ ਪਹਿਲਾ ਫੇਸਬੁੱਕ ’ਤੇ ਉਸਦੀ ਫਰੈਂਡ ਰਿਕਵੈਸਟ ਆਈ ਹੋਈ ਸੀ... ਮੈਂ ਅਜੇ ਤੱਕ ਅਸੈਪਟ ਨਹੀਂ ਕੀਤੀ। ਪਤਾ ਨਹੀ ਕਿਉਂ ! ਕਿਸਤੋਂ ਡਰ ਰਹੀ ਹਾਂ। ਆਪਣੇ ਆਪ ਤੋਂ ਜਾਂ ਹੈਰੋ ਤੋਂ। ਅੱਜ ਤਕ ਆਪਣੇ ਤੇ ਹੈਰੋ ਦੇ ਰਿਸ਼ਤੇ ਨੂੰ ਸਮਝ ਹੀ ਨਹੀਂ ਸਕੀ ਕਿ ਮੈਂ ਤੇ ਉਹ ਦੋਸਤ ਸਾਂ ਜਾਂ ਕੁੱਝ ਹੋਰ...। ਚੰਗੇ ਦੋਸਤ ਸਾਂ ਤਾਂ ਫੇਰ ਰਾਬਤਾ ਕਿਉਂ ਨਹੀਂ ਰੱਖ ਸਕੀ...। ਜੇ ਕੋਈ ਹੋਰ ਰਿਸ਼ਤਾ ਸੀ ਤਾਂ ਮੈਂ ਹੀ ਕਿਉਂ ਦੂਰ ਹੋ ਗਈ। ਹੈਰੋ ਨੇ ਵੀ ਤਾਂ ਕਦੇ ਕੁਝ ਨਹੀਂ ਕਿਹਾ...

ਭੁੱਖ ਲੱਗ ਰਹੀ ਏ। ਟਾਈਮ ਵੀ ਕਾਫੀ ਹੋ ਗਿਐ। ਮੈਂ ਰੁਬੀਨਾ ਨੂੰ ਖਾਣੇ ਲਈ ਪੁੱਛਿਆ ਤਾਂ ਓਹਨੇ ਝੱਟ ਕਹਿ ਦਿੱਤਾ, ‘ਹਾਂ ਪਿੱਜਾ ਖਾਣੈ...। ਅਸੀਂ ਡੋਮੀਨੋਂ ਦਾ ਪਿੱਜਾ ਖਾਣ ਦਾ ਮਨ ਬਣਾਇਆ ਏ... ਕਲਾਇੰਟ ਦਾ ਆਫਿਸ ਡੋਮੀਨੋ ਦੇ ਨੇੜੇ ਹੀ ਹੈ।

ਰੁਬੀਨਾ ਨੂੰ ਕਲਾਇੰਟ ’ਤੇ ਤਰਸ ਆ ਰਿਹਾ ਹੈ। ਕਹਿ ਰਹੀ ਏ ਵਿਚਾਰਾ ਕਦੋਂ ਦਾ ਵੇਟ ਕਰ ਰਿਹਾ ਹੋਣੈ।

ਡੋਮੀਨੋਂ ਪਹੁੰਚ ਕੇ ਅਸੀਂ ਚੀਜ਼-ਕੈਪਸੀਕਮ ਪਿੱਜਾ ਤੇ ਨਾਲ ਕੋਲਡ ਕਾਫੀ ਦਾ ਆਰਡਰ ਦਿੱਤਾ। ਡਰਾਇਵਰ ਨੂੰ ਵੀ ਕਹਿ ਦਿੱਤਾ ਸੀ, ਜੋ ਖਾਣਾ ਹੋਵੇ ਖਾ ਲਵੇ। ਵੈਸੇ ਉਹ ਆਪਣੀ ਰੋਟੀ ਨਾਲ ਹੀ ਲਿਆਉਂਦੈ।

ਕਾਫੀ ਰਸ਼ ਹੁੰਦਾ ਏ ਡੋਮੀਨੋ ’ਚ।

ਰਸ਼ ਤਾ ਅੱਜਕਲ ਹਰ ਜਗ੍ਹਾ ਹੀ ਹੁੰਦਾ ਏ। ਮੈਕਡੋਨਲ ਚਲੇ ਜਾਓ, ਚਾਹੇ ਕੇ. ਐੱਫ. ਸੀ.। ਹਰ ਜਗ੍ਹਾ। ਈਵਨ ਹਰ ਰੈਸਟੋਰੈਂਟ ’ਚ। ਮੁੰਡੇ-ਕੁੜੀਆਂ ਤੇ ਫੈਮਲੀਆਂ ਇਉਂ ਲੱਗਦੈ ਵਹੀਰਾਂ ਘੱਤ ਕੇ ਏਥੇ ਹੀ ਟੁਰੇ ਹੋਏ ਨੇ... ਵੈਸੇ ਜੇ ਰੈਸਟੋਰੈਂਟ ਖੋਲ ਲਿਆ ਜਾਵੇ ਤਾਂ ਕੋਈ ਘਾਟੇ ਦਾ ਸੌਦਾ ਨਹੀਂ। ਸੋਚਿਆ ਜਾ ਸਕਦੈ ਏਸ ਬਾਰੇ ਵੀ। ਪਰ ਮੌਕੇ ਦੀ ਜਗ੍ਹਾ ਲੱਭਣੀ ਪੈਣੀ ਏ।

ਵੈਸੇ ਕੰਮ ਬੜੀ ਮਿਹਨਤ ਦਾ ਏ। ... ਮਿਹਨਤ ਤਾਂ ਵੈਸੇ ਹਰ ਕੰਮ ਹੀ ਮੰਗਦੈ। ਰਿਸਕ ਵੀ ਹੁੰਦੈ। ਕਾਫੀ ਕੁਝ ਕਿਸਮਤ ’ਤੇ ਵੀ ਡਿਪੈਂਡ ਕਰਦੈ। ਜੇ ਰੈਸਟੋਰੈਂਟ ਨਾ ਵੀ ਖੋਲ੍ਹਿਆ ਜਾਵੇ, ਕੋਈ ਛੋਟੀ ਜਿਹੀ ਕਾਫੀ ਸ਼ੋਪ ਹੀ... ਸੋਚਾਂ ਦੀ ਲੜੀ ਪਤਾ ਨਹੀਂ ਕਿਧਰ ਪਹੁੰਚ ਗਈ ਸੀ। ਏਨੇ ਨੂੰ ਸਾਮ੍ਹਣੇ ਬੋਰਡ ਦੇ ਸਾਡੇ ਆਰਡਰ ਦਾ ਨੰਬਰ ਆ ਗਿਆ। ... ਰੁਬੀਨਾ ਪਿੱਜਾ ਲੈਣ ਚਲੀ ਗਈ... ਮੈਂ ਵੀ ਉੱਠ ਗਈ ਹਾਂ ਹੈਲਪ ਲਈ। ਕਾਫੀ ਦੇ ਗਲਾਸ ਵੀ ਫੜਨੇ ਨੇ।

ਪਿੱਜਾ ਸਵਾਦ ਐ। ਸ਼ਾਇਦ ਭੁੱਖ ਲਗੀ ਹੋਣ ਕਾਰਣ ਜ਼ਿਆਦਾ ਸਵਾਦ ਲਗ ਰਿਹੈ। ਪੇਮੇਂਟ ਕਰਕੇ ਅਸੀਂ ਕਲਾਇੰਟ ਕੋਲ ਜਾਣ ਲਈ ਤਿਆਰ ਹੋ ਗਈਆਂ। ਟੁਰਨ ਤੋਂ ਪਹਿਲਾਂ ਮੈਂ ਵਾਸ਼ ਰੂਮ ਜਾ ਕੇ ਮੂੰਹ ਧੋਤਾ। ਮੂੰਹ ਧੋ ਕੇ ਥੋੜ੍ਹਾ ਫਰੈਸ਼-ਫਰੈਸ਼ ਮਹਿਸੂਸ ਹੁੰਦੈ। ਮੂੰਹ ਧੋਣ ਦੀ ਆਦਤ ਮੈਨੂੰ ਹੈਰੋ ਨੇ ਪਾਈ ਸੀ।

ਬਾਥਰੂਮ ਬੜਾ ਨੀਟ-ਕਲੀਨ ਏ। ਸ਼ੀਸ਼ਾ ਬੇਹਦ ਖ਼ੂਬਸੂਰਤ ਹੈ ਤੇ ਟਾਇਲਜ਼ ਦੀ ਤਾਂ ਗਲ ਹੀ ਕੀ। ਕਮਾਲ ਨੇ। ਚੰਗਾ ਪੈਸਾ ਖਰਚਿਆ ਹੋਇਐ।

ਮੈਂ ਬਾਹਰ ਆ ਕੇ ਵੇਖਿਆ, ਕਾਊਂਟਰ ’ਤੇ ਇਕ ਕਸਟਮਰ ਮੈਨੇਜਰ ਨਾਲ ਕਿਸੇ ਗੱਲ ਤੋਂ ਝਗੜ ਰਿਹਾ

ਹੈ।ਮੈਨੇਜਰ ਬੜੇ ਆਰਾਮ ਨਾਲ ਸੁਣੀ ਜਾ ਰਿਹੈ।ਫੇਸ 'ਤੇ ਕਿਸੇ ਵੀ ਤਰ੍ਹਾਂ ਦਾ ਕੋਈ ਐਕਸਪਰੈਸ਼ਨ ਨਹੀਂ। ਪਤਾ ਨਹੀਂ ਰੋਜ਼ ਕਿੰਨੇ ਕਸਟਮਰ ਏਸੇ ਤਰ ਾਂ ਕਰਦੇ ਹੋਣਗੇ... ਆਦਤ ਪੈ ਗਈ ਹੋਣੀ ਏ। ਕੈਸੀ ਜੌਬ ਹੈ। ਕੋਈ ਕੁਝ ਵੀ ਕਹਿ ਦੇਵੇ। ਬੱਸ ਸੁਣੀ ਜਾਓ ਆਰਾਮ ਨਾਲ।

ਅਸੀਂ ਕਾਰ 'ਚ ਆ ਬੈਠੇ... ਇਕ ਛੋਟੀ ਜਿਹੀ ਕੁੜੀ ਆ ਕੇ ਕਾਰ ਦੇ ਸ਼ੀਸ਼ੇ ਸਾਫ ਕਰਨ ਲਗ ਪਈ। ਪਤਾ ਨਹੀਂ ਕਿਥੋਂ ਆ ਗਏ ਨੇ ਇਹ ਲੋਕ। ਪਹਿਲਾ ਨਹੀਂ ਸਨ। ਹੁਣੇ ਹੀ ਕਿਤਿਓਂ ਆਏ ਨੇ। ਮੈਂ ਪਰਸ 'ਚੋਂ ਦਸ ਰੁਪਏ ਕੱਢੇ ਤੇ ਕੁੜੀ ਨੂੰ ਦੇ ਦਿੱਤੇ। ਡਰਾਇਵਰ ਹਮੇਸ਼ਾ ਕਹਿੰਦਾ ਏ ਮੈਡਮ ਨਾ ਦਿਆ ਕਰੋ ਪੈਸੇ। ਇਹ ਲੋਕ ਪਰਸ ਖਿਚ ਕੇ ਲੈ ਜਾਂਦੇ ਨੇ। ਮੈਂ ਏਹੋ ਜਿਹੀਆਂ ਕਿੰਨੀਆਂ ਹੀ ਘਟਨਾਵਾਂ ਸੁਣਾ ਚੁੱਕਾ ਹੈ। ਪਰ ਨਾ ਮੈਂ ਆਪਣੀ ਆਦਤ ਬਦਲੀ, ਨਾ ਉਹਨੇ ਆਪਣੀ ਕਹਿਣ ਦੀ ਆਦਤ ਬਦਲੀ। ਡਰਾਇਵਰ ਦਾ ਭਾਸ਼ਣ ਸ਼ੁਰੂ ਹੋ ਜਾਂਦਾ ਏ... ਜਿਵੇਂ ਉਹ ਪਹਿਲਾਂ ਹੀ ਸਰਕਾਰ ਅਤੇ ਨੇਤਾਵਾਂ ਨੂੰ ਕੋਸਣ ਦਾ ਮੌਕਾ ਲੱਭ ਰਿਹਾ ਹੋਵੇ। ਮੈਂ ਹਮੇਸ਼ਾ ਦੀ ਤਰ੍ਹਾਂ ਉਹਦੀਆਂ ਗੱਲਾਂ ਇਗਨੋਰ ਕਰ ਦਿੱਤੀਆਂ। ਵੈਸੇ ਮੈਂ ਕਿਸੇ ਭਿਖਾਰੀ ਨੂੰ ਪੈਸੇ ਨਹੀਂ ਦਿੰਦੀ।

ਰੁਬੀਨਾ ਨੇ ਕਾਰ ਰੋਕਣ ਲਈ ਕਿਹਾ...

"ਕਲਾਇੰਟ ਦਾ ਆਫਿਸ ਆ ਗਿਆ? "

"ਨਹੀਂ ਅੱਗੇ ਹੈ। ਮੈਂ ਤਾਂ ਬੁੱਢੀ ਮਾਈ ਦਾ ਝਾਟਾ ਖਾਣੈ।" ਉਹਨੇ ਬੱਚਿਆਂ ਵਾਂਗ ਜ਼ਿੱਦ ਕੀਤੀ। ਤਿੰਨ ਪੈਕੇਟ ਲੈ ਲਏ ਨੇ। ਇਕ ਮੈਨੂੰ ਤੇ ਇਕ ਡਰਾਇਵਰ ਨੂੰ ਦੇ ਦਿੱਤਾ। ਡਰਾਇਵਰ ਹੱਸਣ ਲੱਗ ਪਿਆ। ਉਸਨੂੰ ਕਹਿ ਰਹੀ ਏ ਆਪਣੇ ਬੱਚਿਆਂ ਲਈ ਲੈ ਜਾਵੇ।

ਫਿਰ ਉਹ ਆਪਣਾ ਪੈਕਟ ਖੋਲ ਕੇ ਖਾਣ ਲੱਗ ਪਈ। ਵੈਸੇ ਮੈਨੂੰ ਵੀ ਇਹ ਬੜਾ ਪਸੰਦ ਏ। ਮੈਂ ਵੀ ਆਪਣਾ ਪੈਕੇਟ ਖੋਲ੍ਹਿਆ ਤੇ ਖਾਣ ਲੱਗ ਪਈ। ਕਈ ਵਾਰੀ ਇਸ ਉਮਰ 'ਚ ਬੱਚਿਆ ਵਰਗੀਆਂ ਹਰਕਤਾਂ ਕਰਨਾ ਚੰਗਾ ਲੱਗਦੈ।

ਮੈਂ ਟਾਈਮ ਦੀ ਬੜੀ ਪੰਕਚੁਅਲ ਹਾਂ। ਜਿੰਨੇ ਵਜੇ ਦਾ ਕਿਹਾ ਹੁੰਦਾ ਉਸੇ ਵੇਲੇ ਪਹੁੰਚਦੀ ਹਾਂ। ਬਸ ਵਿਚਾਰੇ ਇਸ ਕਲਾਇੰਟ ਨੂੰ ਹੀ ਵੇਟ ਕਰਵਾਇਆ ਜਾ ਰਿਹਾ ਏ, ਪਹਿਲੀ ਵਾਰ...

ਆਖ਼ਿਰ ਅਸੀਂ ਪਹੁੰਚ ਹੀ ਗਏ ਹਾਂ। ਫਸਟ ਫਲੋਰ 'ਤੇ ਉਹਦਾ ਆਫਿਸ ਹੈ। ਬਾਕੀ ਸਟਾਫ਼ ਗਰਾਉਂਡ ਫਲੋਰ 'ਤੇ ਹੀ ਹੈ। ਰਿਸੈਪਸ਼ਨ ਵੀ ਗਰਾਉਂਡ ਫਲੋਰ 'ਤੇ ਹੀ ਹੈ। ਰੁਬੀਨਾ ਰਿਸੈਪਸ਼ਨਿਸ਼ਟ ਨਾਲ ਗੱਲ ਕਰਨ ਲਗ ਪਈ ਏ। ਮੈਂ ਸਰਸਰੀ ਨਜ਼ਰ ਆਫਿਸ 'ਚ ਮਾਰੀ। ਵਧੀਆ ਬਣਾਇਆ ਹੋਇਐ ਆਫਿਸ ਤਾਂ। ਰੁਬੀਨਾ ਰਿਸੈਪਸ਼ਨਿਸਟ ਨੂੰ ਕਹਿ ਰਹੀ ਏ, 'ਮੇਰੇ ਮੈਡਮ ਨਾਲ ਨੇ। ਅਸੀਂ ਵੇਟ ਨਹੀਂ ਕਰ ਸਕਦੇ। ਜੇ ਟਾਈਮ ਨਹੀਂ ਤਾਂ ਅਸੀਂ ਜਾ ਰਹੇ ਹਾਂ।'

ਰਿਸੈਪਸ਼ਨਿਸਟ ਕਹਿ ਰਹੀ ਏ, 'ਸਰ ਤੁਹਾਡਾ ਹੀ ਵੇਟ ਕਰ ਰਹੇ ਸਨ। ਇਹ ਤਾਂ ਥੋੜ੍ਹੀ ਦੇਰ ਪਹਿਲਾ ਹੀ ਆਏ ਨੇ। ਇਕ ਮਿਨਟ ਰੁਕੋ। ਮੈਂ ਪੁੱਛ ਲੈਂਦੀ ਹਾਂ।'

ਗੱਲ ਉਹਦੀ ਵੀ ਠੀਕ ਏ। ਇੰਪਲਾਈ ਹੈ। ਪਰ ਗੱਲ ਰੁਬੀਨਾ ਦੀ ਵੀ ਠੀਕ ਏ। ਰੁਬੀਨਾ ਸਿੱਧਾ ਮੋਬਾਈਲ ਮਿਲਾਉਣ ਲੱਗ ਪਈ ਏ।

"ਚਲੋ ਮੈਡਮ।"

ਸ਼ਾਇਦ ਉਹਨੇ ਆਉਣ ਲਈ ਕਹਿ ਦਿੱਤਾ ਹੈ। ਪੌੜੀਆਂ ਦੇ ਆਲੇ-ਦੁਆਲੇ ਬੜੇ ਸੋਹਣੇ ਗਮਲੇ ਪਏ ਹੋਏ ਨੇ...। ਇਨਟੀਰੀਅਰ ਬੜਾ ਕਮਾਲ ਦਾ ਹੈ। ਹਰ ਚੀਜ਼ ਜਿੱਥੇ ਪਈ ਹੈ, ਲੱਗ ਰਿਹੈ ਉਸੇ ਜਗ ਾ ਵਾਸਤੇ ਬਣੀ ਏ। ਇਕ ਵੀ ਚੀਜ਼ ਫਾਲਤੂ ਜਾਂ ਘੱਟ ਨਹੀਂ ਲੱਗ ਰਹੀ। ਪੇਂਟ ਦਾ ਕਲਰ ਵੀ ਬੇਹਦ ਸ਼ਾਨਦਾਰ ਹੈ। ਪਿਸਤਾ ਕਲਰ ਵੈਸੇ ਵੀ ਮੇਰਾ ਫੇਵਰੇਟ ਕਲਰ ਹੈ।

ਵੈਸੇ ਪਿਸਤਾ ਖਾਣਾ ਵੀ ਮੈਨੂੰ ਪੰਸਦ ਹੈ। ...ਹਰ ਚੀਜ਼ ਮੈਨੂੰ ਆਪਣੀ ਪੰਸਦ ਦੀ ਲਗ ਰਹੀ ਏ। ਦਰਵਾਜ਼ੇ ਤੇ ਰੁਬੀਨਾ ਨੇ ਨੌਕ ਕੀਤਾ ਤੇ ਅੰਦਰ ਵੜ ਗਈ। ਰੁਬੀਨਾ ਦੇ ਨਾਲ ਮੈਂ ਵੀ ਕਮਰੇ 'ਚ ਦਾਖ਼ਲ ਹੋ



ਗਈ ਹਾਂ। ਸਮਾਰਟ ਜਿਹਾ ਲੜਕਾ ਆਪਣੀ ਕੁਰਸੀ ਤੋਂ ਉੱਠ ਕੇ ਖੜਾ ਹੋ ਗਿਆ ਹੈ। ਅੱਛਾ, ਰੁਬੀਨਾ ਏਹਨੂੰ ਸਿਰਫਿਰਿਆ ਕਹਿ ਰਹੀ ਸੀ....। ਜੇ ਇਹ ਸਿਰਫਿਰਿਆ ਹੈ ਤਾਂ ਮੈਂ ਵੀ ਹੁਣ ਡੀਲ ਫਾਈਨਲ ਕਰਕੇ ਹੀ ਹਿੱਲਾਂਗੀ। ਤਾਹੀਓਂ ਰੁਬੀਨਾ ਹਰ ਤੀਜੇ ਦਿਨ ਏਥੇ ਤੁਰੀ ਰਹਿੰਦੀ ਏ... ਹਮਮਮ...।

ਰੁਬੀਨਾ ਨੇ ਮੇਰਾ ਤਾਰੁਫ ਕਰਵਾਇਆ। ਉਹਨੇ ਆਪ ਉੱਠ ਕੇ ਸਾਨੂੰ ਕੁਰਸੀਆਂ 'ਤੇ ਬਿਠਾਇਆ।

ਮੇਰੀ ਸਮਝ 'ਚ ਨਹੀਂ ਆ ਰਿਹਾ ਏਨੇ ਐਟੀਕੇਟਸ ਵਾਲੇ ਨੂੰ ਰੁਬੀਨਾ ਸਿਰਫਿਰਿਆ ਕਿਉਂ ਕਹਿੰਦੀ ਰਹੀ...।

ਉਸਨੇ ਪਾਣੀ ਮੰਗਵਾਇਆ।

ਅਸੀਂ ਤਿੰਨੇ ਚੁੱਪ ਬੈਠੇ ਰਹੇ। ਮੈਨੂੰ ਸਮਝ ਨਹੀਂ ਆ ਰਹੀ ਗੱਲ ਕਿਥੋਂ ਸ਼ੁਰੂ ਕਰਾਂ। ਰੁਬੀਨਾ ਸ਼ਾਇਦ ਮੇਰੇ ਕਾਰਣ ਚੁੱਪ ਹੈ। ...ਮੈਨਰਜ਼... ਪਰ ਚੁੱਪੀ ਰੁਬੀਨਾ ਨੂੰ ਹੀ ਤੋੜਨੀ ਪੈਣੀ ਏ। ਇਕ 15-16 ਸਾਲ ਦਾ ਮੁੰਡਾ ਪਾਣੀ ਲੈ ਕੇ ਅੰਦਰ ਦਾਖਲ ਹੋਇਆ।

ਮੈਂ ਪਾਣੀ ਦਾ ਗਲਾਸ ਚੁੱਕਿਆ ਦੋ ਘੁੱਟ ਭਰ ਕੇ ਟੇਬਲ 'ਤੇ ਰੱਖ ਦਿੱਤਾ। ਉਹ ਗਲਾਸ ਚੁੱਕਣ ਲਗਾ ਤਾਂ ਮੈਂ ਮਨ ਾ ਕਰ ਦਿੱਤਾ। ਦਰਅਸਲ ਗੱਲ ਕਰਦੇ ਹੋਏ ਮੈਨੂੰ ਵਿੱਚ-ਵਿੱਚ ਪਾਣੀ ਸਿਪ ਕਰਨ ਦੀ ਆਦਤ ਏ।

"ਚਾਹ ਪੀਓਗੇ ਜਾਂ ਕੌਫੀ?"

ਮੈਂ ਰੁਬੀਨਾ ਵੱਲ ਵੇਖਿਆ। ਉਹ ਕੁਝ ਨਾ ਬੋਲੀ।

"ਨਹੀਂ ਕੁਝ ਨਹੀਂ। ਥੈਂਕਸ।" ਮੈਂ ਕਹਿ ਦਿੱਤਾ।

ਪਰ ਉਸਨੇ ਆਪੇ ਹੀ ਚਾਹ ਲਈ ਕਹਿ ਦਿੱਤਾ। ਮੈਂ ਸਿੱਧਾ ਮੁੱਦੇ ਦੀ ਗੱਲ 'ਤੇ ਆਉਣਾ ਚਾਹੁੰਦੀ ਹਾਂ। ਪਤਾ ਨਹੀਂ ਕਿਉਂ, ਮੈਂ ਸਹਿਜ ਮਹਿਸੂਸ ਨਹੀਂ ਕਰ ਰਹੀ।

ਮੈਂ ਗੱਲ ਸ਼ੁਰੂ ਕੀਤੀ, 'ਰੁਬੀਨਾ ਕਹਿ ਰਹੀ ਸੀ ਤੁਸੀਂ ਮਿਲਣਾ ਚਾਹੁੰਦੇ ਹੋ।'

ਉਸਨੂੰ ਜਿਵੇਂ ਕੋਈ ਜਵਾਬ ਨਹੀਂ ਸੁੱਝਿਆ। ਉਹਨੇ ਰੁਬੀਨਾ ਵੱਲ ਵੇਖਿਆ। ਮੈਂ ਵੀ ਰੁਬੀਨਾ ਵੱਲ ਨਿਗਾਹ ਮਾਰੀ। ਉਹ ਅਸਹਿਜ ਜਿਹੀ ਹੋ ਗਈ। "...ਸਰ ਨੇ ਅਜੇ ਤੱਕ ਸਾਨੂੰ ਐਡ ਦੇਣਾ ਫਾਈਨਲ ਨਹੀਂ ਕੀਤਾ। ਜਿਸ ਏਜੰਸੀ ਨਾਲ ਪਹਿਲਾਂ ਡੀਲ ਕਰ ਰਹੇ ਨੇ ਉਹ ਜਿੰਨਾ ਡਿਸਕਾਊਂਟ ਦੇ ਰਹੇ ਨੇ ਅਸੀਂ ਇਹਨਾਂ ਨੂੰ ਨਹੀਂ ਦੇ ਪਾ ਰਹੇ। ਮੈਡਮ ਮੈਨੂੰ ਲੱਗਦੈ, ਜਿੰਨੇ ਡਿਸਕਾਊਂ ਦੀ ਇਹ ਗੱਲ ਕਰ ਰਹੇ ਨੇ, ਓਨਾਂ ਉਹ ਵੀ ਨਹੀਂ ਦੇ ਸਕਦੇ...। ਸਰ ਐਵੇਂ ਈ ਕਹਿ ਰਹੇ ਨੇ।" ਕਹਿੰਦੇ ਹੋਏ ਰੁਬੀਨਾ ਨੇ ਉਹਦੇ ਵੱਲ ਵੇਖਿਆ।

ਮੈਂ ਵੇਖਿਆ ਉਹ ਚੁੱਪ ਸੀ। ਹੁਣ ਉਹ ਮੈਨੂੰ ਰੁਬੀਨਾ ਦੇ ਕਹੇ ਵਾਂਗ ਸਿਰਫਿਰਿਆ ਜਿਹਾ ਹੀ ਲੱਗਾ। ਏਨੇ ਨੂੰ ਚਾਹ ਆ ਗਈ। ਉਸਨੇ ਮੁੰਡੇ ਨੂੰ ਟ੍ਰੇ ਰੱਖ ਕੇ ਜਾਣ ਲਈ ਕਹਿ ਦਿਤਾ। ਚਾਹ ਦੇ ਕੱਪ ਉਹਨੇ ਸਾਨੂੰ ਆਪ ਫੜਾਏ। ਫਿਰ ਇਕ ਕੱਪ ਆਪ ਵੀ ਚੁੱਕ ਲਿਆ। ਉਹਦੇ ਚਿਹਰੇ ਨੂੰ ਵੇਖ ਕੇ ਅੰਦਾਜ਼ਾ ਲਗਾਉਣਾ ਔਖਾ ਸੀ ਕਿ ਉਹ ਕੀ ਸੋਚ ਰਿਹਾ ਹੈ। ਉਹਦਾ ਵਿਹਾਰ ਇਕ ਹੰਢੇ ਹੋਏ ਬਿਜ਼ਨਸਮੈਨ ਵਰਗਾ ਸੀ।

ਮੈਂ ਫਿਰ ਮੁੱਦੇ ਦੀ ਗੱਲ ਕਰਨਾ ਚਾਹੁੰਦੀ ਸਾਂ। ਕੰਮ ਦੀ ਗੱਲ ਕਰੀਏ ਤੇ ਜਾਈਏ। ਐਵੇਂ ਫਾਲਤੂ ਬਹਿਣ ਦਾ ਕੀ ਫਾਇਦਾ। ਰੁਬੀਨਾ ਗੱਲ ਨਬੇੜੇ...। ਪਰ ਉਹ ਏਧਰ-ਓਧਰ ਦੀਆਂ ਮਾਰਨ ਲੱਗ ਪਈ ਹੈ। ਅੱਕ ਕੇ ਫੇਰ ਮੈਂ ਕਿਹਾ, "... ਤੁਸੀਂ ਦੱਸੋ ਸਾਡੀ ਏਜੰਸੀ ਤੋਂ ਕੀ ਚਾਹੁੰਦੇ ਓ? ਜਿੰਨੇ ਡਿਸਕਾਊਂਟ ਦੀ ਗੱਲ ਤੁਸੀਂ ਰੁਬੀਨਾ ਨਾਲ ਕੀਤੀ ਏ ਓਨੇ 'ਚ ਸ਼ਾਇਦ ਗੱਲ ਨਾ ਬਣ ਸਕੇ।' '

ਉਹਦੇ ਚਿਹਰੇ 'ਤੇ ਕੁਝ ਹੈਰਾਨੀ ਵਾਲੇ ਭਾਵ ਤੈਰੇ।

ਫੇਰ ਬੋਲਿਆ, "ਮੈਡਮ ਜਿਸ ਏਜੰਸੀ ਨਾਲ ਅਸੀਂ ਪਹਿਲਾਂ ਡੀਲ ਕਰ ਰਹੇ ਹਾਂ, ਉਹ ਤਾਂ ਏਨਾ ਹੀ ਡਿਸਕਾਊਂਟ ਦੇਂਦੀ ਏ। ਜੇ ਅਸੀਂ ਤੁਹਾਨੂੰ ਵੀ ਓਨੇ 'ਤੇ ਹੀ ਐਡ ਦੇਣੀ ਹੈ ਤਾਂ ਸਾਨੂੰ ਕੀ ਫਾਇਦਾ?"

'ਦੈਨ ਓ. ਕੇ.। ਤੁਸੀ ਉਸੇ ਨਾਲ ਕੰਟੀਨਿਉ ਕਰੋ। ਸਾਡੇ ਲਈ ਇਹ ਪੋਸੀਬਲ ਨਹੀਂ।' '

ਮੈਂ ਚਾਹ ਖਤਮ ਕਰਕੇ ਕੱਪ ਟੇਬਲ ਤੇ ਰੱਖਿਆ। ਰੁਬੀਨਾ ਆਪਣੀ ਚਾਹ ਪਹਿਲਾਂ ਹੀ ਖਤਮ ਕਰ ਚੁੱਕੀ

ਸੀ। ਮੈਂ ਜਾਣ ਲਈ ਉੱਠ ਖਲੋਤੀ। ਮੈਨੂੰ ਉੱਠੀ ਵੇਖ ਕੇ ਰੁਬੀਨਾ ਵੀ ਖੜੀ ਹੋ ਗਈ। ਸਾਡੇ ਉੱਠਦੇ ਹੀ ਉਹਨੂੰ ਵੀ ਖੜਾ ਹੋਣਾ ਪਿਆ, "... ਪਲੀਜ਼ ਬੈਠੋ। ਤੁਸੀਂ ਤਾਂ...।"

"... ਤੁਹਾਡਾ ਟਾਈਮ ਕੀਮਤੀ ਐ, ਨਾਲੇ ਮੈਨੂੰ ਨਹੀਂ ਲਗਦਾ ਆਪਣੀ ਡੀਲ ਫਾਇਨਲ ਹੋ ਸਕਦੀ ਏ।'

"ਉਹ ਤਾਂ ਠੀਕ ਏ, ਪਰ ਤੁਸੀਂ ਬੈਠੋ ਤਾਂ ਸਹੀ..."

ਮੈਂ ਰੁਬੀਨਾ ਵੱਲ ਵੇਖਿਆ। ਉਹ ਵੀ ਹੈਰਾਨ ਸੀ। ਪਤਾ ਨਹੀਂ ਮੇਰੀ ਗੱਲ 'ਤੇ ਜਾਂ ਉਹਦੀ...

ਉਹਨੇ ਫੇਰ ਕਿਹਾ, 'ਪਲੀਜ਼ ਮੈਡਮ ਬੈਠੋ ਤਾਂ ਸਹੀ..."

ਮੈਂ ਉਹਦੀ ਅਗਲੀ ਚਾਲ ਵੇਖਣ ਲਈ ਬਹਿ ਗਈ।

ਉਸਨੇ ਫੋਨ ਕਰਕੇ ਕਿਸੇ ਰਾਕੇਸ਼ ਨੂੰ ਬੁਲਾਇਆ ਹੈ। ਮੈਂ ਡਰਾਮਾ ਵੇਖਣ ਲਈ ਤਿਆਰ ਹਾਂ। ਮੈਨੂੰ ਪਤੈ ਆਪਣੇ ਅਕਾਉਂਟੈਂਟ ਨੂੰ ਬੁਲਾਇਐ।

ਕਿਸੇ ਨੇ ਦਰਵਾਜਾ ਨੋਕ ਕੀਤਾ 'ਤੇ ਅੰਦਰ ਦਾਖ਼ਲ ਹੋਇਆ।

""ਹਾਂ ਰਾਕੇਸ਼, ਜ਼ਰਾ ਦੱਸਣਾ ਆਪਾਂ ਨੂੰ ਏਜੰਸੀ ਕਿੰਨਾ ਡਿਸਕਾਉਂਟ ਦੇਂਦੀ ਏ?"

"ਮੇਰੇ ਚਿਹਰੇ 'ਤੇ ਮੁਸਕੁਰਾਹਟ ਜਿਹੀ ਆ ਗਈ ਏ। ਉਹਨੇ ਵੀ ਵੇਖਿਆ ਕਿ ਮੈਂ ਮੁਸਕਰਾ ਰਹੀ ਹਾਂ। ਸੋਚਿਆ ਤਾਂ ਪਤਾ ਨਹੀਂ ਉਸਨੇ ਕੀ ਹੋਵੇ।

ਉਹਨੇ ਵੀ ਬੜੇ ਸਹਿਜ ਭਾਅ ਨਾਲ ਓਨਾ ਹੀ ਦੱਸਿਆ, ਜਿੰਨਾ ਉਹਦਾ ਮਾਲਕ ਦੱਸ ਰਿਹਾ ਸੀ। ਜ਼ਾਹਿਰ ਜਿਹੀ ਗੱਲ ਹੈ, ਓਨਾ ਹੀ ਦੱਸੇਗਾ।

ਮੈਂ ਵੈਸੇ ਹੀ ਪੁੱਛ ਲਿਆ, "ਤੁਸੀ ਐਡ ਤੋਂ ਇਲਾਵਾ ਕੁਝ ਹੋਰ ਵੀ ਡੀਲ ਕਰਦੇ ਹੋ ਏਜੰਸੀ ਨਾਲ...?"

"ਹਾਂ, ਪ੍ਰਿੰਟਿੰਗ ਤੇ ਕੁਝ ਹੋਰ ਛੋਟੇ ਮੋਟੇ ਕੰਮ ਵੀ ਓਹੋ ਏਜੰਸੀ ਵੇਖਦੀ ਏ।"

ਮੇਰੀ ਸਮਝ 'ਚ ਸਾਰੀ ਗੱਲ ਆ ਗਈ। ਮੈਨੂੰ ਡੀਲ ਫਾਈਨਲ ਹੋਣ ਦੇ ਅਸਾਰ ਲੱਗਣ ਲੱਗ ਪਏ।

"ਤੁਸੀਂ ਇਸ ਤਰ੍ਹਾਂ ਕਰਨਾ, ਤੁਸੀਂ ਬਾਕੀ ਕੰਮ ਉਸ ਏਜੰਸੀ ਕੋਲੋਂ ਨਾ ਕਰਵਾਓ। ਫੇਰ ਉਨ੍ਹਾਂ ਨੂੰ ਪੁੱਛਣਾ ਕਿ ਕਿੰਨਾ ਡਿਸਕਾਉਂਟ ਦੇਣਗੇ? "

ਅਕਾਉਂਟੈਂਟ ਦੇ ਚਿਹਰੇ ਤੇ ਚਿੰਤਾ ਦੇ ਕੁਝ ਭਾਵ ਉੱਭਰੇ। ਯਾਨੀ ਇਹ ਇਹਦਾ ਖ਼ਾਸ ਏ।

ਮੈਨੂੰ ਡੀਲ ਸਿਰੇ ਚੜ ਦੀ ਨਜ਼ਰ ਆ ਰਹੀ ਹੈ।

ਮੈਂ ਅਕਾਉਂਟੈਂਟ ਵੱਲ ਵੇਖ ਕੇ ਉਹਨੂੰ ਏਜੰਸੀ ਵੱਲੋਂ ਦਿੱਤੇ ਹੋਏ ਰੇਟ ਬਾਰੇ ਦੱਸਣ ਨੂੰ ਕਿਹਾ।

'ਮੈਂ ਹੁਣੇ ਲੈ ਕੇ ਆਇਆ।' ਕਹਿ ਕੇ ਉਹ ਚਲਾ ਗਿਆ।

ਉਹਦੇ ਜਾਣ ਮਗਰੋਂ ਮੈਂ ਉਸਦੇ ਮਾਲਕ ਨੂੰ ਸੰਬੋਧਿਤ ਹੋ ਕੇ ਬੋਲੀ, 'ਅਸਲ 'ਚ ਮਿਸਟਰ... (ਕਮਾਲ ਦੀ ਗੱਲ ਇਹ ਕਿ ਮੈਂ ਅਜੇ ਤੱਕ ਉਹਦਾ ਨਾਂਅ ਨਹੀਂ ਪੁੱਛਿਆ ਸੀ। ਰੁਬੀਨਾ ਨੇ ਵੀ ਨਹੀਂ ਦੱਸਿਆ ਸੀ ਕਦੇ।)

"...ਬਾਲਾਰਕ" ਉਹ ਵਿੱਚੇ ਹੀ ਬੋਲਿਆ।

ਮੈਨੂੰ ਉਹਦਾ ਇਸ ਤਰ੍ਹਾਂ ਨਾਂਅ ਦੱਸਣਾ ਬੜਾ ਚੰਗਾ ਲੱਗਾ।

"ਬਾਲਾਰਕ ਜੀ, ਮੇਅ ਬੀ ਪੋਸੀਬਲ ਜਿਸ ਏਜੇਸੀ ਨਾਲ ਤੁਸੀ ਪਹਿਲਾ ਡੀਲ ਕਰ ਰਹੇ ਹੋ ਉਹ ਤੁਹਾਡੇ ਕਿਸੇ ਹੋਰ ਕੰਮ ਵਿੱਚੋਂ ਆਪਣਾ ਘਾਟਾ ਪੂਰਾ ਕਰ ਰਹੀ ਹੋਵੇ। ਤੁਸੀਂ ਖ਼ੁਦ ਬਿਜ਼ਨਸ ਚਲਾਉਂਦੇ ਓ, ਤੁਸੀਂ ਵੀ ਜਾਣਦੇ ਓ ਕੋਈ ਵੀ ਬਿਜ਼ਨਸਮੈਨ ਆਪਣੇ ਵੱਲੋਂ ਕਦੇ ਵੀ ਘਾਟੇ ਦਾ ਸੌਦਾ ਨਹੀਂ ਕਰਦਾ। ਬਾਕੀ ਤੁਹਾਨੂੰ ਜੇ ਲੱਗਦੈ ਕਿ ਮੇਰੇ ਰੇਟ ਠੀਕ ਨੇ ਤਾਂ ਇਹ ਡੀਲ ਮੇਰੇ ਵੱਲੋਂ ਫਾਈਨਲ ਹੀ ਸਮਝਣਾ। ਇਹ ਹੁਣ ਤੁਹਾਡੇ 'ਤੇ ਡਿਪੈਂਡ ਕਰੇਗਾ ਤੁਸੀਂ ਕੀ ਚਾਹੁੰਦੇ ਓ।"

ਬਾਲਾਰਕ ਦੇ ਚਿਹਰੇ ਤੋਂ ਲੱਗ ਰਿਹਾ ਹੈ ਕਿ ਉਹ ਮੇਰੇ ਨਾਲ ਹਰ ਹਾਲ 'ਚ ਡੀਲ ਫਾਈਨਲ ਕਰਨਾ ਚਾਹ ਰਿਹੈ। ਏਨੀ ਦੇਰ 'ਚ ਅਕਾਉਂਟੈਂਟ ਇਕ ਫਾਈਲ ਲੈ ਕੇ ਆ ਗਿਆ।



ਅਸੀਂ ਡਿਸਕਸ਼ਸ਼ਨ ਸ਼ੁਰੂ ਕੀਤੀ...

ਬੜਾ ਸਮਾਂ ਹੋ ਚੁੱਕਾ ਸੀ ਗੱਲ ਕਰਦਿਆਂ। ਮੇਰਾ ਸੰਘ ਸੁੱਕ ਰਿਹਾ ਸੀ। ਮੈਂ ਰੁਬੀਨਾ ਨੂੰ ਹੌਲੀ ਜਿਹੀ ਪਾਣੀ ਬਾਰੇ ਕਿਹਾ। ਬਾਲਾਰਕ ਨੇ ਫੋਨ ਕਰਕੇ ਪਾਣੀ ਮੰਗਵਾ ਲਿਆ।

ਦੂਜੀ ਵਾਰੀ ਚਾਹ ਆਉਣ ਤੱਕ ਅਸੀਂ ਡੀਲ ਫਾਈਨਲ ਕਰ ਲਈ ਸੀ। ਡੀਲ ਫਾਈਨਲ ਹੋਣ ਦੀ ਮੇਰੇ ਨਾਲੋਂ ਜ਼ਿਆਦਾ ਖ਼ੁਸ਼ੀ ਰੁਬੀਨਾ ਦੇ ਚਿਹਰੇ 'ਤੇ ਸੀ।

ਚਾਹ ਪੀ ਕੇ ਅਸੀਂ ਆਉਂਣ ਲਈ ਉੱਠੀਆਂ। ਬਾਲਾਰਕ ਸਾਨੂੰ ਬਾਹਰ ਤੱਕ ਛੱਡਣ ਆਇਆ।

ਵਿਦਾ ਹੋਣ ਤੋਂ ਪਹਿਲਾਂ ਹੱਥ ਮਿਲਾਉਂਦਿਆਂ ਹਲਕੀ ਜਿਹੀ ਮੁਸਕੁਰਾਹਟ ਨਾਲ ਬਾਲਾਰਕ ਬੋਲਿਆ, "ਓ. ਕੇ. ਮੈਡਮ। ਹੁਣ ਮਿਲਦੇ ਰਹਾਂਗੇ।"

"ਹਾਂ, ਹੁਣ ਤਾਂ ਮਿਲਣਾ ਹੀ ਪਵੇਗਾ।"

ਮੇਰੇ ਦਿਮਾਗ 'ਚ ਫੇਰ ਉਸ ਗਾਣੇ ਦੀ ਇਕ ਲਾਈਨ ਚੱਲਣ ਲੱਗ ਪਈ ਹੈ, "... ਮਗਰ ਆਨਾ ਇਸ ਤਰ੍ਹਾਂ ਤੁਮ ਕਿ ਯਹਾਂ ਸੇ ਫਿਰ ਨਾ ਜਾਨਾ...।"

ਕਾਰ ਚ ਬਹਿੰਦੇ ਹੀ ਰੁਬੀਨਾ ਚਹਿਕਦੇ ਹੋਏ ਬੋਲੀ, "ਮੈਡਮ ਮੈਨੂੰ ਪਤਾ ਸੀ ਤੁਸੀਂ ਡੀਲ ਫਾਇਨਲ ਕਰਕੇ ਹੀ ਉਠੋਗੇ। ਨਾਲੇ ਇਹ ਡੀਲ ਤਾਂ ਕਾਫੀ ਫਾਇਦੇ ਵਾਲੀ ਰਹੀ ਹੈ।"

ਮੈਂ ਕਿਹਾ "ਹਾਂ! ਚਲ ਇਸੇ ਖ਼ੁਸ਼ੀ ਚ ਤੇਰੀ ਸੈਲਰੀ ਵਧਾਈ...।"

"ਸੱਚੀਂ ਮੈਡਮ"

"ਹਾਂ ਸੱਚ।"....

ਮੈਂ ਦਿਲ ਵਿੱਚ ਫਿਰ ਓਕਟਾਵੀਆ ਕਾਰ ਬਾਰੇ ਸੋਚਿਆ। ਏਨੇ ਨੂੰ ਇਕ ਹੋਰ ਲਗਜ਼ਰੀ ਕਾਰ ਕੋਲੋਂ ਦੀ ਓਵਰਟੇਕ ਕਰਕੇ ਗਈ। ਬੜੀ ਸੋਹਣੀ ਲੱਗ ਰਹੀ ਸੀ। ਮੈਂ ਡਰਾਈਵਰ ਨੂੰ ਉਹ ਗੱਡੀ ਫਾਲੋ ਕਰਨ ਲਈ ਕਿਹਾ। ਕਮਾਲ ਦੀ ਕਾਰ ਸੀ।

ਔਡੀ ਸੀ... ਮੈਂ ਘੜੀ ਵੇਖੀ। ਟਾਈਮ ਕਾਫੀ ਹੋ ਚੁੱਕਾ ਸੀ।

ਮੈਂ ਸੋਚਿਆ ਕੱਲ ਸਵੇਰੇ ਸ਼ੋ-ਰੂਮ 'ਚ ਜਾਵਾਂਗੀ ਰੇਟ ਪਤਾ ਕਰਨ...

365-ਡੀ, ਭਾਈ ਰਣਧੀਰ ਸਿੰਘ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ। ✪

ਪੁਸਤਕਾਂ ਛਪਵਾਉਣ ਲਈ
ਅਤੇ
ਖਰੀਦਣ ਲਈ
ਮਿਲੋ ਜਾਂ ਲਿਖੋ-
ਪਰਵਾਜ਼ ਪ੍ਰਕਾਸ਼ਨ
Mob. 94170-64350
e.mail:parwazparkashan@gmail.com,

## ਸਵੈ ਜੀਵਨੀ / ਦਲਿਤਾਂ ਦੀ ਖੂਹੀ / ਸਰੂਪ ਸਿਆਲਵੀ

'ਗਾਂਧੀ ਜੀ ਨੇ ਪੂਨੇ ਦੀ ਯਰਵਦਾ ਜੇਲ੍ਹ ਵਿਚ ਮਰਨ ਵਰਤ ਰੱਖ ਦਿੱਤਾ ਏ' ਸਰਾਂ ਵਿਚੋਂ ਕੀ ਪੀ ਕੇ ਨਿਕਲਣ ਵਾਲੇ, ਅਖ਼ਬਾਰ ਦੀ ਸੁਰਖੀ ਪੜ੍ਹਕੇ ਗੱਲਾਂ ਕਰਦੇ ਜਾ ਰਹੇ ਸਨ। ਇਹ ਸਰਾਂ ਕਲਕੱਤੇ ਤੋਂ ਪੇਸ਼ਾਵਰ ਜਾਂਦੇ 'ਸ਼ੇਰ ਸ਼ਾਹ ਸੂਰੀ ਮਾਰਗ' ਜਿਸਦਾ ਨਾਂ ਅੰਗਰੇਜ਼ ਸਰਕਾਰ ਨੇ ਬਦਲਕੇ 'ਗਰੈਂਡ ਟਰੰਕ ਰੋਡ' (ਜੀ . ਟੀ. ਰੋਡ) ਰੱਖ ਦਿੱਤਾ ਸੀ, ਦੇ ਕਿਨਾਰੇ ਫਗਵਾੜੇ ਨੇ ਨਾਲ ਲਗਦੇ ਪਿੰਡ ਚੱਕ ਦੇ ਕੋਲ ਬਣੀ ਹੋਈ ਸੀ। ਅਖ਼ਬਾਰ ਪੜ੍ਹਨ ਵਾਲੇ ਪੜ੍ਹੇ ਲਿਖੇ ਬੰਦੇ ਗੱਲਾਂ ਕਰਦੇ ਜਾ ਰਹੇ ਸਨ, "ਸਾਰੇ ਦੇਸ਼ ਦੇ ਲੋਕੀਂ ਤ੍ਰਾਹ ਤ੍ਰਾਹ ਕਰ ਰਹੇ ਹਨ। ਹੱਡੀਆਂ ਦੀ ਮੁੱਠ... ਜੇਲ੍ਹ ਵਿਚ ਕੈਦ ਗਾਂਧੀ ਜੀ ਨੇ ਐਵੇਂ ਤਾਂ ਨੀ ਮਰਨ ਵਰਤ ਰੱਖਿਆ? "

ਸਰਾਂ ਤੋਂ ਬਾਹਰ, ਪੁਰਾਣੇ-ਸਰਾਣੇ ਕਪੜੇ ਪਾਈਂ ਜੂਠੇ ਬਰਤਨ ਧੋ ਰਹੇ ਨਿੱਕੂ ਨਾਂ ਦੇ ਨੌਕਰ ਨੇ ਪੁੱਛਿਆ, "ਇਹ ਲੋਕ... ਤੇ ਦੇਸ਼ ਕੀ ਹੁੰਦਾ ਏ ਬਾਬੂ ਜੀ? " ਗੱਲਾਂ ਕਰਦੇ ਜਾ ਰਹੇ ਬੰਦਿਆਂ ਵਿਚੋਂ ਇਕ ਭਲਾ ਪੁਰਸ਼ ਖੜ੍ਹਕੇ ਦੱਸਣ ਲੱਗਿਆ, "ਲੋਕ ਉਹ ਨਾਗਰਿਕ ਹੁੰਦੇ ਨੇ ਜਿਨ੍ਹਾਂ ਕੋਲ ਜੀਵਨ ਜਿਉਣ ਲਈ ਰੋਟੀ, ਕਪੜਾ ਤੇ ਮਕਾਨ ਪ੍ਰਾਪਤ ਕਰਨ ਦੇ ਸਾਧਨ ਹੋਣ ਤੇ ਹਰ ਥਾਂ ਜਾਣ, ਵਸਣ ਤੇ ਵਿਚਾਰ ਪ੍ਰਗਟ ਕਰਨ ਦੇ ਮਨੁੱਖੀ ਅਧਿਕਾਰ ਹੋਣ ਤੇ...।" ਉਹਦੇ ਨਾਲ ਜਾਣ ਵਾਲੇ ਨੇ ਉਹਨੂੰ ਬਾਂਹ ਤੋਂ ਫੜਕੇ ਖਿਚਦਿਆਂ ਕਿਹਾ, "ਤੂੰ ਤਾਂ ਹਰ ਥਾਂ ਖੜ੍ਹਕੇ ਭਾਸ਼ਣ ਦੇਣ ਲੱਗ ਪੈਂਦਾ ਏਂ, ਚੱਲ ਤੁਰ ਵੀ ਪੈ।" ਫੇਰ ਵੀ ਉਹ ਜਾਂਦਾ ਜਾਂਦਾ ਦੱਸ ਹੀ ਗਿਆ, "ਜਿਥੇ ਅਜਿਹੇ ਨਾਗਰਿਕ ਵਸਦੇ ਨੇ... ਉਸ ਰਾਜਨੀਤਿਕ ਤੌਰ 'ਤੇ ਵੱਖਰੇ ਇਲਾਕੇ ਨੂੰ ਦੇਸ਼ ਕਿਹਾ ਜਾਂਦਾ ਏ।"

ਨਿੱਕੂ ਨੌਕਰ ਨੇ ਸੋਚਿਆ ਕਿ ਉਹਨੂੰ ਕੋਈ ਨਿੱਕੇ ਹੁੰਦੇ ਨੂੰ ਉਹਦੇ ਘਰੋਂ ਖੇਡਦੇ ਨੂੰ ਚੁੱਕ ਲਿਆਇਆ ਹੋਵੇਗਾ ਤੇ ਸਰਾਂ ਵਿਚ ਵੇਚ ਦਿੱਤਾ ਗਿਆ ਹੋਵੇਗਾ। ਉਹਨੂੰ ਨਾ ਰੱਜਵੀਂ ਰੋਟੀ ਮਿਲਦੀ ਏ ਤੇ ਨਾ ਪੂਰਾ ਤਨ ਢਕਣ ਲਈ ਕੱਪੜੇ ਮਿਲਦੇ ਨੇ। ਨਾ ਹੀ ਉਹਦਾ ਆਪਣਾ ਕੋਈ ਘਰ ਬਾਰ ਹੈ ਤੇ ਨਾ ਉਹ ਮਾਲਕ ਅੱਗੇ ਕੋਈ ਉਜਰ ਕਰ ਸਕਦਾ ਏ। ਇਸ ਲਈ ਉਹ 'ਨਾਗਰਿਕ' ਹੋਣ ਦੀ ਕੋਈ ਵੀ ਸ਼ਰਤ ਪੂਰੀ ਨਹੀਂ ਕਰਦਾ। ਤੇ ਜਦ ਉਹ ਨਾਗਰਿਕ ਹੀ ਨਹੀਂ, ਫੇਰ ਉਹਦਾ ਕੋਈ ਦੇਸ਼ ਵੀ ਕਿਵੇਂ ਹੋ ਸਕਦਾ ਏ?

ਨਿੱਕੂ ਨੌਕਰ ਜਦ ਤੋਂ ਵਿਹਲੇ ਸਮੇਂ ਵਿਚ ਸਰਾਂ ਅੱਗੇ ਲੱਗੇ ਬਾਗ ਦੀ ਨੁੱਕਰ ਵਿਚਲੀ 'ਸੰਤਾਂ ਦੀ ਖੂਹੀ' ਤੇ ਆ ਕੇ ਬਹਿਣ ਵਾਲੇ, ਲਾਲ ਵਸਤਰਾਂ ਵਾਲੇ 'ਆਦਿ ਧਰਮ ਮੰਡਲ' ਦੇ ਵਰਕਰਾਂ ਕੋਲ ਜਾ ਕੇ ਬਹਿਣ ਲੱਗਿਆ ਸੀ, ਉਹਨੂੰ ਅਜਿਹੀਆਂ ਗੱਲਾਂ ਦੀ ਸਮਝ ਆਉਣ ਲੱਗ ਪਈ ਸੀ। ਆਦਿ ਧਰਮ ਮੰਡਲ ਦਾ ਇਕ ਵਰਕਰ, ਸਾਈਂ ਦਾਸ ਦੱਸਦਾ ਹੁੰਦਾ ਸੀ ਕਿ ਡਾ. ਅੰਬੇਡਕਰ ਨੇ ਯਰਵਦਾ ਜੇਲ੍ਹ ਵਿਚ ਮਰਨ ਵਰਤ 'ਤੇ ਬੈਠੇ ਸ੍ਰੀ ਗਾਂਧੀ ਨੂੰ ਪੁੱਛਿਆ ਸੀ, "ਗਾਂਧੀ ਜੀ ! ਸੱਤ ਕਰੋੜ ਅਛੂਤ ਲੋਕਾਂ ਕੋਲ, ਇਸ ਦੇਸ਼ ਵਿਚ ਰਹਿਣ ਲਈ ਥਾਂ ਕੋਈ ਨਹੀਂ। ਉਹ ਜ਼ਿਮੀਂਦਾਰਾਂ ਦੇ ਖੇਤਾਂ ਵਿਚ ਝੁੱਗੀਆਂ ਝੌਂਪੜੀਆਂ ਬਣਾ ਕੇ ਰਹਿੰਦੇ ਹਨ। ਤੇ ਜ਼ਿਮੀਂਦਾਰਾਂ ਦੇ ਖੇਤਾਂ ਤੇ ਘਰਾਂ ਵਿਚ ਵਗਾਰ ਵਜੋਂ ਮੁਫ਼ਤ ਕੰਮ ਕਰਦੇ ਹਨ, ਬੰਧੂਆਂ ਮਜ਼ਦੂਰ ਹਨ। ਉਹ ਖੂਹਾਂ ਤੇ ਚੜ੍ਹ ਨਹੀਂ ਸਕਦੇ। ਸੜਕਾ, ਰਾਹਾਂ ਤੇ ਤੁਰ ਨਹੀਂ ਸਕਦੇ ਤੇ ਸਕੂਲਾਂ ਵਿਚ ਪੜ੍ਹ ਨਹੀਂ ਸਕਦੇ। ਜਦ ਉਹਨਾਂ ਕੋਲ ਇਸ ਦੇਸ਼ ਵਿਚ ਨਾਗਰਿਕ ਕਹਾਉਣ ਦੇ ਅਧਿਕਾਰ ਹੀ ਨਹੀਂ, ਫੇਰ ਉਹਨਾਂ ਦਾ ਦੇਸ਼ ਕਿਹੜਾ ਹੈ? ਫੇਰ ਉਹ ਆਵਾਜਾਰ ਤੇ ਬੇਸਹਾਰਾ ਲੋਕ ਕਿਥੇ ਜਾਣ?? ਹੈ ਗਾਂਧੀ ਜੀ ! ਜੇ ਇਹਨਾਂ ਅਛੂਤਾਂ ਨੂੰ ਅੰਗਰੇਜ਼ ਸਰਕਾਰ ਵਲੋਂ ਸਵੈ ਮਾਨ ਨਾਲ ਜ਼ਿੰਦਗੀ ਜੀਣ ਦੇ ਕੁਝ ਅਧਿਕਾਰ ਮਿਲ ਗਏ ਹਨ... ਤੁਸੀਂ ਉਹਨਾਂ ਅਧਿਕਾਰਾਂ ਵਿਰੁੱਧ ਮਰਨ ਵਰਤ ਕਿਉਂ ਰੱਖ ਦਿੱਤਾ ਏ? ਤੁਸੀਂ ਤਾਂ ਮਰਨ ਵਰਤ ਅੰਗਰੇਜ਼ਾਂ ਤੋਂ ਸਵਰਾਜ ਪ੍ਰਾਪਤ ਕਰਨ ਲਈ ਰੱਖਦੇ ਹੁੰਦੇ ਸੀ?? ਸ੍ਰੀ ਗਾਂਧੀ ਕੋਲ ਡਾ. ਅੰਬੇਡਕਰ ਦੀਆਂ ਇਹਨਾਂ ਗੱਲਾਂ ਦਾ ਕੋਈ ਉੱਤਰ ਨਹੀਂ ਸੀ।

ਚੱਕ ਹਕੀਮ ਪਿੰਡ ਕੋਲੋਂ ਲੰਘਦੀ ਇਹ ਜੀ. ਟੀ. ਰੋਡ ਅੱਗੇ ਜਲੰਧਰ, ਅੰਮ੍ਰਿਤਸਰ ਤੇ ਪੰਜਾਬ ਦੀ



ਰਾਜਧਾਨੀ ਲਾਹੌਰ ਨੂੰ ਜਾਂਦੀ ਸੀ। ਅੱਗੇ ਵਪਾਰ ਲਈ ਸੜਕ ਪੇਸ਼ਾਵਰ ਤੱਕ ਜਾਂਦੀ ਸੀ ਤੇ ਅੱਗੇ ਇਸੇ ਰਸਤੇ ਰਾਹੀਂ ਅਰਬ ਦੇਸ਼ਾਂ ਨਾਲ ਵਪਾਰ ਹੁੰਦਾ ਸੀ। ਇਸ ਲਈ ਇਸ ਮਹੱਤਵ ਪੂਰਨ ਸੜਕ 'ਤੇ ਆਮ ਲੋਕਾਂ ਦੇ ਨਾਲ ਨਾਲ ਘੋੜਾ ਬੱਘੀਆਂ ਉੱਤੇ ਅੰਗਰੇਜ਼ ਅਫ਼ਸਰ ਤੇ ਉਹਨਾਂ ਦੀਆਂ ਮੇਮਾ ਲੰਘਦੀਆਂ ਸਨ। ਲਾਹੌਰ ਦਫਤਰੀ ਕੰਮਾਂ ਤੇ ਕਚਹਿਰੀਆਂ ਵਿਚ ਕੇਸ਼ ਭੁਗਤਣ ਵਾਲੇ ਤੇ ਝੋਟੇ ਵੱਡੇ ਵਪਾਰੀਆਂ ਦੇ ਗੱਡਿਆਂ, ਊਠਾ, ਖੱਚਰਾ ਤੇ ਹਾਥੀਆਂ ਤੇ ਮਾਲ ਲੱਦੀਂ ਕਾਫਲੇ ਲੰਘਦੇ ਰਹਿੰਦੇ ਸਨ। ਘੋੜੇ, ਘੋੜੀਆਂ ਤੇ ਸਰਕਾਰੀ ਅਹਿਲਕਾਰ, ਨੰਬਰਦਾਰ ਤੇ ਜ਼ੈਲਦਾਰ ਨਾਲ ਉਹਨਾਂ ਦੇ ਅਛੂਤ ਵਪਾਰੀ ਲੰਘਦੇ ਰਹਿੰਦੇ ਸਨ। ਸਰਾਂ ਵਿਚ ਖਾਣ ਪੀਣ ਤੋਂ ਇਲਾਵਾਂ ਰਾਤ ਗੁਜ਼ਾਰਨ ਲਈ ਵੱਖਰੇ ਆਮ ਤੇ ਅਮੀਰੀ ਸਾਜ ਸੱਜਾ ਵਾਲੇ ਕਮਰੇ ਬਣੇ ਹੋਏ ਸਨ। ਗੱਡੇ, ਰਥ-ਗੱਡੀਆਂ ਤਾਂਗਿਆਂ ਨਾਲ ਜੁੜੇ ਬੈਲਾਂ , ਘੋੜਿਆਂ ਤੇ ਭਾਰ ਢੋਣ ਵਾਲੀਆਂ ਖੱਚਰਾਂ, ਊਠਾਂ ਤੇ ਹਾਥੀਆਂ ਲਈ ਘਾਹ ਪੱਠਾ ਤੇ ਵੰਡ ਵਾਰ ਚਾਰਨ ਲਈ ਖੁਰਲੀਆਂ ਤੇ ਵੱਡੇ ਵੱਡੇ ਤਬੇਲੇ ਸਨ। ਸਰਾਂ ਤੇ ਇਕ ਵੱਖਰੀ ਦੁਨੀਆਂ ਵਸੀ ਹੋਈ ਸੀ। ਵਪਾਰੀਆਂ, ਅਹਿਲਕਾਰਾਂ ਤੇ ਨੰਬਰਦਾਰਾਂ ਨਾਲ ਆਏ ਆਛੂਤ ਗਾਡੀਵਾਨਾਂ ਤੇ ਬੋਝ ਚੁੱਕਣ ਵਾਲਿਆਂ ਨਾਲ ਸਰਾਂ ਵਿਚ ਖਾਣ ਪੀਣ 'ਤੇ ਬਹਿਣ ਖਲੋਣ ਵਿਚ ਛੂਆ ਛੂਤ ਤੇ ਵਿਤਕਰਾ ਕੀਤਾ ਜਾਂਦਾ ਸੀ। ਅਛੂਤਾਂ ਦੀ ਇਸ ਮੁਸ਼ਕਲ ਨੂੰ ਦੂਰ ਕਰਨ ਲਈ, ਚੱਕ ਹਕੀਮ ਦੇ ਗੁਰੂ ਰਵਿਦਾਸ ਦੇ ਡੇਰੇ ਦੇ ਸੰਤਾਂ ਨੇ, ਜੀ. ਟੀ. ਰੋਡ ਦੇ ਕਿਨਾਰੇ 'ਤੇ ਅਛੂਤਾਂ ਦੇ ਪਾਣੀ ਪੀਣ ਲਈ ਇਕ ਵੱਖਰੀ ਖੂਹੀ ਲੁਆ ਦਿੱਤੀ ਸੀ। ਪਰ ਸਰਾਂ ਤੇ ਬਾਗ ਦੇ ਮਾਲਕਾਂ ਨੇ ਖੂਹੀ ਦੇ ਕੰਮ ਵਿਚ ਰੁਕਾਵਟ ਖੜੀ ਕਰ ਦਿੱਤੀ ਸੀ। ਆਦਿ ਧਰਮ ਮੰਡਲ ਦੇ ਚੱਕ ਹਕੀਮ ਪਿੰਡ ਦੇ ਵਰਕਰ ਸਾਈਂ ਦਾਸ, ਹਰਦਿੱਤਾ ਰਾਮ, ਲੱਭੂ ਰਾਮ ਤੇ ਜੁਆਹਰੀ ਰਾਮ ਇਸ ਕੇਸ ਨੂੰ ਸਰਕਾਰੇ ਦਰਬਾਰੇ ਲੈ ਗਏ ਸਨ। ਸਰਾਂ ਤੇ ਬਾਗ ਦੀ ਜ਼ਮੀਨ ਦੀ ਮਿਣਤੀ ਕਰਵਾਈ ਗਈ, ਇਹ ਖੂਹੀ ਜੀ. ਟੀ. ਰੋਡ ਦੀ ਸਰਕਾਰ ਦੀ ਮਾਲਕੀ ਵਾਲੀ ਸੜਕ ਦੇ ਕਿਨਾਰੇ ਪਈ ਖਾਲੀ ਥਾਂ ਵਿਚ ਆ ਗਈ ਸੀ। ਤੇ ਇਹ ਖੂਹੀ ਸੜਕ ਤੇ ਤੁਰਨ ਵਾਲੇ ਦੂਰ ਪਰੇ ਕਰਵਾਉਣ ਵਾਲੇ ਅਛੂਤਾਂ ਲਈ ਜੀਵਨ ਦਾਤੀ ਬਣ ਗਈ ਸੀ।

ਜੀ. ਟੀ. ਰੋਡ ਤੇ ਪੁਲਸੀਆਂ ਦਾ ਬੋਝਾ (ਬਿਸਤਰਾਂ ਆਦਿ) ਚੁੱਕੀਂ ਜਾਂਦੇ ਅਛੂਤ ਜ਼ੈਲਦਾਰ ਦੀ ਘੋੜੀ ਦੀ ਵਾਗ ਫੜੀ ਅੱਗੇ ਅੱਗੇ ਭੱਜੇ ਜਾਂਦੇ, ਲੰਬੜਦਾਰ ਦੀ ਘੋੜੀ ਵਾਸਤੇ ਘਾਹ ਖੋਤ ਕੇ ਚੁੱਕੀਂ ਜਾਂਦੇ, ਬਰਾਤ ਵਿਚ ਵਿਆਹੀ ਦੁਲਹਨ ਦੀ ਡੋਲੀ ਚੁੱਕੀਂ ਜਾਂਦੇ, ਪਿੱਠ ਪਿਛੇ ਨਗਾਰਾ ਵਜਾਉਣ ਲਈ ਬੰਨ੍ਹੀ ਤੁਰੇ ਜਾਂਦੇ ਅਛੂਤ ਤੇ ਹੋਰ ਅਨੇਕਾਂ ਗਾਡੀਵਾਨਾਂ ਰੱਥਵਾਹਕਾਂ, ਮਹਾਵਤਾਂ ਆਦਿ ਅਛੂਤਾਂ ਦੀ ਮਨੋ ਮਨੀ ਇਹ ਤਾਂਘ ਹੁੰਦੀ ਕਿ ਉਹਨਾਂ ਦੇ ਮਾਲਕ ਚੱਕ ਹਕੀਮ ਪਿੰਡ ਦੀ ਸਰਾਂ ਵਿਚ ਹੀ ਪੜਾਅ ਕਰਨ। ਤਾਂ ਜੋ ਉਹਨਾਂ ਨੂੰ ਬਾਗ ਵਿਚਲੇ ਸਾਂਝੇ ਖੂਹਾਂ ਤੋਂ ਨਾਲੀ ਨਾਲ ਪਿਛਾਂਹ ਵਲ ਸੁੱਟਿਆ ਮਿੱਟੀ, ਘੱਟਾ ਤੇ ਕੂੜਾ ਕਰਕਟ ਮਿਲਿਆ ਪਾਣੀ, ਉਹ ਵੀ ਜੋਤਾ ਜੋਤਾ ਭਰ ਉਡੀਕ ਕਰਵਾ ਕੇ ਨਾ ਪੀਣਾ ਪਵੇ। ਤੇ ਲੋਕਾਂ ਦੀ ਗਹਿਮਾ ਗਹਿਮੀ ਭੀੜ ਭੜੱਕੇ ਵਿਚ ਕਿਸੇ ਸਵਰਨ ਨਾਲ ਕਪੜਾ ਜਾਂ ਹੱਥ ਪੈਰ ਛੂਹ ਜਾਣ ਤੇ ਕੁੱਟ ਪੈਣ ਦੇ ਡਰੋਂ ਸਹਿਮੇ ਸਹਿਮੇ ਨਾ ਤੁਰਨਾ-ਫਿਰਨਾ ਪਵੇ। ਸਗੋਂ ਉਹ ਸੰਤਾਂ ਦੀ ਖੂਹੀ ਦਾ ਠੰਡਾ ਨਿਰਮਲ ਜਲ ਆਪਣੇ ਆਪ ਖੂਹੀ ਤੋਂ ਡੋਲ ਨਾਲ ਭਰ ਕੇ, ਹੱਥ ਮੂੰਹ ਧੋ ਕੇ ਆਰਾਮ ਨਾਲ ਰੱਜ ਕੇ ਪੀਂਦੇ ਤੇ ਘਰੋਂ ਲਿਆਂਦੀ ਰੁੱਖੀ-ਸੁੱਕੀ ਰੋਟੀ ਆਪੋ ਵਿਚ ਵੰਡ ਕੇ ਖਾਂਦੇ ਤੇ ਠੰਡਾ ਪਾਣੀ ਪੀ ਕੇ ਦਰਖਤਾਂ ਦੀ ਠੰਢੀ ਛਾਂ ਵਿਚ ਅਰਾਮ ਕਰਦੇ, ਇਕ ਦੂਸਰੇ ਨਾਲ ਦੁੱਖ ਸੁਖ ਫੋਲਦੇ ਰਹਿੰਦੇ। ਤੇ ਜਦ ਉਹਨਾਂ ਦੇ ਮਾਲਕ ਜਾਣ ਲਈ ਤਿਆਰ ਹੁੰਦੇ, ਉਹ ਤਾਜਾ ਦਮ ਹੋਏ ਝੱਟ ਉਹਨਾਂ ਦਾ ਬੋਝਾ ਚੁੱਕ ਕੇ ਜਾਂ ਘੋੜੀ ਦੀਆਂ ਵਾਗਾ ਫੜਕੇ ਅੱਗੇ ਅੱਗੇ ਤੁਰ ਪੈਂਦੇ ਸਨ।

ਚੱਕ ਹਕੀਮ ਪਿੰਡ ਦੇ ਸਾਈਂਦਾਸ ਹਰਦਿੱਤਾ ਰਾਮ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੂੰਗੋਵਾਲੀਆ ਰਾਹੀਂ ਆਰੰਭ ਕੀਤੀ 'ਆਦਿ ਧਰਮ ਮੰਡਲ' ਲਹਿਰ ਦੇ ਸਿਰਕੱਢ ਵਰਕਰ ਸਨ। ਉਹ 'ਆਦਿ ਧਰਮ ਮੰਡਲ' ਦੇ ਨਿਯਮਾਂ ਅਨੁਸਾਰ ਸਿਰ 'ਤੇ ਲਾਲ ਪਗੜੀ ਬੰਨ੍ਹਦੇ ਤੇ ਲਾਲ ਕੁਰਤਾ ਤੇ ਲਾਲ ਚਾਦਰਾ ਲਾਉਂਦੇ ਸਨ। ਉਹ ਦੂਰ ਨੇੜੇ ਦੇ ਪਿੰਡਾਂ ਵਿਚ ਘੁੰਮ ਫਿਰ ਕੇ ਅਛੂਤਾਂ ਨੂੰ 'ਆਦਿ ਧਰਮ ਮੰਡਲ ਲਹਿਰ' ਵਿਚ ਸ਼ਾਮਿਲ ਹੋਣ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ। ਜੀ. ਟੀ. ਰੋਡ 'ਤੇ ਸਫ਼ਰ ਕਰਨ ਵਾਲੇ ਵੱਡੀ ਗਿਣਤੀ ਵਿਚ ਅਛੂਤ

'ਸੰਤਾਂ' ਦੀ ਠੰਡੀ ਛਾਂ ਵਿਚ ਬਹਿ ਕੇ ਆਰਾਮ ਕਰਦੇ ਰਹਿੰਦੇ ਸਨ। ਆਦਿ ਧਰਮ ਮੰਡਲ ਦੇ ਵਰਕਰਾਂ ਨੂੰ ਹੋਰ ਕੀ ਚਾਹੀਦਾ ਸੀ? ਉਨ੍ਹਾਂ ਨੂੰ ਦੂਰ ਦੁਰਾਡੇ ਦੇ ਇਲਾਕਿਆਂ ਤੋਂ ਸਫ਼ਰ ਕਰਕੇ ਆਉਂਦੇ ਅਛੂਤ 'ਸੰਤਾਂ ਦੀ ਖੂਹੀ' ਤੇ ਇਕੱਠੇ ਹੋਏ ਮਿਲ ਜਾਂਦੇ ਸਨ। ਆਦਿ ਧਰਮ ਲਹਿਰ ਦੇ ਵਰਕਰ ਉਨ੍ਹਾਂ ਨੂੰ ਸਮਝਾਉਂਦੇ ਸਨ, "ਉਨ੍ਹਾਂ ਨੂੰ ਆਦਿ ਧਰਮ ਲਹਿਰ ਵਿਚ ਸ਼ਾਮਿਲ ਹੋ ਕੇ ਸੰਗਠਨ ਨੂੰ ਮਜਬੂਤ ਕਰਨਾ ਚਾਹੀਦਾ ਹੈ। ਅਛੂਤਾਂ ਨੂੰ ਸੰਗਠਿਤ ਹੋ ਕੇ ਅੰਦੋਲਨ ਕਰਨ ਨਾਲ ਹੀ ਪੁਸ਼ਤਾਂ ਤੋਂ ਉਹਨਾਂ ਕੋਲੋਂ ਲਈ ਜਾਂਦੀ ਵਗਾਰ ਤੋਂ ਛੁਟਕਾਰਾ ਮਿਲ ਸਕਦਾ ਹੈ, ਛੂਆ ਛੂਤ ਦੀ ਅਣ ਮਨੁੱਖੀ ਬੀਮਾਰੀ ਉਨ੍ਹਾਂ ਦੇ ਗਲੋਂ ਲਹਿ ਸਕਦੀ ਹੈ। ਉਹਨਾਂ ਦੇ ਘਰਾਂ ਵਾਲੀ ਥਾਂ ਇਹਨਾਂ ਦੇ ਨਾਂ ਲੱਗ ਸਕਦੀ ਹੈ ਉਨ੍ਹਾਂ ਨੂੰ ਜ਼ਮੀਨ ਖਰੀਦਣ ਦੇ ਅਧਿਕਾਰ ਮਿਲ ਸਕਦੇ ਹਨ। ਤੇ ਉਹ ਪਸ਼ੂਆਂ ਤੋਂ ਵੀ ਭੈੜੀ ਜ਼ਿੰਦਗੀ ਜੀਣ ਦੀ ਥਾਂ ਇਨਸਾਨ ਕਹਾਉਣ ਦੇ ਹੱਕਦਾਰ ਬਣ ਸਕਦੇ ਹਨ।"

ਹਰਦਿੱਤ ਰਾਮ ਆਦਿ ਵਰਕਰ ਦੱਸਦੇ, "ਤੁਸੀਂ ਹਿੰਦੂ 'ਆਦਿ ਧਰਮ' ਅਪਣਾਓ। ਅਸੀਂ 'ਆਦਿ ਧਰਮੀ' ਹਾਂ। ਸਾਡੇ ਪੂਰਵਜਾਂ ਦਾ ਪ੍ਰਾਕਿਰਤਕ ਅਵਸਥਾ ਵਾਲਾ ਆਦਿ ਧਰਮ ਸੀ। ਗੁਰੂ ਰਵਿਦਾਸ, ਗੁਰੂ ਕਬੀਰ, ਮਹਾਂ ਰਿਸ਼ੀ ਬਾਲਮੀਕ ਤੇ ਗੁਰੂ ਨਾਮ ਦੇਵ ਸਾਡੇ ਰਹਿਬਰ ਗੁਰੂ ਹਨ।" ਸੰਤਾਂ ਦੀ ਖੂਹੀ 'ਤੇ ਬਹਿਣ ਵਾਲੇ ਅਛੂਤਾਂ ਨੂੰ ਉਨ੍ਹਾਂ ਦੀਆਂ ਕੁਝ ਗੱਲਾਂ ਸਮਝ ਆਉਂਦੀਆਂ, ਕੁਝ ਨਹੀਂ, ਪਰ ਚੰਗੀਆਂ ਜ਼ਰੂਰ ਲਗਦੀਆਂ ਸਨ। ਉਨ੍ਹਾਂ ਨੂੰ ਆਸ ਬੱਝਦੀ ਕਿ ਚਲੋ ਉਨ੍ਹਾਂ ਦੀ ਗੁਲਾਮੀ ਤੋਂ ਨਿਜਾਤ ਦਿਵਾਉਣ ਬਾਰੇ ਕੁਝ ਗੱਲਾਂ ਤੁਰੀਆਂ ਤਾਂ ਹਨ... ਸਿਰੇ ਵੀ ਲੱਗਣਗੀਆਂ ਹੀ, ਉਨ੍ਹਾਂ ਦਾ ਕੋਈ ਵਾਲੀ ਵਾਰਸ ਉੱਠਿਆ ਤਾਂ ਹੈ।

ਚੱਕ ਹਕੀਮ ਪਿੰਡ ਦਾ ਬਾਬੂ ਸਾਈਂਦਾਸ ਜਿਸ ਦਿਨ ਸੰਤਾਂ ਦੀ ਖੂਹੀ 'ਤੇ ਅਛੂਤਾਂ ਨੂੰ ਲੈਕਚਰ ਦੇਣ ਲਈ ਆਉਂਦਾ, ਉਹ ਆਦਿ ਧਰਮ ਮੰਡਲ ਦੀ ਪ੍ਰਬੰਧਕੀ ਕਮੇਟੀ, ਕਾਰਜਕਰਣੀ ਦਾ ਅਹੁਦੇਦਾਰ ਹੋਣ ਕਰਕੇ, ਵੱਧ ਗਿਆਨ ਰੱਖਦਾ ਸੀ, ਉਹ ਅਛੂਤਾਂ, ਦਲਿਤਾਂ ਦੇ ਇਤਿਹਾਸ ਨੂੰ ਹੋਰ ਪਿਛਾਂਹ ਵੱਲ ਮੁਢਲੀ ਜਾਗਰਤੀ ਤੇ ਸਮਾਜਿਕ ਘੋਲਾਂ ਤੱਕ ਖਿਚ ਕੇ ਲੈ ਜਾਂਦਾ ਸੀ।

ਉਹਨਾਂ ਦੇ ਸਾਹਮਣੇ ਸੜਕ 'ਤੇ ਗੱਡਾ ਦੌੜਾ ਕੇ ਲਿਆਇਆ ਨੌਜਵਾਨ ਖੂਹੀ ਤੋਂ ਪਾਣੀ ਦਾ ਡੋਲ ਭਰਕੇ ਸਾਹ ਲੈ ਲੈ ਕੇ ਸਾਰਾ ਪਾਣੀ ਪੀ ਗਿਆ ਸੀ। ਉਹਦੇ ਆ ਕੇ ਬੈਠਦੇ ਵੱਲ ਇਸ਼ਾਰਾ ਕਰਕੇ ਸਾਈਂ ਦਾਸ ਨੇ ਪੁੱਛਿਆ, "ਜੁਆਨਾ! ਬੜੇ ਬਲਦ ਭਜਾਏ ਨੇ, ਜਿਵੇਂ ਬਗਾਨੇ ਹੁੰਦੇ ਨੇ?" ਜਵਾਨ ਨੇ ਹਸ ਕੇ ਕਿਹਾ, "ਗੱਡਾ ਬਲਦ ਮਾਲਕ ਦੇ ਟਿਚ ਟਿਚ ਟਿਚਕਾਰੀ ਯਾਰਾਂ ਦੀ... ਮੈਂ ਤਾਂ ਕਾਮਾ ਆ .. ਸੀਰੀ ਈ...।"

ਸਾਈਂ ਦਾਸ ਨੇ ਜਵਾਨ ਦੀ ਗੱਲ ਨੂੰ ਅੱਗੇ ਤੋਰਦਿਆਂ ਦੱਸਿਆ ਕਿ ਅਛੂਤਾਂ ਨੂੰ ਸੜਕਾਂ 'ਤੇ ਗੱਡੇ ਦੁੜਾਉਣ ਦਾ ਤੁਰਨ ਦਾ ਅਧਿਕਾਰ ਐਵੇਂ ਨਹੀਂ ਮਿਲ ਗਿਆ। ਲਗਭਗ ਤੀਹ ਸਾਲ ਪਹਿਲਾਂ ਦੀ ਗੱਲ ਹੈ, ਭਾਰਤ ਦੇ ਧੁਰ ਦੱਖਣ ਕੇਰਲ ਸਟੇਟ ਵਿਚ ਗਠੀਲੇ ਸਰੀਰ ਤੇ ਦ੍ਰਿੜ ਹੌਸਲੇ ਵਾਲੇ ਅਣਪੜ ਨੌਜਵਾਨ ਆਇਨਕਲੀ ਨੇ ਇਕ ਮਜਬੂਤ ਗੱਡਾ ਤੇ ਦੋ ਸਫੇਦ ਰੰਗ ਦੇ ਸਡੌਲ ਸਰੀਰ ਵਾਲੇ ਬੈਲ ਖਰੀਦੇ। ਸਿਰ 'ਤੇ ਚਿੱਟੀ ਸਾਫ ਸੁਥਰੀ ਪਗੜੀ ਬੰਨ੍ਹੀ ਤੇ ਬਲਦ ਗੱਡੇ ਤੇ ਬੈਠਕੇ ਜਾਤੀਵਾਦੀ ਨਿਯਮਾਂ ਨੂੰ ਤੋੜਦਾ ਹੋਇਆ ਵਰਜਿਤ ਸੜਕਾਂ ਉੱਤੇ ਗੱਡਾ ਭਜਾਉਣ ਲੱਗਿਆ। ਸੜਕ ਦੇ ਦੋਹੀਂ ਪਾਸੀਂ ਉੱਚ ਜਾਤੀਆਂ ਦੇ ਲੋਕ ਡੰਡੇ ਸੋਟੇ ਲੈ ਕੇ ਨਿਕਲ ਆਏ ਸਨ। ਉਹ ਡੰਡਿਆਂ ਦੇ ਵਾਰਾਂ ਨੂੰ ਝੱਲਦਾ ਹੋਇਆ ਸੜਕ ਤੇ ਆਪਣਾ ਗੱਡਾ ਭਜਾਈ ਗਿਆ। ਉਹਨੇ ਆਪਣਾ ਖੂਨ ਲਿਬੜਿਆ ਹੱਥ ਖੜਾ ਕਰਕੇ ਸਰਵਜਨਕ ਰਾਹਾਂ, ਸੜਕਾਂ ਦੀ ਵਰਤੋਂ ਕਰਨ ਦਾ ਐਲਾਨ ਕੀਤਾ ਸੀ। ਇਤਿਹਾਸ ਵਿਚ ਇਹ ਘਟਨਾ, 'ਚਲੀਆ ਸਟਰੀਟ ਵਿਦਰੋਹ' ਦੇ ਨਾਂ ਨਾਲ ਜਾਣੀ ਜਾਂਦੀ ਹੈ।

ਸਾਈਂ ਦਾਸ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਜਦ ਕਿਸੇ ਗੈਰਤ ਮੰਦ ਬੰਦੇ ਦੇ ਸਵੈ ਮਾਨ ਨੂੰ ਸੱਟ ਵਜਦੀ ਏ ਤਾਂ ਉਹਦਾ ਅੰਤਰ ਮਨ ਕੁਝ ਕਰਨ ਲਈ ਉਬਾਲੇ ਖਾਣ ਲੱਗ ਪੈਂਦਾ ਏ। ਗਲਭਗ ਪੰਜਾਹ ਸਾਲ ਪਹਿਲਾਂ ਮਹਾਂਰਾਸ਼ਟਰ ਦੇ ਪੂਨਾ ਸ਼ਹਿਰ ਵਿਚ ਜੋਤੀ ਰਾਓ ਫੂਲੇ ਉਹਦੇ ਇਕ ਬ੍ਰਾਹਮਣ ਦੋਸਤ ਦੀ ਬਰਾਤ ਗਿਆ ਸੀ। ਜਦ ਉਹਨਾਂ ਨੂੰ ਪਤਾ ਲੱਗਿਆ ਕਿ ਇਕ ਮਾਲੀ ਜਾਤੀ ਦਾ ਸ਼ੂਦਰ ਵੀ ਉਹਨਾਂ ਦੀ ਬਰਾਤ ਵਿਚ ਜਾ ਰਿਹਾ ਹੈ ਤਾਂ ਉਹਨੂੰ ਮਾਰਿਆ ਕੁੱਟਿਆ ਗਿਆ ਕਿ ਇਕ ਸ਼ੂਦਰ ਨੇ ਬ੍ਰਾਹਮਣਾਂ ਦੀ ਬਰਾਤ



ਵਿਚ ਆਉਣ ਦੀ ਜੁਰਅਤ ਕਿਵੇਂ ਕੀਤੀ? ਉਹ ਮਾਰ ਖਾ ਕੇ ਬੈਠਾ ਰੋ ਰਿਹਾ ਸੀ। ਉਹਨੇ ਕੁਝ ਅਛੂਤਾਂ ਨੂੰ ਉਹਦੇ ਕੋਲ ਨੂੰ ਤੁਰੇ ਜਾਂਦੇ ਦੇਖਿਆ। ਉਹਨਾਂ ਦੇ ਮੂੰਹ 'ਤੇ ਕੁੱਜੇ ਬੰਨ੍ਹੇ ਹੋਏ ਸਨ ਤਾਂ ਜੋ ਉਹਨਾਂ ਦਾ ਥੁੱਕ ਧਰਤੀ 'ਤੇ ਨਾ ਡਿੱਗੇ। ਉਹਨਾਂ ਦੇ ਲੱਕ ਪਿਛੇ ਝਾੜੂ ਬੰਨ੍ਹੇ ਹੋਏ ਸਨ ਤਾਂ ਜੋ ਉਹਨਾਂ ਦੀਆਂ ਪੈੜਾਂ ਧਰਤੀ ਉੱਤੋਂ ਨਾਲ ਦੀ ਨਾਲ ਮਿਟਦੀਆਂ ਚਲੀਆਂ ਜਾਣ ਤੇ ਉਹਨਾਂ ਦੇ ਗਲਾਂ ਵਿਚ ਟੱਲੀਆਂ ਬੰਨ੍ਹੀਆਂ ਹੋਈਆਂ ਸਨ ਤਾਂ ਜੋ ਉਹਨਾਂ ਦੇ ਆਉਣ ਦਾ ਪਤਾ ਲੱਗ ਜਾਵੇ ਤੇ ਸਵਰਨ ਉਨ੍ਹਾਂ ਦੇ ਪਰਛਾਵੇਂ ਪਰ੍ਹਾਂ ਹਟ ਜਾਣ। ਪਰ ਉਹ ਇਸ ਅਵਸਥਾ ਵਿਚ ਖੁਸ਼, ਹੱਸਦੇ ਤੁਰੇ ਜਾ ਰਹੇ ਸਨ।

ਜੋਤੀ ਰਾਓ ਫੂਲੇ ਰੋਣੀ ਛੱਡਕੇ ਸੋਚੀ ਪੈ ਗਿਆ ਸੀ ਕਿ ਇਹ ਅਛੂਤ ਪੁਸ਼ਤ ਦਰ ਪੁਸ਼ਤ ਚਲੀ ਆਉਂਦੀ ਆਪਣੀ ਇਸ ਅਵਸਥਾ ਵਿਚ ਵੀ ਖੁਸ਼ ਤੇ ਸੰਤਸ਼ਟ ਸਨ। ਇਹਨਾਂ ਨੂੰ ਤਾਂ ਆਪਣਾ ਗੁਲਾਮੀ ਦਾ ਅਹਿਸਾਸ ਹੀ ਨਹੀਂ ਸੀ। ਜੋਤੀ ਰਾਓ ਫੂਲੇ ਨੇ ਸਭ ਤੋਂ ਪਹਿਲਾਂ ਇਹਨਾਂ ਅਛੂਤਾਂ ਲਈ ਆਪਣੇ ਬਾਗ ਵਿਚ ਸਕੂਲ ਖੋਲ੍ਹਿਆ ਤੇ ਉਹਨਾਂ ਨੂੰ ਆਪ ਪੜ੍ਹਾਉਣ ਲੱਗ ਪਿਆ। ਉਹਨਾਂ ਦੀ ਪਤਨੀ ਸਾਵਿੱਤਰੀ ਬਾਈ ਫੂਲੇ ਨੇ ਅਛੂਤ ਇਸਤਰੀਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਤੇ ਉਹਨੇ ਆਪਣੇ ਬਾਗ ਵਿਚਲਾ ਖੂਹ ਅਛੂਤਾਂ ਦੇ ਪਾਣੀ ਪੀਣ ਲਈ ਖੋਲ੍ਹ ਦਿੱਤਾ ਸੀ।

ਫੂਲੇ ਨੇ ਆਪਣੇ ਘਰ ਤੋਂ ਬਿਨਾ ਹੋਰ ਵੀ ਕਈ ਸਥਾਨਾਂ 'ਤੇ ਸਕੂਲ ਖੋਲ੍ਹ ਦਿੱਤੇ ਸਨ ਜਿਨ੍ਹਾਂ ਵਿਚ ਅਛੂਤਾਂ ਦੇ ਬੱਚੇ ਪੜ੍ਹਨ ਲੱਗ ਪਏ ਸਨ। ਇਸ ਦੇ ਨਾਲ ਨਾਲ ਅੰਗਰੇਜ਼ ਸਰਕਾਰ ਨੇ ਸਾਡੇ ਪ੍ਰਦੇਸ਼ਾਂ ਵਿਚ ਸਰਕਾਰੀ ਸਕੂਲ ਆਰੰਭ ਕਰ ਦਿੱਤੇ ਸਨ। ਉਨ੍ਹਾਂ ਵਿਚ ਵੀ ਅਛੂਤਾਂ ਦੇ ਬੱਚੇ ਦਾਖਲ ਹੋ ਗਏ ਸਨ, ਪਰ ਉਨ੍ਹਾਂ ਨਾਲ ਛੂਤ-ਛਾਤ ਕੀਤੀ ਜਾਂਦੀ ਸੀ।

ਇਹਨਾਂ ਸਕੂਲਾਂ ਵਿਚ ਪੜ੍ਹੇ ਇੱਕਾ ਦੁਕਾ ਅਛੂਤਾਂ ਨੂੰ ਇੰਨਾ ਕੁ ਗਿਆਨ ਪ੍ਰਾਪਤ ਹੋ ਗਿਆ ਸੀ ਕਿ ਉਹ ਖੁਦ ਭਾਰਤ ਦੇ ਮੂਲ ਨਿਵਾਸੀ ਹਨ ਤੇ ਬਾਹਰੋਂ ਆਏ ਆਰੀਆਂ ਨੇ ਉਹਨਾਂ ਨੂੰ ਆਪਣੇ ਆਪਣੇ ਇਲਾਕੇ ਵਿਚ ਅਛੂਤਾਂ ਨੂੰ ਇਕੱਠੇ ਕਰਕੇ ਮੂਲ ਨਿਵਾਸੀ' ਅੰਦੋਲਨ ਸ਼ੁਰੂ ਕਰ ਦਿੱਤੇ ਸਨ।

ਸਾਈਂ ਦਾਸ ਨੇ ਉਹਦੀਆਂ ਗੱਲਾਂ ਮੰਤਰ-ਮੁਗਧ ਹੋ ਕੇ ਸੁਣ ਰਹੇ ਅਛੂਤਾਂ ਨੂੰ ਦੱਸਿਆ ਸੀ ਕਿ ਪੰਜਾਬ ਵਿਚ ਸ਼ੁਰੂ ਹੋਈ 'ਆਦਿ ਧਰਮੀ' ਲਹਿਰ ਦੇ ਨਾਲ ਨਾਲ ਉਤਰ ਪ੍ਰਦੇਸ਼ ਵਿਚ 'ਆਦਿ ਜਾਟਵ' ਲਹਿਰ, ਬਿਹਾਰ ਵਿਚ ਕੁਰੀਲਾਂ ਤੇ ਪਾਸੀਵਾਨਾਂ ਦੀਆਂ ਲਹਿਰਾਂ ਤੇ ਬੰਗਾਲ ਵਿਚ ਨਮੋ ਸ਼ੂਦਰਾਂ ਲਹਿਰ ਸ਼ੁਰੂ ਹੋ ਗਈ ਸੀ। ਦੱਖਣ ਵਿਚ ਅਹੀਰਾਂ ਬੇਤਵਾ, ਸੱਤਨਾਮੀਆਂ, ਮਹਾਰਾਂ ਆਦਿ ਆਂਧਰਾ, ਆਦਿ ਕਰਨਾਟਕਾ, ਆਦਿ ਦਰਾਵਿੜ, ਪੁਨੀਆਂ ਤੇ ਈਜ਼ਵਾ ਆਦਿ ਕਿੰਨੀਆਂ ਹੀ 'ਮੂਲ ਨਿਵਾਸੀ ਲਹਿਰਾਂ ਚਲ ਪਈਆਂ ਸਨ।

ਸਾਈਂ ਦਾਸ ਦੱਸੀ ਜਾ ਰਿਹਾ ਸੀ ਕਿ ਗਲਭਗ ਪੰਦਰਾਂ ਸਾਲ ਪਹਿਲਾਂ ਮਹਾਰਾਜਾ ਕੋਹਲਾਪੁਰ ਦੁਆਰਾ ਦਿੱਤੀ ਆਰਥਿਕ ਸਹਾਇਤਾ ਪ੍ਰਾਪਤ ਕਰਕੇ ਮੱਧ ਪ੍ਰਦੇਸ਼ ਦੇ ਮਹੂ ਪਿੰਡ ਦਾ ਇਕ ਅਛੂਤ ਡਾ. ਅੰਬੇਡਕਰ ਵਿਦੇਸ਼ ਤੋਂ ਸਿੱਖਿਆ ਪ੍ਰਾਪਤ ਕਰਕੇ ਬੰਬਈ ਵਾਪਸ ਪਰਤਿਆ ਸੀ। ਡਾ. ਅੰਬੇਡਕਰ ਨੇ ਕਸਮ ਖਾਧੀ ਸੀ ਕਿ ਅਛੂਤਾਂ ਨੂੰ ਉਹਨਾਂ ਦੀ ਗੁਲਾਮੀ ਤੋਂ ਮੁਕਤ ਕਰਵਾਵਾਂਗਾ, ਨਹੀਂ ਤਾਂ ਬੰਦੂਕ ਨਾਲ ਗੋਲੀ ਮਾਰ ਕੇ ਮਰ ਜਾਵਾਂਗਾ।

ਡਾ. ਅੰਬੇਡਕਰ ਨੇ ਵਿਦੇਸ਼ ਤੋਂ ਆਉਂਦਿਆਂ ਹੀ ਬੰਬਈ ਵਿਚ ' ਡਿਪਰੈਸਡ ਕਲਾਸਿਜ (ਅਛੂਤ ਜਾਤੀਆਂ) ਇੰਸਟੀਚਯੂਟ ਸਕੂਲ) ਖੋਲ੍ਹ ਦਿੱਤਾ ਸੀ। ਤੇ ਅਛੂਤਾਂ ਨੂੰ ਜਾਗਰਤ ਕਰਨ ਲਈ ਮੂਕ ਨਾਇਕ ਅਖਬਾਰ ਸ਼ੁਰੂ ਕਰ ਦਿੱਤਾ ਸੀ। ਤੇ ਅਛੂਤਾਂ ਨੂੰ ਲਾਮ ਬੰਦ ਕਰਨ ਲਈ 'ਬਹਿਸਕ੍ਰਿਤ ਹਿਤਕਾਰਨੀ ਸਭਾ ਦਾ ਗਠਨ ਕੀਤਾ ਗਿਆ ਸੀ। ਅਛੂਤਾਂ ਦਾ ਜੀਵਨ ਪਸ਼ੂਆਂ ਨਾਲੋਂ ਵੀ ਬਦਤਰ ਸੀ। ਕੁੱਤਾ ਤਾਲਾਬ ਵਿੱਚ ਪਾਣੀ ਪੀ ਸਕਦਾ ਸੀ ਪਰ ਇਕ ਅਛੂਤ ਨੂੰ ਉਸ ਤਲਾਬ ਵਿਚੋਂ ਪਾਣੀ ਪੀਣ ਦੀ ਮਨਾਹੀ ਸੀ। ਤਲਾਬ ਭਿੱਟਿਆ ਜਾਂਦਾ ਸੀ।

ਡਾ. ਅੰਬੇਡਕਰ ਨੇ ਹਜ਼ਾਰਾ ਅਛੂਤਾਂ ਨੂੰ ਇਕੱਤਰ ਕੀਤਾ ਤੇ ਮਹਾੜ ਦੇ ਤਲਾਬ 'ਤੇ ਜਾ ਕੇ ਸਾਰੇ ਅਛੂਤ ਪਾਣੀ ਪੀਣ ਲੱਗ ਪਏ। ਉੱਚ ਜਾਤੀ ਦੇ ਲੋਕਾਂ ਨੇ ਲਾਠੀਆਂ ਪੱਥਰਾਂ ਨਾਲ ਉਹਨਾਂ ਤੇ ਹਮਲਾ ਕਰ

ਦਿੱਤਾ ਸੀ, ਜਿਸ ਵਿਚ ਡਾ. ਅੰਬੇਡਕਰ ਵੀ ਜ਼ਖ਼ਮੀ ਹੋ ਗਏ ਸਨ। ਪਰ ਉਨ੍ਹਾਂ ਨੂੰ ਬੰਬਈ ਸਟੇਟ ਪ੍ਰਦੇਸ਼ ਦੀ ਅੰਗਰੇਜ਼ ਸਰਕਾਰ ਤੋਂ ਖੂਹਾਂ ਤੇ ਤਲਾਬਾਂ ਵਿਚੋਂ ਅਛੂਤਾਂ ਲਈ ਮੰਦਰ ਪ੍ਰਵੇਸ਼ ਵੀ ਵਰਜਿਤ ਸੀ। ਡਾ. ਅੰਬੇਡਕਰ ਨੇ ਅਛੂਤਾਂ ਦੀ ਭੀੜ ਨੂੰ ਲੈ ਕੇ ਕਾਲਾ ਰਾਮ ਗੋਰਾ ਰਾਮ ਮੰਦਰ ਵਿਚ ਦਾਖਲ ਹੋ ਕੇ ਅਛੂਤਾਂ ਲਈ 'ਮੰਦਰ ਪ੍ਰਵੇਸ਼ ਦਾ ਮਾਨਵੀ ਹੱਕ ਪ੍ਰਾਪਤ ਕੀਤਾ। ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ ਬੰਬਈ ਰਾਜ ਦੀ ਵਿਧਾਨ ਪਰਿਸ਼ਦ ਦਾ ਮੈਂਬਰ ਨਾਮਜ਼ਦ ਕਰ ਲਿਆ ਸੀ। ਤੇ ਉਹ ਸਾਰੇ ਭਾਰਤ ਦੇਸ਼ ਦੇ 'ਅਛੂਤਾਂ' ਦੇ ਹੱਕਾਂ ਦੇ ਰਖਵਾਲੇ ਕਰਕੇ ਜਾਣੇ ਜਾਣ ਲੱਗ ਪਏ ਸਨ।

1930 ਵਿਚ ਅੰਗਰੇਜ਼ ਸਰਕਾਰ ਵਲੋਂ ਲੰਡਨ ਵਿਚ ਕੀਤੀ ਜਾਣ ਵਾਲੀ ਰਾਉਂਡ ਟੇਬਲ ਕਾਨਫਰੰਸ ਵਿਚ ਡਾ. ਅੰਬੇਡਕਰ ਨੂੰ ਡਿਪਰੈਸਡ ਕਲਾਸਿਜ਼ (ਅਛੂਤਾਂ) ਦੇ ਪ੍ਰਤਿਨਿੱਧ ਵਜੋਂ ਭਾਗ ਲੈਣ ਲਈ ਬੁਲਾ ਲਿਆ ਗਿਆ ਸੀ। ਭਾਰਤ ਦੇ ਅਛੂਤਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਸੀ। ਜੀ. ਟੀ. ਰੋਡ ਉਤਲੀ ਸੰਤਾਂ ਦੀ ਖੂਹੀ ਜਿਸਨੂੰ ਸਵਰਨ ਆਪਣੀ ਭਾਸ਼ਾ ਵਿਚ ਅਛੂਤਾਂ ਦੀ ਖੂਹੀ ਕਹਿੰਦੇ ਸਨ ਉੱਤੇ ਸੜਕ 'ਤੇ ਚੱਲਣ ਵਾਲੇ ਅਛੂਤ ਮੁਸਾਫਰਾਂ ਦੇ ਨਾਲ ਨਾਲ ਨੇੜੇ ਦੂਰ ਦੇ ਪਿੰਡਾਂ ਦੇ ਅਛੂਤਾਂ ਦਾ ਭਰਵਾਂ ਇਕੱਠ ਵੀ ਹੋਣ ਲੱਗ ਪਿਆ ਸੀ। ਉਹ ਘਰੋਂ ਰੁੱਖੀ ਸੁੱਕੀ ਰੋਟੀ ਪਕਾ ਕੇ ਉੱਤੇ ਵਿੱਤ ਮੁਜਬ ਲੂਣ, ਚਟਨੀ, ਅਚਾਰ ਰੱਖਕੇ ਤੇ ਸਿਰ 'ਤੇ ਲੱਸੀ ਦੇ ਮਟਕੇ ਚੁੱਕੀ ਆਉਂਦੇ ਸਨ। ਤੇ ਦੁਪਹਿਰ ਨੂੰ ਰਲਿਆ ਮਿਲਿਆ ਲੰਗਰ ਇਕੱਤਰ ਹੋਏ ਅਛੂਤਾਂ ਨੂੰ ਵਰਤਾ ਦਿੱਤਾ ਜਾਂਦਾ ਸੀ। ਇਲਾਕੇ ਦੇ ਅਛੂਤ 'ਆਦਿ ਧਰਮ ਮੰਡਲ' ਦੇ ਵਰਕਰਾਂ ਤੋਂ ਇਹ ਪਤਾ ਕਰਨ ਲਈ ਆਉਂਦੇ ਸਨ ਕਿ ਡਾ. ਅੰਬੇਡਕਰ ਲੰਡਨ ਵਿਚ ਉਨ੍ਹਾਂ ਲਈ ਕਿਹੜੇ ਕਿਹੜੇ ਅਧਿਕਾਰ ਪ੍ਰਾਪਤ ਕਰ ਰਹੇ ਸਨ। ਪੰਜਾਬ ਦੇ ਅਛੂਤ ਹੁਣ ਆਪਣੇ ਹੱਕਾਂ ਪ੍ਰਤੀ ਜਾਗਰਤ ਹੋ ਗਏ ਸਨ।

ਆਦਿ ਧਰਮ ਮੰਡਲ ਦੇ ਵਰਕਰ ਦਿੱਲੀ ਤੋਂ ਛਪਦੇ ਡਾ. ਅੰਬੇਡਕਰ ਦੇ ਅਖਬਾਰ 'ਮੂਕ ਨਾਇਕ' ਤੇ ਜਲੰਧਰ ਤੋਂ ਛਪਦੇ 'ਆਦਿ ਧਰਮ ਮੰਡਲ' ਦੇ ਅਖਬਾਰ 'ਆਦਿ ਡੰਕਾ' ਵਿਚ ਛਪੀਆਂ ਖਬਰਾਂ ਦਾ ਵਿਸ਼ਲੇਸ਼ਣ ਕਰਕੇ ਸੰਤਾਂ ਦੀ ਖੂਹੀ ਤੇ ਇਕੱਤਰ ਹੋਏ ਅਛੂਤਾਂ ਨੂੰ ਦੱਸਦੇ ਰਹਿੰਦੇ ਸਨ।

ਆਦਿ ਧਰਮ ਮੰਡਲ ਦੇ ਕਾਰਜਕਾਰਣੀ ਮੈਂਬਰ ਸਾਈਂ ਦਾਸ ਨੇ ਕਿਹਾ, "ਬਾਬਾ ਸਾਹਿਬ ਡਾ. ਅੰਬੇਡਕਰ ਦੀ ਛੂਤ ਛਾਤ ਵਿਰੋਧੀ ਕਾਨੂੰਨ ਬਣਾਉਣ ਦੀ ਮੰਗ, ਲੰਡਨ ਵਿਚ ਹੋ ਰਹੀ ਗਾਉਂਡ ਟੇਬਲ ਕਾਨਫਰੰਸ ਵਿਚ ਅੰਗਰੇਜ਼ ਸਰਕਾਰ ਵਲੋਂ ਪ੍ਰਵਾਨ ਕਰ ਲਈ ਗਈ ਹੈ। ਛੂਤ ਛਾਤ ਕਰਨ ਵਾਲਾ ਸਜ਼ਾ ਭੁਗਤੇਗਾ।"

ਸਾਈਂ ਦਾਸ ਨੇ ਦੇਖਿਆ... ਇਕੱਤਰ ਹੋਏ ਅਛੂਤਾਂ ਦੇ ਚਿਹਰਿਆਂ 'ਤੇ ਖੁਸ਼ੀ ਤੇ ਨੂਰ ਆ ਗਿਆ ਸੀ ਜਿਵੇਂ ਉਹ ਪੈਰਾਂ ਵਿਚ ਬਿਆਈਆਂ, ਤੇੜ ਲੰਗੋਟੀਆਂ ਤੇ ਲੱਕ ਦੁਆਲੇ ਗੋਡਿਆ ਤੱਕ ਪਾਟੀਆਂ ਪੁਰਾਣੀਆਂ ਧੋਤੀਆਂ ਤੇ ਧੁੱਪ ਵਿਚ ਲੂਸੇ ਹੋਏ ਪਿੰਡਿਆ ਵਾਲੇ ਅਛੂਤ ਆਪਣੇ ਆਪ ਨੂੰ ਪਸ਼ੂਆਂ ਤੋਂ ਇਨਸਾਨ ਸਮਝਣ ਲੱਗ ਪਏ ਹੋਣ। ਇਕ ਮਖੌਲੀ ਬਜ਼ੁਰਗ ਬੋਲਿਆ, "ਹੁਣ ਮੈਂ ਸਰਾਂ ਵਿਚ ਜਾ ਕੇ ਲੋਕਾਂ ਨਾਲ ਖਹਿ ਕੇ ਲੰਘਾ... ਕਿਸੇ ਨੂੰ ਮੇਰੇ ਤੋਂ ਭਿੱਟ ਤਾਂ ਨਹੀਂ ਲੱਗੇਗੀ? " ਸਾਈਂ ਦਾਸ ਨੇ ਹੱਸਦਿਆਂ ਕਿਹਾ, "ਬਜ਼ੁਰਗੋ! ਅਜੇ ਇਹ ਮੰਗ ਪ੍ਰਵਾਨ ਹੋਈ ਏ, ਭਾਰਤੀਆਂ ਦੀਆਂ ਸਾਰੀਆਂ ਪ੍ਰਵਾਨ ਹੋਈਆਂ ਮੰਗਾਂ ਸੰਬੰਧੀ ਐਕਟ ਪਾਸ ਹੋਵੇਗਾ। ਫੇਰ ਇਹ ਛੂਤ-ਛਾਤ ਵਿਰੋਧੀ ਕਾਨੂੰਨ ਲਾਗੂ ਹੋਵੇਗਾ।" ਮਖੌਲੀਏ ਬਜ਼ੁਰਗ ਨੇ ਕਿਹਾ, "ਚੱਲ ਮੇਰੀ ਤਾਂ ਜਿਵੇਂ ਕਿਵੇਂ ਲੰਘ ਗਈ... ਮੇਰੇ ਪੁੱਤਰ ਨਾਲ ਤਾਂ ਛੂਤ ਛਾਤ ਨਹੀਂ ਹੋਵੇਗੀ।"

ਸਾਈਂ ਦਾਸ ਅਛੂਤਾਂ ਦੀ ਪ੍ਰਵਾਨ ਹੋਈ ਅਗਲੀ ਮੰਗ ਬਾਰੇ ਦੱਸਣ ਲੱਗਿਆ। ਪ੍ਰਵਾਨ ਹੋਈਆਂ ਮੰਗਾਂ ਬਾਰੇ ਜਾਣਨ ਲਈ ਖੂਹੀ ਤੇ ਲੱਗੀ ਹਲਟੀ ਨੂੰ ਗੇੜ ਕੇ ਨਹਾ ਰਹੇ ਅਛੂਤ ਫਟਾ ਫਟ ਕਪੜੇ ਪਾ ਕੇ ਇਕੱਠ ਵਿਚ ਆ ਕੇ ਬੈਠਣ ਲੱਗ ਪਏ ਸਨ। "ਅਛੂਤਾਂ ਨੂੰ ਸਾਂਝੇ ਖੂਹਾਂ ਤੋਂ ਪਾਣੀ ਭਰਨ, ਸੜਕਾਂ ਤੇ ਤੁਰਨ ਤੇ ਸਕੂਲਾਂ ਵਿਚ ਪੜ੍ਹਨ ਤੋਂ ਰੋਕਣ ਵਾਲਿਆਂ ਨੂੰ ਸਜ਼ਾ ਤੇ ਜੁਰਮਾਨਾ ਕੀਤਾ ਜਾਵੇਗਾ। ਅਛੂਤਾਂ ਤੋਂ ਵਗਾਰ ਮੁਫ਼ਤ ਕੰਮ ਨਹੀਂ ਕਰਵਾਇਆ ਜਾਵੇਗਾ। ਜੇ ਖੇਤ ਮਜ਼ਦੂਰਾਂ ਦੁਆਰਾ ਮਜ਼ਦੂਰੀ ਮੰਗਣ ਤੇ ਉਹਨਾਂ ਨੂੰ ਦਰਬੰਦੀ, ਸ਼ੋਸ਼ਲ ਬਾਈਕਾਟ ਦੀ ਧਮਕੀ ਦੇਵੇਗਾ ਜਾਂ ਦਰਬੰਦੀ ਕਰੇਗਾ ਤਾਂ ਉਹਨੂੰ ਪੰਜ ਸਾਲ ਦੀ ਸਖ਼ਤ ਸਜ਼ਾ ਤੇ ਜੁਰਮਾਨਾ ਭੁਗਤਣਾ ਪਵੇਗਾ।" ਅਛੂਤ ਆਪਸ ਵਿਚ ਗੱਲਾਂ ਕਰਨ ਲੱਗ ਪਏ ਸਨ ਕਿ ਜੇ ਇਸ



ਤਰ੍ਹਾਂ ਕੇ ਕਾਨੂੰਨ ਲਾਗੂ ਹੋ ਜਾਣ... ਫੇਰ ਤਾਂ ਉਹਨਾਂ ਦੀ ਜੂਨ ਸੁਧਰ ਜਾਵੇਗੀ।

ਸਾਈਂ ਦਾਸ ਨੇ ਦੱਸਿਆ ਸੀ ਕਿ ਡਾ. ਅੰਬੇਡਕਰ ਭਲੀ ਭਾਂਤ ਜਾਣਦੇ ਸਨ ਕਿ ਇਹਨਾਂ ਅਛੂਤਾਂ ਪੱਖੀ ਕਾਨੂੰਨਾ ਨੂੰ ਅਛੂਤਾਂ ਵਿਚੋਂ ਚੁਣੇ ਹੋਏ ਤੇ ਅਛੂਤਾਂ ਵੱਲ ਜਵਾਬ ਦੇਹ ਨੁਮਾਇੰਦੇ ਹੀ ਲਾਗੂ ਕਰਵਾ ਸਕਦੇ ਹਨ ਤੇ ਇਹਨਾਂ ਕਾਨੂੰਨਾਂ ਨੂੰ ਤੋੜਨ ਵਾਲਿਆਂ ਨੂੰ ਸਜ਼ਾਵਾਂ ਦਿਵਾ ਸਕਦੇ ਹਨ। ਇਸ ਲਈ ਉਹਨਾਂ ਨੇ ਰਾਉਂਡ ਟੇਬਲ ਕਾਨਫਰੰਸ ਵਿਚ ਮੈਮੋਰੈਂਡਮ ਦਿੱਤਾ ਸੀ ਕਿ 'ਕੇਂਦਰ ਦੀ ਪਾਰਲੀਮੈਂਟ ਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਅਛੂਤਾਂ ਦੀ ਗਿਣਤੀ ਅਨੁਸਾਰ ਅਛੂਤਾਂ ਦੀਆਂ ਸੀਟਾਂ ਰਾਖਵੀਆਂ ਰੱਖੀਆਂ ਜਾਣ ਤੇ ਉਹਨਾਂ ਸੀਟਾਂ ਤੇ ਚੋਣਾਂ ਵਿਚ ਖੜੇ ਹੋਣ ਵਾਲੇ ਅਛੂਤ ਉਮੀਦਵਾਰਾਂ ਨੂੰ ਉਸ ਹਲਕੇ ਦੇ ਕੇਵਲ ਅਛੂਤ ਵੋਟਰ ਹੀ ਵੋਟਾਂ ਪਾ ਕੇ ਆਪਣਾ ਨੁਮਾਇੰਦਾ ਚੁਣਨ।' ਅੰਗਰੇਜ਼ ਸਰਕਾਰ ਨੇ ਡਾ. ਅੰਬੇਡਕਰ ਦੀ ਇਸ ਮੰਗ ਨੂੰ ਪ੍ਰਵਾਨ ਕਰ ਲਿਆ ਸੀ।

ਕੁਝ ਦਿਨਾਂ ਬਾਦ ਅਖ਼ਬਾਰਾਂ ਵਿਚ ਖ਼ਬਰਾਂ ਛਪਣ ਲੱਗ ਪਈਆਂ ਸਨ ਕਿ ਗਾਂਧੀ ਜੀ ਨੇ ਅਛੂਤਾਂ ਲਈ ਵੱਖਰੇ ਚੋਣ ਖੇਤਰਾਂ ਦਾ ਵਿਰੋਧ ਕੀਤਾ ਹੈ ਤਾਂ ਅੰਬੇਡਕਰ ਡਾਢੇ ਅਚੰਭਿਤ ਹੋਏ ਸਨ ਕਿ ਗਾਂਧੀ ਜੀ ਨੇ ਮੁਸਲਿਮ, ਸਿੱਖਾਂ, ਇਸਾਈਆਂ ਤੇ ਐਂਗਲੋਇੰਡੀਅਨਾਂ ਆਦਿ ਲਈ ਰਾਖਵੇਂ ਰੱਖੇ ਚੋਣ ਖੇਤਰਾਂ ਦਾ ਕੋਈ ਵਿਰੋਧੀ ਨਹੀਂ ਕੀਤਾ ਸੀ। ਡਾ. ਅੰਬੇਡਕਰ ਨੇ ਵੀ 'ਘੱਟ ਗਿਣਤੀ' ਦੇ ਨਿਯਮਾਂ ਦੇ ਨਿਯਮਾਂ ਅਨੁਸਾਰ ਹੀ ਅਛੂਤਾਂ ਲਈ ਵੱਖਰੇ ਚੋਣ ਖੇਤਰ ਪ੍ਰਵਾਨ ਕਰਵਾਏ ਸਨ, ਫਿਰ ਗਾਂਧੀ ਜੀ ਇਸ ਦਾ ਵਿਰੋਧ ਕਿਉਂ ਕਰ ਰਹੇ ਸਨ?

ਜਦ ਅੰਗਰੇਜ਼ ਸਰਕਾਰ ਨੇ ਅਛੂਤਾਂ ਲਈ ਵੱਖਰੇ ਚੋਣ ਖੇਤਰ ਦਾ ਫੈਸਲਾ ਵਾਪਸ ਨਾ ਲਿਆ ਤਾਂ ਸ੍ਰੀ ਗਾਂਧੀ ਨੇ 20 ਸਤੰਬਰ, 1932 ਨੂੰ ਪੂਨੇ ਦੀ ਯਰਵਦਾ ਜੇਲ੍ਹ ਵਿਚ ਮਰਨ ਵਰਤ ਰੱਖ ਦਿੱਤਾ ਸੀ।

ਗਾਂਧੀ ਜੀ ਦੇ ਪੂਨੇ ਵਿਚ ਅਛੂਤਾਂ ਨੂੰ ਮਿਲੇ ਵੱਖਰੇ ਚੋਣ ਖੇਤਰਾਂ ਨੂੰ ਸਮਾਪਤ ਕਰਵਾਉਣ ਲਈ ਰੱਖੇ ਮਰਨ ਵਰਤ ਵਿਰੁੱਧ ਸਾਰੇ ਦੇਸ਼ ਵਿਚ ਅਛੂਤਾਂ ਦੇ ਅੰਦੋਲਨ ਆਰੰਭ ਹੋ ਚੁੱਕੇ ਸਨ। ਜਲੰਧਰ ਵਿਚ ਆਦਿ ਧਰਮ ਮੰਡਲ ਦੇ ਦਫ਼ਤਰ ਵਿਚ ਹਜ਼ਾਰਾਂ ਆਦਿ ਧਰਮੀ ਇਕੱਠੇ ਹੋਣ ਲੱਗ ਪਏ ਸਨ। ਉਹ ਗਾਂਧੀ ਜੀ ਦੇ ਮਰਨ ਵਰਤ ਨੂੰ ਅਛੂਤਾਂ ਨੂੰ ਮਿਲਣ ਵਾਲੇ ਹੱਕਾਂ ਤੇ ਡਾਕਾ ਦੱਸਦੇ। ਗਾਂਧੀ ਜੀ ਦੇ ਮਰਨ ਵਰਤ ਤੋਂ ਦੁਖੀ ਹੋ ਕੇ ਆਦਿ ਧਰਮ ਮੰਡਲ ਦੇ ਬਾਨੀ ਤੇ ਪ੍ਰਧਾਨ ਬਾਬੂ ਮੰਗੂ ਰਾਮ ਮੂੰਗੋਵਾਲੀਆਂ ਤੇ ਬਾਬੂ ਚੂਨੀ ਲਾਲ ਥਾਪਰ (ਬਾਲਮੀਕੀ) ਨੇ ਜਲੰਧਰ ਵਿਚ ਮਰਨ ਵਰਤ ਰੱਖ ਦਿੱਤਾ ਸੀ। ਨਾਲ ਲਗਦੇ ਹੀ ਜੀ. ਟੀ. ਰੋਡ ਤੇ ਸੰਤਾਂ ਦੀ ਖੂਹੀ 'ਤੇ ਨਵੇਂ ਨਵੇਂ 'ਆਦਿ ਧਰਮੀ' ਬਣੇ ਸਾਬਕਾ ਫੌਜੀ ਸ਼ੇਰ ਸਿੰਘ ਨੇ ਲਾਲ ਕੁਰਤਾ, ਪਜਾਮਾ ਪਾ ਕੇ ਤੇ ਲਾਲ ਪਗੜੀ ਬੰਨ੍ਹ ਕੇ ਗਾਂਧੀ ਜੀ ਦੇ ਮਰਨ ਵਰਤ ਵਿਰੁੱਧ ਖੁਦ ਮਰਨ ਵਰਤ ਰੱਖ ਦਿੱਤਾ ਸੀ। ਉਹ ਮਰਨ ਵਰਤ ਤੇ ਬੈਠਣ ਦੇ ਨਾਲ ਨਾਲ ਦੁਪਹਿਰ ਨੂੰ ਸੰਤਾਂ ਦੀ ਖੂਹੀ 'ਤੇ ਇਕੱਤਰ ਹੋਏ ਅਛੂਤਾਂ ਨੂੰ ਰੋਟੀ, ਪਾਣੀ ਲੱਸੀ ਵਰਤਾਉਣ ਤੇ ਲੱਗਿਆ ਰਹਿੰਦਾ ਸੀ। ਜੇ ਉਹਨੂੰ ਆਖਿਆ ਜਾਂਦਾ ਕਿ ਉਹਨੇ 'ਮਰਨ ਵਰਤ' ਰੱਖਿਆ ਹੋਇਆ, ਆਰਾਮ ਨਾਲ ਬੈਠ ਜਾਵੇ, ਕਮਜ਼ੋਰ ਹੋ ਜਾਵੇਂਗਾ ਤਾਂ ਉਹ ਹਸਕੇ ਜਵਾਬ ਦਿੰਦਾ, "ਮੈਂ ਗਾਂਧੀ ਜੀ ਤੋਂ ਤਿੱਗਣਾ ਤਾਕਤਵਾਰ ਹਾਂ... ਗਾਂਧੀ ਜੀ ਤੋਂ ਪਹਿਲਾਂ ਨੀ ਮਰਦਾ।"

ਇਸ ਸਮੇਂ ਦੌਰਾਨ ਮਰਨ ਵਰਤ 'ਤੇ ਬੈਠੇ ਗਾਂਧੀ ਜੀ ਦੀ ਸਿਹਤ ਖਰਾਬ ਹੋਣ ਲੱਗ ਪਈ ਸੀ। ਇਸ ਸੰਬੰਧੀ ਅਖਬਾਰਾਂ ਵਿਚ ਖਬਰਾਂ ਪੜ੍ਹ ਕੇ, ਕੱਟੜਪੰਥੀ ਹਿੰਦੂਆਂ ਵਲੋਂ ਅਨੇਕਾਂ ਥਾਵਾਂ ਤੇ 'ਅਛੂਤਾਂ' 'ਤੇ ਜਾਨ ਲੇਵਾ ਹਮਲੇ ਹੋਣ ਲੱਗ ਪਏ ਸਨ। ਅਛੂਤਾਂ ਨੂੰ ਡਰਾਇਆ ਧਮਕਾਇਆ ਜਾਣ ਲੱਗ ਪਿਆ ਸੀ। ਕਈ ਥਾਵਾਂ ਤੇ ਉਨ੍ਹਾਂ ਦੀਆਂ ਬਸਤੀਆਂ ਨੂੰ ਜਲਾਇਆ ਜਾਣ ਲੱਗ ਪਿਆ ਸੀ। ਸਾਰੇ ਦੇਸ਼ ਵਿਚ ਅਛੂਤਾਂ ਲਈ ਦਹਿਸ਼ਤ ਦਾ ਮਾਹੌਲ ਬਣਦਾ ਜਾ ਰਿਹਾ ਸੀ। ਅੰਤ ਡਾ. ਅੰਬੇਡਕਰ ਨੂੰ ਗਾਂਧੀ ਜੀ ਦੀ ਜਾਨ ਬਚਾਉਣ ਲਈ ਮਜਬੂਰ ਹੋ ਕੇ 24 ਸਤੰਬਰ, 1932 ਨੂੰ ਪੂਨਾ ਦੀ ਯਰਵਦਾ ਜੇਲ੍ਹ ਵਿਚ ਸ਼੍ਰੀ ਗਾਂਧੀ ਨਾਲ ਸਮਝੌਤਾ ਕਰਨਾ ਪਿਆ। ਜਿਹੜਾ ਕਿ ਇਤਿਹਾਸ ਵਿਚ 'ਪੂਨਾ ਪੈਕਟ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਸਮਝੌਤੇ ਅਨੁਸਾਰ ਅਛੂਤਾਂ ਨੂੰ ਵੱਖਰੇ ਚੋਣ ਖੇਤਰ ਤਾਂ ਪਹਿਲਾਂ ਨਾਲੋਂ ਵੱਧ ਦੇ ਦਿੱਤੇ ਗਏ। ਪਰ

ਉਹਨਾਂ ਚੋਣ ਖੇਤਰਾਂ ਵਿਚ ਚੋਣਾ ਲਈ ਖੜਨ ਵਾਲੇ ਅਛੂਤ  ਉਮੀਦਵਾਰਾਂ ਨੂੰ ਕੇਵਲ ਅਛੂਤਾਂ ਨੂੰ ਵੋਟ ਦੇਣ ਦਾ ਅਧਿਕਾਰ ਖੋਹ ਲਿਆ ਸੀ। ਸਗੋਂ ਉਸ ਚੋਣ ਖੇਤਰ ਵਿਚ ਖੜ੍ਹਨ ਵਾਲੇ ਅਛੂਤ ਉਮੀਦਵਾਰ ਨੂੰ ਅਛੂਤਾਂ ਤੋਂ ਇਲਾਵਾ ਅਧਿਕਾਰ ਦੇ ਦਿੱਤਾ ਗਿਆ ਸੀ।

ਬਾਬੂ ਸਾਈਂ ਦਾਸ ਨੇ ਸ੍ਰੀ ਗਾਂਧੀ ਦੇ ਮਰਨ ਵਰਤ ਤੋੜਨ ਤੇ ਡਾ. ਅੰਬੇਡਕਾਰ ਦੇ ਵਿਚਾਰ ਮੂਕ ਨਾਇਕ ਅਖਬਾਰ ਵਿਚੋਂ ਭਰੇ ਮਨ ਨਾਲ ਪੜ੍ਹ ਕੇ ਸੁਣਾਏ ਸਨ, "ਗਾਂਧੀ ਜੀ ਦਾ ਮਰਨ ਵਰਤ ਅਛੂਤਾਂ ਦੀ ਭਲਾਈ ਲਈ ਨਹੀਂ ਰੱਖਿਆ ਗਿਆ ਸੀ। ਇਹ ਉਨ੍ਹਾਂ ਦੇ ਵਿਰੁੱਧ ਕੋਝਾ ਯਤਨ ਸੀ ਕਿ ਬੇਸਹਾਰਾ ਲੋਕ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੁਆਰਾ ਦਿੱਤੇ ਪਾਰਲੀਆਮੈਂਟਰੀ ਸੁਰੱਖਿਆ ਵਾਲੇ ਅਧਿਕਾਰ ਤਿਆਗ ਦੇਣ।" ਅੱਜ ਸੰਤਾਂ ਦੀ ਖੂਹੀ ਤੇ ਆ ਕੇ ਬੈਠਣ ਵਾਲੇ ਅਛੂਤ ਉਦਾਸ ਸਨ। ਡਾ. ਅੰਬੇਡਕਰ ਨੇ ਕਿਹਾ ਹੀ ਸੀ "ਅੱਜ ਭਾਰਤ ਦੇ ਅਛੂਤ ਉਦਾਸ ਸਨ। ਡਾ. ਅੰਬੇਡਕਰ ਨੇ ਕਿਹਾ ਹੀ ਸੀ , "ਅੱਜ ਭਾਰਤ ਦੇ ਅਛੂਤ ਉਦਾਸ ਹਨ... ਉਨ੍ਹਾਂ ਦੇ ਉਦਾਸ ਹੋਣ ਦੇ ਬਹੁਤ ਸਾਰੇ ਕਾਰਨ ਹਨ।"

ਭਾਰਤ ਦੇ ਵੱਖ ਵੱਖ ਪ੍ਰਦੇਸ਼ਾਂ ਵਿਚ ਅਛੂਤਾਂ ਦੀਆਂ ਜਾਤੀਆਂ ਦੀ ਗਿਣਤੀ ਦੇ ਵੇਰਵੇ 'ਸੈਡਯੂਲ' ਤਿਆਰ ਕੀਤੇ ਗਏ ਸਨ। ਤੇ ਉਹਨਾਂ ਨੂੰ ਸ਼ਡੂਲਡ ਕਾਸਟ' ਕਿਹਾ ਜਾਣ ਲੱਗ ਪਿਆ ਸੀ। ਅਛੂਤ ਜਾਤੀਆਂ ਦੀ ਅਨਸੂਚੀ ਨੂੰ ਬਣਾਈ ਜਾਣ ਕਰਕੇ ਉਹਨਾਂ ਕਿਹਾ ਅਨੁਸੂਚਿਤ ਜਾਤੀਆਂ ਕਿਹਾ ਜਾਣ ਲੱਗ ਪਿਆ। ਸਾਈਂਦਾਸ ਨੇ ਦੱਸਿਆ ਸੀ ਕਿ ਕਿਸੇ ਵੀ ਰਾਖਵੇਂ ਚੋਣ ਖੇਤਰ 'ਤੇ ਅਛੂਤਾਂ ਸ਼ਡੂਲਡ ਕਾਸਟਾਂ ਦੀ ਗਿਣਤੀ ਦਸ ਤੋਂ ਪੰਦਰਾਂ ਪਰਸੈਂਟ ਤੋਂ ਵੱਧ ਨਹੀਂ ਸੀ, ਫਿਰ ਉਹ ਅਛੂਤ ਉਹਨਾਂ ਦੇ ਹੱਕਾਂ ਦੀ ਰਾਖੀ ਕਰਨ ਵਾਲਾ, ਆਪਣੀ ਮਨ ਮਰਜੀ ਦਾ ਉਮੀਦਵਾਰ ਕਿਵੇਂ ਚੁਣ ਸਕਦੇ ਸਨ।

ਅਛੂਤਾਂ ਵਿਚੋਂ ਉਹੀ ਉਮੀਦਵਾਰ ਚੁਣਿਆ ਜਾਂਦਾ ਜਿਹੜਾ ਉੱਚ ਜਾਤੀਆਂ ਦੁਆਰਾ ਅਛੂਤਾਂ ਵਿਚੋਂ ਨਾਮਜਦ ਕੀਤਾ ਗਿਆ ਹੁੰਦਾ ਜਦ ਉਹ ਅਛੂਤ ਉਮੀਦਵਾਰ ਉੱਚ ਜਾਤੀਆਂ ਦੀਆਂ ਵੋਟਾਂ ਦੁਆਰਾ ਚਣਿਆ ਗਿਆ ਹੁੰਦਾ, ਫਿਰ ਉਸਨੇ ਅਛੂਤਾਂ ਦੇ ਹੱਕ ਦੁਆਉਣ ਬਾਰੇ ਕੀ ਬੋਲਣਾ ਸੀ ਕਿ ਸੰਘਰਸ਼ ਕਰਨਾ ਸੀ। ਜਦਕਿ ਅਛੂਤਾਂ ਦੇ ਹੱਕ ਉੱਚ ਜਾਤੀ ਦੇ ਲੋਕਾਂ ਦੁਆਰਾ ਹੀ ਤਾਂ ਖੋਹੇ ਗਏ ਹਨ। ਇਸ ਲਈ ਡਾ. ਅੰਬੇਡਕਰ ਇਹਨਾਂ ਅਛੂਤ ਉਮੀਦਵਾਰਾਂ, ਵਿਧਾਇਕਾਂ ਨੂੰ ਉੱਚ ਜਾਤੀਆਂ ਦੇ ਚਮਚੇ ਕਿਹਾ ਕਰਦੇ ਸਨ। ਇਸ ਲਈ ਡਾ. ਅੰਬੇਡਕਰ ਆਪਣੇ ਵਿਚਾਰ ਵਟਾਂਦਰੇ, ਪਬਲਿਕ ਮੀਟਿੰਗ, ਕਾਨਫਰੰਸਾਂ, ਆਪਣੀਆਂ ਲਿਖਤਾਂ ਅਤੇ ਹੋਰ ਸਾਰੇ ਉਨ੍ਹਾਂ ਨੂੰ ਪ੍ਰਾਪਤ ਹੋਣ ਵਾਲੇ ਮੌਕਿਆਂ ਤੇ ਪੂਨਾ ਪੈਕਟ ਨੂੰ ਡਿਨਾਉਂਸ, ਇਸਦਾ ਬਹਿਸਕਾਰ ਤੇ ਧਿਕਾਰ ਕਰਦੇ ਰਹੇ ਸਨ। ਅਤੇ ਆਪਣੀ ਸਾਰੀ ਉਮਰ, 1956 ਤੱਕ ਇਸਦਾ ਬਹਿਸਕਾਰ, ਧਿਕਾਰ ਕਰਦੇ ਰਹੇ ਸਨ।

ਪਰ ਇਹ ਸਮਝੌਤਾ ਹੋਣ ਤੋਂ 50 ਸਾਲ ਬਾਅਦ ਭਾਰਤ ਸਰਕਾਰ ਨੂੰ ਪਤਾ ਨਹੀਂ ਕੀ ਸੁਝਿਆ ਕਿ ਸਰਕਾਰ ਨੇ 24 ਸਤੰਬਰ 1982 ਪੂਨਾ ਪੈਕਟ ਦੀ 50 ਵੀ ਵਰ੍ਹੇ ਗੰਢ ਨੂੰ ਇਸ ਸਮਝੌਤੇ ਦੀ ਸਿਲਵਰ ਜੁਬਲੀ ਵਜੋਂ ਮਨਾਉਣ ਦਾ ਐਲਾਨ ਕਰ ਦਿੱਤਾ ਕਿ ਇਸ ਦਿਨ ਸ੍ਰੀ ਗਾਂਧੀ ਤੇ ਡਾ. ਅੰਬੇਡਕਰ ਵਿਚਕਾਰ ਹੋਏ 'ਪੂਨਾ ਪੈਕਟ' ਰਾਹੀਂ ਸਡੂਲਡ ਕਾਸਟਾਂ ਨੂੰ ਵੱਧ ਅਧਿਕਾਰ ਦਿੱਤੇ ਗਏ ਸਨ, ਪ੍ਰਾਪਤ ਹੋਏ ਸਨ। ਆਰੀਆ ਅਗਿਆਨੀ ਦਲਿਤਾਂ ਦਾ ਕੀ ਹੈ, ਉਹਨਾਂ ਨੇ 'ਪੂਨਾ ਪੈਕਟ' ਸੰਬੰਧੀ ਕਾਨਫਰੰਸਾਂ ਵਿਚ ਬਹੁ ਗਿਣਤੀ ਵਿਚ ਹੁੰਮ ਹੁਮਾ ਕੇ ਪੁੱਜਣਾ ਸੀ, ਬਿਨਾ ਸੋਚੇ ਸਮਝੇ 'ਪੂਨਾ ਪੈਕਟ' ਦਾ ਗੁਣ ਗਾਨ ਕਰੀ ਜਾਣਾ ਸੀ।

ਪਰ ਜਦ ਦਲਿਤਾਂ ਨੂੰ ਵੱਧ ਅਧਿਕਾਰ ਮਿਲਣ ਦੇ ਨਾਂ 'ਤੇ ਪੂਨਾ ਪੈਕਟ ਦੀ 50 ਵੀ ਵਰ੍ਹੇ ਗੰਢ ਸਿਲਵਰ ਜੁਬਲੀ ਵਜੋਂ ਮਨਾਉਣ ਦੀ ਅਖਬਾਰਾਂ ਵਿਚ ਖ਼ਬਰ ਬਾਮਸੇਫ ਤੇ ਡੀ. ਐਸ 4 ਦੇ ਪ੍ਰਧਾਨ ਬਾਬੂ ਕਾਂਸ਼ੀ ਰਾਮ ਨੇ ਪੜ੍ਹੀ ਤਾਂ ਉਹਦੇ ਤਨ ਮਨ ਨੂੰ ਅੱਗ ਲੱਗ ਗਈ। ਉਨ੍ਹਾਂ ਨੇ ਸਾਰਾ ਸਾਲ 'ਪੂਨਾ ਪੈਕਟ' ਦਾ ਬਹਿਸਕਾਰ, ਧਿੱਕਾਰ ਕਰਨ ਦਾ ਐਲਾਨ ਕਰ ਦਿੱਤਾ ਤੇ ਸਰਕਾਰ ਦੀ 'ਪੂਨਾ ਪੈਕਟ' ਦੀ ਸਿਲਵਰ ਜੁਬਲੀ ਮਨਾਉਣ ਦੀ ਯੋਜਨਾ ਥਾਏਂ ਠੁਸ ਹੋ ਗਈ ਸੀ।

ਬਾਬੂ ਕਾਂਸ਼ੀ ਰਾਮ ਪਿੰਡ ਖੁਆਸਪੁਰਾ, ਜ਼ਿਲ੍ਹਾ ਰੋਪੜ (ਪੰਜਾਬ) ਦੇ ਰਹਿਣ ਵਾਲੇ ਸਨ। ਉਹ ਮਹਾਂਰਾਸ਼ਟਰ



ਦੇ ਪੂਨਾ ਸ਼ਹਿਰ ਵਿਚ ਇਕ ਆਰਡੀਨੈਂਸ ਫੈਕਟਰੀ ਵਿਚ ਵਿਗਿਆਨਕ ਦੇ ਤੌਰ ਤੇ ਨੌਕਰੀ ਕਰਦੇ ਸਨ। 1964 ਵਿਚ ਕੰਪਨੀ ਵਲੋਂ ਡਾ. ਅੰਬੇਡਕਰ ਦੇ ਜਨਮ ਦਿਨ ਦੀ ਛੁੱਟੀ ਕੈਂਸਲ ਕਰ ਦਿੱਤੀ ਗਈ ਸੀ। ਰਾਜਸਥਾਨ ਦੇ ਇਕ ਅਨੁਸੂਚਿਤ ਜਾਤੀ ਦੇ ਕਰਮਚਾਰੀ ਨੇ ਇਸਦਾ ਵਿਰੋਧ ਕੀਤਾ, ਉਹਨੂੰ ਨੌਕਰੀ ਤੋਂ ਸਸਪੈਂਡ ਕਰ ਦਿੱਤਾ ਗਿਆ ਸੀ। ਕਾਂਸ਼ੀ ਰਾਮ ਉਸ ਕਰਮਚਾਰੀ ਦੇ ਡਾ. ਅੰਬੇਡਕਰ ਦੇ ਭਾਵੁਕ ਲਗਾਵ ਨੂੰ ਦੇਖਕੇ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ਉਸ ਕਰਮਚਾਰੀ ਨੂੰ ਕੋਰਟ ਕੇਸ ਲੜਕੇ ਨੌਕਰੀ ਤੇ ਬਹਾਲ ਕਰਵਾਇਆ ਤੇ ਆਪ ਫੂਲੇ, ਅੰਬੇਡਕਰ ਦੇ ਕੀਤੇ ਗਏ ਸਮਾਜਿਕ ਸੰਘਰਸ਼ ਦਾ ਅਧਿਐਨ ਕਰਨ ਵਿਚ ਜੁਟ ਗਏ ਸਨ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਜਾਤੀਵਾਦੀ ਸਮਾਜਿਕ ਵਿਵਸਥਾ ਹੀ ਸਾਰੀਆਂ ਬੁਰਾਈਆਂ ਦੀ ਜੜ੍ਹ ਹੈ। ਤੇ ਜਾਤੀ ਵਿਹੀਨ ਸਮਾਜਿਕ ਵਿਵਸਥਾ ਨੂੰ ਕਾਇਮ ਕੀਤੇ ਬਿਨਾ ਇਸ ਤਰ੍ਹਾਂ ਦੀਆਂ ਬੁਰਾਈਆਂ ਨੂੰ ਸਮਾਪਤ ਨਹੀਂ ਕੀਤਾ ਜਾ ਸਕਦਾ।

1964 ਵਿਚ ਹੀ ਉਹਨਾਂ ਨੇ ਸਰਕਾਰੀ ਨੌਕਰੀ ਛੱਡ ਦਿੱਤੀ। ਤੇ 1965 ਵਿਚ ਆਪਣੇ ਪਿਤਾ ਸ੍ਰੀ ਹਰੀ ਸਿੰਘ ਨੂੰ ਚਿੱਠੀ ਲਿਖਕੇ ਪਰਵਾਰ ਨਾਲੋਂ ਹਰ ਤਰ੍ਹਾਂ ਰਿਸ਼ਤਾ ਨਾਤਾ ਤੋੜ ਲਿਆ ਤੇ ਜਨਮ ਮੌਤ ਤੇ ਵਿਆਹ ਸ਼ਾਦੀ ਦੇ ਸਮਾਰੋਹਾਂ ਵਿਚ ਜਾਣਾ ਬੰਦ ਕਰ ਦਿੱਤਾ।

ਬਾਬੂ ਕਾਂਸ਼ੀ ਰਾਮ ਨੇ ਸਾਇਕਲ ਤੇ ਅਤੇ ਬੱਸ 'ਤੇ ਪੂਨਾ ਸ਼ਹਿਰ ਤੇ ਆਲੇ ਦੁਆਲੇ ਦੇ ਦਫਤਰਾਂ ਵਿਚ ਜਾ ਕੇ ਦਲਿਤ, ਸੋਸ਼ਿਤ ਸਮਾਜ ਦੇ ਕਰਮਚਾਰੀਆਂ ਨੂੰ ਫੂਲੇ ਤੇ ਅੰਬੇਡਕਰ ਦੇ ਫਲਸਫੇ ਦਾ ਗਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ। 6 ਦਸੰਬਰ, 1973 ਨੂੰ ਉਨ੍ਹਾਂ ਨੇ ਪੂਨੇ ਵਿਚ ਬਾਮਸੇਫ ਜਿਸ ਦਾ ਪੂਰਾ ਨਾਂ ਬੈਕਵਰਡ (ਐਸ. ਸੀ., ਐਸ. ਟੀ. ਤੇ ਬੀ ਸੀ.) ਐਂਡ ਮਾਈਨਾਰਟੀਜ (ਧਾਰਮਿਕ ਘੱਟ ਗਿਣਤੀਆਂ ਕਮਿਊਨਿਟੀਜ਼ ਇਮਪਲਾਈਜ਼ ਫੈਡਰੇਸ਼ਨ ਹੈ, ਦਾ ਗਠਨ ਕੀਤਾ ਸੀ। ਬਾਮਸੇਫ ਦਾ ਉਦੇਸ਼ ਦਲਿਤ ਸੋਸ਼ਿਤ ਸਮਾਜ ਦੇ ਕਰਮਚਾਰੀਆਂ ਦੁਆਰਾ ਉਸ ਸਮਾਜ ਨੂੰ ਗੁਲਾਮੀ, ਦਾਸਤਾਂ ਤੋਂ ਮੁਕਤੀ ਦਿਵਾਉਣਾ ਸੀ ਜਿਸ ਸਮਾਜ ਵਿਚ ਉਹ ਪੈਦਾ ਹੋਏ। ਬਾਮਸੇਫ ਦਾ ਘੇਰਾ ਵਿਸ਼ਾਲ ਕਰਨ ਲਈ 6 ਦਸੰਬਰ, 1978 ਨੂੰ ਇਸਦਾ ਦਫ਼ਤਰ ਦਿੱਲੀ ਵਿਚ ਖੋਲ੍ਹ ਦਿੱਤਾ ਗਿਆ ਸੀ।

ਬਾਮਸੇਫ ਸੰਗਠਨ ਦੇ ਕਰਮਚਾਰੀਆਂ ਦੀ ਇਹ ਡਿਊਟੀ ਬਣਦੀ ਸੀ ਕਿ ਉਹ ਆਪਣਾ ਧਨ, ਸਮਾਂ ਤੇ ਬੁੱਧੀ (ਹੁਨਰ) ਆਪਣੇ ਸਮਾਜ ਨੂੰ ਦੇਣ। ਬਾਮਸੇਫ ਦੇ ਕਰਮਚਾਰੀ ਪਹਿਲਾਂ ਆਪ ਸਿੱਖਿਅਤ ਹੁੰਦੇ ਫਿਰ ਦੂਰ ਨੇੜੇ ਦੇ ਪਿੰਡਾਂ, ਮੁਹੱਲਿਆਂ ਵਿਚ ਜਾ ਕੇ ਦਲਿਤ ਸਮਾਜ ਦੇ ਲੋਕਾਂ ਨੂੰ ਇਕੱਤਰ ਕਰਦੇ ਤੇ ਉਹਨਾਂ ਨੂੰ ਉਹਨਾਂ ਦੀ ਗੁਲਾਮੀ ਦਾ ਅਹਿਸਾਸ ਕਰਵਾਉਂਦੇ ਤੇ ਦੱਸਦੇ ਉਨ੍ਹਾਂ ਦੇ ਸੰਗਠਿਤ ਹੋ ਕੇ ਅੰਦੋਲਨ ਕਰਨ ਨਾਲ ਉਨ੍ਹਾਂ ਦੀ ਗੁਲਾਮੀ, ਦਾਸਤਾਂ ਦੂਰ ਹੋ ਸਕਦੀ ਹੈ।

ਪਰ ਸਰਕਾਰੀ ਕਰਮਚਾਰੀ ਨਾ ਤਾਂ ਖੁਦ ਅੰਦੋਲਨ ਕਰ ਸਕਦੇ ਸਨ ਤੇ ਨਾ ਹੀ ਕਿਸੇ ਅੰਦੋਲਨ ਵਿਚ ਭਾਗ ਲੈ ਸਕਦੇ ਸਨ। ਇਸ ਲਈ ਬਾਬੂ ਕਾਂਸ਼ੀ ਰਾਮ ਨੇ 6 ਦਸੰਬਰ 1981 ਨੂੰ ਦਿੱਲੀ ਵਿਖੇ ਦਲਿਤਾਂ ਸੋਸ਼ਿਤਾਂ ਦੇ ਸ਼ੋਸ਼ਣ ਵਿਰੁੱਧ ਅੰਦੋਲਨ ਸੰਘਰਸ਼ ਕਰਨ ਲਈ ਦਲਿਤ ਸੋਸ਼ਿਤ ਸਮਾਜ ਸੰਘਰਸ਼ ਸੰਮਤੀ, ਡੀ. ਐਸ ਫੋਰ ਦਾ ਗਠਨ ਕੀਤਾ।

ਬਾਬੂ ਕਾਂਸ਼ੀ ਰਾਮ ਨੇ ਡੀ. ਐਸ-ਫੋਰ ਦੇ ਵਰਕਰਾਂ ਨੂੰ ਨਾਲ ਲੈ ਕੇ ਦੇਸ਼ ਦੇ ਕੋਨੇ ਕੋਨੇ ਤੱਕ ਦਲਿਤ ਸੋਸ਼ਤ ਸਮਾਜ ਨੂੰ ਜਾਗਰੁਕ ਕਰਨ ਲਈ ਸਾਇਕਲ ਮਾਰਚ ਕਰਨੇ ਸ਼ੁਰੂ ਕਰ ਦਿੱਤੇ ਸਨ।

ਤੇ ਹੁਣ ਜਦ ਸਰਕਾਰ ਨੇ 'ਦਲਿਤਾਂ ਨੂੰ ਵੱਧ ਅਧਿਕਾਰ ਦਿੱਤੇ ਜਾਣ ਦੇ ਨਾਂ ਤੇ 24 ਸਤੰਬਰ 1982 ਨੂੰ ਪੂਨਾ ਪੈਕਟ ਦੀ 50 ਵੀ ਵਰ੍ਹੇ ਗੰਢ 'ਤੇ ਸਿਲਵਰ ਜੁਬਲੀ ਮਨਾਉਣ ਦਾ ਐਲਾਨ ਕਰ ਦਿੱਤਾ ਸੀ ਤਾਂ ਬਾਬੂ ਕਾਂਸ਼ੀ ਰਾਮ ਨੇ ਵੱਡੀਆਂ ਵੱਡੀਆਂ ਕਾਨਫਰੰਸ਼ਾ ਕਰਕੇ ਪੂਨਾ ਪੈਕਟ' ਦਾ ਬਹਿਸ਼ਕਾਰ, ਧਿਕਾਰ ਕਰਨ ਦਾ ਪ੍ਰੋਗਰਾਮ ਉਲੀਕ ਲਿਆ ਸੀ। ਤੇ ਸਭ ਤੋਂ ਪਹਿਲੀ ਪੂਨਾ ਪੈਕਟ ਧਿੱਕਾਰ ਕਾਨਫਰੰਸ ਮਹਾਂਰਾਸ਼ਟਰ ਦੇ ਸ਼ਹਿਰ ਪੂਨਾ ਵਿਚ ਹੀ ਕੀਤੀ ਗਈ ਜਿਥੇ ਯਰਵਦਾ ਜੇਲ੍ਹ ਵਿਚ ਗਾਂਧੀ ਜੀ  ਤੇ ਡਾ. ਅੰਬੇਡਕਰ ਵਿਚਕਾਰ

ਇਹ ਸਮਝੌਤਾ, ਡਾ. ਅੰਬੇਡਕਰ ਨੂੰ ਗਾਂਧੀ ਜੀ ਦੀ ਜਾਨ ਬਚਾਉਣ ਲਈ ਮਜਬੂਰ ਕਰਨਾ ਪਿਆ ਸੀ। ਤੇ ਫੇਰ ਇਹ ਕਾਨਫਰੰਸਾਂ ਵੱਖ ਵੱਖ ਸਟੇਟਾਂ ਦੇ ਵੱਡੇ ਸ਼ਹਿਰਾਂ ਵਿਚ ਕੀਤੀਆਂ ਜਾਣ ਲੱਗੀਆਂ। ਪੰਜਾਬ ਵਿਚ 34 ਅਕਤੂਬਰ 1982 ਨੂੰ ਜਲੰਧਰ ਦੀ ਬੂਟਾਂ ਮੰਡੀ ਪੂਨਾ ਪੈਕਟ ਬਹਿਸਕਾਰ ਦਿਵਸ ਮਨਾਉਣ ਲਈ ਵਿਸ਼ਾਲ ਕਾਨਫਰੰਸ ਕੀਤੀ ਗਈ ਸੀ। ਪੰਜਾਬ ਦੇ ਕੋਨੇ ਕੋਨੇ ਤੋਂ ਦਲਿਤ ਆਪਣੇ ਕਿਰਾਏ ਤੇ ਲਿਆਂਦੇ ਹੋਏ ਟਰੱਕਾਂ, ਟਰੈਕਟਰ ਟਰਾਲੀਆਂ, ਟੈਂਪੂਆਂ, ਉੱਤੇ ਤੇ ਆਪਣੇ ਸਾਧਨਾ ਕਾਰਾਂ, ਸਕੂਟਰਾਂ ਤੇ ਸਾਇਕਲਾਂ ਤੇ ਆਏ ਸਨ। ਅਸੀਂ ਮਾਜਰੀ ਬਲਾਕ ਦੇ ਬਾਮਸੇਫ ਦੇ ਵਰਕਰਾਂ ਨੇ ਮੁਲਾਜਮਾਂ ਤੋਂ ਵੀਹ ਵੀਹ, ਪੰਜਾਹ ਪੰਜਾਹ ਰੁਪਏ ਇਕੱਠੇ ਕਰਕੇ ਟਰੱਕ ਕਿਰਾਏ ਤੇ ਲੈ ਕੇ ਉਸ ਵਿਚ ਪਿੰਡਾਂ ਦੇ ਸੀਰੀਆਂ ਸੇਪੀਆਂ ਤੇ ਸਟੂਡੈਂਟਾਂ ਨੂੰ ਬਿਠਾ ਕੇ ਉਸ ਕਾਨਫਰੰਸ ਵਿਚ ਸ਼ਾਮਿਲ ਹੋਣ ਲਈ ਲੈ ਕੇ ਗਏ ਸਾਂ।

ਫਗਵਾੜੇ ਤੋਂ ਸਾਡੇ ਟਰੱਕ ਵਿਚ ਇਕ ਦਿਆਲ ਦਾਸ ਨਾਂ ਦਾ ਬਜ਼ੁਰਗ ਚੜ੍ਹ ਗਿਆ ਸੀ। ਫਗਵਾੜਾ ਸ਼ਹਿਰ ਨਿਕਲਦਿਆਂ ਹੀ ਡਰਾਈਵਰ ਨੇ ਟਰੱਕ ਰੋਕ ਲਿਆ, ਉਹਦਾ ਹੈਲਪਰ ਉਤਰਕੇ ਟਰੱਕ ਦੇ ਪਹੀਏ ਦੀ ਹਵਾ ਚੈੱਕ ਕਰਨ ਲੱਗ ਪਿਆ ਸੀ। ਦਿਆਲ ਦਾਸ, ਬਜੁਰਗ ਨੇ ਸੜਕ ਕਿਨਾਰੇ ਦੀ ਖੂਹੀ ਵੱਲ ਇਸ਼ਾਰਾ ਕਰਕੇ ਦੱਸਿਆ, "ਮੁਦੱਤਾਂ ਬੀਤ ਗਈਆਂ, ਇਹ 'ਅਛੂਤਾਂ ਦੀ ਖੂਹੀ' ਕਹਾਉਂਦੀ ਸੀ।" ਟਰੱਕ ਵਿਚਲੇ ਕਾਲਜੀਏਟਾਂ ਨੇ ਉਹਨੂੰ ਟੋਕਿਆ , "ਬਾਬਾ ਜੀ ! 'ਅਛੂਤ' ਨਹੀਂ ਦਲਿਤ' ਕਹੋ।" ਮੈਂ ਮੁੰਡਿਆਂ ਵੱਲ ਉਂਗਲ ਹਿਲਾਈ, "ਟੋਕੋ ਨਾ ਧਿਆਨ ਨਾਲ ਗੱਲ ਸੁਣੋ।" ਉਹ ਆਪਣੀ ਗੱਲ ਦੱਸਣ ਲੱਗਿਆ, ਜਿਹੜੀ ਕਿ ਦੱਸਣ ਲਈ ਉਹ ਬਹੁਤ ਉਤਾਵਲਾ ਸੀ, "ਇਸ ਖੂਹੀ ਕੋਲ ਬਹੁਤ ਵੱਡੀ ਸਰਾਂ ਹੁੰਦੀ ਸੀ, ਸਰਾਂ ਵਿਚ ਅਛੂਤਾਂ ਦੇ ਵੜਨ ਦੀ ਮਨਾਹੀ ਸੀ, ਉਦੋਂ ਛੂਤ ਛਾਤ ਬਹੁਤ ਹੁੰਦੀ ਸੀ। ਅਛੂਤ ਇਸ ਖੂਹੀ ਦੁਆਲੇ ਲੱਗੇ ਰੁੱਖਾਂ ਥੱਲੇ ਬਹਿ ਕੇ ਅਰਾਮ ਕਰਦੇ ਸਨ। ਸਾਡੇ 'ਆਦਿ ਧਰਮ ਮੰਡਲ' ਦੇ ਵਰਕਰ ਅਛੂਤਾਂ ਨੂੰ ਲੰਡਨ ਵਿਚ ਚੱਲਦੀ 'ਰਾਉਂਡ ਟੇਬਲ ਕਾਨਫਰੰਸ ਵਿਚ ਡਾ. ਅੰਬੇਡਕਰ ਤੇ ਗਾਂਧੀ ਵਿਚ ਹੁੰਦੀ ਵਿਚਾਰ ਚਰਚਾ ਬਾਰੇ ਦੱਸਦੇ ਰਹਿੰਦੇ ਸਨ। ਗਾਂਧੀ ਨੇ ਪੂਨੇ ਦੀ ਯਰਵਦਾ ਜੇਲ੍ਹ ਵਿਚ ਮਰਨ ਵਰਤ ਰੱਖਕੇ ਅਛੂਤਾਂ ਨੂੰ ਮਿਲਿਆ ਡਬਲ ਵੋਟ ਦਾ ਅਧਿਕਾਰ ਖੋਹ ਲਿਆ ਸੀ। ਜਿਸਦਾ ਪਿੱਟ ਸਿਆਪਾ ਕਰਨ ਅੱਜ ਤੁਸੀਂ ਜਲੰਧਰ ਜਾ ਰਹੇ ਓ।" ਆਦਿ ਧਰਮੀ ਬਿਸ਼ਨ ਦਾਸ ਜਲੰਧਰ ਤੱਕ 'ਆਦਿ ਧਰਮ ਮੰਡਲ' ਰਾਹੀਂ ਕੀਤੇ ਗਏ ਅੰਦੋਲਨਾਂ ਦੀਆਂ ਗੱਲਾਂ ਕਰਦਾ ਗਿਆ।

ਬਾਬੂ ਕਾਂਸ਼ੀ ਰਾਮ ਨੇ ਆਪਣੇ ਭਾਸ਼ਣ ਵਿਚ ਪੂਨਾ ਪੈਕਟ ਬਾਰੇ ਵਿਸਥਾਰ ਨਾਲ ਦੱਸਦਿਆਂ ਅੰਤ ਵਿਚ ਕਿਹਾ ਸੀ ਕਿ ਸ੍ਰੀ ਗਾਂਧੀ ਨੂੰ ਯਰਵਦਾ ਜੇਲ੍ਹ ਵਿਚ ਅਛੂਤਾਂ ਤੋਂ ਉਹਨਾਂ ਲਈ ਵੱਖਰੇ ਚੋਣ ਖੇਤਰ ਵਿਚੋਂ ਇਕੱਲੇ ਅਛੂਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਖੋਹ ਲਿਆ ਸੀ। ਇਹ ਗਾਂਧੀ ਜੀ ਦੀ ਚਲਾਕੀ ਸੀ ਕਿਉਂਕਿ ਉਸ ਤੋਂ ਬਾਅਦ ਅਛੂਤਾਂ ਵਿਚੋਂ ਉਹੀ ਚੋਣ ਜਿੱਤ ਦਾ ਸੀ ਜਿਹੜਾ ਉੱਚ ਸ੍ਰੇਣੀਆਂ ਦਾ ਚਮਚਾ ਹੁੰਦਾ ਅਤੇ ਉਹ ਦਲਿਤਾਂ ਦੇ ਹੱਕਾਂ ਲਈ ਲੜ੍ਹਨ ਤੋਂ ਅਸਮਰਥ ਹੁੰਦਾ। ਉਹਨਾਂ ਨੇ 'ਪੂਨਾ ਪੈਕਟ' ਤੇ ਲਿਖੀ ਆਪਣੀ ਪੁਸਤਕ 'ਚਮਚਾ ਯੁੱਗ' ਨੂੰ ਰੀਲੀਜ਼ ਕਰਦਿਆਂ ਕਿਹਾ ਕਿ ਡਾ. ਅੰਬੇਡਕਰ ਨੇ ਅਛੂਤਾਂ ਨੂੰ ਲਾਮਬੰਦ ਕਰਕੇ ਸਡੂਲਡ ਕਾਸਟ ਫੈਡਰੇਸ਼ਨ' ਨਾਂ ਦੀ ਰਾਜਨੀਤਿਕ ਪਾਰਟੀ ਬਣਾਈ ਤੇ ਅਨੇਕਾਂ ਪ੍ਰਾਪਤੀਆਂ ਕੀਤੀਆਂ। ਹੁਣ ਅਸੀਂ ਸਡੂਲਡ ਕਾਸਟਾਂ ਦੇ ਨਾਲ ਨਾਲ ਪਛੜੀਆਂ ਸ੍ਰੈਣੀਆਂ ਤੇ ਇਹਨਾਂ ਵਿਚੋਂ ਧਰਮ ਬਦਲੀ ਕਰਕੇ ਗਏ ਲੋਕਾਂ ਨੂੰ ਸੰਗਠਿਤ ਕਰਕੇ ਦੇਸ਼ ਦੇ 85% ਲੋਕਾਂ ਦੀ ਪ੍ਰਤਿਨਿਧਤਾ ਕਰਨ ਵਾਲੀ ਰਾਜਨੀਤਿਕ ਪਾਰਟੀ ਬਣਾਵਾਂਗੇ। ਸਾਡੀ ਪਾਰਟੀ ਦੇ ਔਣ ਵਾਲੇ ਦਸ ਸਾਲਾਂ ਵਿਚ ਚੋਣ ਜਿੱਤਕੇ ਵਿਧਾਇਕ ਬਣੇ ਉਮੀਦਵਾਰ ਇਨ੍ਹਾਂ 85% ਲੋਕਾਂ ਅੱਗੇ ਜਵਾਬ ਦੇਹ ਹੋਣਗੇ ਨਾ ਕਿ 15 % ਉੱਚ ਜਾਤਾਂ ਵੱਲ। ਉਹਨਾਂ ਦੀ ਸਪੀਚ ਸੁਣ ਕੇ ਆਕਾਸ਼ ਤਾੜੀਆਂ ਨਾਲ ਗੂੰਜ ਉੱਠਿਆ ਸੀ।

ਜਲੰਧਰ ਦੀ ਕਾਨਫਰੰਸ ਤੋਂ ਬਾਅਦ ਬਾਬੂ ਕਾਂਸ਼ੀ ਰਾਮ ਕਾਰ ਵਿਚ ਨਵਾਂ ਸ਼ਹਿਰ ਦੇ ਰਸਤੇ ਚੰਡੀਗੜ੍ਹ ਜਾ ਰਹੇ ਸਨ। ਜਦ ਉਹ ਰੋਪੜ ਕੋਲ ਪੁੱਜੇ ਤਾਂ ਉਹਨਾਂ ਨੂੰ ਨਾਲ ਬੈਠੇ ਵਰਕਰਾਂ ਵਲੋਂ ਜ਼ੋਰ ਪਾਇਆ ਗਿਆ




ਕਿ ਉਹ ਨੇੜੇ ਹੀ ਉਹਨਾਂ ਦੇ ਪਿੰਡ ਖੁਆਸਪੁਰੇ ਆਪਣੇ ਘਰਦਿਆਂ ਨੂੰ ਮਿਲਕੇ ਚਲੇ ਜਾਣ। ਕਾਂਸ਼ੀ ਰਾਮ ਹੱਸਕੇ ਕਹਿਣ ਲੱਗੇ, "ਤੁਹਾਨੂੰ ਪਤਾ ਤਾਂ ਹੈ, ਮੈਂ ਪ੍ਰਣ ਕੀਤਾ ਹੋਇਆ ਕਿ ਮੈਂ ਸ਼ਾਦੀ ਨਹੀਂ ਕਰਾਵਾਂਗਾ, ਨਿੱਜੀ ਸੰਪਤੀ ਨਹੀਂ ਬਣਾਵਾਂਗਾ ਤੇ ਆਪਣੇ ਘਰ ਨਹੀਂ ਜਾਵਾਂਗਾ। ਮੇਰਾ ਘਰ ਤਾਂ ਕਾਰ ਵਿਚ ਹੀ ਹੈ, ਚੰਡੀਗੜ੍ਹ ਤੋਂ ਪਤਾ ਨਹੀਂ ਦੇਸ਼ ਦੇ ਕਿਹੜੇ ਹਿੱਸੇ ਵਿਚ ਨੂੰ ਨਿਕਲ ਜਾਵਾਂਗਾ।" ਉਹਨਾਂ ਨੂੰ ਸਮਝਾਇਆ ਗਿਆ ਕਿ ਉਹਨਾਂ ਨੇ ਘਰ ਜਾ ਕੇ ਰਹਿਣਾ ਤਾਂ ਨਹੀਂ ਸਗੋਂ ਖੜੇ ਖੜੇ ਘਰਦਿਆਂ ਨੂੰ ਜਾ ਕੇ ਮਿਲ ਤਾਂ ਸਕਦੇ ਹਨ।

ਉਹ ਬਹੁਤ ਜੋਰ ਪਾਉਣ ਤੇ ਖੁਆਸਪੁਰੇ ਪਿੰਡ ਵਿਚ ਆਪਣੇ ਘਰਦਿਆਂ ਨੂੰ ਮਿਲਣ ਲਈ ਚਲੇ ਗਏ ਸਨ। ਤੇ ਘਰ ਵਿਚ ਮੌਜੂਦ ਮਾਤਾ ਜੀ ਤੇ ਭਰਾਵਾਂ ਨੂੰ ਮਿਲਕੇ ਵਾਪਸ ਆ ਗਏ ਸਨ। ਉਨ੍ਹਾਂ ਦੇ ਘਰੋਂ ਨਿਕਲਣ ਤੇ ਬਾਅਦ ਉਹਨਾਂ ਦੇ ਪਿਤਾ ਹਰੀ ਸਿੰਘ ਖੇਤ ਵਿਚੋਂ ਘਰ ਆ ਗਏ ਸਨ। ਦੁਨਿਆਵੀ ਰਿਸ਼ਤਿਆਂ ਦੇ ਮੋਹ ਨੂੰ ਤਿਆਗ ਚੁੱਕੇ ਕਾਂਸ਼ੀ ਰਾਮ ਨੂੰ ਕੀ ਪਤਾ ਸੀ ਕਿ ਪੱਚੀ ਸਾਲ ਬਾਅਦ ਘਰ ਆ ਕੇ ਪਿਤਾ ਨੂੰ ਮਿਲੇ ਬਿਨਾ ਚਲੇ ਜਾਣ ਤੇ ਇਕ ਦੁਖੀ ਬਜ਼ੁਰਗ ਪਿਤਾ ਦੇ ਮਨ 'ਤੇ ਕੀ ਬੀਤਦੀ ਹੋਵੇਗੀ? ਜਦ ਉਹਨਾਂ ਦੇ ਪਿਤਾ ਹਰੀ ਸਿੰਘ ਨੂੰ ਪਤਾ ਲੱਗਿਆ ਕਿ ਉਹਦਾ ਪੁੱਤਰ ਕਾਂਸ਼ੀ ਰਾਮ ਏਨੇ ਸਾਲਾਂ ਬਾਅਦ ਘਰ ਆਇਆ ਵੀ ਤੇ ਉਹਨੂੰ ਮਿਲੇ ਬਿਨਾ ਹੀ ਚਲਿਆ ਗਿਆ ਤਾਂ ਉਹ ਇਸ ਸਦਮੇ ਨੂੰ ਬਰਦਾਸ਼ਤ ਨਾ ਕਰ ਸਕਿਆ, ਮੰਜੇ ਤੇ ਬਹਿੰਦਿਆਂ ਹੀ ਉਸਦੀ ਮੌਤ ਹੋ ਗਈ ਸੀ।

ਜ਼ਿਲ੍ਹਾ ਰੋਪੜ ਦੀ ਬਾਮਸੇਫ਼ ਵਲੋਂ ਬਾਬੂ ਕਾਂਸ਼ੀ ਰਾਮ ਦੇ ਪਿਓ ਦੀ ਆਤਮਕ ਸ਼ਾਂਤੀ ਲਈ ਉਹਨਾਂ ਦੇ ਪਿੰਡ ਖੁਆਸਪੁਰਾ ਵਿਖੇ, ਸਿੱਖ ਧਰਮ ਦੀਆਂ ਰਵਾਇਤਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਦਾ ਭੋਗ ਪੁਆਇਆ ਗਿਆ ਸੀ। ਉਹਨਾਂ ਨੇ ਆਪਣੇ ਪਿਓ ਦੀ ਅੰਤਮ ਅਰਦਾਸ 'ਤੇ ਇਕੱਠੇ ਹੋਏ ਉਹਨਾਂ ਦੇ ਰਿਸ਼ਤੇਦਾਰਾਂ ਤੇ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਸਾਨੂੰ ਆਪਣੇ ਦਲਿਤ ਸ਼ੋਸ਼ਿਤ ਸਮਾਜ ਦੀ ਬਿਹਤਰੀ ਲਈ ਬਲੀ ਦੇ ਬੱਕਰੇ ਬਣਨਾ ਪਵੇਗਾ। ਪਹਿਲਾਂ ਅਸੀਂ ਬਲੀ ਦੇ ਬੱਕਰੇ ਉੱਚ ਜਾਤੀਆਂ ਲਈ, ਸਮਾਜ ਦੇ ਉਪਰਲੇ ਵਰਗ ਲਈ ਬਣਦੇ ਸਾਂ, ਤਾਂ ਇਸਦਾ ਲਾਭ ਵੀ ਸਮਾਜ ਦੇ ਉਪਰਲੇ ਵਰਗ ਨੂੰ ਹੁੰਦਾ ਸੀ। ਪਰ ਜਦ ਅਸੀਂ ਬਲੀ ਦੇ ਬੱਕਰੇ ਆਪਣੇ ਸਮਾਜ ਲਈ ਬਣਾਂਗੇ। ਤਾਂ ਇਸਦਾ ਲਾਭ ਵੀ ਦਲਿਤ ਸ਼ੋਸ਼ਿਤ ਸਮਾਜ ਦੀ ਦਾਸਤਾ ਨੂੰ ਦੂਰ ਕਰਨ ਲਈ ਹੋਵੇਗਾ। ਹਰ ਘਰ ਵਿਚੋਂ ਇਕ ਇਕ ਭਰਾ ਬਲੀ ਦਾ ਬੱਕਰਾ ਬਣੇ... ਸਭ ਤੋਂ ਪਹਿਲਾਂ ਆਪਣੇ ਘਰ ਵਿਚੋਂ ਮੈਂ ਬਲੀ ਦਾ ਬੱਕਰਾ ਬਣਦਾ ਹਾਂ...।" ✪

ਪਤਾ ਪਿੰਡ ਮਾਜਰੀ, ਡਾਕ. ਸਿਆਲਬਾ, ਮੋਹਾਲੀ




ਮੁੱਲ : 100
ਪੰਨੇ :144

ਬਹੁਤ ਜਲਦੀ ਛਪ ਰਿਹਾ ਸੰਗ੍ਰਹਿ
ਪ੍ਰਤੀਨਿਧ ਦਲਿਤ ਕਹਾਣੀਆਂ ਭਾਗ-1
ਸੰਪਾਦਕ: ਭਗਵੰਤ ਰਸੂਲਪੁਰੀ
ਸਾਮਲ ਕਹਾਣੀਕਾਰ: ਪ੍ਰੇਮ ਗੋਰਖੀ, ਨਛੱਤਰ ਅਤਰਜੀਤ, ਭੂਰਾ ਸਿੰਘ ਕਲੇਰ, ਮੋਹਨ ਲਾਲ ਫਿਲੌਰੀਆਂ, ਸਰੂਪ ਸਿਆਲਵੀ, ਮੱਖਣ ਮਾਨ, ਸਰਵਮੀਤ, ਗੁਰਮੀਤ ਕੜਿਆਲਵੀ, ਭਗਵੰਤ ਰਸੂਲਪੁਰੀ, ਬਲੀਜੀਤ, ਦੇਸ ਰਾਜ ਕਾਲੀ ਤੇ ਗੁਰਮੀਤ ਸਿੰਘ ਸਿੰਗਲ।
ਪ੍ਰਕਾਸ਼ਕ:
ਪਰਵਾਜ਼ ਪ੍ਰਕਾਸ਼ਨ

## ਯਾਦਾਂ / ਝਰੋਖਿਆਂ ਵਿੱਚੀਂ ਜ਼ਿੰਦਗੀ / ਸ਼ਸ਼ੀ ਸਮੁੰਦਰਾ

ਅਸੀਂ ਹਵੇਲੀ ਦੀ ਦੂਜੀ ਮੰਜ਼ਿਲ ਤੇ ਰਹਿੰਦੇ ਸਾਂ। ਉਸ ਦਿਨ ਜਿੱਦਣ ਦੀ ਮੈਂ ਕਹਾਣੀ ਦਸੱਣ ਲੱਗੀ ਹਾਂ, ਮੈਨੂੰ ਫ਼ੇਰ ਖੁੱਡੇ ਵਰਗੇ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ ਸੀ। ਕਮਰੇ ਦੀ ਖੱਬੀ ਕੰਧ ਨਾਲ ਲੱਗਦਾ ਇਕ ਹੋਰ ਕਮਰਾ ਸੀ, ਜੀਹਨੂੰ ਬਾਹਰੋਂ ਜੰਦਰਾ ਲੱਗਾ ਰਹਿੰਦਾ ਸੀ। ਕਮਰਿਆਂ ਦੀ ਸਾਂਝੀ ਕੰਧ ਵਿੱਚ ਇਕ ਨਿੱਕਾ ਜਿਹਾ ਰੋਸ਼ਨਦਾਨ ਸੀ, ਜੀਹਦੇ ਤੇ ਲੱਗੀਆਂ ਹੋਈਆਂ ਰੰਗੀਨ ਸ਼ੀਸ਼ਿਆਂ ਦੀਆਂ ਟੁਕੜੀਆਂ ਵਿਚੋਂ ਇੱਕ ਤਿਕੋਨ ਟੁਕੜੀ ਟੁੱਟੀ ਹੋਈ ਸੀ। ਮੈਨੂੰ ਜਦੋਂ ਵੀ ਏਸ ਕਮਰੇ ਵਿੱਚ ਬੰਦ ਕੀਤਾ ਜਾਂਦਾ ਤਾਂ ਮੈਨੂੰ ਉਸ ਰਾਹੀਂ ਦੂਜੇ ਕਮਰੇ ਦਾ ਘੁੱਪ ਹਨੇਰਾ ਦਿਸਦਾ ਰਹਿੰਦਾ। ਉਧਰੋਂ ਕੋਈ ਅਨਦਿਸਦੀਆਂ ਪਰ ਕਿਆਸੀਆਂ ਅੱਖਾਂ ਦਾ ਸੋਚ ਕੇ ਮੈਨੂੰ ਬਹੁਤ ਡਰ ਲੱਗਦਾ ਰਹਿੰਦਾ ਸੀ। ਏਸ ਲਈ, ਮੈਂ ਸੁੰਗੜ ਕੇ ਉਥੇ ਬੈਠਣ ਦੀ ਕੋਸ਼ਿਸ਼ ਕਰਦੀ ਰਹਿੰਦੀ ਸਾਂ ਜਿਥੇ ਬੈਠੀ ਨੂੰ ਉਹ ਅੱਖਾਂ ਮੈਨੂੰ ਦੇਖ ਨਾ ਸਕਣ।

ਏਸ ਕਮਰੇ ਦੀ ਪਿਛਲੀ ਕੰਧ 'ਚ ਇਕ ਸੀਖਾਂ ਵਾਲੀ ਛੋਟੀ ਜਿਹੀ ਬਾਰੀ ਸੀ, ਜੀਹਦੇ ਲੱਕੜ ਦੇ ਪੁਰਾਣੇ ਪਲੜੇ ਅੱਧੇ-ਪਚੱਧੇ ਭੁਰੇ ਹੋਏ ਸਨ। ਏਸ ਲਈ ਮੇਰੀ ਮਾਂ ਤੇ ਵੱਡੀ ਭੈਣ ਮੁੰਨੀ ਦੇ ਸੌ ਕੋਸ਼ਿਸ਼ ਕਰਨ ਤੇ ਵੀ ਇਹ ਪੂਰੀ ਤਰ੍ਹਾਂ ਨਾਲ ਬੰਦ ਨਹੀਂ ਸੀ ਹੁੰਦੇ। ਏਸੇ ਬਾਰੀ ਨਾਲ ਲੱਗਦਾ ਪਿੱਛੇ ਤਖਾਣਾਂ ਦਾ ਕੋਠਾ ਸੀ ਜਿਨ੍ਹਾਂ ਦਾ ਮੁੰਡਾ ਤੋਤੀ ਧਨੌਲੇ ਨੌਵੀਂ 'ਚ ਪੜ੍ਹਦਾ ਸੀ। ਇਕ ਦਿਨ ਤੋਤੀ ਨੇ ਇਕ ਰੁੱਕਾ ਲਿਖਕੇ ਮੈਨੂੰ ਏਧਰ ਦੀ ਫੜਾ ਦਿੱਤਾ। ਕੋਈ ਇਸ਼ਕ-ਮੁਸ਼ਕ ਦੇ ਟੱਪੇ-ਟੁੱਪੇ ਲਿਖੇ ਹੋਏ ਸਨ, ਤੇ ਹੇਠਾਂ ਉਹਨੇ ਬੜੇ ਰੋਹਬ ਨਾਲ ਆਪਣਾ ਸਕੂਲੀ ਨਾਂ "ਬਲਦੇਵ" ਲਿਖਿਆ ਹੋਇਆ ਸੀ। ਮੈਂ ਉਹ ਕਾਗਜ਼ ਕਿਸੇ ਕਿਤਾਬ 'ਚ ਲੁਕੋ ਕੇ ਰੱਖ ਲਿਆ ਸੀ ਤੇ ਦਾਅ ਲੱਗਣ ਤੇ ਇਹਨੂੰ ਕੱਢ ਕੇ ਪੜ੍ਹ ਲੈਂਦੀ ਸਾਂ। ਪਤਾ ਨਹੀਂ ਕਿਵੇਂ ਇਕ ਦਿਨ ਇਹ ਕਾਗਜ਼ ਮੇਰੀ ਭੈਣ ਦੇ ਹੱਥ ਆ ਗਿਆ ਸੀ ਤੇ ਓਦਣ ਉਹਨੇ ਮੈਨੂੰ ਬਹੁਤ ਕੁੱਟਿਆ ਸੀ। ਉਸ ਪਿੱਛੋਂ ਦੋਵੇਂ ਮਾਂ ਤੇ ਧੀ ਨੇ ਬੜੇ ਅੰਦਾਜ਼ੇ ਲਾਏ ਕਿ ਬਲਦੇਵ ਭਲਾ ਕੌਣ ਹੋਊ? ਸੋਚਿਆ ਵੀ ਉਨ੍ਹਾਂ ਨੂੰ ਕੋਈ ਯਾਦ ਨਾ ਆਵੇ ਕਿਉਂਕਿ ਏਸ ਨਾਂ ਦੇ ਜਿੰਨੇ ਵੀ ਪੰਜ ਛੇ ਬੰਦੇ ਪਿੰਡ 'ਚ ਸਨ, ਉਹ ਸਾਰੇ ਅਨਪੜ੍ਹ ਸਨ। ਮੈਂ ਤਰੁੰਤ ਗੱਲ ਘੜ ਲਈ: "ਇਹ ਤਾਂ ਮੈਂ ਆਪ ਈ ਲਿਖਿਆ ਸੀ। ਬਲਦੇਵ ਤਾਂ ਮੈਂ ਉਈਂ ਲਿਖਿਆ ਸੀ ਹਾਸੀ 'ਚ।"

"ਝੂਠੀ ! ਤੇਰੀ ਤਾਂ ਆਹ ਲਖਾਈ ਈ ਨਈ।" ਮੁੰਨੀ ਅੜੀ ਰਹੀ ਸੀ। ਖ਼ੈਰ, ਲਗਦਾ ਸੀ ਕੁੱਝ ਦਿਨਾਂ ਪਿੱਛੋਂ ਉਹ ਬਲਦੇਵ ਬਾਰੇ ਭੁੱਲ ਗਈਆਂ ਸਨ। ਨਾਲੇ ਕੁੱਟਣ ਤੇ ਕਮਰੇ 'ਚ ਬੰਦ ਕਰਨ ਤੋਂ ਸਿਵਾ ਉਹ ਹੋਰ ਭਲਾ ਕਰ ਵੀ ਕੀ ਸਕਦੀਆਂ ਸਨ? ਮੈਂ ਤੋਤੀ ਨੂੰ ਚਾਰ ਕੁ ਲਾਈਨਾਂ ਦਾ ਇਕ ਰੁੱਕਾ ਲਿਖਕੇ....ਮੈਨੂੰ ਹੋਰ ਕੁੱਝ ਵੀ ਲਿਖਣ ਤੋਂ ਮਨ੍ਹਾ ਕਰ ਦਿੱਤਾ ਸੀ।

ਏਸੇ ਬਾਰੀ ਚੋਂ ਕੁੱਝ ਕੁ ਔਖ ਨਾਲ ਇਕ ਪਾਸਿਉਂ ਜਿਹੇ ਮੈਂ ਕੁੱਝ ਦੂਰੀ ਤੇ ਜੱਸੀ ਦੇ ਘਰ ਦੀ ਛੱਤ 'ਤੇ ਵੀ ਝਾਤੀ ਮਾਰ ਸਕਦੀ ਸਾਂ। ਉਹ ਜਦੋਂ ਵੀ ਛੱਤ ਤੇ ਆਉਂਦਾ ਤਾਂ ਮੈਨੂੰ ਚਾਅ ਚੜ੍ਹ ਜਾਂਦਾ। ਵਿਚਾਰੇ ਜੱਸੀ ਨੂੰ ਇਹਦੀ ਕੋਈ ਖ਼ਬਰ ਨਹੀਂ ਸੀ ਕਿ ਮੈਂ ਉਹਨੂੰ ਏਸ ਬਾਰੀ ਚੋਂ ਦੇਖ ਸਕਦੀ ਸੀ। ਮੈਨੂੰ ਉਹਨੂੰ ਇਹ ਦੱਸਣ ਦਾ ਕਦੇ ਚਾਂਸ ਹੀ ਨਹੀਂ ਸੀ ਮਿਲਿਆ। ਜੱਸੀ ਗੂਠਾ ਛਾਪ ਸੀ, ਏਸ ਲਈ ਮੈਂ ਉਹਨੂੰ ਲਿਖਕੇ ਕੁੱਝ ਨਹੀਂ ਸਾਂ ਦੱਸ ਸਕਦੀ।

ਕਮਰੇ ਦੇ ਸੱਜੇ ਪਾਸੇ ਨਾਲ ਲੱਗਦੀ ਪੱਕੀ ਪੌੜੀ ਸੀ, ਜੀਹਦੇ ਤੋਂ ਦੂਜੇ ਪਾਸੇ ਇਕ ਹੋਰ ਕਮਰਾ ਸੀ। ਏਸ ਕਮਰੇ ਤੇ ਉਸ ਕਮਰੇ ਦੇ ਐਨ ਆਹਮਣੇ ਸਾਹਮਣੇ ਦੋ ਵੱਡੀਆਂ ਬਾਰੀਆਂ ਸਨ, ਜੋ ਅਕਸਰ ਬੰਦ ਹੀ ਰੱਖੀਆਂ ਜਾਂਦੀਆਂ ਸਨ। ਉਹ ਕਮਰਾ ਪਿਆਰਾ ਲਾਲ ਕੋਲ ਸੀ, ਜਿਥੇ ਬੈਠ ਕੇ ਉਹ ਹੀਰ-ਰਾਂਝਾ, ਸੱਸੀ-



ਪੁਨੂੰ, ਮਿਰਜ਼ਾ-ਸਾਹਿਬਾਂ, ਸੋਹਣੀ-ਮਹੀਂਵਾਲ ਦੇ ਕਿੱਸੇ ਉੱਚੀ ਸੁਰ 'ਚ ਪੜ੍ਹਦਾ ਰਹਿੰਦਾ ਸੀ। ਕਦੇ ਕਦੇ ਉਹਦੀ ਘਰਵਾਲੀ ਕ੍ਰਿਸ਼ਨਾ ਤੇ ਤਿੰਨੇ ਨਿਆਣੇ ਵੀ ਉਪਰ ਗੇੜਾ ਮਾਰ ਜਾਂਦੇ।

ਪਿਆਰਾ ਆਪਣੇ ਪਰਿਵਾਰ ਨਾਲ ਹਵੇਲੀ ਦੇ ਹੇਠਲੇ ਹਿੱਸੇ 'ਚ ਰਹਿੰਦਾ ਸੀ। ਉਹਦੇ ਵੱਡੇ ਚਾਰੇ ਭਰਾ, ਗੁਰਬਚਨ, ਗੁਰਨਾਮ, ਰੂਪ ਚੰਦ, ਹਰੀ ਚੰਦ ਦੁਕਾਨਾਂ ਕਰਦੇ ਸਨ। ਸਿਰਫ਼ ਪਿਆਰਾ ਖੇਤੀ ਕਰਦਾ ਸੀ। ਪਹਿਲਾਂ ਉਹ ਘਰ ਵੱਧ ਘੱਟ ਹੀ ਦਿਖਾਈ ਦਿੰਦਾ ਸੀ ਪਰ ਕੁੱਝ ਚਿਰ ਤੋਂ ਕੁੱਝ ਸਮਾਂ ਉਹ ਉਪਰ ਆਪਣੇ ਕਮਰੇ 'ਚ ਗੁਜ਼ਾਰਨ ਲੱਗ ਪਿਆ ਸੀ।

ਸਾਨੂੰ ਏਸ ਹਵੇਲੀ 'ਚ ਸ਼ਿਫ਼ਟ ਕੀਤਿਆਂ ਕੋਈ ਚਾਰ ਕੁ ਮਹੀਨੇ ਹੋ ਗਏ ਸਨ। ਏਸ ਤੋਂ ਪਹਿਲਾਂ ਅਸੀਂ ਜੱਸੀ ਵਾਲੀ ਗਲੀ ਵਿੱਚ ਰਹਿੰਦੇ ਸਾਂ। ਜੱਸੀ ਦਾ ਘਰ ਗਲੀ ਦੇ ਅਖ਼ੀਰ ਤੇ ਜਾ ਕੇ ਸੀ। ਏਥੇ ਉਹ ਆਪਣੀ ਪਤਨੀ ਬਲਬੀਰੋ ਤੇ ਦੋ ਨਿਆਣਿਆਂ ਨਾਲ ਰਹਿੰਦਾ ਸੀ। ਸਾਡੇ ਘਰ ਕੋਲੋਂ ਲੰਘਦਾ ਉਹ ਮੈਨੂੰ ਪੁਰਾਣੇ ਅੰਦਾਜ਼ ਦੇ ਇਸ਼ਕ-ਇਸ਼ਾਰੇ ਕਰਦਾ। ਕਦੇ ਅੱਖ ਮਾਰਦਾ ਤੇ ਕਦੇ ਸੇਲ੍ਹੀਆਂ। ਮੈਨੂੰ ਇਹ ਚੰਗਾ ਨਹੀਂ ਸੀ ਲੱਗਦਾ, ਪਰ ਨਰਵਸ ਹੋ ਕੇ ਮੈਂ ਹੱਸਣ ਲੱਗ ਪੈਂਦੀ ਸਾਂ। ਇਕ ਸ਼ਾਮੀਂ ਮੈਂ ਆਪਣੀ ਛੱਤ ਤੇ ਖੜ੍ਹੀ ਗੜਵੀ ਚੋਂ ਪਾਣੀ ਪੀ ਰਹੀ ਸਾਂ। ਹੇਠੋਂ ਜੱਸੀ ਲੰਘਿਆ ਤਾਂ ਮੈਂ ਸ਼ਰਾਰਤ ਨਾਲ ਕੁੱਝ ਪਾਣੀ ਉਹਦੇ ਤੇ ਛਿੜਕ ਦਿੱਤਾ। ਸਾਡੀਆਂ ਸ਼ਰਾਰਤਾਂ ਵਧ ਗਈਆਂ। ਦੋਹਾਂ 'ਚ ਪਿਆਰ ਪੈ ਗਿਆ।

ਹੁਣ ਉਧਰੋਂ ਲੰਘਦੀ-ਵੜਦੀ ਨੂੰ ਉਹ ਮੈਨੂੰ ਮਿਲਣ ਲਈ ਕਹਿੰਦਾ ਰਹਿੰਦਾ। ਆਪਣੀ ਛੱਤ ਤੇ ਖੜੋ ਕੇ ਹੱਥਾਂ ਦੇ ਇਸ਼ਾਰਿਆਂ ਨਾਲ ਮੈਨੂੰ ਸੱਦਦਾ ਰਹਿੰਦਾ। ਉਹਨੂੰ ਮਿਲਣ ਦਾ ਸੋਚ ਕੇ ਮੈਂ ਨਰਵਸ ਹੋ ਜਾਣਾ। ਨਾਲੇ ਮੈਂ ਸ਼ੁਰੂ ਤੋਂ ਹੀ ਬਹੁਤ ਸ਼ਰਮਾਕਲ ਸਾਂ। ਏਸ ਲਈ ਵੀ ਉਹਨੂੰ ਮਿਲਣ ਤੋਂ ਸੰਕੋਚ ਕਰਦੀ ਸਾਂ। ਪਰ ਹੁਣ ਉਹ ਹੋਰ ਵੀ ਦਬਾਓ ਪਾਉਣ ਲੱਗ ਪਿਆ ਸੀ। ਕੋਲੋਂ ਲੰਘਦਾ ਤਾਂ ਮੇਰੇ ਵੱਲ ਘੂਰ ਘੂਰ ਕੇ ਦੇਖਦਾ। ਮੇਰੇ ਮਨ 'ਚ ਦੋਸ਼ ਦਾ ਅਹਿਸਾਸ ਜਾਗ ਕੇ ਮੈਨੂੰ ਤੰਗ ਕਰਨ ਲੱਗਾ: ਜੀਹਨੂੰ ਤੂੰ ਏਨਾ ਪਿਆਰ ਕਰਦੀ ਹੈਂ ਕੀ ਉਹਦੀ ਖ਼ੁਸ਼ੀ ਲਈ ਤੂੰ ਉਹਨੂੰ ਮਿਲ ਵੀ ਨਹੀਂ ਸਕਦੀ? ਸੋਚਿਆ: ਉਹਦੇ ਘਰ ਦੀ ਸਬਾਤ੍ਹ ਵਿੱਚ ਨ੍ਹੇਰਾ ਹੁੰਦਾ ਹੈ। ਮੈਂ ਤਾਂ ਚੋਰੀ ਉਹਨੂੰ ਸਬਾਤ੍ਹ ਵਿੱਚ ਹੀ ਮਿਲਣਾ ਹੈ.....

ਇਕ ਦਿਨ, ਉਹਦੀ ਖ਼ੁਸ਼ੀ ਲਈ, ਮਨ ਕਰੜਾ ਕਰਕੇ ਮੈਂ ਉਹਨੂੰ ਮਿਲਣ ਲਈ ਚਲੀ ਗਈ ਸਾਂ। ਏਸ ਪਿੱਛੋਂ ਮੈਨੂੰ ਪੀਰੀਅਡਜ਼ ਆਉਣੇ ਸ਼ੁਰੂ ਹੋ ਗਏ ਸਨ। ਇਹ ਸਿਲਸਿਲਾ ਕੁੱਝ ਮਹੀਨੇ ਚੱਲਿਆ ਸੀ। ਇਕ ਦਿਨ ਬੂਹੇ ਅੱਗੇ ਬੈਠੀ ਮੈਂ ਗੰਨਾ ਚੂਪ ਰਹੀ ਸਾਂ। ਕੁੱਝ ਪਰ੍ਹਾਂ ਮੰਜੇ 'ਤੇ ਬੈਠਾ ਮੇਰਾ ਬਾਪ ਬੋਲਿਆ, "ਕੁੜੇ ਆਹ ਤੇਰੇ ਮੂੰਹ ਤੇ ਕੀ ਹੋਇਆ?" "ਕੁਸ਼ ਨੀ, ਕੁਸ਼ ਨੀ" ਆਖ ਮੈਂ ਉਥੋਂ ਉੱਠ ਗਈ ਸਾਂ। ਪਿੱਛੋਂ ਜਦੋਂ ਮੈਂ ਸ਼ੀਸ਼ੇ 'ਚ ਦੇਖਿਆ ਤਾਂ ਗਲ੍ਹ ਤੇ ਨੀਲਾ ਦਾਗ ਸੀ।

ਪਿੰਡ ਦੀ ਵਸੋਂ ਤੋਂ ਬਾਹਰ ਨਵਾਂ ਬਣਿਆ ਪ੍ਰਾਇਮਰੀ ਸਰਕਾਰੀ ਸਕੂਲ ਸੀ, ਜੀਹਦਾ ਕਰਤਾ-ਧਰਤਾ ਮੇਰਾ ਬਾਪ ਸੀ। ਸਕੂਲ ਦੇ ਨੇੜੇ ਪਹਿਓਂ ਪਾਰ ਪਿਆਰੇ ਦੇ ਵੱਡੇ ਭਰਾ ਗੁਰਬਚਨ ਚੰਦ ਨੇ ਕੋਠਾ ਛੱਤ ਕੇ ਆਟੇ ਦੀ ਚੱਕੀ ਲਾ ਲਈ ਸੀ। ਸਕੂਲ ਬੰਦ ਹੋਣ ਤੇ ਮੇਰਾ ਬਾਪ ਅਕਸਰ, ਗੁਰਬਚਨ ਕੋਲ ਜਾ ਕੇ ਬੈਠ ਜਾਂਦਾ ਸੀ। ਉਪਰਲੀ ਘਟਨਾ ਪਿੱਛੋਂ ਗੁਰਬਚਨ ਨੂੰ ਆਖ ਮੇਰੇ ਬਾਪ ਨੇ ਹਵੇਲੀ ਦਾ ਉਪਰਲਾ ਹਿੱਸਾ ਲੈ ਲਿਆ ਸੀ। ਇਉਂ ਮੈਨੂੰ ਜੱਸੀ ਤੋਂ ਦੂਰ ਕੀਤਾ ਜਾ ਸਕਦਾ ਸੀ। ਨਾਲੇ ਉੱਪਰਲੀ ਮੰਜ਼ਿਲ 'ਤੇ ਹੋਣ ਕਰਕੇ ਮੈਂ ਅੱਖ ਬਚਾ ਕੇ ਆਸਾਨੀ ਨਾਲ ਕਿਤੇ ਵੀ ਨਹੀਂ ਸਾਂ ਜਾ ਸਕਦੀ। ਮੇਰੀ ਮਾਂ ਤੇ ਮੁੰਨੀ ਦੀ ਡਿਊਟੀ ਸਵੇਰ ਤੇ ਸ਼ਾਮ ਮੈਨੂੰ ਬਾਹਰ ਲਿਜਾਣ ਤੇ ਲੱਗਾ ਦਿੱਤੀ ਗਈ ਸੀ। ਹਵੇਲੀ ਦੇ ਸਾਹਮਣੇ ਮੇਰੀ ਸਹੇਲੀ ਦਿਆਲੋ ਹੋਰਾਂ ਦਾ ਘਰ ਸੀ ਜਿਥੇ ਮੈਂ ਕਦੇ ਕਦੇ ਥੋੜ੍ਹੇ ਚਿਰ ਲਈ ਜਾ ਸਕਦੀ ਸਾਂ। ਤੇ ਆਥਣੇ ਨਾਲ ਲੱਗਦੇ ਅਜਮੇਰੋ ਦੇ ਘਰੋਂ ਦੁੱਧ ਲੈਣ ਵੀ।

ਰਿਹਾਇਸ਼ ਲਈ ਸਾਡੇ ਕੋਲ ਇਕ ਇਹ ਖੁੱਡੇ ਵਰਗਾ ਕਮਰਾ ਸੀ, ਇਕ ਵਰਾਂਡਾ ਜੀਹਦੇ ਇਧਰ

ਪੌੜੀਆਂ ਵੱਲ ਦੇ ਸਿਰੇ ’ਤੇ ਇਕ ਭੋਰਾ ਜਿਹਾ ਸੀ, ਜਿਥੇ ਸਾਡੇ ਤਿੰਨ, ਚਾਰ ਕੁ ਟੁੱਟੇ ਜਿਹੇ ਟੀਨ ਦੇ ਟਰੰਕ ਪਏ ਹੁੰਦੇ ਸਨ ਤੇ ਦੂਜੇ ਸਿਰੇ ਤੇ ਕੁੱਝ ਖੁੱਲ੍ਹੀ ਜਿਹੀ ਰਸੋਈ ਸੀ। ਵਰਾਂਡੇ ਤੇ ਰਸੋਈ ਦੇ ਪਿਛਲੇ ਪਾਸੇ ਵੱਡੀਆਂ ਬਾਰੀਆਂ ਸਨ ਤੇ ਇੱਕ ਦਰਵਾਜ਼ਾ ਜੀਹਦੇ ਰਾਹੀਂ ਤੁਸੀਂ ਪਿਆਰੇ ਦੇ ਕੱਚੇ ਕੋਠੇ ਤੋਂ ਹੁੰਦੇ ਉਹਦੇ ਕਮਰੇ ਨੂੰ ਜਾ ਸਕਦੇ ਸੀ। ਬਾਰੀਆਂ ਚੋਂ ਦੂਰ ਤੱਕ ਪਹੇ  ਤੇ ਖੇਤ ਦਿਸਦੇ ਸਨ, ਜਿਥੇ ਦਾਅ ਲਗੱਣ ਤੇ ਖੜੋ ਖੜੋ ਕੇ ਮੈਂ ਜੱਸੀ ਨੂੰ ਲੱਭਣਾ ਸੀ। ਵਰਾਂਡੇ ਦੇ ਅੱਗੇ ਖੁੱਲ੍ਹਾ ਵਿਹੜਾ ਸੀ ਤੇ ਇਕ ਪਾਸੇ ਸਿਖਰ ਜਾਂਦੀ ਪੱਕੀ ਪੌੜੀ। ਵਿਹੜੇ ਨਾਲ ਲਗਦਾ ਇਕ ਸਿਰੇ ਤੋਂ ਦੂਜੇ ਤਕ ਜਾਂਦਾ ਪੱਕਾ ਚੌਂਤਰਾ ਸੀ। ਮੈਂ ਅਕਸਰ ਏਥੇ ਬੈਠ ਜਾਂਦੀ ਸਾਂ। ਜਦੋਂ ਦਾਅ ਲੱਗ ਸਕਦਾ ਤਾਂ ਝਰੋਖਿਆਂ ਥਾਣੀ ਜਾਂ ਖੜੋ ਕੇ ਹੇਠਾਂ ਦੇਖ ਵੀ ਲੈਂਦੀ ਸਾਂ। ਕਦੇ ਜੱਸੀ ਵੀ ਆਪਣੇ ਖੇਤਾਂ ਨੂੰ ਆਉਂਦਾ-ਜਾਂਦਾ ਦਿਸ ਜਾਂਦਾ ਸੀ।

ਪਰ ਇਕ ਸ਼ਾਮੀ ਮੇਰਾ ਬਾਪ ਘਰ ਆਇਆ ਤੇ ਚੁੱਲ੍ਹੇ ਕੋਲ ਪਈ ਅੱਧ-ਬਲੀ ਲੱਕੜ ਚੁੱਕ ਕੇ ਮੈਨੂੰ ਕੁਟੱਣ ਲੱਗ ਪਿਆ। “ਤੂੰ ਔਥੇ ਖੜ੍ਹੀ ਕੀਹਨੂੰ ਦੇਖਦੀ ਸੀ? ” ਉਹ ਮੈਨੂੰ ਪੁੱਛ ਰਿਹਾ ਸੀ ਤੇ ਮੈਂ ਅੱਗੋਂ ਰੋਈ ਜਾਂਦੀ ਸਾਂ। ਅਖ਼ੀਰ ਹੰਭ ਕੇ ਜਦ ਉਹ ਮੈਨੂੰ ਕੁੱਟਣੋ ਹਟ ਗਿਆ ਤਾਂ ਮੇਰੀ ਮਾਂ ਨੂੰ ਦਸੱਣ ਲੱਗਾ:

“ਓਹ ਕੁੱਤਾ ਕੋਚੀ ਇਹਨੂੰ ਦੇਖਕੇ ਖੂਹ ਉਤੋਂ ਦੀ ਵੱਲ ਪਾ ਕੇ ਲੰਘਿਆ।” ਜ਼ਾਹਿਰ ਸੀ ਕਿ ਮੇਰਾ ਬਾਪ ਸੱਥ ’ਚ ਹੋਰ ਬੰਦਿਆਂ ’ਚ ਬੈਠਾ ਸੀ, ਜਿੱਥੋਂ ਹਵੇਲੀ ਦੇ ਚੌਂਤਰੇ ਕੋਲ ਖੜ੍ਹੀ ਨੂੰ ਉਹਨੇ ਮੈਨੂੰ ਦੇਖਿਆ ਸੀ। ਜੱਸੀ ਦਾ ਕਜ਼ਨ ਕੋਚੀ ਸੱਥ ਦੇ ਨੇੜੇ ਪੁਰਾਣੇ ਖੂਹ ਵੱਲ ਜਾਣ ਕੇ ਲੰਘਿਆ ਸੀ ਜਾਂ ਨਹੀਂ?  ਮੈਨੂੰ ਨਹੀਂ ਸੀ ਪਤਾ। ਮੈਂ ਤਾਂ ਉਹਨੂੰ ਦੇਖਿਆ ਵੀ ਨਹੀਂ ਸੀ, ਪਰ ਮੇਰਾ ਬਾਪ ਬਹੁਤ ਵਹਿਮੀ ਹੋ ਗਿਆ ਸੀ ਤੇ ਹਰ ਬਹਾਨੇ ਮੇਰੇ ’ਤੇ ਤਸੀਹੇ ਢਾਹ ਰਿਹਾ ਸੀ।

ਮੇਰੀਆਂ ਬਾਹਾਂ ਤੇ ਛਿਲਤਰਾਂ ਖੁਭ ਗਈਆਂ ਸਨ। ਮੇਰਾ ਸਰੀਰ ਨੀਲਾ ਪੈ ਗਿਆ ਸੀ। ਮੇਰੀ ਰੂਹ ਹੋਰ ਵੀ ਪੱਛੀ ਗਈ ਸੀ। ਤਸੀਹਿਆਂ ਦੀ ਇੰਤਹਾ ਮੈਥੋਂ ਹੁਣ ਹੋਰ ਝੱਲੀ ਨਹੀਂ ਸੀ ਜਾਂਦੀ। ਸ਼ਾਇਦ ਇਨ੍ਹਾਂ ਨੂੰ ਝੱਲਣਾ ਕੁੱਝ ਸੌਖਾ ਹੋ ਜਾਂਦਾ ਜੇ ਮੈਂ ਜੱਸੀ ਨੂੰ ਦੇਖ ਸਕਦੀ ਜਾਂ ਮਿਲ ਸਕਦੀ। ਇਕ ਪਾਸੇ ਜੱਸੀ ਨੂੰ ਨਾ ਦੇਖ ਤੇ ਮਿਲ ਸਕਣ ਦਾ ਸੰਤਾਪ, ਤੇ ਦੂਜੇ ਪਾਸੇ ਮਾਂ ਪਿਓ ਤੇ ਭੈਣ ਵੱਲੋਂ ਨਿੱਤ ਦੀ ਕੁੱਟਮਾਰ ਤੇ ਗਾਲੀ-ਗਲੋਚ। ਇਨ੍ਹਾਂ ਹੀ ਦਿਨਾਂ ’ਚ ਇਕ ਦਿਨ ਮੈਨੂੰ ਮੁੰਨੀ ਨੇ ਬਹੁਤ ਜ਼ਿਆਦਾ ਕੁੱਟਿਆ ਸੀ ਤੇ ਮਾਂ ਨੇ ਉਹਨੂੰ ਹੋਰ ਹਲਾ ਸ਼ੇਰੀ ਦਿੰਦੀ ਨੇ ਮੈਨੂੰ ਗਾਲ੍ਹਾਂ ਕੱਢੀਆਂ ਸੀ। ਇਹਤੋਂ ਪਿੱਛੋਂ ਰੋਂਦੀ ਰੋਂਦੀ ਮੈਂ ਬਰਾਂਡੇ ਦੇ ਬੂਹੇ ਤੋਂ ਦੋ ਪੌੜੀਆਂ ਹੇਠਾਂ ਪਿਆਰੇ ਦੇ ਕੋਠੇ ਤੇ ਖੜ੍ਹੀ ਪਹਿਲੀ ਵਾਰ ਗੰਭੀਰਤਾ ਨਾਲ ਖੁਦਕਸ਼ੀ ਕਰਨ ਬਾਰੇ ਸੋਚਿਆ ਸੀ। ਭਲਾ ਕਿਹੜੇ ਤਰੀਕੇ ਖੁਦਕਸ਼ੀ ਕਰਾਂ ਕਿ ਇਹ ਨਿੱਤ ਦੇ ਤਸੀਹੇ ਮੁੱਕ ਜਾਣ? ਕੋਠੇ ਤੋਂ ਛਾਲ ਮਾਰ ਦੇਵਾਂ?  ਜਾਂ ਭੱਜ ਕੇ ਜਾ ਕੇ ਖੂਹ ਵਿੱਚ ਛਾਲ ਮਾਰ ਦੇਵਾਂ? ਜਾਂ ਕੋਈ ਹੋਰ ਤਰੀਕਾ....? ਇਹ ਸੋਚਦੀ ਤੇ ਰੋਂਦੀ ਦੀ ਮੇਰੀ ਨਿਗਾਹ ਸਾਹਮਣੇ ਆਸਮਾਨ ’ਚ ਉੱਡੇ ਜਾਂਦੇ ਪੰਛੀਆਂ ਦੀ ਡਾਰ ’ਤੇ ਪਈ। ਸੋਚਿਆ: ਇਹ ਦੁਨੀਆਂ ਖੂਬਸੂਰਤ ਹੈ। ਹੌਸਲਾ ਰੱਖ! ਇਕ ਦਿਨ ਤੂੰ ਵੀ ਇਨ੍ਹਾਂ ਪੰਛੀਆਂ ਦੀ ਤਰ੍ਹਾਂ ਆਜ਼ਾਦ ਹੋ ਸਕੇਂਗੀ.... ਮੈਂ ਮੁੜ ਵਰਾਂਡੇ ’ਚ ਜਾ ਕੇ ਬਹਿ ਗਈ ਸਾਂ।

ਤੇ ਹਾਂ, ਉਸ ਦਿਨ ਮੈਨੂੰ ਫ਼ੇਰ ਖੁੱਡੇ ਵਿੱਚ ਕੈਦ ਕਿਉਂ ਕੀਤਾ ਗਿਆ ਸੀ?  ਉਸ ਸਵੇਰ ਜਦੋਂ ਮੇਰਾ ਬਾਪ ਸਕੂਲ ਪੜ੍ਹਾਉਣ ਚਲਾ ਗਿਆ ਤੇ ਮੇਰੀ ਮਾਂ ਤੇ ਮੁੰਨੀ ਰਸੋਈ ਵਿੱਚ ਕੁੱਝ ਕਰਦੀਆਂ ਸਨ ਤਾਂ ਮੈਂ ਸਿਖਰਲੀ ਛੱਤ ’ਤੇ ਜਾ ਕੇ ਬਹਿ ਗਈ ਸਾਂ। ਪਰ ਡੇਢ, ਦੋ ਮੀਲ ਦੀ ਦੂਰੀ ਤੇ ਸਕੂਲ ਦੀਆਂ ਬਾਰੀਆਂ ਵਿੱਚੀਂ ਮੇਰੇ ਬਾਪ ਨੇ ਮੈਨੂੰ ਉਥੇ ਦੇਖ ਕੇ ਚੌਥੀ ’ਚ ਪੜ੍ਹਦੇ ਗੋਲੇ ਦੇ ਹੱਥ ਸੁਨੇਹਾ ਭੇਜਿਆ ਸੀ।

“ਭਾਇਣ ਜੀ, ਮਾਹਟਰ ਜੀ ਆਖਦੇ ਨੇ ਬੀ ਛੇਛੀ ਨੂੰ ਆਖੋ ਠਹਾਂ ਆ ਕੇ ਬਹੇ। ਆਖਦੇ ਨੇ ਬੀ ਛੇਛੀ ਨੂੰ ਉਧਰ ਨੀ ਜਾਣ ਦੇਣਾ।” ਮੈਂ ਹੇਠਾਂ ਆ ਕੇ ਵਰਾਂਡੇ ’ਚ ਬੈਠੀ ਹੋਈ ਸਾਂ ਜਦੋਂ ਗੋਲੇ ਨੇ ਮੇਰੀ ਮਾਂ ਨੂੰ ਇਹ ਕਿਹਾ ਸੀ।



“ਚੰਗਾ” ਆਖ ਮੇਰੀ ਮਾਂ ਨੇ ਇੱਕ ਤਿੱਖੀ ਨਜ਼ਰ ਮੇਰੇ ਤੇ ਸੁੱਟ ਡੂੰਘਾ ਹੌਕਾ ਲਿਆ ਸੀ। ਮੁੰਨੀ ਜੁੱਤੀ ਚੁੱਕ ਕੇ ਮੈਨੂੰ ਮਾਰਨ ਨੂੰ ਆਈ ਸੀ। ਡਰਦੀ, ਮੈਂ ਭੱਜ ਕੇ ਕਮਰੇ ’ਚ ਜਾ ਵੜੀ ਸਾਂ। ਮੁੰਨੀ ਨੇ ਬਾਹਰੋਂ ਕੁੰਡਾ ਲਾ ਦਿੱਤਾ ਸੀ।

‘ਲੈ ਫਾਹਾ ਅੱਜ ਏਥੇ।” ਉਹਦੇ ਇਹ ਬੋਲ ਕੰਧਾਂ ਨਾਲ ਟਕਰਾਏ ਸੀ।

“ਹਾਂ, ਫਾਹਾ ਲੈ ਲਵਾਂ। ਪਰ ਕਿਵੇਂ? ” ਕਮਰੇ ’ਚ ਕੋਈ ਥਾਂ ਨਹੀਂ ਸੀ ਫਾਹਾ ਲੈਣ ਨੂੰ! ਕਿੰਨਾ ਚਿਰ ਰੋ ਰੋ ਕੇ ਅਖ਼ੀਰ ਮੇਰੇ ਹੰਝੂ ਸੁੱਕ ਗਏ ਸਨ। ਮੈਂ ਗੋਡਿਆਂ ’ਚ ਸਿਰ ਦੇ ਕੇ ਨੀਮ-ਬੇਹੋਸ਼ੀ ਜਿਹੀ ’ਚ ਪਤਾ ਨਹੀਂ ਕਿੰਨਾਂ ਚਿਰ ਬੈਠੀ ਰਹੀ ਸਾਂ। ਫ਼ੇਰ, ਐਵੇਂ ਵਕਤ ਟਪਾਈ ਲਈ ਪਿਛਲੀ ਬਾਰੀ ਦੇ ਪੱਲੜੇ ਮੁਸ਼ਕਿਲ ਨਾਲ ਮਾੜੇ ਜਿਹੇ ਹੋਰ ਪਿਛਾਂਹ ਧੱਕ ਬਾਹਰ ਦੇਖਣ ਲੱਗ ਪਈ। ਚਿਲਕਵੀਂ ਧੁੱਪ ਵਿੱਚ ਤਪਦੀਆਂ ਸੁੰਨੀਆਂ ਛੱਤਾਂ ਤੋਂ ਸਿਵਾ ਦੇਖਣ ਨੂੰ ਕੁੱਝ ਵੀ ਨਹੀਂ ਸੀ। ਜਦੋਂ ਬਾਹਰ ਝਾਕਦੀ ਵੀ ਥੱਕ ਗਈ ਤਾਂ ਪੌੜੀਆਂ ਵੱਲ ਦੀ ਬਾਰੀ ਦੀਆਂ ਝੀਥਾਂ ਤੇ ਅੱਖਾਂ ਲਾ ਕੇ ਦੇਖਣ ਲੱਗੀ। ਕਿ ਦੇਖਾਂ ਪੌੜੀਆਂ ’ਚ ਕਿੰਨਾ ਕੁ ਹਨੇਰਾ ਹੈ?  ਪਰ ਪੌੜੀਆਂ ਦੇ ਹਨੇਰੇ ਤੋਂ ਅਗਾਂਹ ਪਿਆਰੇ ਦੇ ਕਮਰੇ ਦੀ ਚੌਪੱਟ ਖੁੱਲ੍ਹੀ ਬਾਰੀ ਵਿਚੋਂ ਜੋ ਦਿਸਿਆ ਉਹ ਦੇਖ ਮੈਂ ਦੰਗ ਹੀ ਰਹਿ ਗਈ। ਦਿਲ ਜ਼ੋਰ-ਜ਼ੋਰ ਨਾਲ ਟਪਦਾ ਮੂੰਹ ਨੂੰ ਆਉਣ ਲੱਗਾ। ਹਥੇਲੀਆਂ ’ਚੋਂ ਪਸੀਨੇ ਛੁੱਟਣ ਲੱਗ ਪਏ। ਪਿਆਰਾ ਆਪਣੀ ਪ੍ਰੈਗਨੈਂਟ ਘਰ ਵਾਲੀ ਨਾਲ ਸੰਭੋਗ ਕਰ ਰਿਹਾ ਸੀ। ਕ੍ਰਿਸ਼ਨਾ ਦਾ ਦੋ ਮਤੀਰਿਆਂ ਜਿੱਡਾ ਢਿੱਡ, ਛੱਤ ਵੱਲ ਉੱਲਰੀਆਂ ਲੱਤਾਂ, ਤੇ ਹੋਰ ਸਾਰੀਆਂ ਕਿਰਿਆਵਾਂ ਮੈਨੂੰ ਸਪਸ਼ਟ ਦਿਖਾਈ ਦੇ ਰਹੀਆਂ ਸਨ। ਪਿਆਰੇ ਨੇ ਪਲੰਘ ਨੂੰ ਡਾਹਿਆ ਹੀ ਏਸ ਤਰੀਕੇ ਸੀ ਕਿ ਏਧਰਲੀ ਬਾਰੀ ’ਚੋਂ ਦੇਖਣ ਵਾਲੇ ਨੂੰ ਉੱਥੇ ਹੁੰਦਾ ਸਭ ਕੁੱਝ ਦਿਖਾਈ ਦੇਵੇ।

ਹੁਣ ਮੇਰੇ ਮਨ ’ਚ ਅਚਾਨਕ, ਇਕ ਭੱਜ-ਦੌੜ ਸ਼ੁਰੂ ਹੋ ਗਈ ਸੀ। ਏਧਰ ਲਾਈਵ ਪੋਰਨੋਗ੍ਰਾਫ਼ਿਕ ਸ਼ੋਅ ਦੇਖਣ ਤੋਂ ਮੇਰੀ ਨਜ਼ਰ ਨਹੀਂ ਸੀ ਹਟ ਰਹੀ, ਤੇ ਉਧਰ ਮੈਨੂੰ ਇਹ ਵੀ ਡਰ ਸੀ ਕਿ ਜੇ ਮਾਂ ਜਾਂ ਮੁੰਨੀ ਦਰਵਾਜ਼ਾ ਖੋਲ੍ਹ ਕੇ ਅੰਦਰ ਆ ਗਈਆਂ ਤਾਂ ਮੇਰੀ ਇਹ ਚੋਰੀ ਫੜ੍ਹਣ ਤੇ ਉਨ੍ਹਾਂ ਨੇ ਇਨ੍ਹਾਂ ਝੀਥਾਂ ਰਾਹੀਂ ਇਹ ਮੇਰੇ ਵਾਲਾ ਸ਼ੋਅ ਦੇਖ ਲਿਆ ਤਾਂ ਸਮਝੋ ਅੱਜ ਮੇਰੀ ਖ਼ੈਰ ਨਹੀਂ। ਏਸ ਲਈ ਕਦੇ ਮੈਂ ਬਿੜਕ ਲੈਣ ਲਈ ਭੱਜਕੇ ਦਰਵਾਜ਼ੇ ਕੋਲ ਜਾਂਦੀ ਸਾਂ, ਤੇ ਕਦੇ ਮੁੜ ਭੱਜਕੇ ਬਾਰੀ ਦੀਆਂ ਝੀਥਾਂ ਤੇ ਅੱਖਾਂ ਟਿਕਾ ਲੈਂਦੀ ਸਾਂ।

ਓਧਰ ਉਹ ਸ਼ੋਅ ਚੱਲ ਰਿਹਾ ਸੀ, ਤੇ ਏਧਰ ਦੇਖਦੀ ਦਾ ਮੇਰਾ ਸਾਰਾ ਸਰੀਰ ਪਸੀਨੇ ਨਾਲ ਤਰ-ਬਤਰ ਹੋ ਰਿਹਾ ਸੀ। ਅਖ਼ੀਰ, ਸ਼ੋਅ ਖ਼ਤਮ ਹੋਇਆ ਤਾਂ ਕੁੱਝ ਚਿਰ ਪਿੱਛੋਂ ਮੈਨੂੰ ਕ੍ਰਿਸ਼ਨਾ ਦੇ ਵਰਾਂਡੇ ਵਿਚ ਮੇਰੀ ਮਾਂ ਨੂੰ ਕੁੱਝ ਰਸਮੀ ਜਿਹਾ ਆਖ ਕੇ ਪੌੜੀਆਂ ਉੱਤਰਨ ਦੀ ਆਵਾਜ਼ ਸੁਣਾਈ ਦਿੱਤੀ। ਛੇਤੀਂ ਹੀ ਪਿਆਰਾ ਵੀ ਬਾਰੀ ਤੇ ਬੂਹਾ ਬੰਦ ਕਰਕੇ ਹੇਠਾਂ ਚਲਾ ਗਿਆ। ਪਰ ਇਹ ਲਾਈਵ ਸ਼ੋਅ ਓਨਾ ਚਿਰ ਚੱਲਦਾ ਰਹਿਣਾ ਹੈ ਜਿੰਨਾ ਚਿਰ ਅਸੀਂ ਇਹ ਹਵੇਲੀ ਤੇ ਪਿੰਡ ਛੱਡ ਕੇ ਧਨੌਲੇ ਨਹੀਂ ਚਲੇ ਜਾਂਦੇ।

ਉਸ ਦਿਨ ਦੇ ਡਰਾਮੇ ਪਿੱਛੋਂ ਦੁਪਹਿਰ ਢਲ ਗਈ। ਸ਼ਾਮ ਦੇ ਘੁਸਮੁਸੇ ਵਿੱਚ ਖੁੱਡੇ ਦਾ ਕੁੰਡਾ ਖੁੱਲ੍ਹਿਆ ਤੇ ਮੈਨੂੰ ਬਾਹਰ ਆਉਣ ਨੂੰ ਆਖਿਆ ਗਿਆ।

“ਰੋਟੀ ਪਈ ਆ ਜੇ ਖਾਣੀ ਆਂ ਤਾਂ।” ਮਾਂ ਦੀ ਕਿਧਰੇ ਬਚੀ ਖੁਚੀ ਮਮਤਾ ਬੋਲੀ। ਮੈਂ ਗੁੱਸੇ ’ਚ ਭਰੀਆਂ ਅੱਖਾਂ ਨਾਲ ਰੋਟੀ ਖਾਣ ਤੋਂ ਨਾਂਹ ਕਰ ਦਿੱਤੀ, ਤੇ ਬਾਹਰ ਨਿਕੱਲਣ ਤੋਂ ਵੀ। ਪਰ ਫ਼ੇਰ, ਫਰਸ਼ ਤੇ ਪਈ ਨੂੰ ਮੈਨੂੰ ਰੋਸ਼ਨਦਾਰਨ ਖਾਣੀ ਮੇਰੇ ਵੱਲ ਝਾਕਦੀਆਂ ਅੱਖਾਂ ਬਾਰੇ ਸੋਚ ਡਰ ਲੱਗਿਆ, ਤੇ ਮੈਂ ਉੱਠਕੇ ਵਿਹੜੇ ’ਚ ਪਈ ਇਕ ਮੰਜੀ ਤੇ ਜਾ ਕੇ ਪੈ ਗਈ। ✪

## ਸ਼ਬਦ ਚਿੱਤਰ / ਕੇ. ਐਲ. ਬਨਾਮ ਗਰਗ ਬਾਣੀ / ਗੁਰਮੀਤ ਕੜਿਆਲਵੀ

ਮੈਨੂੰ ਸਾਹਿਤ ਦੀ ਨਵੀਂ ਨਵੀਂ ਮੱਸ ਲੱਗੀ ਹੈ, ਮੈਂ ਸਾਰੇ ਅਖ਼ਬਾਰ ਰਿਸਾਲੇ ਪੜ੍ਹਨ ਲਈ ਮੋਗੇ ਦੇ ਟਾਊਨ ਹਾਲ ਵਿੱਚ ਨਗਰ ਕੌਂਸਲ ਵਲੋਂ ਚਲਾਈ ਜਾਂਦੀ ਲਾਇਬਰੇਰੀ ਵਿੱਚ ਜਾਂਦਾ ਹਾਂ। ਸੱਜੀਆਂ ਖੱਬੀਆਂ, ਪੰਜਾਬੀ-ਹਿੰਦੀ ਅਤੇ ਅੰਗਰੇਜ਼ੀ ਦੀਆਂ ਅਖ਼ਬਾਰਾਂ ਨਾਲ ਮੱਥਾ ਮਾਰਨ ਤੋਂ ਬਾਅਦ ਫ਼ੌਜੀ ਮਾਰਕੀਟ ਦੇ ਇੱਕ ਚੁਬਾਰੇ ਵਿੱਚ ਬਣੀ 'ਪਾਲ ਸਿੰਘ ਯਾਦਗਾਰੀ' ਪਹੁੰਚਦਾ ਹਾਂ। ਵਿਦਰੋਹੀ ਸੁਰ ਦਾ ਕਵੀ ਮਹਿੰਦਰ ਸਾਥੀ ਇਥੇ ਬਤੌਰ ਲਾਇਬਰੇਰੀਅਨ ਸੇਵਾ ਨਿਭਾਉਂਦਾ ਹੈ। ਉਥੋਂ ਮੈਨੂੰ ਪਤਾ ਲੱਗਦਾ ਹੈ ਕਿ ਰੀਗਲ ਸਿਨਮੇ ਵਿੱਚ ਰੰਗਮੰਚ ਮੋਗਾ ਵਲੋਂ ਨਾਟਕ ਖੇਡੇ ਜਾਣੇ ਹਨ। ਸਾਥੀ ਨੇ ਵੀ ਇਹਨਾਂ ਵਿੱਚ ਕੋਈ ਕਿਰਦਾਰ ਨਿਭਾਉਣਾ ਹੈ। ਸੜਕਨਾਮੇ ਵਾਲਾ ਬਲਦੇਵ ਸਿੰਘ ਨਵਾਂ ਨਵਾਂ ਕਲੱਕਤਿਓਂ ਮੋਗੇ ਆਇਆ ਹੈ। ਇਥੇ ਆ ਕੇ ਉਸਨੇ ਆਪਣੇ ਛੋਟੇ ਭਰਾ ਮਾਸਟਰ ਗੁਰਮੇਲ ਅਤੇ ਪੁੱਤਾਂ-ਭਤੀਜਿਆਂ ਨੂੰ ਰਲਾ ਮਿਲਾ ਕੇ ਘਰਦੀ ਹੀ ਨਾਟਕ ਟੀਮ ਬਣਾ ਲਈ ਹੈ। ਬਲਦੇਵ ਨੂੰ ਮੈਂ ਨਾਗਮਣੀ ਵਿੱਚ ਲਗਾਤਾਰ ਪੜ੍ਹਿਆ ਹੈ। ਉਸਦੇ ਕਾਲਮ 'ਸੜਕਨਾਮਾ' ਦਾ ਮੈਂ ਪੱਕਾ ਪਾਠਕ ਹਾਂ। ਮੈਂ ਨਾਟਕ ਵੇਖਣ ਲਈ ਰੀਗਲ ਥੀਏਟਰ ਪਹੁੰਚਦਾ ਹਾਂ।

ਰੀਗਲ ਸਿਨੇਮਾ ਹੁਣ ਬੰਦ ਪਿਆ ਹੈ। ਸੰਨ 19 71 ਦੇ ਗੋਲੀ ਕਾਂਡ ਵਿੱਚ ਮਾਰੇ ਗਏ ਨੌਜੁਆਨਾ ਹਰਜੀਤ, ਸਵਰਨ ਵਰਗਿਆਂ ਦੀ ਯਾਦ ਵਿਚ ਯਾਦਗਾਰ ਬਣ ਚੁੱਕਾ ਹੈ। ਚਾਰ ਕੁ ਹਿੰਦੀ ਪੰਜਾਬੀ ਦੇ ਅਖ਼ਬਾਰ ਰੱਖ ਕੇ ਇਥੇ ਵੀ ਲੋਕ ਸੰਪਰਕ ਵਿਭਾਗ ਵਲੋਂ ਲਾਇਬਰੇਰੀ ਚਲਾਈ ਜਾ ਰਹੀ ਹੈ। ਵਿਚੇ ਹੀ ਜਿਲ੍ਹਾ ਲੋਕ ਸੰਪਰਕ ਅਫ਼ਸਰ ਦਾ ਦਫ਼ਤਰ ਹੈ। ਇਸੇ ਥੀਏਟਰ ਵਿੱਚ ਬਲਦੇਵ ਦੀ ਘਰੇਲੂ ਟੀਮ ਆਪਣੇ ਨਾਟਕ ਖੇਡ ਰਹੀ ਹੈ। ਨਾਟਕ ਦੇਖਣ ਵਾਲਿਆਂ ਦੀ ਅੱਛੀ ਖਾਸੀ ਭੀੜ ਜੁੜੀ ਹੋਈ ਹੈ। ਪਹਿਲਾਂ ਨਾਟਕ 'ਚੂਹੇ' ਖੇਡਿਆ ਜਾ ਚੁੱਕਾ ਹੈ, ਦੂਜਾ ਨਾਟਕ ਸ਼ੁਰੂ ਹੋਣ ਵਿਚਕਾਰ ਕੁੱਝ ਅੰਤਰਾਲ ਹੈ, ਮੈਂ ਸਿਨੇਮੇ ਦੇ ਵਿਹੜੇ ਵਿੱਚ ਲਾਈ ਕਿਤਾਬਾਂ ਦੀ ਸਟਾਲ ਤੇ ਆ ਕੇ ਕਿਤਾਬਾਂ 'ਤੇ ਝਾਤੀ ਮਾਰਨ ਲੱਗਦਾ ਹਾਂ। ਅੱਖਾਂ ਘੱਟ ਮੁੱਲ ਵਾਲੀਆਂ ਕਿਤਾਬਾਂ ਦੀ ਤਲਾਸ਼ ਵਿੱਚ ਹਨ। ਮੇਰੀ ਕਾਲਜੀਏਟਾਂ ਵਾਲੀ ਜੇਬ, ਸੋਹਣੀ ਜਿਲਦ ਵਾਲੀਆਂ ਕਿਤਾਬਾਂ ਦਾ ਕੇਵਲ ਬਾਹਰੀ ਟਾਈਟਲ ਵੇਖ ਕੇ ਹੀ ਦਿਲ ਖੁਸ਼ ਕਰ ਲੈਣ ਦੀ ਇਜਾਜ਼ਤ ਦਿੰਦੀ ਹੈ। ਮੈਂ ਕਿਰਪਾਲ ਕਜ਼ਾਕ ਦੀਆਂ ਕਹਾਣੀਆਂ ਦੀ ਪੁਸਤਕ ਦੇ ਵਰਕੇ ਉਲੱਦ ਪਲੱਦ ਕਰਨ ਲੱਗਦਾ ਹਾਂ। ਉਦੋਂ ਹੀ ਗੋਰੇ ਨਿਛੋਹ ਰੰਗ ਅਤੇ ਨਿੱਕੇ ਨਿੱਕੇ ਵਾਲਾਂ ਵਾਲਾ ਵਿਅਕਤੀ ਜਿਸਦੇ ਮੱਥੇ ਦੇ ਐਨ ਉਤੇ ਕਾਫੀ ਵਾਲ ਝੜ ਗਏ ਹਨ, ਮੇਰੇ ਕੋਲ ਆ ਖੜਦਾ ਹੈ। ਵਾਲਾਂ ਵਿੱਚੋਂ ਕਿਤੇ ਕਿਤੇ ਚਾਂਦੀ ਚਮਕਦੀ ਹੈ।

"ਬਹੁਤ ਵਧੀਆਂ ਕਹਾਣੀਆਂ ਨੇ। ਇਹ ਪੰਜਾਬੀ ਦਾ ਬੜਾ ਵਧੀਆ ਕਹਾਣੀਕਾਰ ਹੈ।" ਇੱਕ ਨਵੇਂ ਮੁੰਡੇ ਨੂੰ ਕਿਤਾਬਾਂ ਵੱਲ ਰੁਚਿਤ ਹੋਇਆ ਵੇਖਕੇ ਉਹ ਹੋਰ ਉਤਸ਼ਾਹਿਤ ਕਰਨ ਲਈ ਆਖਦਾ ਹੈ। ਕਿਰਪਾਲ ਕਜ਼ਾਕ ਦੀਆਂ ਕਈ ਕਹਾਣੀਆਂ ਦਾ ਵੇਰਵਾ ਦੇਣ ਤੋਂ ਬਾਅਦ ਉਹ ਮੈਨੂੰ ਸੁਖਬੀਰ ਦੇ ਪੇਪਰ ਬੈਕ ਨਾਵਲ 'ਪਾਣੀ ਤੇ ਪੁੱਲ' ਵੱਲ ਇਸ਼ਾਰਾ ਕਰਦਿਆਂ ਉਸਦੀ ਤਾਰੀਫ਼ ਕਰਦਾ ਹੈ। ਮੈਂ ਗਹੁ ਨਾਲ ਇਸ ਵਿਅਕਤੀ ਵੱਲ ਵੇਖਦਾ ਹਾਂ। ਜਾਪਦਾ ਇਸਨੂੰ ਪਹਿਲਾਂ ਵੀ ਕਿਤੇ ਵੇਖਿਆ ਹੈ। ਸ਼ਾਇਦ ਅਖ਼ਬਾਰਾਂ ਜਾਂ ਰਿਸਾਲਿਆਂ ਵਿੱਚ। ਹੌਲੀ ਹੌਲੀ ਮੂਰਤ ਮੇਰੇ ਜ਼ਿਹਨ ਵਿੱਚ ਉਭਰ ਆਉਂਦੀ ਹੈ। ਨਾਗਮਣੀ ਦੇ ਪੰਨਿਆਂ ਤੇ ਇਮਰੋਜ਼ ਦਾ ਬਣਾਇਆ ਚਿੱਤਰ ਮੇਰੇ ਸਾਹਵੇਂ ਸਕਾਰ ਹੋ ਜਾਂਦਾ ਹੈ।

"ਤੁਸੀਂ ਕੇ. ਐਲ. ਗਰਗ ਸਾਬ੍ਹ ਜੀ ਹੋ?" ਮੈਂ ਬੜੀ ਆਜ਼ਜ਼ੀ ਨਾਲ ਪੁੱਛਦਾ ਹਾਂ।

"ਸਾਬ੍ਹ-ਸੂਬ ਤਾਂ ਕੋਈ ਨੀ... ਬੱਸ ਗਰਗ ਹੀ ਹਾਂ। ਬਾਹਲੀ ਗੱਲ ਕੇ. ਐਲ. ਗਰਗ ਕਹਿਲੋ।"

"ਮੈਂ ਜੀ ਥੋਨੂੰ ਪੜਦਾ ਰਹਿਨੈ... ਨਾਗਮਣੀ ਵਿੱਚ ਵੀ ਤੁਹਾਡੀਆਂ ਕਹਾਣੀਆਂ ਪੜ੍ਹੀਆਂ ਨੇ। ਸਿਰਜਣਾ ਦਾ ਇੱਕ ਬਹੁਤ ਪਰਾਣਾ ਅੰਕ ਮੇਰੇ ਹੱਥੀਂ ਆਇਆ ਸ਼ਾਇਦ 1974-75 ਦਾ ਉਸਦੇ 'ਚ ਵੀ ਤੁਹਾਡੀ



ਕਹਾਣੀ 'ਬਾਪੂ ਦੇ ਤਿੰਨ ਬਾਂਦਰ' ਛਪੀ ਐ। ਮੈਂ ਪੜ੍ਹੀ ਐ ਜੀ। ਤੁਸੀਂ ਤਾਂ ਜੀ ਬੜੇ ਵੱਡੇ ਲੇਖਕ...।"

"ਵੱਡੇ ਵੁੱਡੇ ਕਾਹਦੇ, ਬੱਸ ਐਵੇਂ ਮਾੜੀ ਮੋਟੀ ਕਲਮ ਝਰੀਟ ਲਈਦੀ ਐ।" ਭੱਦਰ ਪੁਰਸ਼ ਦਾ ਨਿਰਮਲ ਹਾਸਾ ਮੇਰੇ ਆਲੇ ਦੁਆਲੇ ਬਿਖਰ ਜਾਂਦਾ ਹੈ।

ਇੰਜ ਸਾਹਿਤਕਾਰ ਕੇ ਐਲ ਗਰਗ ਨਾਲ ਮੇਰੀ ਪਹਿਲੀ ਮੁਲਾਕਾਤ ਹੁੰਦੀ ਹੈ। ਉਂਜ ਮੈਂ ਅੰਦਰੇ-ਅੰਦਰ ਹੈਰਾਨ ਹੁੰਦਾ ਹਾਂ। ਕੀ ਇਹ ਸੱਚ ਮੁੱਚ ਕੇ ਐਲ ਗਰਗ ਹੈ। ਇਹ ਤਾਂ ਆਮ ਬੰਦਿਆਂ ਵਰਗਾ ਹੀ ਹੈ। ਇਹਨੇ ਤਾਂ ਮੇਰੇ ਨਾਲ ਗੱਲਾਂ ਵੀ ਕਰ ਲਈਆਂ ਨੇ। ਮੈਨੂੰ ਆਪਣਾ ਆਪ ਖਾਸ ਲੱਗਦਾ ਹੈ। ਮੇਰਾ ਜੀਅ ਕਰਦਾ ਹੈ ਉਸਨੂੰ ਛੂਹ ਕੇ ਵੇਖਾਂ।

"ਮੈਂ ਵੀ ਜੀ ਕਹਾਣੀ ਲਿਖ ਲੈਨਾ ਹੁੰਨੈ।" ਮੈਂ ਸੰਗਦਾ ਸੰਗਦਾ ਆਖਦਾ ਹਾਂ।

"ਇਹ ਤਾਂ ਵਧੀਆਂ ਗੱਲ ਐ... ਕਵੀ ਤਾਂ ਬਥੇਰੇ ਤੁਰੇ ਫਿਰਦੇ। ਭੀੜ ਲੱਗੀ ਵੀ ਐ। ਇੱਟ ਚੱਕੀਏ ਤਾਂ ਥੱਲਿਓਂ ਕਵੀ ਨਿਕਲ ਆਉਂਦਾ। ਹੁਣ ਤਾਂ ਇੱਟ ਉੱਤੇ ਈ ਕਈ ਕਈ ਬੈਠੇ ਐ। ਕਹਾਣੀ ਵਾਲਾ ਫੀਲਡ ਇੱਕ ਤਰ੍ਹਾਂ ਖਾਲੀ ਪਿਆ। ਵੱਡੇ ਵੱਡੇ ਨਾਵਾਂ ਵਾਲਿਆਂ ਦੇ ਤਾਂ ਦਾਣੇ ਮੁੱਕਦੇ ਜਾਂਦੇ ਨੇ। ਇਹ ਤਾਂ ਵਧੀਆ, ਨਵੇਂ ਮੁੰਡੇ ਆਉਣ ਲੱਗੇ ਅੱਗੇ। ਕਿਧਰੇ ਭੇਜੀ ਕਹਾਣੀ ਕਿਸੇ ਅਖ਼ਬਾਰ ਰਿਸਾਲੇ ਨੂੰ? " ਗਰਗ ਪੁੱਛਦਾ ਹੈ। ਉਧਰ ਹਾਲ ਵਿੱਚ ਦੂਸਰਾ ਨਾਟਕ ਸ਼ੁਰੂ ਹੋ ਚੁੱਕਾ ਹੈ। ਹੁਣ ਮੇਰੀ ਰੁਚੀ ਨਾਟਕ ਵਿੱਚ ਨਹੀਂ ਗਰਗ ਵਿੱਚ ਹੈ।

"ਨਵਾਂ ਜ਼ਮਾਨਾਂ ਵਿੱਚ ਛਪੀ ਐ। ਇੱਕ ਕਹਾਣੀ 'ਅਜੀਤ' ਅਖ਼ਬਾਰ ਦੇ ਕਹਾਣੀ ਅੰਕ ਵਿੱਚ ਵੀ ਛਪੀ ਸੀ।

"ਫੇਰ ਤਾਂ ਤੂੰ ਪੂਰਾ ਲੇਖਕ ਬਣ ਗਿਆ।" ਗਰਗ ਮੇਰੇ ਵਿੱਚ ਰੁਚੀ ਲੈਣ ਲੱਗਦਾ ਹੈ। ਉਹ ਵਿਰਕ ਤੋਂ ਲੈ ਕੇ ਦਲਬੀਰ ਚੇਤਨ, ਬਲਦੇਵ, ਪ੍ਰੇਮ ਗੋਰਖੀ, ਕਜ਼ਾਕ, ਜਸਬੀਰ ਭੁੱਲਰ, ਗੁਰਬਚਨ ਭੁੱਲਰ ਵਰਗੇ ਕਈ ਦੇਸ਼ੀ ਅਤੇ ਗੋਰਕੀ ਚੈਖਵ, ਸਮਰਸੈਟ ਮਾਮ ਜਿਹੇ ਵਿਦੇਸ਼ੀ ਲੇਖਕਾਂ ਦੇ ਨਾਂ ਤੇ ਕਿਤਾਬਾਂ ਦੇ ਨਾਂ ਮੈਨੂੰ ਦੱਸਦਿਆਂ ਇਹਨਾਂ ਲੇਖਕਾਂ ਦੀਆਂ ਰਚਨਾਵਾਂ ਨੂੰ ਧਿਆਨ ਨਾਲ ਪੜ੍ਹਨ ਦੀ ਸਲਾਹ ਦਿੰਦਾ ਹੈ। ਗੱਲ ਕਰਦਿਆਂ ਉਹ ਸੱਜੇ ਹੱਥ ਨੂੰ ਘੁਮਾਉਂਦਾ ਹੈ। ਮੈਨੂੰ ਬੜਾ ਚੰਗਾ ਚੰਗਾ ਲੱਗਦਾ ਹੈ।

"ਜਦੋਂ ਕਦੇ ਵਿਹਲਾ ਹੁੰਨੈ ਆਜਿਆ ਕਰ।" ਗਰਗ ਆਪਣੇ ਘਰ ਅਤੇ ਸਕੂਲ ਦਾ ਪਤਾ ਦੱਸਦਿਆਂ ਮੈਨੂੰ ਕਦੇ ਕਦੇ ਸਕੂਲ ਆਉਣ ਦਾ ਸੱਦਾ ਦਿੰਦਾ ਹੈ। ਉਹਨਾਂ ਦਿਨਾਂ ਵਿੱਚ ਮੇਰੇ ਕਰਨ ਗੋਚਰਾ ਕੰਮ ਹੀ ਕੋਈ ਨਹੀਂ ਸੀ, ਸਿਵਾਏ ਲਾਇਬਰੇਰੀ ਜਾ ਕੇ ਕਿਤਾਬਾਂ ਪੜ੍ਹਨ ਜਾਂ ਮਟਰ ਗਸ਼ਤੀ ਕਰਨ ਦੇ। ਮੈਂ ਇਕ ਦਿਨ ਗਰਗ ਦੇ ਆਰੀਆ ਸਮਾਜੀ ਸਕੂਲ ਵਿੱਚ ਜਾ ਵੱਜਦਾ ਹਾਂ। ਮੈਂ ਗਰਗ ਦਾ ਨਾਵਲ 'ਦਰਅਸਲ' ਤਾਜ਼ਾ ਤਾਜ਼ਾ ਪੜ੍ਹ ਕੇ ਹਟਿਆ ਹਾਂ। ਨਾਵਲ, ਇੱਕ ਬਹੁਤ ਵੱਡੇ ਨਾਵਲਕਾਰ ਨਾਲ ਵਾਪਰੀ ਨਿੱਜੀ ਘਟਨਾ 'ਤੇ ਅਧਾਰਿਤ ਹੈ। ਉਸਦੀ ਅੰਤਰਜਾਤੀ ਵਿਆਹ ਕਰਵਾ ਲੈਣ ਵਾਲੀ ਲੜਕੀ ਦੇ ਕਤਲ ਸੰਬੰਧੀ।

"ਗਰਗ ਸਾਹਿਬ ਤੁਹਾਨੂੰ ਇਹ ਨਾਵਲ ਛਪਵਾਉਣ ਤੋਂ ਰੋਕਿਆ ਨ੍ਹੀਂ ਸਾਡੇ ਵੱਡੇ ਨਾਵਲਕਾਰ ਨੇ।"

"ਹਾਂ ਮੇਰੇ ਕੋਲ ਆਇਆ ਸੀ। ਉਸਨੂੰ ਕਿਧਰੋਂ ਪਤਾ ਲੱਗ ਗਿਆ ਸੀ ਕਿ ਮੈਂ ਇਹ ਨਾਵਲ ਛਪਵਾ ਰਿਹ ਹਾਂ ਪਰ ਉਦੋਂ ਜਨੂੰਨ ਸੀ, ਮੈਂ ਕਿਥੋਂ ਰੁਕਣਾ ਸੀ। ਉਦੋਂ ਸੋਚਦਾ ਸਾਂ, ਲੇਖਕ ਦਾ ਐਹੋ ਜਿਹਾ ਦੂਹਰਾ ਕਿਰਦਾਰ ਨ੍ਹੀਂ ਹੋਣਾ ਚਾਹੀਦਾ।" ਗਰਗ ਸੱਜਾ ਹੱਥ ਆਪਣੇ ਜਾਣੇ ਪਛਾਣੇ ਅੰਦਾਜ਼ ਵਿੱਚ ਹਿਲਾਉਂਦਾ ਹੈ।

"ਦਰਅਸਲ ਬੰਦੇ ਦੇ ਅੰਦਰੋਂ ਕੰਪਲੈਕਸ ਨੀ ਜਾਂਦੇ। ਜਾਤ ਦਾ, ਰੰਗ ਦਾ ਘੱਟ ਪੜ੍ਹੇ ਹੋਣ ਦਾ ਧਰਮ ਦਾ ਆਰਥਿਕਤਾ ਦਾ। ਇਹ ਨੀ ਜਾਂਦੇ ਬੰਦੇ ਦੇ ਅੰਦਰੋਂ ।" ਗਰਗ ਮੇਰੀ ਕਿਸੇ ਕਹਾਣੀ ਦਾ ਜ਼ਿਕਰ ਕਰਦਿਆਂ ਗੱਲ ਤੋਰਦਾ ਹੈ।

"ਜਾਤ ਸਦੀਆਂ ਤੋਂ ਬੰਦੇ ਦੇ ਅੰਦਰ ਵਸੀ ਪਈ ਐ। ਇਹ ਸਾਡੀ ਮਾਨਸਿਕਤਾ ਵਿੱਚ ਘੁਸੀ ਪਈ ਐ, ਇਸੇ ਕਰਕੇ ਵੱਡੀ ਜਾਤ ਦਾ ਹੀ ਨਹੀਂ ਛੋਟੀ ਜਾਤ ਦਾ ਵੀ ਕੰਪਲੈਕਸ ਹੁੰਦਾ ਬੰਦੇ ਦੇ ਅੰਦਰ। ਸਦੀਆਂ ਤੋਂ ਹਰ ਜਾਤ ਦਾ ਵੱਖਰਾ ਰਹਿਣਾ ਸਹਿਣ ਐ। ਵੱਖਰਾ ਖਾਣ ਪੀਣ ਐ। ਏਸੇ ਕਰਕੇ ਹਰ ਜਾਤ ਦੇ ਬੰਦੇ ਦੇ ਸਰੀਰ

ਵਿੱਚੋਂ ਅਜੀਬ ਤਰ੍ਹਾਂ ਦੀ ਗੰਧ ਆਉਣ ਲੱਗ ਜਾਂਦੀ ਹੈ। " ਗਰਗ ਬੋਲੀ ਜਾਂਦਾ ਹੈ। ਉਸਦੀਆਂ ਗੱਲਾਂ ਕੌੜੀਆਂ ਪਰ ਸੱਚੀਆਂ ਹਨ। ਮੈਂ ਸੁੰਗੜ ਕੇ ਬੈਠ ਜਾਂਦਾ ਹਾਂ। ਮੈਨੂੰ ਲੱਗਦਾ ਗਰਗ ਜਿਵੇਂ ਮੈਨੂੰ ਸੁੰਘ ਰਿਹਾ ਹੋਵੇ। ਮੈਨੂੰ ਆਪਣੇ ਆਪ ਵਿੱਚੋਂ ਅਜੀਬ ਜਿਹੀ ਗੰਧ ਆਉਣ ਲੱਗਦੀ ਹੈ।

"ਕੜਿਆਲਵੀ ਤੂੰ ਮੁੰਡਾ ਖੁੰਡਾ, ਬੰਦੇ ਲਈ ਸਟਰਗਲ ਬੜੀ ਜ਼ਰੂਰੀ ਐ। ਖਾਸ ਕਰ ਲੇਖਕ ਲਈ। ਆਹ ਸਾਥੀ ਦੇਖਲਾ। ਇਹਦਾ ਰੋਣਾ ਨੀ ਗਿਆ ਸਾਰੀ ਉਮਰ। ਦਰਅਸਲ ਬਹੁਤ ਸਾਰੇ ਬੰਦਿਆਂ ਦੀ ਤਾਂ ਗਰੀਬੀ ਆਪ ਸਹੇੜੀ ਵੀ ਐ। ਕੰਮ ਨੀ ਕਰਦੇ। ਗੁਰਦਿਆਲ ਸਿੰਘ ਨਾਵਲਕਾਰ... ਮੜੀ ਦਾ ਦੀਵਾ ਵਾਲਾ, ਕਿਥੋਂ ਚੱਲ ਕੇ ਗਿਆ ਕਿੱਥੇ। ਅੱਠ ਪਾਸ ਬੰਦਾ, ਪ੍ਰਾਇਮਰੀ ਮਾਸਟਰ ਫੇਰ ਹਾਈ ਸਕੂਲ 'ਚ ਵੜਿਆ। ਕਾਲਜ 'ਚ ਪੜਾਇਆ ਤੇ ਅਖੀਰ ਯੂਨੀਵਰਸਿਟੀ 'ਚੋਂ ਪ੍ਰੋਫੈਸਰ ਜਾ ਹੋਇਆ। ਇਹ ਐ ਮਿਹਨਤ। ਮੇਰਾ ਬਾਪ ਧੂਰੀ ਕਸਬੇ ਵਿੱਚ ਬਰਫ਼ ਦੀਆਂ ਸਿਲਾਂ ਵੇਚਦਾ ਹੁੰਦਾ ਸੀ। ਛੋਟਾ ਹੁੰਦਾ ਮੈਂ ਵੀ ਨਾਲ ਕੰਮ ਕਰਾਉਂਦਾ ਸੀ। ਪੰਜ ਅਸੀਂ ਭਰਾ। ਸੁੱਖ ਨਾਲ ਵੱਡੀ ਟੱਬਰੀ। ਬਾਪ ਨੇ ਸਾਰੀ ਉਮਰ ਘਰ ਨੀ ਬਣਾਇਆ ਜਾਂ ਕਹਿਲੋ ਬਣਿਆ ਨ੍ਹੀਂ। ਐਫ. ਐਸ. ਸੀ ਕਰਕੇ ਬਿਜਲੀ ਬੋਰਡ ਵਿੱਚ ਕਲਰਕ ਲੱਗ ਗਿਆ। ਚਾਰ ਸਾਲ ਕਲਰਕੀ ਕੀਤੀ। ਵਿੱਚੇ ਈ ਪ੍ਰਭਾਕਰ ਕਰਲੀ। ਤਲਵੰਡੀ ਭਾਈ ਬਦਲੀ ਕਰਵਾਲੀ। ਲਸੋਈ ਸਕੂਲ ਵਿੱਚ ਮਾਸਟਰ ਦੀ ਅਸਾਮੀ ਨਿਕਲੀ। ਉਦੋਂ ਮੈਂ ਅਜੇ ਸਾਧਾਰਨ ਬੀ ਏ ਸੀ। ਆਪਲਾਈ ਕਰ ਦਿੱਤਾ। ਨੌਕਰੀ ਵੀ ਮਿਲਗੀ। ਸਾਲ ਬਾਅਦ ਸਕੂਲ ਵਾਲਿਆਂ ਕੱਢ ਦਿੱਤਾ। ਬੀ. ਐੱਡ. ਜੋ ਨਹੀਂ ਸਾਂ। ਚੰਗਾ ਈ ਹੋਇਆ ਨਹੀਂ ਸਾਰੀ ਉਮਰ ਕੱਚਾ ਈ ਰਹਿੰਦਾ। ਮੋਗਿਓਂ ਬੀ. ਐੱਡ ਕਰ ਲਈ। ਡੀ. ਸੀ. ਮਾਰਲ ਸਕੂਲ ਫਿਰੋਜ਼ਪੁਰ ਨੌਕਰੀ ਮਿਲਗੀ। ਹੁਣ ਜੇ ਮੈਂ ਉਥੇ ਈ ਖੜਾ ਰਹਿੰਦਾ, ਬਿਜਲੀ ਬੋਰਡ 'ਚ ਕਲਰਕ ਹੁੰਦਾ ਜਾਂ ਵੱਧ ਤੋਂ ਵੱਧ ਯੂ. ਡੀ. ਸੀ. ਰਿਟਾਇਰ ਹੋ ਜਾਂਦਾ।" ਗਰਗ ਜਿਵੇਂ ਮੈਨੂੰ ਸੰਘਰਸ਼ ਕਰਨ ਲਈ ਤਿਆਰ ਕਰ ਰਿਹਾ ਸੀ। ਮੇਰੇ ਅੰਦਰ ਹੌਂਸਲਾ ਭਰਨ ਲੱਗਦਾ ਹੈ।

ਨਹਿਰ 'ਤੇ ਦਿਹਾੜੀ ਕਰਦਿਆਂ ਸਿਰ 'ਤੇ ਚੁੱਕੇ ਬੱਜਰੀ ਦੇ ਭਾਰੇ ਬੱਠਲਾਂ ਕਾਰਨ ਪਏ ਰੋਬੜਿਆਂ ਦੀ ਚਸਕ ਘੱਟ ਹੋ ਜਾਂਦੀ ਹੈ।

"ਫਿਰੋਜ਼ਪੁਰੋਂ ਮੋਗੇ ਕਿਵੇਂ ਆਗੇ?" ਮੈਂ ਸੁਆਲ ਬਣਦਾ ਹਾਂ।

"ਉਥੇ ਪ੍ਰਿੰਸੀਪਲ ਬੜਾ ਹੋਰ ਈ ਹਿਸਾਬ ਦਾ ਸੀ। ਛੇਤੀ ਕਿਤੇ ਕਿਸੇ ਦੇ ਪੈਰ ਨ੍ਹੀਂ ਸੀ ਲੱਗਣ ਦਿੰਦਾ। ਸਾਲ ਪੂਰਾ ਹੋਣ ਤੋਂ ਬਾਅਦ ਮੇਰੀ ਇੰਨਕਰੀਮੈਂਟ ਲੱਗਣੀ ਸੀ। ਇੱਕ ਦਿਨ ਮੈਨੂੰ ਬੁਲਾ ਲਿਆ। ਮੈਨੂੰ ਕਹਿੰਦਾ ਜੇਕਰ ਤੇਰੀ 15 ਰੁਪਏ ਇਨਕਰੀਮੈਂਟ ਲਾ ਦੇਵਾਂ ਕੀ ਕਰੇਂਗਾ? ਇੰਜ ਵਿਵਹਾਰ ਕਰੇ ਜਿਵੇਂ ਮੇਰੇ 'ਤੇ ਕੋਈ ਬਹੁਤ ਵੱਡਾ ਅਹਿਸਾਨ ਅਤੇ ਪਰਉਪਕਾਰ ਕਰਨਾ ਹੋਵੇ। ਮੈਂ ਆਖਿਆ, ਮੈਨੂੰ ਸਕੂਲ ਦੇ ਲਗਭਗ ਸਾਰੇ ਵਿਦਿਆਰਥੀ ਪਸੰਦ ਕਰਦੇ ਆ। ਮੈਂ ਮਿਹਨਤ ਨਾਲ ਪੜਾਉਨਾ ਵੀ ਆ। ਫੇਰ ਵੀ ਮੇਰਾ ਨਾ ਪਤਾ ਕੀ ਰੱਖਿਆ ਵਿਦਿਆਰਥੀਆਂ ਨੇ? ਮੇਰਾ ਨਾਂ ਉਹਨਾ 'ਵੰਨ ਪੈਂਟ' ਮਾਸਟਰ ਰੱਖਿਆ। ਮੇਰੇ ਕੋਲ ਇੱਕ ਪੈਂਟ ਆ ਭੂਸਲੇ ਜਿਹੇ ਰੰਗ ਦੀ। ਉਸੇ ਨੂੰ ਵਾਰ ਵਾਰ ਧੋ ਕੇ ਪਾ ਲੈਨਾ। ਜੇ ਮੇਰੀ ਇਨਕਰੀਮੈਂਟ ਲੱਗਜੂ, ਵੱਧ ਤੋਂ ਵੱਧ ਇੱਕ ਪੈਂਟ ਹੋਰ ਲੈਲੂੰ। ਹੋਰ ਕੀ ਹੋਜੂ। ਫੇਰ ਕੁੱਲ 54 ਪੀਰੀਅਡ ਹੁੰਦੇ। ਇਹਦੇ ਚੋਂ 50 ਤਾਂ ਪਹਿਲਾਂ ਹੀ ਲਾ ਰਿਹਾਂ। ਹੋਰ ਅਜੇ ਬਾਕੀ ਕੀ ਰਹਿੰਦਾ? ਜੇ ਅਜੇ ਵੀ ਠੀਕ ਨ੍ਹੀ ਤਾਂ ਰਾਤ ਵੀ ਥੋਡੇ ਕੋਲ ਈ ਰਹਿ ਪਿਆ ਕਰੂੰ। ਪ੍ਰਿੰਸੀਪਲ ਕੱਚਾ ਹੁੰਦਾ ਹੀ-ਹੀ ਕਰਕੇ ਖਸਿਆਨੀ ਜਿਹੀ ਹਾਸੀ ਹੱਸਣ ਲੱਗਾ। ਫੇਰ ਉਹਨੇ ਇੰਨਕਰੀਮੈਂਟ ਵੀ ਲਾਤੀ। ਉਹਨੀ ਦਿਨੀਂ ਮੈਂ ਕਮਿਊਨਿਸਟ ਪਾਰਟੀ ਜੁਆਇੰਨ ਕਰਲੀ। ਫਿਰੋਜਪੁਰ ਮੈਂ ਚੁਬਾਰੇ ਵਿੱਚ ਰਹਿੰਦਾ ਸੀ। ਚੁਬਾਰੇ ਵਿੱਚ ਮੇਰੇ ਕੋਲ ਸਤਪਾਲ ਡਾਂਗ ਵਰਗੇ ਕਾਮਰੇਡ ਅਵਤਾਰ ਮਲਹੋਤਰੇ ਵਰਗੇ ਆਉਣ ਜਾਣ ਲੱਗਗੇ। ਮੇਰਾ ਰੋਅਬ ਦਾਬ ਬਣ ਗਿਆ। ਪ੍ਰਿੰਸੀਪਲ ਹੁਣ ਮੇਰੇ ਤੋਂ ਕੰਨ੍ਹ ਭੰਨ੍ਹਣ ਲੱਗ ਪਿਆ ਸੀ। ਉਦੋਂ ਜਿਹੇ ਈ ਮੋਗੇ ਆਰੀਆ ਸਕੂਲ ਵਿੱਚ ਰੈਗੂਲਰ ਪੋਸਟ ਨਿਕਲੀ। ਮੈਂ ਇਥੇ 366 ਰੁਪਏ ਤਨਖਾਹ 'ਤੇ ਜੁਆਇੰਨ ਕਰ ਲਿਆ। ਫੇਰ ਕੀ ਬੱਸ ਮੋਗੇ ਦਾ ਈ ਹੋਕੇ ਰਹਿ ਗਿਆ। ਕੜਿਆਲਵੀ ਮੋਗਾ ਬੜੀ ਚੀਜ ਐ। ਮੋਗਾ ਚਾਹ



ਜੋਗਾ... ਨਾ ਛੱਡਣ ਜੋਗਾ ਨਾ ਰਹਿਣ ਜੋਗਾ।" ਗਰਗ ਚਾਹ ਦੇ ਗਲਾਸ ਵਿੱਚੋਂ ਆਖਰੀ ਘੁੱਟ ਭਰਕੇ ਗਲਾਸ ਕੁਰਸੀ ਦੇ ਪਾਵੇ ਕੋਲ ਰੱਖਦਾ ਹੈ।

'ਕੜਿਆਲਵੀ ਇਹ ਨੌਕਰੀ ਵੀ ਸਾਲੀ ਬੜੀ ਕੁੱਤੀ ਸ਼ੈਆ। ਨੌਕਰੀ ਖਾ ਜਾਂਦੀ ਬੰਦੇ ਨੂੰ। ਨੌਕਰੀ ਦੌਰਾਨ ਹਰ ਰੋਜ਼ ਥੋਨੂੰ ਇੱਕ ਅੱਧ ਟੁੱਚੀਅਲ ਜਿਹਾ ਬੰਦਾ ਮਿਲ ਈ ਜਾਂਦਾ। ਇਹ ਟੁੱਚੀਅਲ ਬੰਦਾ ਕੋਈ ਨਾ ਕੋਈ ਬੇਸੁਆਦੀ ਜਿਹੀ ਗੱਲ ਕਰਕੇ ਥੋਡਾ ਮੂਡ ਅਪਸੈੱਟ ਕਰ ਦਿੰਦਾ। ਫਿਰ ਸੜਦੇ ਕੁੜਦੇ ਰਹੋ ਸਾਰਾ ਦਿਨ। ਬੰਦੇ ਦੀ ਜ਼ਿੰਦਗੀ ਦਾ ਅੱਧਾ ਸਮਾਂ ਨੌਕਰੀ 'ਚ ਲੰਘਦਾ ਏ। ਵੇਖ ਲਾ ਟੁੱਚੀਅਲ ਜਿਹੇ ਬੰਦੇ ਤੁਹਾਡੀ ਅੱਧੀ ਜ਼ਿੰਦਗੀ ਭੰਗ ਦੇ ਭਾੜੇ ਲੰਘਾ ਦਿੰਦੇ। ਆਪਣੇ ਵਰਗੇ ਲੋਕਾਂ ਨਾਲ ਇੰਜ ਹੀ ਹੁੰਦਾ। ਹੌਲੀ ਹੌਲੀ ਮਸੀਂ ਕਿਤੇ ਜਾ ਕੇ ਪੈਰ ਲੱਗਦੇ। ਕਈਆਂ ਦੇ ਤਾਂ ਸਾਰੀ ਉਮਰ ਲੱਗਦੇ ਈ ਨ੍ਹੀ।"

"ਗਰਗ ਸਾਹਿਬ ਤੁਸੀਂ ਤਾਂ ਵਧੀਆ ਪੈਰ ਲਾ ਲਏ।" ਗਰਗ ਦਾ ਕੋਈ ਕੁਲੀਗ ਆਖਦਾ ਹੈ।

"ਤੇਰੇ ਵਾਂਗੂੰ ਮੋਗੇ ਦੇ ਕਈ ਲੇਖਕ ਆਖਦੇ ਵਈ ਬਾਣੀਏ ਨੇ ਧੂਰੀ ਤੋਂ ਮੋਗੇ ਆ ਕੇ ਪੈਰ ਗੱਡ ਲਏ। ਇਹਜਾ ਭੜੂਆਂ ਨੂੰ ਪੁੱਛਣ ਵਾਲਾ ਹੋਵੇ, ਪੈਰਾਂ ਨੂੰ ਮੈਂ ਕਿਹੜਾ ਸ਼ੈਲਰ ਲਾ ਲਿਆ। ਚਾਕਰੀ ਐ... ਧੂਰੀ ਨੀ ਫਿਰੋਜਪੁਰ ਕਾਰਲੀ ਉਥੇ ਨੀ ਮੋਗੇ ਆਗੇ, ਕਿਤੇ ਕਰਲੀ, ਕੀਤੀ ਤਾਂ ਚਾਕਰੀ ਈ ਐ।"

"ਗੁਰਦਿਆਲ ਸਿੰਘ ਅੱਠਵੀਂ ਤੋਂ ਚੱਲ ਕੇ ਪ੍ਰੋਫੈਸਰੀ ਤੱਕ ਚਲਾ ਗਿਆ। ਤੁਸੀਂ ਬਿਜਲੀ ਬੋਰਡ ਦੀ ਕਲਰਕੀ ਤੋਂ ਮਾਸਟਰੀ ਤੱਕ। ਐਮ. ਏ. ਕਰਕੇ ਵੀ ਲੈਕਚਰਾਰੀ ਨ੍ਹੀਂ ਕੀਤੀ।"

"ਪਹਿਲਾਂ ਤਾਂ ਕਬੀਲਦਾਰੀ ਕਿਉਟਣ 'ਚ ਈ ਲੱਗਾ ਰਿਹਾ। ਭਰਾਵਾਂ ਦਾ ਪਾਲਣ ਪੋਸਣ ਕੀਤਾ। ਭੈਣਾ ਦਾ ਵਿਆਹ ਕੀਤਾ। ਫੇਰ ਤੈਨੂੰ ਦੱਸਿਆ ਤਾਂ ਹੈ, ਬੰਦੇ ਅੰਦਰੋਂ ਜਾਤ ਨੀ ਨਿਕਲਦੀ। ਮੇਰੇ 'ਤੇ ਵੀ ਬਾਣੀਆ ਪ੍ਰਵਿਰਤੀ ਭਾਰੂ ਹੋਗੀ। ਹਿੰਦੀ ਦੀ ਐਮ. ਏ. ਵੱਲੀ ਪੈ ਗਿਆ। ਪੰਜਾਬ 'ਚ ਹਿੰਦੀ ਲੈਕਚਰਾਰਾਂ ਦੀਆਂ ਪੋਸਟਾਂ ਹੈਨੀ ਸੀ। ਹਰਿਆਣੇ ਅਲੀਂ ਮਿਲਦੀ ਸੀ, ਮੋਗਾ ਛੱਡਣ ਨੂੰ ਦਿਲ ਨੀ ਕੀਤਾ। ਫੇਰ ਅੰਗਰੇਜ਼ੀ ਦੀ ਐਮ. ਏ. ਕਰਲੀ, ਉਹਦੇ 'ਚ ਨੰਬਰ ਨੀ ਬਣੇ। ਬੱਸ ਆਏਂ ਹਵਾ 'ਚ ਲਟਕਦੇ ਰਹਿਗੇ। ਉਦੋਂ ਪੰਜਾਬੀ ਦੀ ਐਮ. ਏ. ਕਰ ਲੈਂਦਾ, ਲੈਕਚਰਾਰੀ ਕੁੱਟ ਲੈਣੀ ਸੀ, ਆਪਣੇ ਗੁਰਦਿਆਲ ਸਿਹੁੰ ਤੇ ਵਰਿਆਮ ਸੰਧੂ ਵਾਂਗੂੰ। ਬੱਸ ਰਾਸ਼ਟਰ ਭਾਸ਼ਾ ਦੇ ਮੋਹ 'ਚ ਜਕੜੇ ਰਹਿਗੇ ਜੁਆਕਾਂ ਦੇ ... ਕੁੱਟਦੇ।" ਕਾਲਜ ਲੈਕਚਰਾਰ ਨਾ ਬਣ ਸਕਣ ਦੀ ਪੀੜਾ ਗਰਗ ਦੇ ਚਿਹਰੇ 'ਤੇ ਝਲਕਦੀ ਝਲਕਦੀ ਜ਼ੁਬਾਨ ਤੇ ਵੀ ਆ ਜਾਂਦੀ ਹੈ। ਗਰਗ ਮੈਨੂੰ ਹੋਰ ਵਧੇਰੇ ਆਪਣਾ ਆਪਣਾ ਲੱਗਦਾ ਹੈ। ਇਹੀ ਪੀੜਾ ਮੈਨੂੰ ਵੀ ਤਾਂ ਸਤਾਉਂਦੀ ਹੈ। ਮੈਨੂੰ ਵੀ ਪ੍ਰੋਫੈਸਰ ਨਾ ਬਣ ਸਕਣ ਦਾ ਝੋਰਾ ਰਹਿੰਦਾ ਹੈ। ਮੇਰੀ ਆਪਣੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਲੋਂ ਕਾਲਜ ਲੈਕਚਰਾਰ ਲਈ ਚੋਣ ਹੋਈ ਸੀ। ਮਾੜੀ ਕਿਸਮਤ ਪੰਜਾਬ ਵਿੱਚ ਸਰਕਾਰ ਬਦਲ ਗਈ ਸੀ। ਨਵੀਂ ਬਣੀ ਰਾਜਾਸ਼ਾਹੀ ਸਰਕਾਰ ਨੇ ਸਾਨੂੰ ਚੁਣੇ ਕਾਲਜ ਲੈਕਚਰਾਰਾਂ ਨੂੰ ਨੌਕਰੀ ਤੇ ਜੁਆਇੰਨ ਹੀ ਨਹੀਂ ਸੀ ਕਰਾਇਆ। ਸਾਡੀ ਪ੍ਰੋਫੈਸਰੀ ਰਾਜਨੀਤੀ ਦੀ ਭੇਟ ਚੜ੍ਹ ਗਈ ਸੀ।

ਸਾਹਿਤਕ ਫੰਕਸ਼ਨਾ ਵਿੱਚ ਗਰਗ ਨਾਲ ਮੇਲ ਜੋਲ ਵਧਣ ਲੱਗਦਾ ਹੈ। ਸਾਹਿਤ ਵਿਚਾਰ ਮੰਚ ਜਿਸਦਾ ਪ੍ਰਧਾਨ ਬਲਦੇਵ ਸਿੰਘ ਅਤੇ ਜਨਰਲ ਸਕੱਤਰ ਮਹਿੰਦਰ ਸਾਥੀ ਹੈ, ਸਾਹਿਤਕ ਸਮਾਗਮ ਰਚਾਉਂਦੇ ਹਨ। ਕਿਸੇ ਨਾ ਕਿਸੇ ਨਾਵਲ ਕਹਾਣੀ ਸੰਗ੍ਰਹਿ 'ਤੇ ਗੋਸ਼ਟੀ ਹੁੰਦੀ ਹੈ। ਗਰਗ ਆਮ ਗਲਬਾਤ ਵਿੱਚ ਵੀ ਵਿਅੰਗ ਦੀਆਂ ਫੁੱਲਝੜੀਆਂ ਚਲਾਉਂਦਾ ਰਹਿੰਦਾ ਹੈ। ਗੋਸ਼ਟੀ ਦੌਰਾਨ ਨਾਵਲ ਕਹਾਣੀ ਤੇ ਬੋਲਦਿਆਂ ਬੜੀ ਗੰਭੀਰ ਟਿਪਣੀ ਕਰਦਾ ਹੈ। ਦੁਨੀਆਂ ਦੇ ਵਧੀਆ ਸਾਹਿਤ ਵਿੱਚੋਂ ਉਦਾਹਰਨਾ ਦਿੰਦਾ ਹੈ। ਮੇਰੇ ਦਿਲ ਵਿੱਚ ਉਸਦਾ ਸਤਿਕਾਰ ਅਤੇ ਪ੍ਰਭਾਵ ਹੋਰ ਵਧਦਾ ਹੈ।

ਮੈਨੂੰ ਮਹਿਸੂਸ ਹੁੰਦਾ ਹੈ ਬਲਦੇਵ ਅਤੇ ਗਰਗ ਵਿੱਚ ਰੂਸ ਅਮਰੀਕਾ ਵਾਂਗੂੰ ਠੰਡੀ ਜੰਗ ਚੱਲ ਰਹੀ ਹੋਵੇ। ਉਂਜ ਇਸ ਵਿੱਚ ਕੁੱਝ ਵੀ ਗੈਰ ਕੁਦਰਤੀ ਨਹੀਂ ਜਾਪਦਾ। ਦੋ ਸ਼ਰੀਕਾਂ ਵਿੱਚ ਇੰਨੀ ਕੁ ਰੱਸਾਕਸ਼ੀ ਕੁਦਰਤੀ ਹੈ। ਦੋਵੇਂ ਆਵਦੇ ਆਵਦੇ ਖੇਤਰ ਵਿੱਚ ਸਰਗਰਮ ਹਨ। ਦੋਵਾਂ ਦਾ ਲੰਬਾ ਚੌੜਾ ਪਾਠਕ ਵਰਗ ਹੈ। ਦੋਵੇਂ

ਇੱਕ ਦੂਜੇ ਬਾਰੇ ਖੁੱਲ੍ਹਕੇ ਕੁੱਝ ਨਹੀਂ ਬੋਲਦੇ। ਕਿਸੇ ਸਮਾਗਮ ਵਿੱਚ ਤਾਂ ਉੱਕਾ ਹੀ ਨਹੀਂ। ਮੋਗੇ ਦੇ ਗੁਰੂ ਨਾਨਕ ਕਾਲਜ ਵਿੱਚ ਬਲਦੇਵ ਦੇ ਨਾਵਲ 'ਅੰਨ ਦਾਤਾ' ਬਾਰੇ ਗੋਸ਼ਟੀ ਹੁੰਦੀ ਹੈ। ਗਰਗ ਪ੍ਰਧਾਨਗੀ ਮੰਡਲ ਵਿੱਚ ਹੈ। ਉਹ ਨਾਵਲ ਦੀ ਭਰਵੀਂ ਤਰੀਫ਼ ਕਰਦਾ ਹੈ। ਨਾਵਲ ਨੂੰ ਪੰਜਾਬੀ ਕਿਸਾਨੀ ਨੂੰ ਸਫਲਤਾ ਨਾਲ ਚਿਤਰਨ ਵਾਲੀ ਵੱਡ ਅਕਾਰੀ ਕਿਰਤ ਕਹਿੰਦਾ ਹੈ। ਗਰਗ ਦੀ ਆਖੀ ਗੱਲ ਤੇ ਹੀ ਮੁੱਖ ਮਹਿਮਾਨ ਨੂੰ ਫੁੱਲ ਚੜ੍ਹਾਉਣੇ ਪੈਂਦੇ ਹਨ, ਮੁੱਖ ਮਹਿਮਾਨ ਡਾ. ਸਤਿੰਦਰ ਸਿੰਘ ਨੂਰ 'ਅੰਨਦਾਤਾ' ਨੂੰ ਪੰਜਾਬੀ ਦਾ 'ਗੋਦਾਨ' ਕਰਾਰ ਦੇ ਦਿੰਦੇ ਹਨ।

ਇਸੇ ਸਮੇਂ ਵਿੱਚ ਹੀ ਬਲਦੇਵ ਸਿੰਘ ਦਾ ਨਵਾਂ ਨਾਵਲ ਮਾਰਕੀਟ ਵਿੱਚ ਆ ਡਿੱਗਦਾ ਹੈ। ਮਿਲਣ ਤੇ ਗਰਗ ਮੈਨੂੰ ਪੁੱਛਦਾ ਹੈ, "ਭਗਤ ਸਿੰਘ ਬਾਰੇ ਨਾਵਲ 'ਸਤਲੁਜ ਵਹਿੰਦਾ ਰਿਹਾ' ਕਿਵੇਂ ਲੱਗਾ? ਇੰਨਜਾਏ ਕੀਤਾ ਤੂੰ?" ਮੈਂ ਚੁੱਪ ਰਿਹਾ। ਮੈਂ ਕੋਈ ਜੁਆਬ ਨਹੀਂ ਦਿੰਦਾ।

"ਨਾਵਲ ਪਰੈਜ਼ਂਟ ਟੈਨਸ ਵਿੱਚ ਹੀ ਲਿਖੀ ਜਾ ਰਿਹਾ। ਭਗਤ ਸਿੰਘ ਗੱਡੀ ਵਿੱਚ ਜਾ ਰਿਹਾ। ਉਹ ਹੁਣ ਆਹ ਕਰ ਕਰ... ਉਹ ਕਰ ਰਿਹਾ। ਹੁਣ ਪੜ੍ਹ ਰਿਹਾ... ਹੁਣ ਸੋਚ ਰਿਹਾ। ਅਜੀਬ ਜਿਹਾ ਨੀ ਲੱਗਦਾ ਇਹ। ਇਤਿਹਾਸਕ ਨਾਵਲ ਵਰਤਮਾਨ ਕਾਲ ਵਿੱਚ ਕਿਵੇਂ ਲਿਖਿਆ ਜਾ ਸਕਦਾ?" ਗਰਗ ਆਪਣੀ ਗੱਲ ਦਾ ਪ੍ਰਭਾਵ ਜਾਨਣ ਲਈ ਕੁੱਝ ਚਿਰ ਲਈ ਚੁੱਪ ਹੋ ਜਾਂਦਾ ਹੈ।

"ਅਸਲ ਵਿਚ ਬਲਦੇਵ ਸਿੰਘ ਨੂੰ ਯੱਭਲੀਆਂ ਮਾਰਨ ਦੀ ਆਦਤ ਨ੍ਹੀ ਜਾਂਦੀ। 'ਅੰਨਦਾਤਾ' ਵਿੱਚ ਭੂਪੀ ਅਤੇ ਪੀ. ਸੀ. ਓ ਵਾਲੀਆਂ ਕੁੜੀਆਂ ਪਾ ਦਿੱਤੀਆਂ ਖਾਹ ਮਖਾਹ। ਧੱਕੇ ਨਾਲ ਈ। ਇਵੇਂ ਜਿਵੇਂ ਭਗਤ ਸਿੰਘ ਵਾਲੇ ਨਾਵਲ ਵਿੱਚ ਸਿਪਾਹੀ ਐਵੇਂ ਯੱਭਲੀਆਂ ਮਾਰਨ ਵਾਸਤੇ। ਬਲਦੇਵ ਚੰਗੇ ਭਲੇ ਸੀਰੀਅਸ ਨਾਵਲ ਦਾ ਸਤਿਆਨਾਸ ਮਾਰ ਦਿੰਦਾ। ਕੀ ਲੋੜ ਸੀ ਇਸਦੀ।" ਗਰਗ ਸਪਾਟ ਟਿਪਣੀ ਦਿੰਦਾ ਹੈ। ਜਾਪਦਾ ਹੈ ਉਹ ਨਾਵਲ ਤੋਂ ਉੱਕਾ ਹੀ ਸੰਤੁਸ਼ਟ ਨਹੀਂ ਹੈ। ਥੋੜੇ ਦਿਨਾਂ ਬਾਅਦ ਹੀ ਡੀ. ਐਮ. ਕਾਲਜ ਮੋਗੇ ਨਾਵਲ 'ਸਤਲੁਜ ਵਹਿੰਦਾ ਰਿਹਾ" ਤੇ ਗੋਸ਼ਟੀ ਹੁੰਦੀ ਹੈ। ਮੰਚ ਸੰਚਾਲਨ ਮੇਰੇ ਹੱਥ ਹੈ। ਮੈਂ ਜੱਕੋ ਤੱਕੀ ਵਿੱਚ ਹਾਂ। ਗਰਗ ਐਨ ਮੇਰੇ ਸਾਹਮਣੇ ਬੈਠਾ ਹੈ। ਨਾਵਲ ਤੇ ਬੋਲਣ ਲਈ ਝਿਜਕਦਿਆਂ-ਝਿਜਕਦਿਆਂ ਉਸਨੂੰ ਸੱਦਾ ਦਿੰਦਾ ਹਾਂ। ਸੋਚਦਾ ਹਾਂ ਗਰਗ ਆਉਂਦਿਆਂ ਹੀ ਨਾਵਲ ਅਤੇ ਲੇਖਕ ਦੀਆਂ ਧੱਜੀਆਂ ਉਡਾਣੀਆਂ ਸ਼ੁਰੂ ਕਰ ਦੇਵੇਗਾ। ਗਰਗ ਬੋਲਦਾ ਹੈ, ਮੈਂ ਹੈਰਾਨ ਹੁੰਦਾ ਹਾਂ। ਥੋੜੇ ਦਿਨ ਪਹਿਲਾਂ ਮੇਰੇ ਕੋਲ ਨਾਵਲ ਬਾਰੇ ਸਟੀਕ ਟਿਪਣੀ ਕਰਨ ਵਾਲਾ ਗਰਗ ਨਾਵਲ ਅਤੇ ਨਾਵਲਕਾਰ ਦੇ ਹੱਕ ਵਿੱਚ ਬੋਲੀ ਜਾਂਦਾ ਹੈ।

"ਗਰਗ ਸਾਹਿਬ ਅੱਜ ਤਾਂ ਤੁਸੀਂ ਕਮਾਲ ਹੀ ਕਰ ਦਿੱਤੀ। ਬਲਦੇਵ ਦੇ ਵਕੀਲ ਬਣੀ ਬੈਠੇ ਸੀ। ਨਾਵਲ 'ਚ ਕੋਈ ਨੁਕਸ ਈ ਨ੍ਹੀਂ ਨਜ਼ਰ ਆਇਆ ਥੋਨੂੰ। ਲੱਗਦਾ ਥੋਡੀ ਐਨਕ ਬਦਲਗੀ। ਸੁਰਜੀਤ ਬਰਾੜ ਵਰਗੇ ਨਾਲ। ਇਤਿਹਾਸਕ ਨਾਵਲ... ਵਰਤਮਾਨ ਕਾਲ 'ਚ ਲਿਖਿਆ... ਸਿਪਾਹੀ ਯੱਭਲੀਆਂ ... ਫਿਲਮੀ ਟੱਚ।" ਸਮਾਗਮ ਬਾਅਦ ਮੈਂ ਗਰਗ ਨੂੰ ਖਾਣੇ ਦੀ ਟੇਬਲ ਤੇ ਘੇਰ ਲੈਂਦਾ ਹਾਂ।

"ਕੜਿਆਲਵੀ ! ਯਾਰ ਮੈਂ ਹੁਣ ਸੋਚਿਆ ਕਿਸੇ ਦੇ ਖ਼ਿਲਾਫ਼ ਨਹੀਂ ਬੋਲਿਆ ਕਰਨਾ। ਲੇਖਕ ਲਿਖਦਾ... ਜਿੰਨੀ ਉਹ ਮਿਹਨਤ ਕਰਦਾ ਉਹਦੇ ਹਿਸਾਬ ਨਾਲ ਉਹਨੂੰ ਮਿਲਦਾ ਮਿਲਾਉਂਦਾ ਤਾਂ ਕੁੱਝ ਹੈ ਨਹੀਂ ਪਰ ਫੇਰ ਵੀ ਲਿਖੀ ਜਾਂਦਾ। ਇਹ ਤਾਂ ਸੂਰਮਗਤੀ ਐ। ਇਹ ਕੋਈ ਘੱਟ ਬਹਾਦਰੀ ਵਾਲਾ ਕੰਮ ਐ। ਫਿਰ ਕਾਹਦੇ ਕਰਕੇ ਲੇਖਕ ਦੇ ਖ਼ਿਲਾਫ਼ ਬੋਲਣਾ। ਹੁਣ ਦੇਖਲਾ, ਬਲਦੇਵ ਨੇ ਪੰਜ ਸਾਢੇ ਪੰਜ ਸੌ ਸਫ਼ੇ ਦਾ ਨਾਵਲ ਲਿਖਿਆ... ਇਹ ਤਕੜੇ ਦਿਲ ਗੁਰਦੇ ਦਾ ਕੰਮ ਐ।" ਗਰਗ ਆਖਦਾ ਹੈ।

ਇਹ ਗਰਗ ਦੇ ਬਦਲਦੇ ਦ੍ਰਿਸ਼ਟੀਕੋਣ ਦੀ ਨਿੱਕੀ ਜਿਹੀ ਝਲਕ ਹੈ। ਰੂਸ ਅਮਰੀਕਾ ਦੀ ਠੰਢੀ ਜੰਗ ਕਦੋਂ ਦੀ ਸਮਾਪਤ ਹੋ ਚੁੱਕੀ ਹੈ। ਸ਼ਾਇਦ ਅੰਦਰ ਖਾਤੇ ਦੋਵਾਂ ਮਹਾਂਰਥੀਆਂ ਨੇ ਕੋਈ 'ਸੰਧੀ' ਹੀ ਕਰ ਲਈ ਹੋਵੇ। ਗਰਗ ਦੀ ਜਸਵੰਤ ਕੰਵਲ ਨਾਲ ਵਰ੍ਹਿਆਂ ਦੀ ਬੰਦ ਪਈ ਬੋਲ ਚਾਲ ਵੀ ਦੁਬਾਰਾ ਸ਼ੁਰੂ ਹੁੰਦੀ ਹੈ। ਉਹ



ਪਿੰਡ ਢੁੱਡੀਕੇ, ਕੰਵਲ ਦੇ ਸਨਮਾਨ 'ਤੇ ਵੀ ਜਾਂਦਾ ਹੈ। ਜਿਹੜਾ ਗਰਗ, "ਕੰਵਲ ਐਵੇਂ ਭਈਏ ਭਈਏ ਆਖ ਕੇ ਰੌਲਾ ਪਾਈ ਜਾਂਦਾ। ਸਾਡੇ ਪੰਜਾਬੀ ਸਾਰੀ ਵਲੈਤ ਸਾਂਭੀ ਫਿਰਦੇ। ਕੈਨੇਡਾ ਤੇ ਕਾਬਜ਼ ਹੋਈ ਫਿਰਦੇ, ਉਹਨਾਂ ਦਾ ਵਿਰੋਧ ਕਿਉਂ ਨੀ ਕਰਦਾ, "ਆਖਦਿਆਂ ਕੰਵਲ ਦਾ ਵਿਰੋਧ ਕਰਦਾ ਸੀ, ਹੁਣ ਕੰਵਲ ਦੇ ਹੱਕ ਵਿੱਚ ਬੋਲਣ ਲੱਗਾ ਹੈ। ਅਸਲ ਕੰਵਲ ਨੇ ਵੀ ਆਪਣੀ ਸੁਰ ਬਦਲ ਲਈ ਹੈ। ਹੁਣ ਉਹ ਆਖਦਾ ਹੈ, "ਜੇਕਰ ਯੂ. ਪੀ., ਬਿਹਾਰ ਵਾਲੇ ਪੰਜਾਬੀ ਰਹਿਤਲ ਵਿੱਚ ਸ਼ਾਮਲ ਹੋ ਜਾਣ ਤਾਂ ਠੀਕ ਐ। ਫਿਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਕੋਈ ਖਤਰਾ ਨ੍ਹੀਂ।" ਜਾਪਦਾ ਕੰਵਲ ਉਪਰ ਯੁੱਗ ਕਵੀ ਸੁਰਜੀਤ ਪਾਤਰ ਦੀ ਕਵਿਤਾ, "ਪਿਛੇ ਪਿਛੇ ਰਿਜ਼ਕ ਦੇ ਚੱਲ ਆਇਆ ਨੰਦ ਕਿਸ਼ੋਰ' ਅਸਰ ਕਰ ਗਈ ਹੈ। ਕੰਵਲ ਦੇ ਭਾਸ਼ਣ ਦੀ ਸੁਰ ਬਦਲਦਿਆਂ ਹੀ ਗਰਗ ਸਾਰੀ ਉਮਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਆਵਾਜ਼ ਬੁਲੰਦ ਕਰਦਾ ਰਿਹਾ ਹੈ। ਪੂਰੇ ਗੜ੍ਹਕੇ ਨਾਲ। ਕੰਵਲ ਪੰਜਾਬੀ ਦਾ ਸੈਮਸਨ ਹੈ।"

ਬਲਦੇਵ ਸਾਹਿਤਕ ਮਹਾਜ਼ 'ਤੇ ਤੇਜ਼ ਦੌੜਨ ਵਾਲਾ ਖਿਡਾਰੀ ਹੈ। ਉਸਦੀ ਦੇਖਾ ਦੇਖੀ ਗਰਗ ਵੀ ਆਪਣੇ ਸਮਕਾਲੀ ਵਾਂਗ ਆਪਣੀ ਮੱਠੀ ਪਈ ਚਾਲ ਨੂੰ ਤੇਜ ਕਰਦਾ ਹੈ। ਦੂਰ ਦੂਰ ਦੇ ਸਾਹਿਤਕ ਸਮਾਗਮਾਂ ਤੇ ਜਾਂਦਾ ਹੈ। ਮੋਗੇ ਵਾਲੇ ਜੱਥੇ ਵਿੱਚ ਉਹ ਵੀ ਸ਼ਾਮਲ ਹੋ ਜਾਂਦਾ ਹੈ। ਮੈਂ ਬਲਦੇਵ, ਸੁਰਜੀਤ ਬਰਾੜ ਅਤੇ ਗਰਗ ਟਾਂਡੇ ਉੜਮੁੜ ਦੋ ਦਿਨਾਂ ਦੀ ਨਾਵਲ ਗੋਸ਼ਟੀ 'ਤੇ ਜਾਂਦੇ ਹਾਂ।

"ਗੋਸ਼ਟੀ ਵੀ ਉੜ ਮੁੜ ਜਿਹੀ ਐ।" ਬਲਦੇਵ ਆਖਦਾ ਹੈ, "ਗੋਸ਼ਟੀ ਤਾਂ ਉੜਮੁੜ ਹੋਣੀਓ ਆ... ਮੈਨੂੰ ਤਾਂ ਆਹ ਬੀਬੀਆਂ ਵੀ ਉੜ ਮੁੜ ਜਿਹੀਆਂ ਹੋਈਆਂ ਲੱਗਦੀਆਂ।" ਇੱਕ ਝੋਲ ਮਾਰਕੇ ਤੁਰਦੀ ਸਾਹਿਤਕਾਰ ਬੀਬੀ ਵੱਲ ਇਸ਼ਾਰਾ ਕਰਦਿਆਂ ਗਰਗ ਆਖਦਾ ਹੈ। ਉਹ 'ੜ' ਨੂੰ ਵੱਖਰੇ ਹੀ ਅੰਦਾਜ਼ ਰੜਕਾਉਂਦਾ ਹੈ। ਬੀਬੀਆਂ ਤੋਂ ਗੱਲ ਅੱਗੇ ਗੋਸ਼ਟੀ ਵਿੱਚ ਸ਼ਾਮਲ ਬਾਕੀ ਨਾਵਲਕਾਰਾਂ ਬਾਰੇ ਵੀ ਤੁਰ ਪੈਂਦੀ ਹੈ।

"ਆਹ ਪ੍ਰਗਟ ਸਿੱਧੂ ਨੂੰ ਕੀ ਹੋ ਗਿਆ, ਇਹ ਜ਼ਨਾਨੀਆਂ ਆਂਗੂੰ ਲੱਤਾਂ ਜਿਹੀਆਂ ਚੌੜੀਆਂ ਕਰ ਕਰ ਤੁਰਦਾ।"

"ਜਸਬੀਰ ਭੁੱਲਰ ਵੀ ਖੜਕ ਜੇ ਗਿਆ, ਥੱਬਾ ਗੋਲੀਆਂ ਦਾ ਚੱਕੀ ਫਿਰਦਾ।"

"ਖੜਕਣਾ ਈ ਐ... ਸਾਰੀ ਉਮਰ ਮਲਾਈ ਖਾਂਦਾ ਰਿਹਾ, ਕਿਤੇ ਤਾਂ ਆ ਕੇ ਨਿਕਲਣੀ ਸੀ।" ਬਲਦੇਵ ਅਤੇ ਗਰਗ ਦੇ ਅੰਦਰੋਂ ਲਾਲ ਪਰੀ ਬੋਲਦੀ ਹੈ। ਗੋਸ਼ਟੀ ਦੇ ਪਹਿਲੇ ਦਿਨ ਦੀ ਸਮਾਪਤੀ ਤੇ ਮੇਜ਼ਬਾਨ ਕੇਵਲ ਕਾਲੋਟੀ ਨੇ ਆਪਣੇ ਸਕੂਲ ਦੇ ਨਾਲ ਕਿਸੇ ਗੁਆਂਢੀਆਂ ਦੇ ਬੈਠਕ ਵਿੱਚ ਸਾਡਾ ਸੌਣ ਦਾ ਪ੍ਰਬੰਧ ਕੀਤਾ ਸੀ। ਅਸੀਂ ਸਾਰੀ ਰਾਤ ਗਰਮੀ ਅਤੇ ਮੱਛਰ ਨਾਲ ਗਤਕਾ ਖੇਡਦੇ ਹਾਂ। ਨਾਵਲਕਾਰ ਅਵਤਾਰ ਬਿਲਿੰਗ ਅਤੇ ਬਠਿੰਡੇ ਵਾਲਾ ਗ਼ਜ਼ਲਗੋ ਸੁਰਿੰਦਰਜੀਤ ਘਣੀਆਂ ਵੀ ਸਾਡੇ ਵਾਲੇ ਕਮਰੇ ਵਿੱਚ ਆ ਪਏ ਹਨ। ਮੱਛਰ ਸੌਣ ਨਹੀਂ ਦਿੰਦਾ... ਗਰਗ ਅਤੇ ਬਲਦੇਵ ਸਾਰੀ ਰਾਤ ਰੌਲ ਲਾਈ ਰੱਖਦੇ ਨੇ। ਉਹਨਾਂ ਦੇ ਚੁਟਕਲਿਆਂ ਵਿੱਚੋਂ ਤੱਤਾ ਤੱਤਾ ਰਸ ਚੋਂਦਾ ਹੈ। ਬਿਲਿੰਗ ਅਤੇ ਘਣੀਆਂ ਹੱਸ ਹੱਸ ਦੂਹਰੇ ਹੁੰਦੇ ਨੇ।

"ਮੈਨੂੰ ਹੁਣ ਪਤਾ ਲੱਗੇ ਬਲਦੇਵ ਅਤੇ ਕੇ. ਐਲ. ਗਰਗ ਬੁੱਢੇ ਕਿਉਂ ਨੀ ਹੁੰਦੇ।" ਬਿਲਿੰਗ ਆਖਦਾ ਹੈ।

"ਲੱਗਦੈ ਇਹ ਤਾਂ ਨਾਲਦਿਆਂ ਨੂੰ ਵੀ ਬੁੱਢਾ ਨ੍ਹੀਂ ਹੋਣ ਦਿੰਦੇ।" ਘਣੀਆਂ ਸਹੀ ਪਾਉਂਦਾ ਹੈ।

" ... ਟਾਂਡੇ ਵਾਲੀ ਗੋਸ਼ਟੀ ਇਤਿਹਾਸਕ ਐ।" ਗੋਸ਼ਟੀ ਦੇ ਆਖਰੀ ਦਿਨ, ਆਖਰੀ ਸ਼ੈਸ਼ਨ ਵਿੱਚ ਬੋਲਦਿਆਂ ਮੇਜ਼ਬਾਨ ਕੇਵਲ ਕਾਲੋਟੀ ਐਲਾਨ ਕਰਦਾ ਹੈ।

"ਬਿਲਕੁਲ ਇਤਿਹਾਸਕ ਐ। ਮੈਨੂੰ ਤਾਂ ਨ੍ਹੀਂ ਭੁੱਲਦੀ ਸਾਰੀ ਉਮਰ। ਸੁੱਜੇ ਪਏ, ਐਦੂੰ ਤਾਂ ...।" ਪਿਛਲੀਆਂ ਕਤਾਰਾਂ ਵਿੱਚ ਬੈਠਿਆਂ ਗਰਗ ਨੇ ਆਪਣੇ ਪਿਛਲੇ ਪਾਸੇ ਹੱਥ ਮਾਰਦਿਆਂ ਆਪਣੇ ਹੀ ਅੰਦਾਜ਼ ਵਿੱਚ ਗੋਸ਼ਟੀ ਤੇ ਟਿੱਪਣੀ ਕੀਤੀ ਤਾਂ ਘਣੀਏ ਦਾ ਹਾਸਾ ਛਣਕ ਪਿਆ।

"ਭੈਣ ਦੀ ਮਰਾਵੇ ਐਹੋ ਜੀ ਗੋਸ਼ਟੀ... ਅੱਗੇ ਤੋਂ ਨ੍ਹੀਂ ਐਡੀ ਦੂਰ ਜਾਇਆ ਕਰਨਾ।" ਵਾਪਸੀ ਸਮੇਂ

ਗੱਡੀ ਵਿੱਚ ਬੈਠਦਿਆਂ ਗਰਗ ਫੈਸਲਾ ਸੁਣਾਉਂਦਾ ਹੈ। ਉਸਦਾ ਇਹ ਫੈਸਲਾ ਬਹੁਤੇ ਦਿਨ ਚੱਲਦਾ ਨਹੀਂ। ਸਾਡਾ ਡੁਰਲੀ ਜੱਥਾ ਥੋੜੇ ਦਿਨਾਂ ਬਾਅਦ ਹੀ ਅੰਮ੍ਰਿਤਸਰ ਨੂੰ ਚਾਲੇ ਪਾ ਦਿੰਦਾ ਹੈ। ਉਥੇ ਅਸੀਂ ਤਲਵਿੰਦਰ ਐਂਡ ਕੰਪਨੀ ਵਲੋਂ ਕਰਵਾਏ ਕਹਾਣੀ ਉਤਸਵ 'ਚ ਵਿਦਵਾਨਾ ਦੇ ਪੇਪਰ ਸੁਨਣ ਲਈ ਪੁੱਜੇ ਹਾਂ। ਵਿਰਸਾ ਵਿਹਾਰ ਨੇੜਲੀ ਆਰਟ ਗੈਲਰੀ ਵਿੱਚ ਲੇਖਕ ਲੇਖਕਾਵਾਂ ਦੀ ਚੰਗੀ ਚੌਖੀ ਭੀੜ ਹੈ। ਵਿਦਵਾਨਾਂ ਵਲੋਂ ਪੰਜ ਚਾਰ ਕਹਾਣੀ ਲੇਖਕਾਂ ਦੀ ਸਿਹਰਾ ਬੰਦੀ ਸੁਨਣ ਤੋਂ ਬਾਅਦ ਅਸੀਂ ਬਾਹਰ ਆ ਖੜਦੇ ਹਾਂ।

"ਕੜਿਆਲਵੀ ਐਹ ਨਵੀਆਂ ਲੇਖਕਾਵਾਂ 'ਚੋਂ ਕਿੰਨੀਆਂ ਕੁ ਨੂੰ ਜਾਨਣੈ? "

"ਖਾਸ ਨੀ... ਦਰਅਸਲ ਮੈਂ ਕਦੇ ਖਿਆਲ ਈ ਨੀ ਕੀਤਾ।"

"ਕਮਾਲ ਐ ਯਾਰ ! ਖਿਆਲ ਰੱਖਿਆ ਕਰ। ਅਜੇ ਤੇਰੀ ਉਮਰ ਐ। ਅਸੀਂ ਤਾਂ ਐਵੇਂ ਸੁੱਕੀ...। ਸਾਡੇ ਵੇਲੇ ਤਾਂ ਹੁੰਦੀਆਂ ਈ ਇੱਕ ਦੋ ਸੀ। ਉਹਨਾਂ ਨੂੰ ਚੰਡੀਗੜ੍ਹ ਪਟਿਆਲੇ ਆਲੇ ਉਂਗਲਾਂ ਤੇ ਚੜਾਈ ਫਿਰਦੇ ਸੀਗੇ। ਹੁਣ ਤਾਂ ਸੁਖ ਨਾਲ ਵਾਹਵਾ ਬੀਬੀਆਂ ਮਾਂ ਬੋਲੀ ਦੀ ਸੇਵਾ ਨਿਭਾ ਰਹੀਆਂ...।" ਗਰਗ ਟੋਟਣ ਖੁਰਕਣ ਲੱਗਦਾ ਹੈ।

"ਰੱਖਿਆ ਤਾਂ ਸੀ ਖਿਆਲ, ਹੋਰ ਇਹਨੇ ਹੁਣ ਸਾਰੀਆਂ ਦਾ ਠੇਕਾ ਲਿਆ ਖਿਆਲ ਰੱਖਣ ਦਾ।" ਟਰੱਕ ਡਰਾਈਵਰ ਵੀ ਟਾਂਚ ਲਾਉਣੋ ਬਾਜ਼ ਨਹੀਂ ਆਉਂਦਾ।

"ਗਰਗ ਸਾਹਿਬ ਤੁਸੀਂ ਵੀ ਖਿਆਲ ਰੱਖ ਲਿਆ ਕਰੋ... ਥੋੜਾ ਮਾਡਲ ਵੀ ਤਾਂ ਆਉਂਦਾ ਈ ਗੋਸ਼ਟੀਆਂ 'ਚ। ਨਾਲੇ ਹੁਣ ਤਾਂ ਅਮਰੀਕਾ ਵੀ ਜਾਂਦੇ ਆਉਂਦੇ ਰਹਿਨੇ ਓਂ... ਉਥੇ ਤਾਂ ਕਹਿੰਦੇ ਖਾਸੀ ਆਜ਼ਾਦੀ ਐ। ਉਥੇ ਤਾਂ ਬਥੇਰੀਆਂ ਟੱਕਰੀਆਂ ਹੋਣੀਆਂ ਮੈਡਮ ਨਹੀਂ ਸੀ ਰੋਕਦੀ...?"

"ਲਾਈ ਸੀ ਤੇਰੇ ਵਰਗਿਆਂ ਨੇ ਉਂਗਲ ਅਖੇ ਗਰਗ ਨੂੰ ਫੰਕਸ਼ਨਾ-ਫੁਕਸ਼ਨਾ ਤੇ ਨਾ ਜਾਣ ਦਿਆ ਬਹੁਤਾ। ਉਥੇ ਗੋਰੀਆਂ ਨਾਲ ਮੇਲ ਜੋਲ ਕਰਦਾ। ਇਹ ਅਮਰੀਕਾ ਐ... ਬੰਦੇ ਦਾ ਭਰੋਸਾ ਕੋਈ ਨੀ... ਕਿਸੇ ਦਾ ਵੀ ਭਰੋਸਾ ਹੈਨੀ। ਐਵੇਂ ਕਿਤੇ...। ਪਰ ਮੈਡਮ ਨ੍ਹੀਂ ਆਈ ਗੱਲਾਂ 'ਚ। ਕਹਿੰਦੀ ਹੁਣ ਕੋਈ ਡਰ ਨੀ। ਇਹ ਹੁਣ ਬਾਹਰ ਕੀ ਕਰਦੂ? " ਸੁਰਜੀਤ ਬਰਾੜ ਦੀ ਪੁੱਛ ਦਾ ਜਵਾਬ ਦਿੰਦਿਆ, ਸੱਜੇ ਹੱਥ ਨੂੰ ਜਾਣੇ ਪਛਾਣੇ ਅੰਦਾਜ਼ ਵਿੱਚ ਹਿਲਾਉਂਦਾ ਹੈ।

"ਗਰਗ ਸਾਹਿਬ ਹੁਣ ਤਾਂ ਮੈਡਮ ਥੋੜਾ ਕੁੱਛ ਲਿਖਿਆ ਵੀ ਨੀ ਪੜ੍ਹਦੇ ਹੋਣੇ... ਕੀ ਪੜ੍ਹ ਲੈਂਦੇ ਨੇ? "

"ਕਾਹਨੂੰ ਪੜ੍ਹਦੀ ਐ। ਉਹ ਤਾਂ ਆਖਦੀ ਕੀ ਝੱਖ ਮਾਰੀ ਜਾਨੇ ਤੁਸੀਂ। ਸਮਝ ਤਾਂ ਥੋੜੀ ਕੁੱਛ ਲੱਗਦੀ-ਲੁਗਦੀ ਨੀ। ਅਖੇ 'ਕੰਡੇ ਦਾ ਕੰਡਾ' ਵਰਗਾ ਲਿਖਿਆ ਕਰੋ। ਮੈਡਮ ਲਈ ਤਾਂ ਕੰਡੇ ਦੇ ਲੇਖ ਈ ਸ਼ਾਹਕਾਰ ਰਚਨਾ ਬਣੇ ਪਏ ਆ।" ਇੰਨੇ ਨੂੰ ਅਸੀਂ ਅੰਗਰੇਜ਼ੀ ਸ਼ਰਾਬ ਦੇ ਠੇਕੇ ਕੋਲ ਆ ਖੜਦੇ ਹਾਂ।

"ਯਾਰ ਥੱਕੇ ਪਏ ਹਾਂ... ਨਿੱਕਾ ਨਿੱਕਾ ਲਾ ਲਈਏ, ਲੰਡੂ ਜਿਹਾ। ਆਏਂ ਕਰਦੇਂ... ਅਮਰੀਕਾ ਵਾਲਾ ਢੰਗ ਵਰਤੀਏ। ਕੱਢੋ ਸੋ ਸੋ। ਬਲਦੇਵ ਸਿਆਂ ਫੜ੍ਹ ਲਿਆ ਜਾ ਕੇ ਪੈਸੇ ਆ ਕੇ ਲੈਲੀਂ। ਲੈ ਆ ਜਾ ਕੇ।" ਗਰਗ ਪੈਸੇ ਕੱਡਣ ਲਈ ਪਰਸ ਫਰੋਲਣ ਲੱਗਦਾ ਹੈ।

ਕੋਈ ਚੱਜ ਦੀ ਫੜ ਲੈਣੀ ਸੀ... ਚੱਲ ਚੱਲ ਠੀਕ ਐ ਹੁਣ ਜਿਹੜੀ ਲੈ ਆਂਦੀ। ਸਿਰ ਈ ਘੁਮਾਉਣਾ ਕੋਈ ਹੋਈ। " ਡੇਢ ਕੁ ਪੈੱਗ ਨਾਲ ਗਰਗ ਟਕਸਾਲੀ ਪੰਜਾਬੀ ਛੱਡਕੇ ਗੂੜ੍ਹ ਮਲਵਈ 'ਤੇ ਆ ਜਾਂਦਾ ਹੈ।

"ਬਲਦੇਵ ਦੀ ਮਾੜੀ ਨੀਅਤ ਨੀ ਜਾਣੀ ਸਾਰੀ ਉਮਰ... ਕੀ ਘਾਟ ਐ ਇਹਨੂੰ? ਮੁੰਡੇ ਸੈੱਟ ਨੇ ਚੰਗੇ ਭਲੇ। ਨੂੰਹਾਂ ਅੱਡ ਕਾਰੋਬਾਰ ਤੇ ਨੇ। ਰਾਇਲਟੀ ਦੇ ਰੂਪ ਵਿੱਚ ਧੜਾ ਧੜ ਨੋਟ ਡਿੱਗੀ ਜਾਂਦੇ। ਕੋਈ ਘਾਟ ਹੈ ਕਿਸੇ ਪਾਸਿਓਂ। ਸੁਨਿਆਰੇ ਦੇ ਕੜਾ ਲੋਟ ਆਇਆ... ਪਰ ਮਗੂੰ ਮਗੂੰ ਕਰਨੋ ਨੀ ਹਟਦਾ। ਬੰਦਾ ਦਾਰੂ ਚੰਗੀ ਪੀਵੇ... ਸੌ ਪੰਜਾਹ ਨਾਲ ਕੀ ਫਰਕ ਪੈਂਦਾ? ਐਧਰ ਦੇਖ ਲੈ... ਬੜੇ ਮਾੜੇ ਦਿਨ ਵੀ ਦੇਖੇ ਆ ਉਦੋਂ ਰੂੜੀ ਮਾਰਕਾ ਵੀ ਪੀਤੀ ਰੱਜਕੇ। ਨੂਣ ਨਾਲ ਵੀ ਪੀਂਦੇ ਰਹੇ ਆਂ। ਹੁਣ ਪੈਸੇ ਹੈਗੇ ਚਾਰ, ਦਾਰੂ ਚੰਗੀ ਪੀਈਦੀ। ਐਵੇਂ ਭਚੀੜੀ ਜਾਣ ਦਾ ਕੀ ਫੈਦਾ? " ਥੋੜਾ ਜਿਹਾ ਪਾਸੇ ਹੋ ਕੇ ਗਰਗ ਭੜਾਸ ਕੱਢਦਾ ਹੈ।



"... ਹਾਅ ਕੌਣ ਨੇ... ਕੜਿਆਲਵੀ ਤੂੰ ਤਾਂ ਜਾਣਦਾ ਹੋਮੇਗਾ। ਇਹ ਵੀ ਕੋਈ ਲੇਖਕ ਲੂਖਕ ਐ।" ਗਰਗ ਨੇ ਸਾਡੇ ਤੋਂ ਥੋੜੀ ਦੂਰ ਖੜੇ ਦਾਰੂ ਪੀਂਦੇ ਕੁੱਝ ਲੇਖਕਾਂ ਵੱਲ ਇਸ਼ਾਰਾ ਕਰਕੇ ਮੈਨੂੰ ਪੁੱਛਿਆ ਸੀ।

"ਤੈਨੂੰ ਨੀ ਪਤਾ... ਇਹ ਦੁਆਬੇ ਦੇ ਮਸ਼ਹੂਰ ਵਿਦਮਾਨਾਂ ਦਾ ਜੱਥਾ ਐ। ਦਾਰੂ ਨਾਲ ਰੱਜਕੇ ਹੁਣ ਸਿਗਰਟਾਂ ਦੀ ਧੂਹ ਵਰ੍ਹਾਉਣਗੇ।" ਬਲਦੇਵ ਮੇਰੇ ਤੋਂ ਪਹਿਲਾਂ ਹੀ ਬੋਲ ਪਿਆ ਸੀ।

"ਨਾਂ ਉਹ ਤਾਂ ਠੀਕੈ... ਵਿਦਵਾਨ ਐ... ਠੀਕੈ ਪਰ ਇਹਦੇ ਸਿਰ ਨੂੰ ਕੀ ਹੋਇਆ? ਇਹਦੇ ਵਰਗੇ ਐਸ ਉਮਰ 'ਚ... ਮਰਵਾ ਕੇ ਝਾਕਦੇ ਤਾਂਹ-ਠਾਂਹ। ਸਿਰ ਤੇ ਵਾਲ ਨੀ ਰਿਹਾ... ਹੋਰ ਥਾਂ ਤਾਂ ਕੀ ਰਹਿਣਾ ਸੀ?" ਗਰਗ ਪੂਰੇ ਤਰਾਰੇ ਵਿੱਚ ਹੈ। ਦਾਰੂ ਪੀ ਕੇ ਉਹ ਕਰਾਰੀਆਂ ਕਰਾਰੀਆਂ ਗਾਹਲਾਂ ਕੱਡਦਾ ਹੈ। ਪੀਣ ਬਾਅਦ ਉਸਦੇ ਮੁਖਾਰ ਬਿੰਦ 'ਚੋਂ ਤੱਤਾ ਤੱਤਾ ਰਸ ਚੋਣ ਲੱਗਦਾ ਹੈ।

"ਗਰਗ ਬਾਣੀਆ ਨ੍ਹੀ... ।" ਬਲਦੇਵ ਦੇ ਬੋਲਾਂ ਵਿੱਚ ਵਿਅੰਗ ਹੈ।

"ਕੀ ਭਾਵ ਤੇਰਾ? " ਸੁਰਜੀਤ ਬਰਾੜ ਮੁਸਕੜੀਏਂ ਹੱਸਦਾ ਪ੍ਰਸ਼ਨ ਚਿੰਨ ਲਟਕਾਉਂਦਾ ਹੈ।

"ਯਾਰ ਮੈਂ ਸਾਰਾ ਮੁਲਕ ਘੁੰਮਿਆ... ਟਰੱਕ ਡਰਾਈਵਰ ਰਿਹਾ ਐਨੀਆਂ ਲੁੱਚੀਆਂ ਗਾਲ੍ਹਾਂ ਤਾਂ ਡਰਾਈਵਰ ਵੀ ਨੀ ਕੱਡਦੇ।"

'ਹਾਅ ਦੇਖ ...ਹੁਣ ਤਾਂ ਰਹਿ ਜੇ ਗਈ। ਹੁਣ ਤਾਂ ਚਿੱਬ ਖੜਿੱਬੀ ਜਹੀ ਹੋਈ ਫਿਰਦੀ... ਮਾਂ ਦੀ ਧੀ ਤਿੰਨੋ ਪੀੜ੍ਹੀਆਂ ਦੀ ਮਨ ਪਸੰਦ ਲੇਖਕਾ। ਕੋਈ ਪੀਹੜੀ ਨੀ ਨਰਾਜ਼ ਹੋਣ ਦਿੱਤੀ ਇਹਨੇ। ਮਾਂ... ਹੁਣ ਵੱਡੀ ਸ਼੍ਰੋਮਣੀ ਲੇਖਕਾ ਬਣੀ ਫਿਰਦੀ ਐ। ਕਾਹਦੀਆਂ ਗੱਲਾਂ, ਹੁਣ ਤਾਂ ਲੱਲੀ ਛੱਲੀ ਸ਼੍ਰੋਮਣੀ ਹੋਈ ਫਿਰਦੀ।" ਜਦੋਂ ਗਰਗ ਦੀ ਗਰਾਰੀ ਅੜਨ ਲੱਗਦੀ ਹੈ, ਸਮਝੋ ਉਸਦੀ ਸੂਈ ਖ਼ਤਰੇ ਦਾ ਨਿਸ਼ਾਨ ਲੰਘ ਗਈ ਹੈ।

ਘਰ ਚੱਲੀਏ... ਚੱਲੀਏ ਘਰਾਂ ਨੂੰ। ਬਥੇਰੇ ਦਰਸ਼ਨ ਹੋਗੇ... ਆਪਾਂ ਨੀ ਰਹਿਣਾ ਰਾਤ।" ਤਲਵਿੰਦਰ ਲੇਖਕਾਂ ਨੂੰ ਰਾਤ ਰਹਿਣ ਦਾ ਸੱਦਾ ਦਿੰਦਾ ਫਿਰਦਾ ਹੈ। ਜੁਆਬ ਵਿੱਚ ਗਰਗ ਸਾਨੂੰ ਮੋਗੇ ਨੂੰ ਗੱਡੀ ਤੋਰ ਲੈਣ ਲਈ ਆਖਦਾ ਹੈ।

"ਘਰ ਜਾ ਕੇ ਕੀ ਕਰੇਂਗਾ ਹੁਣ? "

"ਕਰਨਾ ਕਰਾਉਣਾ ਕੀ ਐ... ਬੱਸ ਉਂਈ ਆਸਰਾ ਜਿਹਾ ਹੋਇਆ ਰਹਿੰਦਾ ਇੱਕ ਦੂਸਰੇ ਆ। ਵੈਸੇ ਤਾਂ ਸਮਝ ਲੈ ਐਸ ਉਮਰ 'ਚ ਹੁਣ ਭਰਾ ਭੈਣ ਈ ਆਂ। " ਸੂਈ ਖਤਰੇ ਦਾ ਨਿਸ਼ਾਨ ਲੰਘੀ ਦੇਖ ਅਸੀਂ ਵਾਪਸੀ ਕਰਨ ਵਿੱਚ ਹੀ ਭਲਾਈ ਸਮਝਦੇ ਹਾਂ।

ਕਈ ਦਿਨਾਂ ਬਾਅਦ ਅਚਾਨਿਕ ਮਿਲਣ ਤੇ ਮੈਂ ਪੁੱਛਦਾ ਹਾਂ, "ਉਦਣ ਫਿਰ ਠੀਕ ਠਾਕ ਪਹੁੰਚਗੇ ਸੀ ਘਰ..।"

"ਕਾਹਦੇ ਠੀਕ ਪਹੁੰਚੇ... ਸਾਰੀ ਰਾਤ ਪਰੇਸ਼ਾਨੀ 'ਚ ਪਾਈ ਰੱਖਿਆ ਘਰਦਿਆਂ ਨੂੰ। ਕੜਿਆਲਵੀ ਹੁਣ ਪਚਦੀ ਨੀ। ਹੁਣ ਨੀ ਪੀਇਆ ਕਰਨੀ। ਐਵੇਂ ਸਾਰੀ ਰਾਤ ਉਲ੍ਹ-ਉਲ੍ਹ ਕਰਦੇ ਰਹੇ। ਘਰਵਾਲੀ ਅੱਡ ਸੂਲੀ 'ਤੇ ਟੰਗੀ ਰਹੀ।" ਗਰਗ ਇੱਕ ਤਰ੍ਹਾਂ ਤੋਬਾ ਕਰਦਾ ਹੈ ਪਰ ਉਸਦੀ ਇਹ ਤੋਬਾ ਬਹੁਤੇ ਦਿਨ ਚੱਲਦੀ ਨਹੀਂ।

ਲੁਧਿਆਣੇ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਚੋਣਾ ਹੁੰਦੀਆਂ ਹਨ। ਪੰਜਾਬ ਭਰ ਦੇ ਲੇਖਕਾਂ ਦਾ ਮੇਲਾ ਲੱਗਦਾ ਹੈ। ਆਲੋਚਕ ਡਾ. ਸੁਰਜੀਤ ਬਰਾੜ ਮੀਤ ਪ੍ਰਧਾਨ ਦੀ ਚੋਣ ਲੜਦਾ ਹੈ। ਮੋਗਿਓਂ ਅਸੀਂ ਜੱਥੇ ਦੀ ਮਿੰਨੀ ਬੱਸ ਭਰ ਕੇ ਲਿਜਾਂਦੇ ਹਾਂ। ਵਾਪਸੀ ਤੇ ਜਿੱਤ ਦੇ ਜਸ਼ਨ ਵਜੋਂ ਦਾਰੂ ਦਾ ਦੌਰ ਚਲਦਾ ਹੈ। ਬਾਘੇਪੁਰਾਣੇ ਵਾਲਾ ਗੁਰਜੰਟ ਕਲਸੀ ਵੱਡੇ ਅਕਾਰ ਦੇ ਦੇਸੀ ਗਲਾਸਾਂ ਵਿੱਚ ਅੰਗਰੇਜ਼ੀ ਸ਼ਰਾਬ ਵਰਤਾਉਣ ਲੱਗਦਾ ਹੈ। ਥੋੜੀ ਮੋਟੀ ਨਾਂਹ-ਨੁੱਕਰ ਤੋਂ ਬਾਅਦ ਗਰਗ ਦਾਰੂ ਦੇ ਤਿੰਨ ਗਰਗਰੇ ਜਿਹੇ ਪੈੱਗ ਅੰਦਰ ਸੁੱਟ ਲੈਂਦਾ ਹੈ। ਜਗਰਾਵਾਂ ਤੱਕ ਆਉਂਦਿਆਂ ਉਸਦੀਆਂ ਅੱਖਾਂ ਵਿੱਚ ਲਾਲ ਡੋਰੇ ਉਤਰ ਆਉਂਦੇ ਹਨ। ਅਜੀਤਵਾਲ ਟੱਪਦਿਆਂ ਹੀ ਉਸਦੀ ਜੀਭ ਉਲਟਣ ਲੱਗਦੀ ਹੈ। ਪੰਜਾਬੀ ਦੀ ਥਾਵੇਂ ਅੰਗਰੇਜ਼ੀ ਭਾਰੂ ਹੋਣ

ਲੱਗਦੀ ਹੈ। ਵਿੱਚ ਵਿੱਚ ਕਰਾਰੀ ਕਰਾਰੀ ਪੰਜਾਬੀ ਗਾਹਲ ਉਚਾਰਦਾ ਹੈ।

ਮਿੰਨੀ ਬੱਸ ਲੇਖਕਾਂ ਨੂੰ ਮੋਗੇ ਦੇ ਬੱਤੀਆਂ ਵਾਲੇ ਚੌਂਕ ਵਿੱਚ ਉਤਾਰ ਦਿੰਦੀ ਹੈ। ਗਰਗ ਦੀ ਤੋਰ ਲੜਖੜਾਉਂਦੀ ਹੈ। ਕੁੱਝ ਲੇਖਕਾਂ ਵੱਲੋਂ ਉਸਨੂੰ ਘਰ ਛੱਡ ਕੇ ਆਉਣ ਦੀ ਪੇਸ਼ਕਸ਼ ਹੁੰਦੀ ਹੈ। ਗਰਗ ਰਲੀ ਮਿਲੀ ਪੰਜਾਬੀ ਅੰਗਰੇਜ਼ੀ ਵਿੱਚ ਇਹ ਪੇਸ਼ਕਸ਼ ਠੁਕਰਾ ਦਿੰਦਾ ਹੈ। ਗਰਗ ਸਾਹਿਬ ਬੱਸ ਅੱਡੇ ਦੇ ਸਕੂਟਰ ਸਟੈਂਡ ਤੋਂ ਆਪਣਾ 90 ਮਾਡਲ ਸਕੂਟਰ ਚੱਕ ਘਰ ਨੂੰ ਤੁਰ ਪੈਂਦੇ ਹਨ। ਦੋ ਲੱਤਾਂ ਤੇ ਚੱਲਣ ਵਾਲਾ ਸਕੂਟਰ ਮੈਜਿਸਟਿਕ ਰੋਡ 'ਤੇ ਜਾ ਕੇ, ਇੱਕ ਲੱਤ ਹੋ ਜਾਂਦਾ ਹੈ। ਗਰਗ ਸਾਹਿਬ ਨੂੰ ਦੋ ਵਿਅਕਤੀ ਆ ਕੇ ਸੰਭਾਲਦੇ ਹਨ। ਦੋਵੇਂ ਗਰਗ ਸਾਹਿਬ ਦੇ ਗੋਡੀਂ ਹੱਥ ਲਾਉਂਦੇ ਹਨ।

"ਉਸਤਾਦ ਜੀ ਲੱਗਦਾ ਤੁਹਾਥੋਂ ਜਾ ਨਹੀਂ ਹੋਣਾ। ਤੁਸੀਂ ਫਿਕਰ ਨਾ ਕਰੋ, ਅਸੀਂ ਛੱਡ ਆਉਂਦੇ ਆ।" ਉਹ ਦੋਵੇਂ ਵਿਅਕਤੀ ਪਿਓ ਪੁੱਤ ਹਨ। ਦੋਵੇਂ ਹੀ ਗਰਗ ਦੇ ਵਿਦਿਆਰਥੀ ਰਹੇ ਹਨ। ਗਰਗ ਨੂੰ ਸ਼ਰਮ ਮਹਿਸੂਸ ਹੁੰਦੀ ਹੈ।

"ਨਹੀਂ ... ਨਹੀਂ ਮੈਂ ਠੀਕ ਆਂ।" ਗਰਗ ਕੱਪੜੇ ਝਾੜਦਾ ਅਤੇ ਐਨਕਾਂ ਠੀਕ ਕਰਦਾ, ਜ਼ਿਦ ਕਰਕੇ ਸਕੂਟਰ ਰੇੜ ਲੈਂਦਾ ਹੈ। ਪਿਉ ਪੁੱਤ ਦੀ ਜੋੜੀ ਵਿੱਚੋਂ ਪੁੱਤ ਸਕੂਟਰ ਦੀ ਕਿੱਕ ਮਾਰਕੇ ਸਟਾਰਟ ਕਰ ਦਿੰਦਾ ਹੈ। ਗਰਗ ਸਕੂਟਰ ਦੀ ਰੇਸ ਨਾਲ ਘੁਰ ਘੁਰ ਕਰਾਉਂਦਾ ਕਿਵੇਂ ਘਰ ਪਹੁੰਚਿਆ, ਮੋਗੇ ਸ਼ਹਿਰ ਦੇ ਲੋਕਾਂ ਨੂੰ ਤਾਂ ਕੀ ਪਤਾ ਲੱਗਣਾ ਸੀ, ਖ਼ੁਦ ਗਰਗ ਨੂੰ ਵੀ ਨਹੀਂ ਪਤਾ ਲੱਗਿਆ। ਇਸ ਘਟਨਾ ਤੋਂ ਬਾਅਦ ਘਰ ਤੋਂ ਕਈ ਦਿਨ ਬਾਹਰ ਨਹੀਂ ਨਿਕਲਿਆ। ਆਪਣੇ ਆਪ ਤੋਂ ਹੀ ਸ਼ਰਮ ਮੰਨਦਾ ਹੈ। ਤੀਜੇ ਦਿਨ ਜਦੋਂ ਘਰੋਂ ਬਾਹਰ ਨਿਕਲਿਆ, ਉਸਨੂੰ ਲੱਗਦਾ ਹੈ ਜਿਵੇਂ ਬਜ਼ਾਰ ਵਿੱਚ ਖੜੇ ਲੋਕ ਉਸ ਬਾਰੇ ਹੀ ਗੱਲਾਂ ਕਰਦੇ ਹੋਣ।

ਉਂਜ ਗਰਗ ਬੇਹੱਦ ਸੰਵੇਦਨਸ਼ੀਲ ਅਤੇ ਗਹਿਰ ਗੰਭੀਰ ਇਨਸਾਨ ਹੈ। ਆਪਣੀ ਵਿਅੰਗ ਲੇਖਣੀ ਵਾਂਗ ਆਪਣੇ ਭਾਸ਼ਨ ਵਿੱਚ ਵੀ ਨਸ਼ਤਰਾਂ ਲਾਉਂਦਾ ਹੈ। ਕਈ ਵਾਰ ਉਹ ਪ੍ਰਧਾਨਗੀ ਮੰਡਲ ਜਾਂ ਸਰੋਤਿਆਂ ਵਿੱਚ ਬੈਠਿਆਂ, ਵਕਤਾ ਦੇ ਚੂੰਡੀ ਵੱਡਣੋ ਰੁਕ ਨਹੀਂ ਸਕਦਾ। ਇੱਕ ਐਤਵਾਰ ਮੋਗੇ ਦੇ ਸੁਤੰਤਰਤਾ ਸੰਗਰਾਮੀ ਹਾਲ ਵਿੱਚ ਸਾਹਿਤਕ ਸਮਾਗਮ ਹੁੰਦਾ ਹੈ ਸਟੇਜ ਸਕੱਤਰ ਕਿੰਨੇ ਸਾਰੇ ਵਿਸ਼ੇਸ਼ਣ ਲਾ ਕੇ ਮਹਿੰਦਰ ਸਾਥੀ ਨੂੰ ਗ਼ਜ਼ਲ ਸੁਣਾਉਣ ਦਾ ਸੱਦਾ ਦਿੰਦਾ ਹੈ।

"ਚੱਲ ਵੀ ਸਾਥੀ ਖੜਕਾ ਖੰਡੇ... ਲਿਆ ਆਪਣਾ ਇਨਕਲਾਬ।"

"ਸਾਥੀ ਜੀ ਕੱਢੋ ਆਵਦੇ ਹਥਿਆਰ...।" ਬਲਦੇਵ ਅਤੇ ਗਰਗ ਟਕੋਰ ਲਾਉਂਦੇ ਹਨ। ਸਾਥੀ ਦੀ ਵਿਦਰੋਹੀ ਸੁਰ ਵਾਲੀ ਰਚਨਾ ਵਿੱਚ ਅਕਸਰ ਹਥਿਆਰਾਂ ਅਤੇ ਹਥਿਆਰਾਂ ਵਰਗੇ ਸ਼ਬਦਾਂ ਦਾ ਜ਼ਿਕਰ ਹੁੰਦਾ ਹੈ। ਇਸੇ ਸਬੰਧੀ ਹੀ ਬਲਦੇਵ ਗਰਗ ਦੀ ਟਿਪਣੀ ਹੈ। ਪੰਡਾਲ ਵਿੱਚ ਕਈ ਹੱਸ ਪੈਂਦੇ ਹਨ। ਸਾਥੀ ਨੂੰ ਗੁੱਸਾ ਚੜ੍ਹ ਜਾਂਦਾ ਹੈ,

"ਆਊਗਾ... ਆਊਗਾ ਇਨਕਲਾਬ ਵੀ। ਥੋੜਾ ਤਾਂ ਮੈਨੂੰ ਪਤਾ ਈ ਐ। ਤੁਸੀਂ ਲੁੰਪਨ ਕਲਾਸ ਦੇ ਬੰਦੇ ਓਂ। ਤੁਹਾਡਾ ਖਾਸਾ ਪਤਾ ਮੈਨੂੰ। ਬੁਰੁਜਆਜੀ ਦੀ ਸੇਵਾ ਕਰੀ ਚੱਲੋਂ ਤੁਸੀਂ... ਅਸੀਂ ਤਾਂ ਮਜ਼ਦੂਰ ਕਲਾਸ ਦੇ ਬੰਦੇ ਆ ਭਾਈ ਹਥਿਆਰ ਤਾਂ ਖੜਕਾਵਾਂਗੇ ਈ।" ਸਾਥੀ ਦੇ ਗਰਮ ਤੇਵਰ ਠੰਡੇ ਕਰਨ ਵਾਸਤੇ ਇੱਕ ਦੋ ਲੇਖਕ ਠੰਡਾ ਛਿੜਕਦੇ ਹਨ।

"ਬਲਦੇਵ ਤੇ ਗਰਗ ਮਾਹੌਲ ਨੂੰ ਸੰਜੀਦਾ ਨ੍ਹੀ ਰਹਿਣ ਦਿੰਦੇ।" ਮਹਿੰਦਰ ਪ੍ਰਧਾਨਗੀ ਮੰਡਲ ਵਿੱਚ ਬੈਠੇ ਇਹਨਾਂ ਦੋਵਾਂ ਪ੍ਰਧਾਨਾਂ ਵੱਲ ਇਸ਼ਾਰਾ ਕਰਕੇ, ਗ਼ਜ਼ਲ ਪੜ੍ਹਨ ਲਈ ਕਮਰਕੱਸਾ ਕਰ ਲੈਂਦਾ ਹੈ।

"ਸਾਥੀ ਸਾਹਿਬ, ਇਹ ਤਾਂ ਇੱਕ ਨੀ ਮਾਣ... ਹੁਣ ਤਾਂ ਦੋ ਰਲਗੇ। ਜਦੋਂ ਦੋਵੇਂ ਹੋਣ, ਉਦੋਂ ਨਾ ਪੜ੍ਹਿਆ ਕਰ ਸੰਜੀਦਾ ਰਚਨਾ। ਉਦੋਂ ਤਾਂ ਚੌਂਦੇ ਚੌਂਦੇ ਸ਼ੇਅਰ ਈ ਪੜ੍ਹਿਆ ਕਰ।" ਸੁਰਜੀਤ ਬਰਾੜ ਦੀ ਗੱਲ ਨਾਲ ਸਰੋਤੇ ਖਿੜ ਖਿੜ ਹੱਸਦੇ ਹਨ। ਸਾਥੀ ਦਾ ਵੀ ਹਾਸਾ ਨਿਕਲ ਜਾਂਦਾ ਹੈ। ਉਹ ਮਤਲਾ ਅਰਜ਼ ਹੈ, ਕਹਿੰਦਿਆਂ ਸ਼ੇਅਰਾਂ ਵਿੱਚ ਖੰਡਾ ਖੜਕਾਉਣ ਲੱਗਦਾ ਹੈ। ਗਰਗ ਅਤੇ ਬਲਦੇਵ ਪ੍ਰਧਾਨਗੀ ਮੰਡਲ ਵਿੱਚ ਬੈਠਿਆ ਮੁਸਕੜੀਏਂ ਹੱਸਦੇ ਹਨ।



ਗਰਗ ਮੋਗੇ ਦੇ ਹੀ ਨਹੀਂ, ਪੰਜਾਬ ਦੇ ਵੱਧ ਲਿਖਣ ਅਤੇ ਛਪਣ ਵਾਲੇ ਲੇਖਕਾਂ ਵਿੱਚੋਂ ਹੈ। ਲਗਭਗ ਹਰ ਹਫ਼ਤੇ ਕਿਸੇ ਨਾ ਕਿਸੇ ਅਖ਼ਬਾਰ ਰਿਸਾਲੇ ਵਿੱਚ ਉਸਦੀ ਰਚਨਾ ਛਪਦੀ ਹੈ। ਕੋਈ ਹਫਤਾ ਆਹਲਾ ਨਹੀਂ ਜਾਂਦਾ। ਜਲੰਧਰੋਂ ਛਪਦੇ ਅਖ਼ਬਾਰ ਵਿੱਚ ਹਰ ਹਫਤੇ 'ਗਰਗਬਾਣੀ' ਕਾਲਮ ਵਿੱਚ ਉਸਦਾ ਵਿਅੰਗ ਛਪਦਾ ਹੈ। ਕੇ. ਐਲ. ਗਰਗ ਆਪਣੇ ਅੱਧ ਗੰਜੇ ਸਿਰ ਅਤੇ ਗਾਂਧੀ ਮਾਰਕਾ ਐਨਕਾਂ ਵਾਲੀ ਫੋਟੋ ਨਾਲ ਆਏ ਹਫਤੇ ਆਪਣੀ ਹਾਜ਼ਰੀ ਲਵਾਉਣੀ ਜ਼ਰੂਰੀ ਸਮਝਦਾ ਹੈ। ਹੈਰਾਨੀ ਤਾਂ ਉਸ ਸਮੇਂ ਹੁੰਦੀ ਹੈ ਜਦੋਂ ਗਰਗ ਆਪਣੀ ਇਸ ਰਚਨਾ ਤੋਂ ਮਾਣ ਮਹਿਸੂਸ ਕਰਦਾ ਹੈ। ਉਹ ਹੁੱਬ ਕੇ ਆਖਦਾ ਹੈ, "ਹਫਤਾਵਾਰੀ ਕਾਲਮ 'ਗਰਗਬਾਣੀ' ਪੜ੍ਹਕੇ ਪਾਠਕਾਂ ਦੇ ਫੋਨ ਬੜੇ ਆਉਂਦੇ ਨੇ। ਕਈ ਕਈ ਵਾਰ ਤਾਂ 50-50 ਫੋਨ ਵੀ ਆ ਜਾਂਦੇ ਨੇ।" ਮੈਂ ਮੱਥਾ ਫੜਕੇ ਬੈਠ ਜਾਂਦਾ ਹਾਂ।

ਤੀਜੇ ਪੰਨੇ 'ਤੇ ਛਪੀ ਅਖ਼ਬਾਰੀ ਰਚਨਾ ਦਾ ਇਸ ਤੋਂ ਵੱਡਾ ਹੁੰਗਾਰਾ ਅਤੇ ਇਨਾਮ ਹੋਰ ਕੀ ਹੋ ਸਕਦਾ ਹੈ।" ਵਾਟ ਸਿਕਸਟੀ ਨਾਈਨ" ਵਰਗੇ ਸੰਗ੍ਰਹਿ ਦੀਆਂ ਕਹਾਣੀਆਂ ਲਿਖਣ ਵਾਲਾ ਗਰਗ ਕਿੱਥੇ ਚਲਾ ਗਿਆ? ਗਰਗ ਦੇ ਕਈ ਸਮਕਾਲੀ ਸੱਚ ਹੀ ਤਾਂ ਆਖਦੇ ਨੇ ਕਿ ਗਰਗਬਾਣੀ ਅਤੇ ਉਸਦੇ ਹੋਰ ਕਈ ਅਖ਼ਬਾਰੀ ਵਿਅੰਗਾਂ ਨੇ ਉਸਦੀਆਂ ਬਹੁਤ ਸਾਰੀਆਂ ਕਹਾਣੀਆਂ ਨੂੰ ਖਾ ਲਿਆ ਹੈ। ਪਤਾ ਨਹੀਂ ਗਰਗ ਇਸ ਬਾਰੇ ਕਿਉਂ ਨਹੀਂ ਸੋਚਦਾ। ਕੀ ਪਤਾ ਸੋਚਦਾ ਹੀ ਹੋਵੇ ਕਿ ਪੰਜਾਹ-ਸੱਠ ਫੋਨ ਆਉਣ ਤੋਂ ਬਾਅਦ ਪਕੌੜਿਆਂ ਵਾਲੀ ਰੇਹੜੀ ਤੱਕ ਪਹੁੰਚਣ ਤੋਂ ਸਿਵਾਏ, ਗਰਗਬਾਣੀ ਦਾ ਹੋਰ ਕੋਈ ਵਧੀਆ ਹਸ਼ਰ ਨਹੀਂ ਹੋਣਾ। ਗਰਗ ਨੂੰ ਅਹਿਸਾਸ ਤਾਂ ਹੋਵੇਗਾ ਹੀ ਕਿ ਉਸਦਾ ਗੰਭੀਰ ਪਾਠਕ ਉਸਤੋਂ ਰੱਬ ਝੂਠ ਨਾ ਬੁਲਾਵੇ ਅਤੇ 'ਤਾਊ ਰੰਗੀ ਰਾਮ' ਵਰਗੀਆਂ ਕਹਾਣੀਆਂ ਉਡੀਕਦਾ ਹੈ। ਕਾਸ਼ ! ਗਰਗ ਨੂੰ ਆਪਣੇ ਸੰਜੀਦਾ ਪਾਠਕਾਂ ਦੀ ਭਾਵਨਾ ਸਮਝ ਆ ਜਾਵੇ।

**ਪੋਸਟ ਸਕਰਿਪਟ-**

ਅੱਤਵਾਦ ਦੇ ਦਿਨ ਸਨ। ਬਾਕੀ ਪੰਜਾਬ ਵਾਂਗ ਮੋਗੇ ਸ਼ਹਿਰ ਦੇ ਅਮਨ ਚੈਨ ਨੂੰ ਵੀ ਅੱਗ ਲੱਗੀ ਹੋਈ ਸੀ। ਆਏ ਦਿਨ ਅਤਿਵਾਦੀਆਂ ਦੀਆਂ ਹੁੰਦੀਆਂ ਵਾਰਦਾਤਾਂ ਤੋਂ ਅੱਕੇ ਸ਼ਹਿਰੀਏ ਪੰਜਾਬ ਦੀ ਪੁਲੀਸ ਨੂੰ ਨਲਾਇਕ ਸਮਝਦੇ ਬੁਰਾ ਭਲਾ ਆਖਦੇ ਸਨ। ਪੁਲੀਸ ਦਾ ਅਕਸ ਲੋਕਾਂ ਵਿੱਚ ਕੋਈ ਬਹੁਤਾ ਚੰਗਾ ਨਹੀਂ ਸੀ। ਬਹੁਤਾ ਕੀ ਚੰਗਾ ਹੀ ਨਹੀਂ ਸੀ। ਪੁਲੀਸ ਦਾ ਅਕਸ ਸੁਧਾਰਨ ਲਈ ਜ਼ਿਲ੍ਹਾ ਪੁਲੀਸ ਮੁੱਖੀ ਨੇ ਸ਼ਹਿਰ ਦੇ ਪਤਵੰਤਿਆਂ ਦੀ ਮੀਟਿੰਗ ਬੁਲਾਉਣੀ ਉਚਿਤ ਸਮਝੀ। ਸਮਾਜ ਸੇਵੀ ਵਿਅਕਤੀਆਂ, ਪੱਤਰਕਾਰਾਂ, ਨਗਰ ਕੌਂਸਲਰਾਂ, ਫਰੀਡਮ ਫਾਈਟਰਾਂ, ਸਾਬਕਾ ਸੈਨਕਾਂ ਅਤੇ ਚਲਦੇ ਫਿਰਦੇ ਬੰਦਿਆਂ ਨੂੰ ਬੁਲਾਉਣ ਦੇ ਨਾਲ ਨਾਲ ਲੇਖਕ ਹੋਣ ਦੇ ਨਾਤੇ ਕੇ. ਐਲ. ਗਰਗ ਨੂੰ ਵੀ ਬੁਲਾਉਣਾ ਠੀਕ ਸਮਝਿਆ ਗਿਆ। ਸ਼ਾਇਦ ਪੁਲੀਸ ਮਹਿਕਮੇ ਵਿੱਚ ਗਰਗ ਸਾਹਿਬ ਦਾ ਕੋਈ ਪਾਠਕ ਜਾਂ ਵਿਦਿਆਰਥੀ ਹੀ ਹੋਵੇ। ਗਰਗ ਸਾਹਿਬ ਨੂੰ ਮੀਟਿੰਗ ਵਿੱਚ ਲੈ ਕੇ ਜਾਣ ਲਈ ਦੋ ਬਾਵਰਚੀ ਪੁਲੀਸ ਕਰਮਚਾਰੀ ਉਸਦੇ ਕਿਸ਼ਨਪੁਰਾ ਮੁਹੱਲੇ ਵਾਲੇ ਘਰ ਵਿੱਚ ਆ ਗਏ। ਗਰਗ ਸਾਹਿਬ ਛੇਤੀ ਛੇਤੀ ਤਿਆਰ ਹੋ ਕੇ ਉਹਨਾਂ ਨਾਲ ਤੁਰ ਪਏ। ਮੁਹੱਲੇ ਦੇ ਲੋਕ ਹੈਰਾਨ ਸਨ ਕਿ ਪੁਲਿਸ ਵਾਲੇ ਗਰਗ ਨੂੰ ਕਿੱਥੇ ਅਤੇ ਕਿਉਂ ਲੈ ਕੇ ਜਾ ਰਹੇ ਹਨ। ਪੁਲਿਸ ਨੂੰ ਪੁੱਛਣ ਦਾ ਹੌਸਲਾ ਕੌਣ ਕਰਦਾ? ਉਹਨੀ ਦਿਨੀਂ ਪੁਲੀਸ ਨੂੰ ਪੁੱਛਣ ਪਛਾਉਣ ਦਾ ਰਿਵਾਜ਼ ਵੀ ਨਹੀਂ ਸੀ।

"ਬੰਦਾ ਤਾਂ ਚੰਗਾ ਸੀ... ਕੀ ਗੱਲ ਬਣਗੀ? " ਮੁਹੱਲੇਦਾਰ ਆਪਸ ਵਿੱਚ ਕਾਨਾਫੂਸੀ ਕਰ ਰਹੇ ਸਨ।

"ਐਹੋ ਜਿਹਾ ਕੀ ਕਰਤਾ ਹੋਊ?"

"ਇਹਨੇ ਕੀ ਕਰਨਾ? " ਕਿਸੇ ਭੱਦਰ ਪੁਰਸ਼ ਨੇ ਪਹਿਲੇ ਦੀ ਪੁੱਛ ਦਾ ਜਵਾਬ ਦਿੱਤਾ ਸੀ।

"ਮਾਸਟਰ ਐਂ ਭਾਈ... ਕੀ ਪਤਾ ਲੱਗਦਾ? " ਲੋਕਾਂ ਅੰਦਰ ਚਵਾ ਚਵੀ ਹੁੰਦੀ ਰਹੀ।

ਮੀਟਿੰਗ ਤੋਂ ਆ ਕੇ ਗਰਗ ਨੇ ਵੇਖਿਆ, ਲੋਕ ਉਸਨੂੰ ਹੋਰੂੰ ਹੋਰੂੰ ਜਿਹੀਆਂ ਅੱਖਾਂ ਨਾਲ ਦੇਖ ਰਹੇ ਸਨ। ਭਾਣਾ ਤਾਂ ਵਾਪਰ ਚੁੱਕਾ ਸੀ। ਗਰਗ ਕੀਹਨੂੰ ਕੀਹਨੂੰ ਸਮਝਾਉਂਦਾ? ਪੁਲੀਸ ਦਾ ਅਕਸ ਤਾਂ ਕੀ ਸੁਧਰਨਾ ਸੀ ਵਿਚਾਰੇ ਗਰਗ ਸਾਹਿਬ ਦਾ ਅਕਸ ਜ਼ਰੂਰ ਕਿੰਨਾ ਚਿਰ ਹੀ ਵਿਗੜਿਆ ਰਿਹਾ। ✪

## 'ਅੱਕਰਮਾਸ਼ੀ' ਮੇਰੇ ਸਵੈ ਦੀ ਪੇਸ਼ਕਾਰੀ / ਸ਼ਰਣ ਕੁਮਾਰ ਲਿੰਬਾਲੇ

(ਮਰਾਠੀ ਦਲਿਤ ਸਾਹਿਤ ਦਾ ਲਿੰਬਾਲੇ ਉੱਚੇ ਕੱਦ ਵਾਲਾ ਲੇਖਕ ਹੈ। ਉਸ ਦੇ ਕੱਦ ਜਿੱਡਾ ਮਰਾਠੀ ਵਿਚ ਅਜੇ ਤੱਕ ਲੇਖਕ ਪੈਦਾ ਨਹੀਂ ਹੋਇਆ। 'ਅੱਕਮਾਸ਼ੀ' ਸਵੈ ਜੀਵਨੀ ਲਿਖਣ ਤੇ ਲੇਖਕ ਨੂੰ ਕਿਹੜੇ ਕਿਹੜੇ ਅਨੁਭਵ ਹੰਢਾਉਣੇ ਪਏ, ਕਿਹੜੀਆਂ ਕਿਹੜੀਆਂ ਗੱਲਾਂ ਸੁਣਨੀਆਂ ਪਈਆਂ, ਉਨ੍ਹਾਂ ਦੀ ਕਥਾ ਕਹਿੰਦਾ ਹੈ ਇਹ ਲੇਖ। ਲਿੰਬਾਲੇ ਦੀਆਂ ਧਾਰਨਾਵਾਂ ਪੰਜਾਬੀ ਦਲਿਤ ਸਾਹਿਤ ਤੇ ਇਸੇ ਤਰ੍ਹਾਂ ਲਾਗੂ ਹੁੰਦੀਆਂ ਹਨ। ਇਸੇ ਕਰਕੇ ਇਸ ਛਾਪਣਾ ਜ਼ਰੂਰੀ ਸੀ। -ਸੰਪਾਦਕ)

"ਅੱਕਰਮਾਸ਼ੀ' ਸਿਰਲੇਖ 'ਤੇ ਮੈਂ ਸਵੈ ਜੀਵਨੀ ਲਿਖ ਦਿੱਤੀ। ਬਹੁਤਿਆਂ ਨੇ ਇਸ ਉੱਪਰ ਲਿਖਿਆ, ਮੈਂ ਵੀ ਲਿਖਿਆ। ਇਸ ਦੇ ਸੰਬੰਧ 'ਚ ਬੋਲਦਾ ਵੀ ਰਿਹਾ। ਪ੍ਰੰਤੂ 'ਅੱਕਰਮਾਸ਼ੀ' ਲਿਖਣ ਤੋਂ ਬਾਅਦ ਦੀ ਆਪਣੀ ਮਾਨਸਿਕਤਾ ਦੇ ਸੰਬੰਧ 'ਚ ਮੈਂ ਚੁੱਪ ਹੀ ਰਿਹਾ। ਦਰਅਸਲ ਉਸ ਮਾਨਸਿਕਤਾ ਨੇ ਮੈਨੂੰ ਇਹ ਸਵੈ -ਜੀਵਨੀ ਲਿਖਣ 'ਤੇ ਮਜਬੂਰ ਕੀਤਾ ਸੀ।

ਪਿੰਡ 'ਚ ਅੰਬੇਡਕਰ ਜੈਅੰਤੀ ਮਨਾਈ ਜਾਂਦੀ ਸੀ। ਇਹ ਜੈਅੰਤੀ ਵੀ ਸਾਨੂੰ ਇਕ ਸਮਾਰੋਹ ਲੱਗਦੀ । ਸਵੈ-ਅਭਿਮਾਨ, ਜਾਗ੍ਰਤੀ, ਜਾਤੀ-ਵਿਰੋਧੀ ਭਾਵਨਾ, ਮਾਨਵਵਾਦੀ ਆਦਿ ਗੱਲਾਂ ਦਾ ਪ੍ਰਚਾਰ ਇਸ 'ਚ ਕਦੇ ਨਹੀਂ ਹੁੰਦਾ ਸੀ। ਪਰ ਇਹ ਸੱਚ ਹੈ ਕਿ ਬਾਬਾ ਸਾਹਿਬ ਦੀ ਸ਼ੋਭਾ ਯਾਤਰਾ ਜਦੋਂ ਨਿਕਲਦੀ, ਉਦੋਂ ਅਸੀਂ ਸਾਰੇ ਉਸ 'ਚ ਖੂਬ ਨੱਚਦੇ, ਨਾਅਰੇ ਲਗਾਉਂਦੇ। ਇਹ ਸਾਰਾ ਪ੍ਰਸੰਗ ਸਾਨੂੰ ਰੁਮਾਂਚਿਤ ਕਰਦਾ ਸੀ। ਕੱਲ੍ਹ ਤੀਕਰ ਜਿਸ ਰਸਤੇ ਉੱਪਰ ਅਸੀਂ 'ਅਛੂਤ' ਦੇ ਰੂਪ 'ਚ ਬਚ ਬਚ ਕੇ ਚੱਲਦੇ ਸੀ ਕਿ ਕਿਤੇ ਦੂਸਰੇ 'ਤੇ ਸਾਡਾ ਪਰਛਾਵਾਂ ਨਾ ਪੈ ਜਾਵੇ। ਉਥੋਂ ਹੀ ਜੈਅੰਤੀ ਵਾਲੇ ਦਿਨ ਅਸੀਂ ਬਹੁਤ ਨੱਚਦੇ-ਗਾਉਂਦੇ ਪਰ ਠੀਕ ਦੂਜੇ ਦਿਨ ਖੁਦ ਨੂੰ ਅਛੂਤ ਸਮਝ ਕੇ ਉਸ ਰਸਤੇ ਤੋਂ ਲੰਘਦੇ ਧੌਣਾਂ ਨੀਵੀਆਂ ਕਰਕੇ ਚੁੱਪ ਚਾਪ ਨਿਕਲ ਜਾਂਦੇ। ਅੱਜ ਤੱਕ ਵੀ ਮੈਂ ਡਾ. ਬਾਬਾ ਸਾਹਿਬ ਅੰਬੇਡਕਰ ਨੂੰ ਪੂਰੀ ਤਰ੍ਹਾਂ ਪੜ੍ਹਿਆ ਨਹੀਂ ਹੈ, ਪ੍ਰੰਤੂ ਇਸ ਨੂੰ ਪੂਰੀ ਤਰ੍ਹਾਂ ਪੜ੍ਹੇ, ਸਮਝੇ ਅਤੇ ਪਰਨਾਏ ਜਵਾਨਾਂ ਦੇ ਨਾਲ ਮੈਂ ਘੁੰਮਦਾ ਰਿਹਾ ਹਾਂ। ਮੇਰਾ ਵਿਅਕਤਿਤਵ ਵਰਕਰਾਂ ਵਾਲਾ ਨਹੀਂ ਹੈ। ਅੰਦੋਲਨ ਦੇ ਯੋਗ ਨਹੀਂ ਹੈ। ਅਨਿਆਂ, ਅੱਤਿਆਚਾਰ ਕਰਾਂ, ਦਲਿਤਾਂ 'ਤੇ ਹੋਣ ਵਾਲੇ ਅਣ ਮਨੁੱਖੀ ਅਤੇ ਕਰੂਰ ਅਤਿਆਚਾਰਾਂ ਦਾ ਵਿਰੋਧ ਕਰਾਂ। "ਅਸੀਂ ਵੀ ਮਨੁੱਖ ਹਾਂ।" ਇਹ ਚੀਕ ਚੀਕ ਕੇ ਕਹਾਂ। ਅਜਿਹੇ ਵਿਚਾਰ ਮਨ 'ਚ ਉੱਠਣ ਲੱਗੇ। ਇਨ੍ਹਾਂ ਵਿਚਾਰਾਂ ਅਤੇ ਅਨੁਭਵਾਂ 'ਤੇ ਮੇਰਾ ਵਿਅਕਤੀਤਵ ਉਸਰਨ ਲੱਗਾ। ਮਨ 'ਚ ਅੱਤਵਾਦੀ ਭਾਵਨਾਵਾਂ ਉਭਰਨ ਲੱਗੀਆਂ। 'ਹੁਣ ਸਾਨੂੰ ਬੰਦੂਕਾਂ ਮਿਲ ਜਾਣੀਆਂ ਚਾਹੀਦੀਆਂ ਹਨ... ਦੀ ਭਾਵਨਾ ਬੇਚੈਨ ਕਰਨ ਲੱਗੀ।

ਅੰਡਾ ਤੋੜ ਕੇ ਸੱਪ ਜਿਵੇਂ ਬਾਹਰ ਆਉਂਦਾ ਹੈ, ਉਂਝ ਹੀ ਮੈਂ 'ਅੱਕਰਮਾਸ਼ੀ' ਤੋਂ ਬਾਹਰ ਆ ਗਿਆ। ਦਲਿਤ ਸਵੈ ਜੀਵਨੀ ਉੱਪਰ ਸਭ ਤੋਂ ਵੱਡਾ ਦੋਸ਼ ਇਹ ਲਗਾਇਆ ਜਾਂਦਾ ਹੈ ਕਿ ਇਨ੍ਹਾਂ ਦੇ ਲੇਖਕਾਂ ਨੇ ਆਪਣੇ ਭੋਗੇ ਹੋਏ ਦੁੱਖਾਂ ਦੀ ਪੂੰਜੀ ਨੂੰ ਦੁਸ਼ਮਣ ਰਹਿਤ ਕਰਕੇ ਤਕਲੀਫ਼ ਵਾਲਾ ਬਾਜ਼ਾਰ ਸਜਾਇਆ ਹੈ। ਇਸ ਪ੍ਰਕਾਰ ਦਾ ਦੋਸ਼ਾਂ ਦੇ ਮੂਲ 'ਚ ਦਲਿਤ ਸਵੈ-ਜੀਵਨੀ ਦੀ ਪ੍ਰਸਿੱਧੀ ਅਤੇ ਉਨ੍ਹਾਂ ਨੂੰ ਇਨਾਮ ਮਿਲ ਜਾਣ ਦੀਆਂ ਘਟਨਾਵਾਂ ਕਾਰਨ ਰਹੀਆਂ ਹਨ, ਲੱਛਮਣ ਗਾਇਕਵਾੜ ਅਤੇ ਲਛਮਣ ਮਾਨੇ, ਇਨ੍ਹਾਂ ਦੋਵਾਂ ਲੇਖਕਾਂ ਦੀ ਪਹਿਲੀ ਪਹਿਲੀ ਪੁਸਤਕ ਨੂੰ ਸਾਹਿਤ ਅਕਾਦਮੀ ਇਨਾਮ ਮਿਲਿਆ। ਉਨ੍ਹਾਂ ਦੇ ਸਨਮਾਨ ਹੋਣ ਲੱਗੇ। ਦੂਜੇ ਪਾਸੇ ਜ਼ਿੰਦਗੀ ਭਰ ਜੋ ਲਿਖਦੇ ਰਹੇ, ਉਨ੍ਹਾਂ ਨੂੰ ਨਾ ਮਸ਼ਹੂਰੀ ਮਿਲੀ। ਨਾ 'ਇਨਾਮ-ਸਨਮਾਨ'। ਇਸ ਕਾਰਨ ਅਜਿਹੇ ਲੋਕ ਦਲਿਤ ਸਾਹਿਤ ਦੇ ਵਿਰੋਧ 'ਚ ਮਤੇ ਪੇਸ਼ ਕਰਦੇ ਰਹਿੰਦੇ ਹਨ।



'ਦਲਿਤ ਸਵੈ-ਜੀਵਨੀ' ਵਿਦਰੋਹੀ ਹੁੰਦੀ ਹੈ। ਇੱਕ ਦੋਸ਼ ਇਹ ਵੀ ਹੈ। ਅਸਲ ਵਿੱਚ ਇਹ ਵਿਦਰੋਹ ਪਾਠਕਾਂ ਦੀ ਸਮਝ ਅਤੇ ਅਨੁਭਵ ਦੇ ਸੰਸਾਰ ਦੇ ਅਧਾਰਿਤ ਹੁੰਦਾ ਹੈ। ਮਰਾਠੀ ਸਾਹਿਤ ਮੈਨੂੰ ਸ਼ੁੱਧ ਸੱਚਾਈ ਵਾਲਾ ਮਨੋਰੰਜਨ ਪ੍ਰਧਾਨ ਲੱਗਦਾ ਹੈ। ਇਸ ਤਰ੍ਹਾਂ ਹੋਰਨਾਂ ਨੂੰ ਦਲਿਤ ਸਾਹਿਤ ਅਸ਼ਲੀਲ, ਗੰਦਾ ਅਤੇ ਸਨਸਨੀਖੇਜ ਲੱਗ ਸਕਦਾ ਹੈ। "ਕਿਹੋ ਜਿਹਾ ਨਰਕੀ ਜੀਵਨ ਹੈ।" ਇਹ ਹਮਦਰਦੀ ਵਾਲੇ ਬਹੁ-ਬਚਨ ਦੀ ਪ੍ਰਤੀਕ੍ਰਿਆ ਦੇ ਮੂਲ 'ਚ ਕਿਤੇ ਇਹ ਮਨ ਨੂੰ ਸੰਤੁਸ਼ਟੀ ਵੀ ਹੁੰਦੀ ਹੈ, ਕਿ 'ਅਸੀਂ ਇਨ੍ਹਾਂ ਤੋਂ ਕਿੰਨੇ ਸੁੱਖੀ ਹਾਂ। ਇਹ ਅਸਲੀਅਤ ਹੈ ਕਿ ਹੁਣ ਲਾਇਬ੍ਰੇਰੀਆਂ ਦੀਆਂ ਅਲਮਾਰੀਆਂ 'ਚ ਦਲਿਤ ਸਾਹਿਤ ਦੀ ਸੁਤੰਤਰ ਉਪਲੱਬਧੀ ਕਰਨੀ ਪੈ ਰਹੀ ਹੈ। 'ਇਹ ਕਹਿਣ ਲਈ ਮੈਂ ਇਹਨੂੰ ਪੜ੍ਹਿਆ ਹੈ, ਇਹ ਲੀਕ ਤੋਂ ਕੁਝ ਵੱਖਰੀ ਹੈ? ' ਇਸ ਲਈ ਦਲਿਤ ਸਾਹਿਤ ਪੜ੍ਹਿਆ ਜਾ ਰਿਹਾ ਹੈ। ਇਸ ਦਾ ਇੱਕ ਦੂਜਾ ਪਹਿਲੂ ਵੀ ਹੈ। ਦਲਿਤ ਪਾਠਕਾਂ ਨੂੰ ਦਲਿਤ ਸਵੈ ਜੀਵਨੀ ਕਦੇ ਵੀ ਪ੍ਰਭਾਵਿਤ ਨਹੀਂ ਕਰ ਸਕੀ। ਸਗੋਂ ਉਨ੍ਹਾਂ ਦਾ ਦੋਸ਼ ਹੈ ਕਿ "ਇਹ ਲੇਖਕ ਸਾਡੇ ਸਮਾਜ ਨੂੰ ਖੁੱਲ੍ਹੇਆਮ ਨੰਗਾ ਕਰ ਰਹੇ ਹਨ।" ਮੱਧਵਰਗੀ ਪਾਠਕਾਂ ਨੂੰ ਇਹ ਸਵੈ ਜੀਵਨੀਆਂ ਧਮਾਕੇ ਵਾਲੀਆਂ ਲੱਗਦੀਆਂ ਹਨ ਅਤੇ ਪ੍ਰਕਾਸ਼ਕਾਂ ਨੂੰ ਖਰੀਦ ਦੀ ਵਸਤੂ।"

ਰਾਖਵਾਂਕਰਨ ਦੇ ਕਾਰਨ ਜਿਹਨਾਂ ਨੂੰ ਨੌਕਰੀ ਮਿਲੀ ਹੈ, ਉਹ ਦਲਿਤ ਆਪਣਾ ਭੂਤਕਾਲ ਨਿੱਡਰਤਾ ਨਾਲ ਕਹਿਣਾ ਨਹੀਂ ਚਾਹੁੰਦੇ। ਇਹ ਗ਼ਲਤ ਹੈ। ਆਪਣੇ ਭੂਤਕਾਲ ਨੂੰ ਨਿੱਡਰਤਾ ਨਾਲ ਕਹਿਣ ਦੀ ਜ਼ਰੂਰਤ ਹੈ। ਗੁਲਾਮ ਪ੍ਰੰਪਰਾ ਦੀ ਵੀ ਚਰਚਾ ਹੋਣੀ ਚਾਹੀਦੀ ਹੈ।

'ਓਪਰਾ' ਅਤੇ 'ਉਚੱਲਆ' (ਸਵੈ ਜੀਵਨੀਆਂ) ਨੂੰ ਸਾਹਿਤ ਅਕਾਦਮੀ ਨੇ ਇਨਾਮ ਵੀ ਦਿੱਤੇ। ਇਸ ਕਾਰਨ ਅਨੇਕ ਪਾਠਕ ਹੈਰਾਨ ਹੋ ਗਏ। ਕਿਸੇ ਵਧੀਆ ਕਲਾਕ੍ਰਿਤ ਦਾ ਸਨਮਾਨ ਹੋਣਾ ਕੀ ਗਲਤ ਹੈ? ਆਰਥਿਕ ਲਾਭ ਤੋਂ ਅੱਗੇ ਜਾ ਕੇ ਅਸੀਂ ਇਨਾਮ ਦੇ ਵੱਲ ਕਿਉਂ ਨਹੀਂ ਦੇਖਦੇ? ਅਜਿਹਾ ਹੀ ਸਨਮਾਨ ਸਵਰਨ ਮਰਾਠੀ ਲੇਖਕਾਂ ਨੂੰ ਮਿਲ ਜਾਵੇ ਤਾਂ ਕੋਈ ਟੀਕਾ ਟਿੱਪਣੀ ਨਹੀਂ ਹੁੰਦੀ। ਦਲਿਤ ਲੇਖਕ ਵੱਡੇ ਇਨਾਮ ਨਾਲ ਸਨਮਾਨਿਤ ਹੋਇਆ ਅਤੇ ਉਸ ਨੂੰ ਬਹੁਤ ਪੈਸਾ ਮਿਲਿਆ, ਟੀਕਾ-ਟਿੱਪਣੀ ਸ਼ੁਰੂ ਹੋ ਗਈ। ਦਲਿਤ ਲੇਖਕ ਕਦੇ ਇਨਾਮ ਮੰਗਣ ਨਹੀਂ ਜਾਂਦਾ। ਸਾਹਿਤ ਅਕਾਦਮੀ ਦੇ ਇਨਾਮ ਦੀ ਸੂਚਨਾ 'ਉਚੱਲਆ' (ਪਨਾਹਗੀਰ) ਦੇ ਲੇਖਕ ਲਛਮਣ ਗਾਇਕਵਾੜ ਨੂੰ ਦੂਜੇ ਦਿਨ ਮਿਲੀ। 'ਸਾਹਿਤ ਅਕਾਦਮੀ' ਹੈ ਕਿਹੜੀ ਬਲਾ, ਏਥੋਂ ਤੱਕ ਉਸ ਨੂੰ ਪਤਾ ਨਹੀਂ ਸੀ।

ਇਸ ਕਾਰਨ 'ਬਲੂਤ' (ਅਛੂਤ) ਛਪਣ ਦੇ ਬਾਅਦ ਦਯਾ ਪਵਾਰ ਦੀ 'ਓਪਰਾ' ਦੇ ਕਾਰਨ ਲਛਮਣ ਮਾਨੇ, ਨੂੰ 'ਉਚਲੱਆ' ਦੇ ਦੇ ਕਾਰਨ ਲਛਮਣ ਗਾਇਕਵਾੜ ਨੂੰ ਕਈ ਪ੍ਰਕਾਰ ਦੀਆਂ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ। ਲਛਮਣ ਇੱਕ ਦਿਨ ਮੈਨੂੰ ਕਹਿ ਰਿਹਾ ਸੀ, "ਸ਼ਰਣ ਇੱਕ ਲੱਖ ਰੁਪਏ ਬਹੁਤ ਮਹਿੰਗੇ ਪਏ, ਇੱਕ ਇੱਕ ਰੁਪਏ 'ਚ ਇਕ ਇਕ ਗਾਲ੍ਹ ਪਈ।"

'ਦਲਿਤ ਲੇਖਕ ਆਲੀਸ਼ਾਨ ਬੰਗਲਿਆਂ 'ਚ ਰਹਿੰਦੇ ਹਨ, ਉਸ ਦੀ ਪ੍ਰਤੀਬੱਧਤਾ ਖ਼ਤਮ ਹੋ ਗਈ। ' ਅਜਿਹਾ ਸ਼ੋਰ ਵੀ ਹੁੰਦਾ ਹੈ। ਸਾਰੇ ਦਲਿਤ ਲੇਖਕ ਬੰਗਲੇ 'ਚ ਨਹੀਂ ਰਹਿੰਦੇ। ਮੇਰੇ ਸੰਦਰਭ 'ਚ ਗੱਲ ਹੋਵੇ ਤਾਂ ਮੈਂ ਅੱਜ ਵੀ ਕਿਰਾਏ ਦੇ ਮਕਾਨ 'ਚ ਰਹਿੰਦਾ ਹਾਂ। 'ਦਲਿਤ ਲੇਖਕ ਜ਼ਿੰਦਗੀ ਭਰ ਝੌਂਪੜੀ 'ਚ ਹੀ ਰਹੇ, ਇਹ, ਕਿਹੜਾ ਨਿਆਂ ਹੈ? '

'ਅੱਕਰਮਾਸ਼ੀ' ਸਿਰਲੇਖ ਉੱਤੇ ਢੇਰ ਸਾਰੇ ਸਵਾਲ ਉਠਾਏ ਗਏ ਸੀ। ਪੁਸਤਕ ਦਾ ਸਿਰਲੇਖ ਖਿੱਚ ਪਾਊ ਹੋਣਾ ਚਾਹੀਦਾ ਹੈ, ਇਹ 'ਅੱਕਰਮਾਸ਼ੀ' ਤਾਂ ਇੱਕ ਗਾਲ੍ਹ ਹੈ। ... ਕਿਸੇ ਪੁਸਤਕ ਦਾ ਸਿਰਲੇਖ ਗਾਲ੍ਹ ਨਾਲ ਕਿਉਂ ਨਹੀਂ ਦਿੱਤਾ ਜਾ ਸਕਦਾ।

'ਅੱਕਰਮਾਸ਼ੀ' ਦਾ ਸ਼ਬਦ ਇੱਕ ਅਰਥ ਹੈ... ਗਿਆਰਾਂ ਮਾਸ਼ੇ। ਬਾਰਾਂ ਮਾਸ਼ੇ ਦੀ ਘਾਟ ਕਿਉਂ "ਅੱਕਰਮਾਸ਼ੀ'

ਵਿਅਕਤੀ ਦੀ ਵੀ ਅਜਿਹੀ ਸਥਿਤੀ ਹੁੰਦੀ ਹੈ, ਉਸ ਦੀ ਜਨਮ ਪ੍ਰਪੰਰਿਕ ਸੰਬੰਧਾਂ (ਪਤੀ ਪਤਨੀ) ਤੋਂ ਨਹੀਂ ਹੁੰਦਾ।

'ਅੱਕਰਮਾਸ਼ੀ' 'ਚ ਪੇਸ਼ ਭਾਸ਼ਾ ਨੂੰ ਲੈ ਕੇ ਵੀ ਅਨੇਕਾਂ ਸਵਾਲ ਉਠਾਏ ਗਏ। ਇਕ ਸਵਾਲ ਇਹ ਸੀ ਕਿ 'ਅੱਕਰਮਾਸ਼ੀ' ਦੀ ਭਾਸ਼ਾ ਜੇਕਰ ਸੱਭਿਆ ਭਾਸ਼ਾ ਹੁੰਦੀ। ਕਿੰਤੂ ਠੀਕ ਹੈ, 'ਅੱਕਰਮਾਸ਼ੀ' 'ਚ ਕਥਿਤ ਗੰਦੀ ਬਸਤੀ ਦੀ ਭਾਸ਼ਾ ਦਾ ਜਿਸ ਪ੍ਰਕਾਰ ਜ਼ਿਕਰ ਹੋਇਆ ਹੈ, ਠੀਕ ਉਸ ਪ੍ਰਕਾਰ ਅਤਿਅੰਤ ਤਰਲ ਅਤੇ ਸੂਖਮ ਕਾਵਿ ਭਾਸ਼ਾ ਦਾ ਵੀ ਪ੍ਰਯੋਗ ਹੋਇਆ ਹੈ। ਮੈਂ "ਅੱਕਰਮਾਸ਼ੀ" ਨੂੰ ਇੱਕ ਕਲਾਕ੍ਰਿਤ ਦੇ ਰੂਪ ਵਿੱਚ ਨਹੀਂ ਦੇਖਦਾ। ਇਹ ਇੱਕ ਦਸਤਾਵੇਜ਼ ਹੈ। 'ਅੱਕਰਮਾਸ਼ੀ' ਨੂੰ ਮਰਾਠੀ ਵਿੱਚ ਛਪਿਆ ਪੂਨੇ ਦੇ ਸ੍ਰੀ ਵਿਦਿਆ ਪ੍ਰਕਾਸ਼ਨ ਨੇ। ਉਨ੍ਹਾਂ ਦਿਨਾਂ 'ਚ ਮੈਂ ਉੱਥੇ ਨੌਕਰੀ ਕਰਦਾ ਸੀ। ਉਸ ਸੋਲਾਪੁਰ 'ਚ ਇਸ ਸਵੈ ਜੀਵਨੀ ਨੂੰ ਲੈ ਕੇ ਕਿਸ ਪ੍ਰਕਾਰ ਦੀ ਚਰਚਾ ਚੱਲ ਰਹੀ ਸੀ। ਪਤਾ ਹੈ? "ਆਪਣੀ ਸਵੈ ਜੀਵਨੀ ਛਪਵਾਉਣ ਲਈ ਲਿੰਬਾਲੇ ਨੇ ਪ੍ਰਕਾਸ਼ਕ ਨੂੰ ਦਸ ਹਜ਼ਾਰ ਰੁਪਏ ਦਿੱਤੇ ਹਨ।" ਅਜਿਹੇ ਫਤਵੇ ਦੇਣ ਵਾਲੇ ਸ਼ਾਇਦ ਮੈਨੂੰ ਬਹੁਤ ਅਮੀਰ ਸਮਝਦੇ ਹਨ। ਦਸ ਹਜ਼ਾਰ ਰੁਪਏ ਕਿੰਨਾ ਵੱਡਾ ਸੁਪਨਾ ਹੈ। ਮੈਂ ਹਮੇਸ਼ਾਂ ਲਾਟਰੀ ਦੀ ਟਿਕਟ ਲੈਂਦਾ ਰਿਹਾ ਹਾਂ। ਅਨੇਕ ਸੁਪਨੇ ਦੇਖਦਾ ਰਿਹਾ ਹਾਂ। ਪ੍ਰੰਤੂ ਅੱਜ ਤੀਕਰ ਕਦੇ ਵੀ ਪੰਜ-ਦਸ ਰੁਪਏ ਤੋਂ ਵੱਧ ਦੀ ਲਾਟਰੀ ਨਹੀਂ ਨਿਕਲੀ। ਮੇਰੇ ਸਰੀਰ 'ਤੇ ਪੂਰੇ ਕੱਪੜੇ ਵੀ ਨਹੀਂ ਹੁੰਦੇ, ਹੋਟਲ 'ਚ ਮੈਂ ਜਦ ਚਾਹ ਦੇ ਲਈ ਜਾਂਦਾ ਹਾਂ।" ਮੈਨੂੰ ਵੇਟਰ ਸਮਝ ਕੇ ਲੋਕਾਂ ਨੇ ਆਰਡਰ ਦਿੱਤਾ ਹੈ। ਮੇਰੇ ਇਕ ਲਿੰਗਯੰਤ ਮਿੱਤਰ ਨੇ ਮੈਨੂੰ ਕਿਹਾ, "ਤੂੰ ਲਿੰਗਯੰਤ ਹੈ, ਵੀਰ ਯੋਧਾ-ਧਰਮ ਸ਼੍ਰੇਸ਼ਟ ਹੈ, ਤੂੰ ਦਲਿਤ ਸਾਹਿਤ ਲਿਖਣਾ ਬੰਦ ਕਰ ਦੇ। ਸ਼ਿਵ ਜੀ ਦੇ ਭੇਦਾਂ ਦਾ ਅਧਿਐਨ ਕਰ ਅਤੇ ਲਿਖ।"

ਇਕ ਅਧਿਆਪਕਾ ਕਹਿ ਰਹੀ ਸੀ, "ਆਪ ਤਾਂ ਅਜੇ ਬਹੁਤ ਜਵਾਨ ਲੱਗਦੇ ਹੋ, ਅਜਿਹੀ ਜ਼ਿੰਦਗੀ ਆਪ ਨੇ ਭੋਗੀ, ਅਜਿਹਾ ਮੈਨੂੰ ਨਹੀਂ ਲੱਗਦਾ।" ਸਵੈ ਜੀਵਨੀ ਲਿਖਣ ਦੇ ਲਈ 50-60 ਸਾਲ ਦੀ ਉਮਰ ਤਾਂ ਹੋਣੀ ਹੀ ਚਾਹੀਦੀ ਹੈ ਤੇ ਮੇਰੇ ਅਜੇ ਦਾੜ੍ਹੀ ਮੁੱਛਾਂ ਵੀ ਨਹੀਂ ਫੁੱਟੀਆਂ ਸੀ ਕਿ ਮੈਂ ਸਵੈ ਜੀਵਨੀ ਲਿਖਣ ਬੈਠ ਗਿਆ। ਇਸ ਕਾਰਨ ਹੈਰਾਨ ਰਹਿ ਜਾਂਦੇ ਹਨ, "ਬਈ ਹੈਰਾਨੀ ਹੋ ਰਹੀ ਹੈ, ਸਾਨੂੰ ਤਾਂ ਲੱਗਦਾ ਸੀ ਆਪ ਕਾਫੀ ਵੱਡੀ ਉਮਰ ਦੇ ਤੇ ਮੋਟੇ ਤਾਜ਼ੇ ਹੋਊਗੇ।" ਲੇਖਕ ਦੀ ਉਮਰ, ਉਸ ਦਾ ਸਰੀਰਕ ਪਹਿਰਾਵਾ ਆਦਿ ਨੂੰ ਲੈ ਕੇ ਸਾਡੇ ਏਥੇ ਵਚਿੱਤਰ ਅਤੇ ਬੂਹੇ ਬੰਦ ਕਲਪਨਾਵਾਂ ਹਨ।

"ਅੱਕਰਮਾਸ਼ੀ 'ਚ ਕੁਝ ਇਸਤਰੀਆਂ ਪੂਰੇ ਵਿਸਥਾਰ ਨਾਲ ਆਈਆਂ ਹਨ, ਇਹ ਇਸਤਰੀਆਂ ਕੌਣ ਹਨ? ਮੇਰੀ ਮਿੱਤਰ ਮੰਡਲੀ ਅਤੇ ਪਿੰਡ ਵਾਲਿਆਂ ਲਈ ਇਹ ਮਸਾਲੇ ਵਾਲੀ ਗੱਲ ਸੀ। ✪





ਕਵਿਤਾ ਦੀ ਭੀੜ 'ਚ ਵੱਖਰਾ ਖਲੋਤਾ ਸੰਗ੍ਰਹਿ
ਖਾਲੀ ਥਾਵਾਂ ਟੱਪਦਿਆਂ
ਮਨਦੀਪ ਸਨੇਹੀ
ਮਨਦੀਪ ਸਨੇਹੀ ਦੀ ਕਵਿਤਾ ਸਰਲ-ਪਠਨ ਦੀ ਕਵਿਤਾ ਨਹੀਂ ਹੈ। ਇਹ ਕਵਿਤਾ ਪੜ੍ਹਦਿਆਂ ਪਾਠਕ ਸੁਸਤਾ ਨਹੀਂ ਸਕਦਾ ਤੇ ਨਾ ਹੀ ਰਵਾਇਤੀ ਦਾਦ ਦੇ ਕੇ ਜਾਂ ਨਕਾਰ ਕੇ ਇਸ ਨੂੰ ਆਪਣੇ ਧਿਆਨ ਦੇ ਕੇਂਦਰ ਤੋਂ ਪਰ੍ਹਾਂ ਸਰਕਾ ਸਕਦਾ ਹੈ। ਆਕਾਰ ਵਿੱਚ ਨਿੱਕੀਆਂ ਇਹ ਕਵਿਤਾਵਾਂ, ਲਿਖੇ ਸ਼ਬਦਾਂ ਨੂੰ ਬਹੁਤ ਦੂਰ ਤੱਕ ਫੈਲਾਉਂਦੀਆਂ, ਕਵਿਤਾਂ ਦੇ ਸੁਚੇਤ ਪਾਠਕ ਅੰਦਰ ਇਸ ਕਾਵਿ ਤਲਿਸਮ ਨੂੰ ਹੋਰ ਜਾਨਣ ਦੀ ਉਤਸੁਕਤਾ ਜਗਾਉਂਦੀਆਂ ਹਨ। - ਹਰਵਿੰਦਰ ਭੰਡਾਲ
ਮੁੱਲ : 80, ਪੰਨੇ :80
*ਪ੍ਰਕਾਸ਼ਕ:ਪੰਜ ਆਬ ਪ੍ਰਕਾਸ਼ਕ, ਜਲੰਧਰ*




# ਜਨਬੋਧ



Jean Paul Sartre&
Simone de Beauvoir

## ਸਾਰਤਰ ਦੇ ਜੀਵਨ 'ਚ ਔਰਤਾਂ ਇਕ ਖੁੱਲਾਂ ਖੁਲਾਸਾ

**(ਫ੍ਰਾਸ ਦੇ ਮਹਾਨ ਅਸਤਿਤਵਵਾਦੀ ਚਿੰਤਕ ਜਾਅ ਪਾਲ ਸਾਰਤਰ ਅਤੇ ਉਸਦੀ ਸਮਕਾਲੀ ਪ੍ਰਮੁੱਖ ਨਾਰੀਵਾਦੀ ਰਚਨਾਕਾਰ 'ਸੈਕਿੰਡ ਸੈਕਸ' ਪੁਸਤਕ ਦੀ ਲੇਖਿਕਾ ਆਪਣੇ ਮਿੱਤਰ ਸਿਮੋਨ ਦ ਬੋਓਵਾਰ ਨਾਲ ਦਿਲ ਦੀਆਂ ਗਹਿਰਾਈਆਂ ਨੂੰ ਛੂਹ ਜਾਣ ਵਾਲੀ ਮੁਲਾਕਾਤ)**



**ਚਿੰਤਕ ਜਾਅ ਪਾਲ ਸਾਰਤਰ ਨਾਲ ਉਸ ਦੀ ਮਿੱਤਰ ਸਿਮੋਨ ਦ ਬੋਓਵਾਰ**

**ਸਿਮੋਨ-ਆਓ ਤੁਹਾਡੇ ਪਿਆਰੇ ਵਿਸ਼ੇ ਔਰਤਾਂ ਦੇ ਸੰਬੰਧਾਂ ਦੇ ਬਾਰੇ ਵਿਚ ਗੱਲਬਾਤ ਕਰੀਏ ! ਬਚਪਨ ਤੋਂ ਆਰੰਭ ਕਰੀਏ?**

ਸਾਰਤਰ-ਸੱਚਮੁਚ ਬਚਪਨ ਤੋਂ ਹੀ-ਹਕੀਕਤ ਵਿਚ ਵੀ ਅਤੇ ਸੁਪਨਿਆ ਵਿਚ ਵੀ, ਉਹ ਮੇਰੇ ਦਿਮਾਗ਼ ਤੇ ਛਾਈਆਂ ਰਹਿੰਦੀਆਂ ਸਨ। ਛੇ ਸੱਤ ਸਾਲ ਦੀ ਉਮਰ ਵਿਚ ਹੀ, ਲੜਕੀਆਂ ਮੇਰੀਆਂ ਮਿੱਤਰ ਬਣਨੀਆਂ ਸ਼ੁਰੂ ਹੋ ਗਈਆਂ ਸਨ। ਵਿਕੀ 'ਚ ਚਾਰ-ਪੰਜ ਸੀ। ਆਕਰਚਾਨ 'ਚ ਤਾਂ ਲੱਕੜੀ ਦੀ ਇਕ ਰੰਗ ਬਿਰੰਗੀ ਬੇੜੀ 'ਚ ਪਤਵਾਰ ਫੜੀ ਹੋਇਆ ਮੇਰੀ ਇਕ ਫੋਟੋ ਵੀ ਖਿੱਚੀ ਗਈ ਸੀ। ਉਹ ਫੋਟੋ ਮੈਂ ਉਸ ਲੜਕੀ ਨੂੰ ਦਿਖਾਈ ਤਾਂ ਉਹ ਬਹੁਤ ਖੁਸ਼ ਹੋਈ। ਬੇਹੱਦ ਖੁਸ਼ਮਿਜ਼ਾਜ ਲੜਕੀ ਸੀ ਉਹ। ਤਪਦਿਕ ਦੀ ਮਰੀਜ਼ ਹੋਣ ਕਾਰਨ ਉਹ ਆਪਣੀ ਵੀਲ੍ਹ ਚੇਅਰ ਉੱਤੇ ਸੁਸਤ ਜਿਹੀ ਪਈ ਰਹਿੰਦੀ ਸੀ। ਅਫ਼ਸੋਸ ਕਿ ਕੁਝ ਦਿਨ੍ਹਾਂ ਤੋਂ ਬਾਅਦ ਹੀ ਉਹ ਮਰ ਗਈ।

**ਸਿਮੋਨ-ਉਸ ਮੌਤ ਦੀ ਤੈਨੂੰ ਕਾਫੀ ਤਕਲੀਫ਼ ਹੋਈ ਹੋਵੇਗੀ?**

ਸਾਰਤਰ-ਐਨਾ ਤਾਂ ਚੇਤੇ ਨਹੀਂ। ਇਹ ਜ਼ਰੂਰ ਚੇਤੇ ਹੈ ਕਿ ਉਸਦੀ ਮੌਤ 'ਤੇ ਉਸ ਦੇ ਲਈ ਲਿਖੀਆਂ ਕੁਝ ਕਵਿਤਾਵਾਂ ਮੈਂ ਆਪਣੇ ਦਾਦਾ ਨੂੰ ਭੇਜੀਆਂ ਸਨ। ਕਾਫੀ ਬੇਸਿਰ ਪੈਰ ਦੀਆਂ ਕਵਿਤਾਵਾਂ ਸਨ।

**ਸਿਮੋਨ- ਇਕ ਬੱਚੇ ਦੀਆਂ ਕਵਿਤਾਵਾਂ?**

ਸਾਰਤਰ-ਇਸ ਛੇ ਸਾਲ ਦੇ ਬੱਚੇ ਦੀਆਂ ਕਵਿਤਾਵਾਂ ਜਿਸ ਨੂੰ ਲੈਅ ਅਤੇ ਰਿਦਮ ਦਾ ਕੋਈ ਗਿਆਨ ਨਹੀਂ, ਫਿਰ ਵੀ ਮੈਂ ਉਸ ਲਈ ਗੀਤ ਲਿਖੇ। ਉਸ ਤੋਂ ਇਲਾਵਾ ਉਸ ਥਾਂ 'ਤੇ ਬਹੁਤ ਸਾਰੀਆਂ ਲੜਕੀਆਂ ਸਨ। ਜਿਨ੍ਹਾਂ ਦੇ ਨਾਲ ਭਾਵੇਂ ਕਿ ਕੋਈ ਗੱਲ ਬਾਤ ਨਹੀਂ ਸੀ, ਫਿਰ ਵੀ ਉਨ੍ਹਾਂ ਨਾਲ ਰੋਮਾਸ ਕਰਨ ਦੀ ਇੱਛਾ ਰਹਿੰਦੀ ਸੀ।

**ਸਿਮੋਨ-ਉਸ ਕੱਚੀ ਉਮਰ ਵਿਚ ਅਜਿਹੀ ਖਾਹਸ ਕਿਵੇਂ ਪੈਦਾ ਹੋਈ? ਕੀ ਤੇਰੇ ਬਹੁਤ ਹੀ ਕਿਤਾਬੀ ਕੀੜਾ ਹੋਣ ਕਰਕੇ ਸੀ।**

ਸਾਰਤਰ-ਸਾਇਦ! ਮੈਨੂੰ ਇਕ ਘਟਨਾ ਚੇਤੇ ਹੈ ਹਾਲਾਂਕਿ ਇਹ ਘਟਨਾ ਦੂਜੇ ਬੱਚਿਆਂ ਨਾਲ ਵੀ ਬੀਤੀ ਹੋਈ ਹੋਵੇਗੀ। ਜਦੋਂ ਮੈਂ ਕਰੀਬ ਪੰਜ ਸਾਲ ਦਾ ਸੀ, ਜਦੋਂ ਮੇਰੇ ਮਾਤਾ ਪਿਤਾ ਅਤੇ ਦਾਦਾ ਦਾਦੀ ਨੇ

ਮੈਨੂੰ ਸਵਿਟਰਲੈਂਡ 'ਚ ਇਕ ਪਰਿਵਾਰ ਦੇ ਕੋਲ ਛੱਡ ਦਿੱਤਾ ਸੀ। ਉਹ ਪਰਿਵਾਰ ਇਕ ਝੀਲ ਦੇ ਕਿਨਾਰੇ ਰਹਿੰਦਾ ਸੀ। ਉਨ੍ਹਾਂ ਦੀ ਇਕ ਛੋਟੀ ਬੱਚੀ ਸੀ ਅਤੇ ਮੈਂ ਉਸ ਬੱਚੀ ਦੇ ਕਮਰੇ ਵਿਚ ਸੌਂਦਾ ਸੀ। ਅਸੀਂ ਤਾਕੀ ਵਿਚੋਂ ਝੀਲ ਨੂੰ ਦੇਖਦੇ ਸੀ ਅਤੇ ਇਕ ਖੇਡ ਖੇਡਦੇ ਸੀ-ਡਾਕਟਰ ਅਤੇ ਮਰੀਜ਼। ਉਹ ਮਰੀਜ਼ ਬਣਦੀ ਸੀ ਅਤੇ ਮੈਂ ਡਾਕਟਰ। ਇਕ ਵਾਰ ਮੈਂ ਉਸ ਨੂੰ ਅਨੀਮਾ ਦਿੱਤਾ। ਅਨੀਮਾ ਲਗਾਉਣ ਦੇ ਲਈ ਉਸ ਨੇ ਆਪਣੀ ਨਿੱਕੀ ਜਿਹੀ ਚੱਡੀ ਲਾਹੀ ਅਤੇ ਫਿਰ ਅੱਗੇ ਦੀਆਂ ਕ੍ਰਿਆਵਾ ਹੋਈਆਂ। ਅਨੀਮਾ ਦੇਣ ਦੇ ਲਈ ਮੇਰੇ ਕੋਲ ਇਕ ਨੋਜ਼ਲ ਕਿਸਮ ਦਾ ਸੰਦ ਸੀ ਜਿਹੜਾ ਮੈਂ ਉਸ ਦੇ ਲਗਾਇਆ ਅਤੇ ਜਿਸ ਦੀ ਮੈਂ ਕਦੀ ਕਦੀ ਆਪਣੇ ਲਈ ਵਰਤੋ ਕਰਦਾ ਸੀ। ਇਹ ਮੇਰੀ ਉਸ ਛੋਟੀ ਜਿਹੀ ਉਮਰ ਦੀਆਂ ਯੌਨ ਕ੍ਰਿਆਵਾਂ ਦੀ ਯਾਦਾਂ ਹੈ।

**ਸਿਮੋਨ-ਉਸ ਲੜਕੀ ਨੂੰ ਚੰਗਾ ਲੱਗਾ?**

ਸਾਰਤਰ-ਕਹਿ ਨਹੀਂ ਸਕਦਾ, ਫਿਰ ਵੀ ਉਸ ਨੇ ਮੈਨੂੰ ਰੋਕਿਆ ਨਹੀਂ ਅਤੇ ਮੇਰੇ ਵਿਚਾਰ ਅਨੁਸਾਰ ਉਸ ਨੂੰ ਚੰਗਾ ਵੀ ਲੱਗਾ ਸੀ। ਫਿਰ ਤਕਰੀਬਨ ਨੌਂ ਸਾਲ ਦੀ ਉਮਰ ਤੱਕ ਮੇਰੇ ਅਜਿਹੇ ਸੰਬੰਧ ਰਹੇ ਜਿਸ ਵਿਚ ਉਕਸਾਉਣ ਅਤੇ ਕਰਨ ਦੀ ਮੁੱਖ ਭੂਮਿਕਾ ਮੈਂ ਹੀ ਨਿਭਾਉਂਦਾ ਰਿਹਾ। ਮੈਂ ਕਿਤਾਬਾਂ ਵਿਚ, ਪ੍ਰੇਮ ਕਹਾਣੀਆਂ ਵਿਚ ਪੜ੍ਹਿਆ ਸੀ ਕਿ ਕਿਵੇਂ ਲੜਕੀਆਂ ਨੂੰ ਉਕਸਾਇਆ ਜਾਂਦਾ ਹੈ ਅਤੇ ਮੈਂ ਉਨ੍ਹਾਂ ਤਰੀਕਿਆਂ ਨੂੰ ਅਜਮਾਉਂਦਾ ਵੀ ਸੀ। ਹਮਉਮਰ ਲੜਕੀਆਂ ਦੇ ਮੋਢਿਆ 'ਤੇ ਲੱਕ ਦੁਆਲੇ ਹੱਥ ਪਾ, ਫੁੱਲਾਂ, ਚੰਦ-ਤਾਰਿਆਂ ਦੀਆਂ ਗੱਲਾਂ ਕਰਦਾ ਸੀ ਅਤੇ ਦੁਨੀਆਂ ਦੀ ਖੂਬਸੂਰਤੀ ਦੇ ਕਸੀਦੇ ਪੜ੍ਹਦਾ ਸੀ।

ਪੈਰਿਸ ਵਿਚ ਮੈਂ ਕਠਪੁਤਲੀਆਂ ਦਾ ਇਕ ਤਮਾਸ਼ਾ ਕਰਦਾ ਸੀ ਜਿਸ ਵਿਚ ਸਾਰੇ ਪਾਤਰ ਹੱਥ ਦੀਆਂ ਉਂਗਲੀਆਂ ਉੱਤੇ ਫਿਟ ਹੋ ਜਾਂਦੇ ਹਨ। ਮੈਂ ਲਕਸਮਬਰਗ ਬਗੀਚੇ ਵਿਚ ਇਨ੍ਹਾਂ ਪਾਤਰਾਂ ਨੂੰ ਲੈ ਜਾਂਦਾ। ਕੁਰਸੀ ਦੇ ਪਿੱਛੇ ਆਪਣੇ ਆਪ ਨੂੰ ਇਸ ਤਰ੍ਹਾਂ ਰੱਖਦਾ ਕਿ ਦਿਖਾਈ ਨਾ ਦੇ ਸਕਾਂ ਅਤੇ ਆਪਣੇ ਹੱਥ ਨਾਲ ਪਾਤਰਾਂ ਨੂੰ ਇੰਝ ਨਚਾਉਂਦਾ ਜਿਵੇਂ ਸਟੇਜ ਉੱਤੇ ਸੋਅ ਕਰ ਰਿਹਾਂ ਹੋਵਾ। ਨੇੜੇ ਤੇੜੇ ਗੁਵਾਂਢ ਵਿਚ ਰਹਿਣ ਵਾਲੀਆਂ ਮੇਰੀਆਂ ਹਮਉਮਰ ਲੜਕੀਆਂ ਮੇਰੀਆਂ ਦਰਸ਼ਕ ਹੁੰਦੀਆਂ ਜਿਹੜੀਆਂ ਦੁਪਹਿਰ ਨੂੰ ਇਹ ਤਮਾਸ਼ਾ ਦੇਖਣ ਆ ਜਾਂਦੀਆਂ ਸਨ। ਪ੍ਰੰਤੂ ਇਹ ਸੱਤ ਅੱਠ ਸਾਲ ਦੀ ਉਮਰ ਤੱਕ ਹੀ ਚੱਲਿਆ। ਬੱਚੀਆਂ ਦੇ ਮਾਤਾ ਪਿਤਾ ਨੂੰ ਇਹ ਬੁਰਾ ਲੱਗਣ ਲੱਗਾ ਅਤੇ ਫਿਰ ਕੁਝ ਸਾਲਾਂ ਤੱਕ ਉਨ੍ਹਾਂ ਲੜਕੀਆਂ ਨਾਲ ਕੋਈ ਸੰਪਰਕ ਨਹੀਂ ਹੋਇਆ। ਬਾਅਦ ਵਿਚ ਗਿਆਰਾ-ਬਾਰਾਂ ਸਾਲ ਦੀ ਉਮਰ ਵਿਚ ਲੜਕੀਆਂ ਦੇ ਸੰਪਰਕ ਵਿਚ ਆਇਆ। ਮੇਰੀ ਮਾਂ ਅਤੇ ਦਾਦੀ ਨੂੰ ਮਿਲਣ ਕਈ ਔਰਤਾਂ ਆਉਂਦੀਆਂ ਸਨ ਜਿਹੜੀਆਂ ਮੇਰੇ ਬਾਬਾ ਅਤੇ ਉਨ੍ਹਾਂ ਦੇ ਮਿੱਤਰਾਂ ਦੀਆਂ ਵਿਦਿਆਰਥਣਾਂ ਸਨ, ਇਨ੍ਹਾਂ ਨਾਲ ਵੀ ਮੇਰੇ ਸੰਬੰਧ ਬਣੇ।

**ਸਿਮੋਨ-ਤੇਰਾ ਭਾਵ ਹੈ ਕਿ ਤੈਨੂੰ ਆਪਣੀ ਮਾਂ ਦੀ ਉਮਰ ਦੀਆਂ ਔਰਤਾਂ ਖਿੱਚ ਪਾਊ ਲੱਗਦੀਆਂ ਸਨ? ਉਨ੍ਹਾਂ ਵਿਚੋਂ ਕੁਝ?**

ਸਾਰਤਰ-ਹਾਂ ਫਰਕ ਕੇਵਲ ਐਨਾ ਸੀ ਕਿ ਆਪਣੇ ਤੋਂ ਵੀਹ ਸਾਲ ਵੱਡੀਆਂ ਔਰਤਾਂ ਦੇ ਨਾਲ ਪ੍ਰੇਮੀ ਦੀ ਭੂਮਿਕਾ ਅਦਾ ਕਰਨ ਦੀ ਮੈਂ ਕਲਪਨਾ ਵੀ ਨਹੀਂ ਕਰ ਸਕਦਾ ਸੀ ! ਉਹ ਮੈਨੂੰ ਪਿਆਰ ਨਾਲ ਲਾਡ ਕਰਦੀਆਂ ਸਨ ਪ੍ਰੰਤੂ ਉਨ੍ਹਾਂ ਔਰਤਾਂ ਦੇ ਛੂਹਣ ਨਾਲ ਹੀ ਮੈਨੂੰ ਪਹਿਲੀ ਵਾਰ ਉਤੇਜਨਾ ਪੈਦਾ ਹੋਈ।

**ਸਿਮੋਨ- ਛੋਟੀਆਂ ਲੜਕੀਆਂ ਦੇ ਮੁਕਾਬਲੇ ਜਵਾਨ ਲੜਕੀਆਂ ਦੇ ਨਾਲ ਵਧੇਰੇ?**

ਸਾਰਤਰ-ਹਾਂ, ਉਂਝ ਮੈਨੂੰ ਹਮ ਉਮਰ ਲੜਕੀਆਂ ਚੰਗੀਆਂ ਲਗਦੀਆਂ ਸਨ। ਖੇਡਣ ਦੇ ਲਈ ਮੇਰੀ ਪਹਿਲੀ ਚੋਣ ਉਹ ਹੀ ਸੀ ਪਰ ਸਾਡੇ ਵਿਚਕਾਰ ਉਤੇਜਨਾ ਦੀ ਭਾਵਨਾ ਨਹੀਂ ਹੁੰਦੀ ਸੀ। ਉਨ੍ਹਾਂ ਦੇ ਜਿਸਮਾਂ ਨੇ ਅਜੇ ਤੱਕ ਆਕਾਰ ਨਹੀਂ ਲਿਆ ਸੀ ਪਰ ਜਵਾਨ ਲੜਕੀਆਂ ਦਾ ਸਰੀਰ ਪੂਰੀ ਤਰ੍ਹਾਂ ਵਿਕਸਿਤ ਹੁੰਦਾ ਸੀ। ਮੈਨੂੰ ਉਨ੍ਹਾਂ ਦੀਆਂ ਛਾਤੀਆਂ ਦੇ ਉਭਾਰ ਅਤੇ ਨਿਤੰਭ ਚੰਗੇ ਲੱਗਦੇ ਸਨ ਜਦੋਂ ਅਜੇ ਮੈਂ ਬਹੁਤ ਛੋਟਾ ਹੀ ਸੀ। ਉਹ ਮੈਨੂੰ ਲਾਡ ਕਰਦੀਆਂ ਸਨ ਅਤੇ ਮੈਨੂੰ ਚੰਗਾ ਲੱਗਦਾ ਸੀ। ਮੈਨੂੰ ਇਕ ਜਵਾਨ ਲੜਕੀ ਚੇਤੇ ਹੈ ਜਿਸਨੇ ਮੇਰੇ 'ਤੇ ਦੋ ਆਪਾ ਵਿਰੋਧੀ ਯਾਦਾਂ ਦੀ ਗਹਿਰੀ ਛਾਪ ਛੱਡੀ। ਜਿਹੜੀ ਅਠਾਰਾਂ ਸਾਲ ਦੀ ਲੰਮੀ



ਇਕਹਿਰੇ ਸਰੀਰ ਦੀ ਲੜਕੀ ਸੀ ਅਤੇ 'ਪਤੀ ਪਤਨੀ' ਦੀਆਂ ਛੋਟੀਆਂ ਛੋਟੀਆਂ ਖੇਡਾਂ ਖੇਡਣ ਦੀ ਦ੍ਰਿਸ਼ਟੀ ਤੋਂ ਮੇਰੇ ਤੋਂ ਕਾਫੀ ਵੱਡੀ ਸੀ। ਫਿਰ ਵੀ ਸਾਡੇ ਵਿਚਕਾਰ ਉਸ ਤਰ੍ਹਾਂ ਸੰਬੰਧ ਬਣੇ। ਸਾਇਦ ਉਸ ਨੇ ਮੇਰੇ ਤਰਸ ਖਾ ਕੇ ਸ਼ਰਾਫਤ ਨਾਲ ਇਹ ਖੇਡ ਖੇਡੀਆਂ। ਮੈਂ ਉਸਦੀ ਖੂਬਸੂਰਤੀ ਉੱਤੇ ਕੁਰਬਾਨ ਸੀ। ਇਹ ਵੇਗ ਵਿਚ ਆ ਕੇ ਹੋਇਆ।

**ਸਿਮੋਨ-ਉਸ ਤੋਂ ਬਾਅਦ ਜਦੋਂ ਤੂੰ ਦਸ ਬਾਰਾਂ ਸਾਲ ਦਾ ਹੋਇਆ?**

ਸਰਤਰ-ਕੁਝ ਨਹੀਂ, ਗਿਆਰਾ ਸਾਲ ਦੀ ਉਮਰ ਵਿਚ ਮੈਂ ਲਾ ਰਾਚੇਲ ਚਲਾ ਗਿਆ। ਆਪਣੇ ਮਤੇਰ ਪਿਤਾ ਦੇ ਕੋਲ। ਆਪਣੇ ਮਤੇਰ ਪਿਤਾ ਅਤੇ ਉਸ ਦੇ ਦੋਸਤਾਂ ਦੇ ਰਵੱਈਏ ਕਾਰਨ ਮੈਂ ਕਿਸੇ ਵੀ ਲੜਕੀ ਨਾਲ ਦੋਸਤੀ ਨਾ ਕਰ ਸਕਿਆ। ਮੇਰੇ ਮਤੇਰ ਪਿਤਾ ਦਾ ਮੰਨਣਾ ਸੀ ਕਿ ਇਸ ਉਮਰ 'ਚ ਮੈਨੂੰ ਕੇਵਲ ਮੁੰਡਿਆ ਨਾਲ ਦੋਸਤੀ ਕਰਨੀ ਚਾਹੀਦੀ ਹੈ ਕੁੜੀਆਂ ਦੇ ਨਾਲ ਨਹੀਂ। ਮੇਰੇ ਮਾਤਾ ਪਿਤਾ ਦੇ ਕੁਝ ਚੋਣਵੇਂ ਮਿੱਤਰ ਸਨ-ਉਥੋਂ ਦੇ ਮੇਅਰ, ਪੁਲਿਸ ਕਮਿਸ਼ਨਰ ਅਤੇ ਕੁਝ ਇੰਜੀਨੀਅਰ। ਇਨ੍ਹਾਂ ਵਿਚੋਂ ਕਿਸੇ ਦੇ ਬੱਚੇ ਲੜਕੀਆਂ ਨਹੀਂ ਸਨ ਇਸ ਲਈ ਲਾ ਰਾਚੇਲ 'ਚ ਮੈਂ ਕੁਝ ਉਖੜਿਆਂ ਉਖੜਿਆਂ ਰਿਹਾ ਸੀ ਅਤੇ ਜਿਹੜੀ ਧੁੰਦਲੀ ਜਿਹੀ ਯਾਦ ਹੈ ਮੇਰੀ ਮਾਂ ਨੂੰ ਮਿਲਣ ਆਉਣ ਵਾਲੀਆਂ ਔਰਤਾਂ ਦੀ ਪਰ ਉਨ੍ਹਾਂ ਦੀ ਕੋਈ ਖਾਸ ਅਹਿਮੀਅਤ ਨਹੀਂ। ਹਾਂ ਮੈਂ ਆਪਣੀ ਮਾਂ ਤੋਂ ਨਿਸਚਿਤ ਰੂਪ ਨਾਲ ਕਾਫੀ ਫਿਦਾ ਹੁੰਦਾ ਸੀ। ਮੈਂ ਤਕਰੀਬਨ ਤੇਰਾਂ ਚੌਦਾਂ ਸਾਲ ਦਾ ਸੀ ਜਦੋਂ ਮੇਰੇ ਕੰਨ ਦੇ ਪਿੱਛੇ ਦੀ ਛੋਟੀ ਹੱਡੀ ਦਾ ਆਪਰੇਸ਼ਨ ਹੋਇਆ। ਲਗਭਗ ਤਿੰਨ ਹਫਤੇ ਮੈਂ ਹਸਪਤਾਲ ਰਿਹਾ। ਅਤੇ ਮੇਰੀ ਮਾਂ ਉਥੇ ਵਾਰਡ 'ਚ ਮੇਰੇ ਕੋਲ ਹੀ ਖੱਬੇ ਪਾਸੇ ਦੇ ਦੂਜੇ ਬਿਸਤਰ ਉੱਤੇ ਸੌਂਦੀ ਸੀ ਜਦੋਂ ਮੈਂ ਰਾਤ ਨੂੰ ਸੌਣ ਲੱਗਦਾ, ਉਹ ਆਪਣੇ ਕੱਪੜੇ ਬਦਲਦੀ ਅਤੇ ਪੂਰੀ ਤਰ੍ਹਾਂ ਕੱਪੜੇ ਲਾਹ ਦਿੰਦੀ। ਮੈਂ ਅੱਖਾਂ ਮੀਟ ਚੁੱਪ ਚਾਪ ਸੌਣ ਦਾ ਬਹਾਨਾ ਕਰਦਾ ਅਤੇ ਉਸ ਦੇ ਕੱਪੜੇ ਬਦਲਦੇ ਹੋਇਆ ਖੁੱਲੀਆਂ ਅੱਖਾਂ ਨਾਲ ਦੇਖਦਾ ਰਹਿੰਦਾ। ਸਾਇਦ ਮੇਰੇ ਦੋਸਤਾਂ ਨੇ ਉਸ ਨੂੰ ਕੱਪੜੇ ਬਦਲਦੇ ਹੋਇਆ ਦੇਖਿਆ ਹੋਵੇਗਾ। ਕਿਉਂਕਿ ਜਦੋਂ ਉਹ ਖਿੱਚ ਪਾਊ ਔਰਤਾਂ ਦੀ ਲਿਸਟ ਬਣਾਉਂਦੇ ਤਾਂ ਮੇਰੀ ਮਾਂ ਨੂੰ ਉਸ ਵਿਚ ਜ਼ਰੂਰ ਸਾਮਿਲ ਕਰਦੇ। ਲਾ ਰਾਚੇਲ ਵਿਚ, ਲਿਸੇਟ ਜੋਰਿਸ ਨਾਂ ਦੀ ਇਕ ਕੁੜੀ ਉੱਤੇ ਮੈਂ ਮੋਹਤ ਹੋ ਗਿਆ। ਉਥੋਂ ਦੇ ਜਹਾਜਾਂ ਵਿਚ ਮਾਲ ਸਪਲਾਈ ਕਰਨ ਵਾਲੇ ਇਕ ਵਪਾਰੀ ਦੀ ਉਹ ਛੋਟੀ ਸੁੰਦਰ ਜਿਹੀ ਲੜਕੀ ਸੀ। ਮੈਂ ਸਮੁੰਦਰ ਦੇ ਕਿਨਾਰੇ ਉਸ ਨੂੰ ਘੁੰਮਦੇ ਦੇਖਦਾ ਅਤੇ ਉਹ ਮੈਨੂੰ ਬਹੁਤ ਹੀ ਖੂਬਸੂਰਤ ਲੱਗਦੀ। ਉਹ ਖੁਦ ਵੀ ਜਾਣਦੀ ਸੀ ਕਿ ਉਹ ਬੇਹੱਦ ਖੂਬਸੂਰਤ ਹੈ ਕਿਉਂਕਿ ਘੁੰਮਦੇ ਸਮੇਂ ਉਸ ਦੇ ਮਗਰ ਮੁੰਡਿਆ ਦੀ ਟੋਲੀ ਰਹਿੰਦੀ। ਮੈਂ ਆਪਣੇ ਦੋਸਤਾਂ ਨੂੰ ਕਿਹਾ ਕਿ ਮੈਂ ਲਿਸੇਟ ਨੂੰ ਮਿਲਣਾ ਚਾਹੁੰਦਾ ਹਾਂ ਅਤੇ ਮੇਰੇ ਦੋਸਤਾਂ ਨੇ ਕਿਹਾ ਇਹ ਤਾਂ ਬਹੁਤ ਸੌਖਾ ਕੰਮ ਹੈ। ਉਨ੍ਹਾਂ ਨੇ ਸਲਾਹ ਬਣਾਈ ਕਿ ਉਹ ਜਿੱਥੇ ਜਿੱਥੇ ਜਾਵੇ, ਬਸ ਉਸਦੇ ਪਿੱਛੇ ਲੱਗਾ ਰਹੇ। ਮੈਂ ਉਹੀ ਕੀਤਾ।

ਅਗਲੇ ਦਿਨ ਮੈਂ ਉਸਦੇ ਮਗਰ ਮਗਰ ਤੁਰ ਪਿਆ। ਉਹ ਅਨੇਕਾਂ ਮੁੰਡਿਆ ਵਿਚ ਘਿਰੀ ਹੋਈ ਸੀ ਜਿਹੜੇ ਉਸ ਨਾਲ ਗੱਲਾਂ ਕਰਦੇ ਕਰਦੇ ਨਾਲ ਨਾਲ ਤੁਰ ਰਹੇ ਸਨ। ਮੈਂ ਆਪਣੇ ਦੋਸਤਾਂ ਦੇ ਨਾਲ ਸੜਕ ਦੇ ਦੂਜੇ ਪਾਸੇ ਖੜ੍ਹਾ, ਇਹ ਦ੍ਰਿਸ਼ ਦੇਖ ਰਿਹਾ ਸੀ। ਮੇਰੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਮੈਂ ਕੀ ਕਰਾਂ। ਉਹ ਲੜਕੀ ਵੀ ਜਾਣਦੀ ਸੀ ਮੈਂ ਉਸ ਵਿਚ ਰੁਚੀ ਲੈ ਰਿਹਾ ਹਾਂ ਅਤੇ ਉਹ ਇਹ ਸਮਝ ਗਈ ਸੀ ਕਿ ਦੂਜੇ ਮੁੰਡਿਆਂ ਵਿਚ ਘਿਰੀ ਹੋਣ ਕਾਰਨ ਮੈਂ ਉਸ ਨਾਲ ਕੋਈ ਗੱਲ ਨਹੀਂ ਕਰ ਸਕਦਾ, ਇਸ ਲਈ ਉਨ੍ਹਾਂ ਮੁੰਡਿਆ ਤੋਂ ਪਿੱਛਾ ਛੁਡਾ ਕੇ ਉਹ ਆਪਣੇ ਰਸਤੇ ਤੋਂ ਵੱਖਰੇ ਰਾਸਤੇ ਦੇ ਵੱਲ ਤੁਰ ਪਈ। ਮੈਂ ਵੀ ਉਸ ਦੇ ਮਗਰ ਮਗਰ ਤੁਰ ਪਿਆ। ਪਰ ਉਸ ਨਾਲ ਗੱਲ ਕਰਨ ਦੀ ਹਿੰਮਤ ਨਹੀਂ ਹੋਈ। ਇਸ ਦੇ ਦੂਜੇ ਦਿਨ ਜਦੋਂ ਮੈਂ ਉਸ ਵੱਲ ਵੱਧ ਰਿਹਾ ਸੀ ਅਚਾਨਿਕ ਉਹ ਮੇਰੇ ਵੱਲ ਮੁੜੀ ਮੇਰੇ ਦੋਸਤਾਂ ਦੇ ਸਾਹਮਣੇ ਹੀ ਉਸਨੇ ਗੁੱਸੇ ਵਿਚ ਆ ਕੇ ਕਿਹਾ, "ਮੂਰਖ ! ਸਿਰ ਤੇ ਵੱਡੇ ਸਾਰੇ ਹੈਟ ਪਾਈ ਐਨਕਾਂ ਵਾਲੇ ਮੂਰਖ !"

ਇਹ ਸ਼ਬਦ ਬਰਛੀ ਵਾਂਗ ਮੇਰੇ ਦਿਲ ਵਿਚ ਉਤਰ ਗਏ। ਮੈਂ ਗੁੱਸੇ ਨਾਲ ਲਾਲ ਪੀਲਾ ਹੋ ਗਿਆ।

ਉਸਤੋਂ ਬਾਅਦ ਵੀ ਮੈਂ ਦੋ ਤਿੰਨ ਵਾਰ ਉਸ ਨੂੰ ਦੇਖਿਆ ਪ੍ਰੰਤੂ ਦੂਰ ਤੋਂ ਹੀ ਇਕ ਹੋਰ ਕੁੜੀ ਨੇ ਮੇਰਾ ਮਜ਼ਾਕ ਉਡਾਇਆ। ਉਹ ਮੇਰੀ ਕਲਾਸ ਵਿਚ ਹੀ ਸੀ ਅਤੇ ਸਾਇਦ ਉਹ ਚਾਹੁੰਦੀ ਸੀ ਕਿ ਮੈਂ ਗਰੀਕ ਕੰਪੋਜ਼ੀਸਨ 'ਚ ਫਸਟ ਨਾ ਆਵਾਂ। ਜਿਸ ਦਿਨ ਗਰੀਕ ਦੀ ਪ੍ਰੀਖਿਆ ਸੀ, ਸਵੇਰੇ ਅੱਠ ਵਜੇ ਤੋਂ ਬਾਰਾਂ ਵਜੇ ਤੱਕ ਉਸਨੇ ਕਿਹਾ ਉਹ ਗਿਆਰਾ ਵਜੇ ਮੇਰੀ



ਜਾਅ ਪਾਲ ਸਾਰਤਰ ਨਾਲ ਉਸ ਦੀ ਮਿੱਤਰ ਸਿਮੋਨ ਦ ਬੋਓਵਾਰ

ਉਡੀਕ ਕਰੇਗੀ। ਉਸ ਨੂੰ ਮਿਲਣ ਦੇ ਜਾਨੂੰਨ ਵਿਚ ਇਕ ਮੂਰਖ ਦੇ ਵਾਂਗ ਮੈਂ ਆਪਣੀ ਕਾਪੀ ਪੌਣੇ ਗਿਆਰਾ ਵਜੇ ਹੀ ਜ਼ਮਾ ਕਰਵਾ ਦਿੱਤੀ। ਅਤੇ ਉਸ ਵਲੋਂ ਦੱਸੀ ਥਾਂ ਤੇ ਸਮੇਂ ਸਿਰ ਪਹੁੰਚ ਗਿਆ। ਇਹ ਦਿਸਦਾ ਹੀ ਸੀ ਕਿ ਉਸਦਾ ਕੋਈ ਅਤਾ ਪਤਾ ਨਹੀਂ ਸੀ। ਨਤੀਜਾ ਇਹ ਹੋਇਆ ਕਿ ਗਰੀਕ ਵਿਚ ਮੇਰੇ ਬਹੁਤ ਹੀ ਘੱਟ ਮਾਰਕਸ ਆਏ। ਕੁਝ ਦਿਨ੍ਹਾਂ ਬਾਅਦ ਮੈਂ ਉਸ ਨੂੰ ਪੋਤਘਾਟ ਤੇ ਰੇਤੇ ਵਿਚ ਛਾਲਾਂ ਮਾਰਦੇ ਹੋਏ ਦੇਖਿਆ। ਮੈਂ ਫਿਰ ਮੂਰਖਾਂ ਦੇ ਵਾਂਗ ਉਸਦੇ ਨੇੜੇ ਜਾ ਕੇ ਖੜਾ ਹੋ ਗਿਆ। ਸਮਝ ਵਿਚ ਨਹੀਂ ਆ ਰਿਹਾ ਸੀ ਉਸ ਨੂੰ ਕੀ ਕਹਾਂ। ਉਸਨੇ ਮੈਨੂੰ ਦੇਖ ਲਿਆ ਸੀ ਪਰ ਉਹ ਮਟਰਗਸ਼ਤੀ ਕਰਦੀ ਰਹੀ ਅਤੇ ਸਾਇਦ ਇਹ ਅੰਦਾਜ਼ਾ ਲਗਾਉਂਦੀ ਰਹੀ ਕਿ ਬੇਵਕੂਫੀ 'ਚ ਮੈਂ ਉਸਨੂੰ ਕੀ ਕਹਿਣ ਵਾਲਾ ਹਾਂ।

**ਸਿਮੋਨ-ਫਿਰ ਕਦੇ ਉਸ ਨਾਲ ਗੱਲ ਹੋਈ?**

ਸਾਰਤਰ-ਨਹੀਂ, ਕਦੇ ਨਹੀਂ।

**ਸਿਮੋਨ-ਲਾ ਰਾਚੇਲ 'ਚ, ਕਿਸੇ ਹੋਰ ਕੁੜੀ ਨੇ ਤੇਰਾ ਧਿਆਨ ਖਿੱਚਿਆ?**

ਸਾਰਤਰ-ਇਕ ਕੁੜੀ ਸੀ, ਸਿਨੇਮਾ ਘਰ ਵਿਚ ਕੰਮ ਕਰਨ ਵਾਲੀ ਇਕ ਔਰਤ ਦੀ ਲੜਕੀ ਜਿਸ ਨਾਲ ਮੇਰੀ ਅਤੇ ਮੇਰੇ ਦੋ ਦੋਸਤਾਂ ਨਾਲ ਜਾਣ ਪਹਿਚਾਣ ਹੋਈ ਸੀ ਪਰ ਉਹ ਮੇਰੇ ਤੋਂ ਵੱਧ ਮੇਰੇ ਉਨ੍ਹਾਂ ਦੋਸਤਾਂ ਵਿਚ ਵਧੇਰੇ ਰੁਚੀ ਰੱਖਦੀ ਸੀ, ਕਿਉਂਕਿ ਉਹ ਦੋਵੇਂ ਮੇਰੇ ਤੋਂ ਵੱਧ ਸੁੰਦਰ ਅਤੇ ਸਮਾਰਟ ਸੀ, ਅਸੀਂ ਤਿੰਨੋਂ ਹੀ ਉਸ ਨੂੰ ਮਿਲਦੇ ਸੀ। ਘੁੰਮਦੇ ਫਿਰਦੇ ਸੀ, ਉਸ ਦੇ ਘਰ ਤੱਕ ਉਸ ਨੂੰ ਛੱਡਣ ਵੀ ਜਾਂਦੇ ਸੀ ਪਰ ਗੱਲ ਉਥੇ ਤੱਕ ਹੀ ਸੀਮਿਤ ਰਹੀ। ਅਸੀਂ ਇਕੱਠੇ ਸਿਨੇਮਾ ਵੀ ਦੇਖਣ ਜਾਂਦੇ ਸੀ, ਉਸੇ ਸਿਨੇਮਾ ਘਰ ਵਿਚ ਜਿੱਥੇ ਉਸਦੀ ਮਾਂ ਕੰਮ ਕਰਦੀ ਸੀ ਅਤੇ ਮਾਂ ਵੀ ਕਦੇ ਕਦੇ ਆ ਕੇ ਸਾਡੇ ਕੋਲ ਬੈਠ ਜਾਂਦੀ ਸੀ। ਜਿੱਥੇ ਤੱਕ ਮੈਨੂੰ ਚੇਤੇ ਹੈ, ਉਹ ਬਹੁਤ ਸੁੰਦਰ ਸੀ ਪਰ ਉਸ ਦੇ ਨਾਲ ਗੱਲ ਅੱਗੇ ਨਹੀਂ ਵਧੀ। ਸਾਇਦ ਕੁੜੀਆਂ ਨੂੰ ਫਸਾਉਣ ਦੀ ਕਲਾ ਮੈਨੂੰ ਨਹੀਂ ਆਉਂਦੀ ਸੀ, ਮੈਂ ਇਸ ਮਾਮਲੇ ਵਿਚ ਬਿਲਕੁਲ ਅਨਾੜੀ ਸੀ। ਪੰਦਰਾਂ ਸਾਲ ਦੀ ਉਮਰ ਵਿਚ ਬਸ ਇਹੀ ਦੋ ਘਟਨਾਵਾਂ ਮੈਨੂੰ ਚੇਤੇ ਹਨ। ਉਸ ਤੋਂ ਬਾਅਦ ਲਾ ਰਾਚੇਲਾ ਛੱਡ ਕੇ ਮੈਂ ਪੈਰਿਸ ਚਲਾ ਗਿਆ। ਮੇਰੇ ਦਾਦਾ ਚਾਹੁੰਦੇ ਸਨ ਕਿ ਮੈਂ ਉਥੇ ਹੀ ਗ੍ਰੇਜੁਏਸ਼ਨ ਦੀ ਤਿਆਰੀ ਕਰਾਂ। ਇਹ ਮੈਂ ਲਾ ਰਾਚੇਲ 'ਚ ਵਿਚ ਕਰ ਸਕਦਾਂ ਸੀ ਪਰ ਦਾਦਾ ਦਾ ਖਿਆਲ ਸੀ ਕਿ ਪੈਰਿਸ ਜਾਣਾ ਵਧੇਰੇ ਚੰਗਾ ਰਹੇਗਾ। ਪੈਰਿਸ ਜਾਣ ਤੇ ਮੇਰੇ ਵਿਚ ਕਾਫੀ ਤਬਦੀਲੀ ਵੀ ਆਈ। ਮੈਂ ਬੋਡਿੰਗ ਵਿਚ ਰਹਿਣ ਲੱਗਾ ਅਤੇ ਮੈਨੂੰ ਜਨਰਲ ਐਕਸਲੇਂਸ ਵਿਚ ਇਨਾਮ ਵੀ ਮਿਲਿਆ ਜਿਹੜਾ ਲਾ ਰਾਚੇਲ 'ਚ ਰਹਿੰਦੇ ਹੋਏ ਕਦੇ ਨਸੀਬ ਨਹੀਂ ਹੋਣਾ ਸੀ।

**ਸਿਮੋਨ-ਆਪਾਂ ਫਿਰ ਔਰਤਾਂ ਦੀਆਂ ਗੱਲਾਂ ਵੱਲ ਪਰਤੀਏ? ਪੈਰਿਸ ਵਿਚ ਕਿਸ ਤਰ੍ਹਾਂ ਰਿਹਾ?**

ਸਾਰਤਰ-ਪੈਰਿਸ ਵਿਚ ਮੇਰਾ ਇਕ ਹਲਕੇ ਜਿਹੇ ਹੋਮੋਸੇਕਸੁਅਲ (ਸਮਲਿੰਗੀ) ਵੱਲ ਝੁਕਾਅ ਹੋ ਗਿਆ।



ਤੇ ਮੈਂ ਇਨ੍ਹਾਂ ਗੱਲ੍ਹਾਂ ਤੋਂ ਜਾਣੂ ਹੋਇਆ। ਡਾਮੈਟ੍ਰੀ 'ਚ ਮੈਂ ਦੂਜੇ ਮੁੰਡਿਆ ਦੀਆਂ ਪੈਂਟਾਂ ਲਾਹੁਣ ਦੀਆਂ ਇੱਛਾ ਕਰਨ ਲੱਗਾ।

**ਸਿਮੋਨ-ਇਹ ਝੁਕਾਅ ਸਾਇਦ ਬੋਰਡਿੰਗ ਵਿਚ ਰਹਿਣ ਦੇ ਕਾਰਨ ਥੋੜੇ ਸਮੇਂ ਲਈ ਹੋਇਆ ਹੋਵੇਗਾਂ!**

ਸਾਰਤਰ-ਥੋੜੇ ਸਮੇਂ ਦੇ ਲਈ ਹੀ ਭਾਵੇਂ ਸੀ ਪਰ ਝੁਕਾਅ ਤਾਂ ਸੀ! ਸਾਇਦ ਉਸ ਸਾਲ ਮੈਂ ਆਪਣੇ ਇਕ ਦੋਸਤ ਦੀ ਚਾਚੇ ਦੀ ਕੁੜੀ ਨੂੰ ਲੁਵਹਰ ਲੈ ਗਿਆ ਸੀ। ਉਹ ਵਧੇਰੇ ਸੁੰਦਰ ਨਹੀਂ ਸੀ ਅਤੇ ਸਾਇਦ ਮੈਂ ਵੀ ਉਹਨੂੰ ਖਿਚ ਨਹੀਂ ਸਕਿਆ।

**ਸਿਮੋਨ-ਫਿਰ ਵੀ ਤੇਰੇ ਮਨ ਵਿਚ ਕੋਈ ਪਹਿਲਾਂ ਤੋਂ ਤਿਆਰ ਯੋਜਨਾ ਤਾਂ ਰਹੀ ਹੋਵੇਗੀ? ਇਕ ਜਵਾਨ ਮੁੰਡੇ ਦਾ ਔਰਤਾਂ ਨਾਲ ਸੰਬੰਧ ਹੋਣਾ ਆਖਿਰ ਇਕ ਯੋਜਨਾ ਵਾਲੀ ਗੱਲ ਸੀ।**

ਸਾਰਤਰ-ਹਾਂ ਉਹ ਤਾਂ ਸੀ, ਬਾਅਦ ਵਿਚ ਲੇਖਕ ਬਣਨ ਤੋਂ ਬਾਅਦ, ਮੇਰੇ ਕਈ ਔਰਤਾਂ ਨਾਲ ਸੰਬੰਧ ਰਹੇ, ਬਹੁਤ ਹੀ ਭਰਪੂਰ ਸਰੀਰਕ ਸੰਬੰਧ। ਇਹ ਸਾਰਾ ਕੁਝ ਮੈਂ ਦੂਜੇ ਲੇਖਕਾਂ ਦੇ ਬਾਰੇ ਵਿਚ ਪੜ੍ਹ ਕੇ ਸਿੱਖਿਆ। ਫਿਰ ਵੀ ਪਹਿਲੇ ਸਾਲ ਤੱਕ ਮੇਰਾ ਕੋਈ ਗੰਭੀਰ ਅਫੇਅਰ ਨਹੀਂ ਹੋਇਆ।

**ਸਿਮੋਨ-ਉਸ ਤੋਂ ਬਾਅਦ?**

ਸਾਰਤਰ-ਦੂਜੇ ਸਾਲ ਵੀ ਨਹੀਂ।

**ਸਿਮੋਨ-ਪਹਿਲੀ ਵਾਰ ਕਦੋਂ ਕਿਸੇ ਔਰਤ ਦੇ ਨਾਲ ਹਮਬਿਸਤਰ ਹੋਏ?**

ਸਾਰਤਰ-ਤੀਸਰੇ ਸਾਲ। ਮੈਂ ਲਿਸੀ ਲੁਈ ਲੇ ਗ੍ਰੈਂਡ 'ਚ ਸੀ। ਲਿਸੀ ਟੇਨਰੀ 'ਚ ਮੈਂ ਗ੍ਰੇਜੂਏਸ਼ਨ ਕਰ ਲਿਆ ਸੀ। ਉਥੇ ਫਿਲਾਸਫੀ ਦਾ ਵਿਭਾਗ ਕਾਫੀ ਚੰਗਾ ਸੀ ਅਤੇ ਨਾਮਵਰ ਪ੍ਰੋਫੈਸਰ ਐਲਨ ਵੀ ਉਥੇ ਦਰਸ਼ਨ ਪੜ੍ਹਾਉਂਦੇ ਸਨ। ਪਰ ਪਤਾ ਨਹੀਂ ਕਿਉਂ, ਮੈਨੂੰ ਉਥੋਂ ਕੱਢ ਕੇ ਲੁਈ ਲੇ ਗ੍ਰੈਂਡ 'ਚ ਭਰਤੀ ਕਰਵਾ ਦਿੱਤਾ ਗਿਆ। ਇਥੋਂ ਦਾ ਦਰਸ਼ਨ ਵਿਭਾਗ ਸਧਾਰਨ ਜਿਹਾ ਸੀ। ਉਥੇ ਹੀ ਮੈਂ ਰਿਹਾ ਅਤੇ ਫਿਰ ਏਕੋਲ ਨੋਰਮੇਲ ਸਕੂਲ ਚਲਾ ਗਿਆ।

ਲੁਈ ਲੇ ਗ੍ਰੈਂਡ ਵਿਚ ਥੀਰਵਸ ਤੋਂ ਆਈ ਇਕ ਔਰਤ ਸੀ। ਉਹ ਇਕ ਡਾਕਟਰ ਦੀ ਪਤਨੀ ਸੀ। ਪਤਾ ਨਹੀਂ ਕਿਉਂ ਇਕ ਦਿਨ ਉਹ ਮੈਨੂੰ ਮਿਲਣ ਲਈ ਆ ਗਈ। ਮੇਰੇ ਦੱਸਣ ਤੇ ਬੋਰਡਿੰਗ ਵਿਚ ਰਹਿੰਦਾ ਹਾਂ, ਉਸਨੇ ਅਫਸੋਸ ਜ਼ਹਿਰ ਕੀਤਾ ਅਤੇ ਪੁੱਛਿਆ ਕਿ ਸ਼ਨੀਵਾਰ ਅਤੇ ਐਤਵਾਰ ਕਿਤੇ ਬਾਹਰ ਤਾਂ ਜਾਂਦੇ ਹੋਵੋਗੇ। ਮੈਂ ਜਦੋਂ ਹਾਂ ਕਹੀ, ਉਸ ਤੋਂ ਅਗਲੇ ਐਤਵਾਰ ਦੁਪਹਿਰ ਦੋ ਵਜੇ ਮੈਨੂੰ ਆਪਣੀ ਕਿਸੇ ਸਹੇਲੀ ਦੇ ਫਲੈਟ ਵਿਚ ਮਿਲਣ ਦੀ ਇੱਛਾ ਪ੍ਰਗਟ ਕੀਤੀ। ਮੈਂ ਉਸ ਦਾ ਸੱਦਾ ਸਵੀਕਾਰ ਤਾਂ ਕਰ ਲਿਆ ਪਰ ਕਾਰਨ ਸਮਝ ਨਹੀਂ ਸਕਿਆ। ਮੈਨੂੰ ਇਹ ਤਾਂ ਸਮਝ ਲੱਗ ਗਈ ਕਿ ਉਹ ਮੇਰੇ ਨਾਲ ਸ਼ਰੀਰਕ ਸੰਬੰਧ ਬਣਾਉਣਾ ਚਾਹੁੰਦੀ ਹੈ ਪ੍ਰੰਤੂ ਕਿਉਂ, ਇਸ ਸਮਝ ਨਹੀਂ ਸਕਿਆ ਕਿਉਂਕਿ ਮੈਨੂੰ ਅੰਦਾਜਾ ਹੋ ਗਿਆ ਸੀ ਕਿ ਉਹ ਮੇਰੇ ਵਿਚ ਕੋਈ ਖਿੱਚ ਨਹੀਂ ਦੇਖ ਸਕੀ ਹੈ।

**ਸਿਮੋਨ-ਉਸ ਦੀ ਉਮਰ ਕਿੰਨੀ ਸੀ?**

ਸਾਰਤਰ-ਤੀਹ। ਅਤੇ ਮੈਂ ਅਠਾਰਾਂ ਸਾਲ ਦਾ ਸੀ। ਉਹ ਵਧੇਰੇ ਸੁੰਦਰ ਨਹੀਂ ਸੀ, ਮੈਂ ਅਣਮੰਨੇ ਜਿਹੇ ਮਨ ਨਾਲ ਉਸ ਨਾਲ ਸੰਬੰਧ ਬਣਾਏ, ਜਿਸ ਤੋਂ ਬਾਅਦ ਉਹ ਕਾਫੀ ਖੁਸ਼ ਨਜ਼ਰ ਆਈ।

**ਸਿਮੋਨ-ਉਹ ਫਿਰ ਮਿਲੀ?**

ਸਾਰਤਰ-ਨਹੀਂ।

**ਸਿਮੋਨ-ਇਸ ਦਾ ਮਤਲਬ ਉਹ ਵਧੇਰੇ ਖੁਸ਼ ਨਹੀਂ ਹੋਈ ਸੀ। ਫਿਰ ਕਦੇ ਮਿਲਣ ਦੇ ਲਈ ਸੱਦਿਆ?**

ਸਾਰਤਰ-ਨਹੀਂ, ਕੁਝ ਦਿਨਾਂ ਬਾਅਦ ਉਹ ਵਾਪਸ ਥੀਵਰਸ ਚਲੇ ਗਈ। ਸਾਇਦ ਉਸ ਨੂੰ ਮੇਰਾ ਸਿਰਨਾਵਾਂ ਹੀ ਪਤਾ ਨਾ ਹੋਵੇ। ਉਸਤੋਂ ਬਾਅਦ ਮੈਂ ਹੇਨਰੀ ਦੇ ਦੋਸਤਾਂ ਨਾਲ ਐਤਵਾਰ ਨੂੰ ਲਕਸੇਮਬਰਗ ਵਿਚ ਮਿਲਣਾ ਸ਼ੁਰੂ ਕਰ ਦਿੱਤਾ। ਮੇਰੇ ਦੋਸਤ ਉਥੇ ਗੁਵਾਂਢ ਦੇ ਸੇਂਟ ਮਿਸ਼ੇਲ ਇਲਾਕੇ ਦੀਆਂ ਕੁੜੀਆਂ ਅਤੇ ਖਾਸ ਕਰਕੇ ਲਿਸੀ ਦੇ ਚੌਂਕੀਦਾਰ ਦੀ ਕੁੜੀ ਨੂੰ ਮਿਲਣ ਜਾਂਦੇ ਸਨ। ਅਸੀਂ ਲੋਕ ਉਨ੍ਹਾਂ ਕੁੜੀਆਂ ਨੂੰ ਮਿਲਦੇ,

ਘੁੰਮਦੇ ਫਿਰਦੇ ਅਤੇ ਕਿਸੇ ਕਮਰੇ ਵਿਚ ਲੈ ਜਾ ਕੇ ਉਨ੍ਹਾਂ ਨਾਲ ਸੰਬੰਧ ਬਣਾਉਂਦੇ। ਮੈਂ ਉਥੇ ਹੀ ਇਕ ਅਠਾਰਾਂ ਸਾਲ ਦੀ ਬੇਹੱਦ ਖੂਬਸੂਰਤ ਲੜਕੀ ਦੇ ਨਾਲ ਸਹਿਵਾਸ ਕੀਤਾ। ਉਹ ਝੱਟ ਰਾਜੀ ਵੀ ਹੋ ਗਈ।

**ਸਿਮੋਨ-ਉਸਦੇ ਨਾਲ ਬਾਅਦ ਵਿਚ ਸੰਬੰਧ ਬਣੇ ਰਹੇ ਜਾਂ ਫਿਰ ਕੇਵਲ ਇਕ ਵਾਰ ਦੀ ਮੁਲਾਕਾਤ ਹੀ ਰਹੀ।**

ਸਾਰਤਰ-ਨਹੀਂ, ਕੇਵਲ ਇਕ ਵਾਰ ਹੀ। ਦੂਜੇ ਦੋਸਤਾਂ ਨਾਲ ਵੀ ਇਹੀ ਸੀ।

**ਸਿਮੋਨ-ਅਜਿਹਾ ਕਿਓ, ਤੁਹਾਡੇ ਸਾਰਿਆਂ ਦੇ ਕਿਸੇ ਇਕ ਨਾਲ ਵੱਧ ਦਿਨ੍ਹਾਂ ਤੱਕ ਰੋਮਾਂਟਿਕ ਸੰਬੰਧ ਨਹੀਂ ਬਣ ਸਕੇ?**

ਸਾਰਤਰ-ਸਾਇਦ ਇਸ ਲਈ, ਕਿਉਂਕਿ ਸਾਡੇ ਮਨ ਵਿਚ ਉਨ੍ਹਾਂ ਲੜਕੀਆਂ ਦੇ ਲਈ ਕੋਈ ਆਦਰ ਜਾਂ ਸਤਿਕਾਰ ਦੀ ਭਾਵਨਾ ਨਹੀਂ ਸੀ। ਅਸੀਂ ਉਨ੍ਹਾਂ ਨੂੰ ਮਮੂਲੀ ਸਮਝਦੇ ਸਨ।

**ਸਿਮੋਨ-ਅਜਿਹਾ ਕਿਓ?**

ਸਾਰਤਰ-ਸਾਨੂੰ ਲੱਗਦਾ ਹੈ ਕਿ ਲੜਕੀਆਂ ਨੂੰ ਐਨੀਂ ਬੇਸਬਰੀ ਨਾਲ ਆਪਣੇ ਆਪ ਨੂੰ ਸਮਰਪਤ ਨਹੀਂ ਕਰਨਾ ਚਾਹੀਦਾ।

**ਸਿਮੋਨ-ਬਹੁਤ ਖੂਬ ! ਕਿਉਂਕਿ ਤੇਰੇ ਵਿਚ ਯੌਨ ਸੰਬੰਧੀ ਨੈਤਿਕਤਾ ਸੀ। ਜਰਾ ਸੋਚ ਕੇ ਦੇਖ, ਕਾਫੀ ਰੌਚਿਕ ਸਥਿਤੀ ਹੈ।**

ਸਾਰਤਰ-ਅਸੀਂ ਇਹੋ ਜਿਹੀਆਂ ਕੁੜੀਆਂ ਦੀ ਤੁਲਨਾ ਆਪਣੀ ਮਾਂ ਦੀ ਸਹੇਲੀ ਦੀਆਂ ਕੁੜੀਆਂ ਨਾਲ ਕਰਦੇ ਸੀ। ਸਾਡੇ ਜਾਣੂ ਦੇ ਘੇਰੇ ਵਿਚ ਬੁਰਨਆ ਮਿੱਤਰਾਂ ਦੀਆਂ ਇਹ ਬੇਟੀਆਂ ਬਿਲਕੁਲ ਕੁਆਰੀਆਂ ਹੁੰਦੀਆਂ ਸਨ, ਉਨ੍ਹਾਂ ਦੇ ਨਾਲ ਥੋੜੀ ਬਹੁਤੀ ਛੇੜਖਾਨੀ ਕੀਤੀ ਜਾ ਸਕਦੀ ਸੀ, ਪਰ ਵੱਧ ਤੋਂ ਵੱਧ ਉਹ ਬੁੱਲ੍ਹਾਂ ਦੇ ਚੁੰਮਣ ਤੋਂ ਅੱਗੇ ਕਦੀ ਨਹੀਂ ਵਧਦਾ ਸੀ ਜਦੋਂ ਕਿ ਇਥੋਂ ਦੀਆਂ ਲੜਕੀਆਂ ਆਸਾਨੀ ਨਾਲ ਆਪਣੇ ਆਪ ਨੂੰ ਪਰੋਸ ਦਿੰਦੀਆਂ ਸਨ...

**ਸਿਮੋਨ-ਅਤੇ ਇਕ ਸ਼ੁੱਧ ਬੁਰਜੂਆ ਹੋਣ ਦੇ ਨਾਤੇ, ਤੁਹਾਨੂੰ ਸਾਰਿਆਂ ਨੂੰ ਇਹ ਰਾਸ ਨਹੀਂ ਆਉਂਦਾ ਸੀ।**

ਸਾਰਤਰ- ਨਹੀਂ ਬਿਲਕੁਲ ਰਾਸ ਨਹੀਂ ਆਉਂਦਾ ਸੀ, ਅਜਿਹੀ ਗੱਲ ਨਹੀਂ ਫਿਰ ਵੀ...

**ਸਿਮੋਨ-ਫਿਰ ਵੀ ਤੂੰ ਉਨ੍ਹਾਂ ਲੜਕੀਆਂ ਨੂੰ ਭੋਗਣ ਅਤੇ ਉਨ੍ਹਾਂ ਦਾ ਆਨੰਦ ਲੈਣ ਤੋਂ ਨਹੀਂ ਝਿਜਕੋਗੇ। ਨਾਲ ਨਾਲ ਇਹ ਵੀ ਸੋਚਦੇ ਰਹੇ ਕਿ ਕੋਈ ਕਿਸੇ ਦੀ ਆਪਣੀ ਰਖੇਲ ਨਾਲ ਵਿਆਹ ਨਹੀਂ ਕਰਵਾਉਣਾ, ਉਹ ਵਿਆਹ ਕਰਵਾਉਣ ਦੇ ਯੋਗ ਨਹੀਂ ਹਨ। ਵਿਆਹ-ਸ਼ਾਦੀ ਦੀਆਂ ਗੱਲਾਂ ਤੋਂ ਤਾਂ ਤੈਨੂੰ ਬਹੁਤ ਪਰਹੇਜ਼ ਸੀ ਕਿਉਂਕਿ ਤੇਰੇ ਅਨੁਸਾਰ ਉਨ੍ਹਾਂ ਲੜਕੀਆਂ ਨੂੰ ਐਨੀ ਸਹਿਜਤਾ ਨਾਲ ਹਮਬਿਸਤਰ ਨਹੀਂ ਹੋਣਾ ਚਾਹੀਦਾ, ਇਸਦਾ ਭਾਵ ਕਿ ਤੂੰ ਅਤੇ ਤੇਰੇ ਦੋਸਤਾਂ ਨੇ ਉਨ੍ਹਾਂ ਦੇ ਨਾਲ ਗੂੜੇ ਸੰਬੰਧ ਬਣਾਉਣ ਵਿਚ ਰੁਚੀ ਨਹੀਂ ਲਈ। ਤੂੰ ਉਨ੍ਹਾਂ ਨਾਲ ਸੰਬੰਧ ਬਣਾਈ ਰੱਖਣਾ ਨਹੀਂ ਚਾਹੁੰਦੇ ਸੀ, ਹੈ ਨਾ?**

ਸਾਰਤਰ-ਕੁਝ ਇਸ ਤਰ੍ਹਾਂ ਹੀ ਸਮਝ ਲੈ।

**ਸਿਮੋਨ-ਜਿਹੜੀਆਂ ਕੁੜੀਆਂ ਸੌਖਿਆ ਹੀ ਆਪਣੀ ਚੁੰਗਲ ਵਿਚ ਲੈ ਲਈਆਂ ਜਾਂਦੀਆਂ ਹਨ ਅਤੇ ਬਿਸਤਰ ਤੱਕ ਆ ਜਾਂਦੀਆਂ ਹਨ, ਅਜਿਹੀਆਂ ਬੇਵਕੂਫ ਵਾਲੀਆਂ ਧਾਰਨਾਵਾਂ ਤੂੰ ਕਦੋਂ ਛੱਡੀਆਂ?**

ਸਾਰਤਰ-ਓਹ... ਬਹੁਤ ਜਲਦੀ ਹੀ। ਜਿਵੇਂ ਵੀ ਮੈਂ ਕੁਝ ਅਜਿਹੀਆਂ ਔਰਤਾਂ ਨਾਲ ਰਿਹਾ, ਮੈਂ ਉਸ ਦ੍ਰਿਸ਼ਟੀ ਨਾਲ ਦੇਖਣਾ ਹੀ ਛੱਡ ਦਿੱਤਾ। ਇਸ ਤਰ੍ਹਾਂ ਦੇ ਵਿਚਾਰ ਤਾਂ ਕੇਵਲ ਲਿਸੀ ਤੱਕ ਹੀ ਸੀਮਿਤ ਸਨ।

**ਸਿਮੋਨ-ਮੈਨੂੰ ਤੇਰੀ ਮੰਗੇਤਰ ਕੇਮਿਲ ਤੋਂ ਤੇਰੇ ਰਿਸ਼ਤੇ ਦੀ ਪੂਰੀ ਜਾਣਕਾਰੀ ਹੈ ਅਤੇ ਇਸ ਤੋਂ ਇਲਾਵਾ ਸੋਰਬਾਨ ਦੀਆਂ ਕੁਝ ਕੁੜੀਆਂ ਦੇ ਸੰਬੰਧ 'ਚ ਵੀ। ਫਿਰ ਸਾਡੇ ਸੰਬੰਧ ਵੀ ਤਾਂ ਹਨ, ਪਰ ਉਹ ਕੁਝ ਵੱਖਰੀ ਕਿਸਮ ਦੇ ਹਨ।**

ਸਾਰਤਰ-ਹਾਂ।

**ਸਿਮੋਨ-ਪਰ ਦੂਜੀਆਂ ਔਰਤਾਂ ਦੇ ਨਾਲ ਤੇਰੇ ਸੰਬੰਧਾਂ ਨੂੰ ਸਮਝਣ ਦੇ ਲਈ ਅਸੀਂ ਆਪਣੇ ਸੰਬੰਧਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦੇ। ਖੈਰ ਉਸਦੇ ਬਾਰੇ ਵਿਚ ਅਸੀਂ ਬਾਅਦ ਵਿਚ ਗੱਲ ਕਰਾਂਗੇ। ਮੈਂ ਤੈਨੂੰ ਇਹ ਪੁੱਛਣਾ**



**ਚਾਹੁੰਦੀ ਹਾਂ ਕਿ ਜਦੋਂ ਅਸੀਂ ਪਹਿਲੀ ਵਾਰ ਮਿਲੇ ਤਾਂ ਤੂੰ ਕਿਹਾ ਸੀ ਕਿ ਤੂੰ ਇਕ ਇਸਤਰੀ ਦੀ ਚੁੰਨੀ ਨਾਲ ਬੱਝ ਕੇ ਨਹੀਂ ਰਹਿ ਸਕਦਾ ਅਤੇ ਤੂੰ ਕਈ ਔਰਤਾਂ ਨਾਲ ਸੰਬੰਧ ਵੀ ਰੱਖੇ। ਮੈਂ ਖਾਸ ਕਰਕੇ ਇਹ ਜਾਣਨਾ ਚਾਹੁੰਦੀ ਹਾਂ** ਕਿ ਤੂੰ ਉਨ੍ਹਾਂ ਸਾਰੀਆਂ ਔਰਤਾਂ ਵਿਚ ਕਿਹੜੀ ਖਿੱਚ ਲੱਭੀ?

ਸਾਰਤਰ-ਕੁਝ ਵੀ।

**ਸਿਮੋਨ-ਕੀ ਮਤਲਬ?**

ਸਾਰਤਰ-ਹੁਣ ਦੇਖ ਲਓ ਜਿਵੇਂ ਤੇਰੇ ਵਿਚ ਮੈਂ ਉਹ ਸਾਰੀਆਂ ਖੂਬੀਆਂ ਅਤੇ ਵਿਸ਼ੇਸ਼ਤਾਵਾਂ ਦੇਖ ਲਈਆਂ, ਜਿਹੜੀਆਂ ਮੈਂ ਕਿਸੇ ਔਰਤ ਵਿਚ ਦੇਖਣਾ ਚਾਹੁੰਦਾ ਸੀ। ਇਸ ਨਾਲ ਦੂਜੀਆਂ ਔਰਤਾਂ ਆਪਣੇ ਆਪ ਦੂਜੇ ਦਰਜੇ ਦੀ ਸ਼੍ਰੇਣੀ 'ਚ ਆ ਗਈਆਂ। ਉਹ ਕੇਵਲ ਖੂਬਸੂਰਤ ਸਨ ਪ੍ਰੰਤੂ ਜਿਸਮ ਦੀ ਖੂਬਸੂਰਤੀ ਤੋਂ ਇਲਾਵਾ ਹੋਰ ਕੋਈ ਖਾਸ ਗੱਲ ਉਸ ਵਿਚ ਨਹੀਂ ਸੀ। ਕਿਉਂਕਿ ਤੂੰ ਐਨੀ ਪ੍ਰਬੁੱਧ ਸੀ, ਤੂੰ ਉਨ੍ਹਾਂ ਸਾਰਿਆਂ ਦੀ ਪ੍ਰਤੀਕ ਸੀ ਜਿਹੜੀ ਮੈਂ ਇਨ੍ਹਾਂ ਔਰਤਾਂ 'ਚ ਦੇਖਣਾ ਚਾਹੁੰਦਾ ਸੀ। ਦਰਅਸਲ ਮੈਂ ਔਰਤਾਂ ਵਿਚ ਜਿਹੜੀ ਦਿਮਾਗੀ ਖੂਬਸੂਰਤੀ ਦੇਖਣੀ ਚਾਹੁੰਦਾ ਸੀ, ਤੇਰੇ ਵਿਚ ਉਨ੍ਹਾਂ ਸਭ ਤੋਂ ਕਿਤੇ ਵੱਧ ਸੀ। ਬਾਕੀ ਔਰਤਾਂ ਐਨੀਆਂ ਜ਼ਹੀਨ ਅਤੇ ਬੌਧਿਕ ਨਹੀਂ ਸਨ ਇਸ ਲਈ ਉਹ ਐਨੀ ਸਮਰਪਤ ਵੀ ਨਹੀਂ ਹੋ ਸਕੀ।

**ਸਿਮੋਨ-ਫਿਰ ਵੀ ਤੇਰੇ ਉਹ 'ਕੁਝ ਵੀ' ਉਤਰ ਕਾਫੀ ਅਜੀਬ ਹੈ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਜਿਹੜੀਆਂ ਵੀ ਔਰਤਾਂ ਤੇਰੀ ਪਹੁੰਚ ਦੇ ਘੇਰੇ ਵਿਚ ਆਈਆਂ, ਤੂੰ ਉਨ੍ਹਾਂ ਦੇ ਨਾਲ ਸੰਬੰਧ ਬਣਾਉਣ ਲਈ ਤਿਆਰ ਰਹਿੰਦੇ ਸੀ।**

ਸਾਰਤਰ-ਓ ਮਾਈ ਗਾਡ!

**ਸਿਮੋਨ-ਹਮੇਸ਼ਾਂ ਅਜਿਹਾ ਨਹੀਂ ਹੋਇਆ। ਕਈ ਵਾਰ ਇਸ ਤਰ੍ਹਾਂ ਵੀ ਹੋਇਆ ਕਿ ਕੁਝ ਔਰਤਾਂ ਤੇਰੇ ਉੱਤੇ ਫਿਦਾ ਹੋਈਆਂ ਅਤੇ ਤੂੰ ਉਨ੍ਹਾਂ ਨੂੰ ਖੁੰਜੇ ਕਰ ਦਿੱਤਾ। ਅਜਿਹੀਆਂ ਵੀ ਕਈ ਔਰਤਾਂ ਹਨ, ਜਿਨ੍ਹਾਂ ਨੂੰ ਤੂੰ ਮਿਲਿਆ, ਉਹ ਤੇਰੇ ਹੋਰ ਨੇੜੇ ਆਉਣਾ ਚਾਹੁੰਦੀਆਂ ਸਨ ਪਰ ਤੂੰ ਉਨ੍ਹਾਂ ਵੱਲ ਧਿਆਨ ਹੀ ਨਹੀਂ ਦਿੱਤਾ।**

ਸਾਰਤਰ-ਮੈਂ ਕੁਝ ਸਮੇਂ ਦੇਖਿਆ-ਪਿਆਰ ਅਤੇ ਰੋਮਾਂਸ ਦੇ ਸੁਪਨੇ, ਜਿਨ੍ਹਾਂ ਤੋਂ ਮੈਨੂੰ ਆਧਾਰ ਮਿਲਿਆ। ਸੁਪਨੇ ਵਿਚ ਮੈਂ ਇਕ ਸੁਨਹਿਰੇ ਵਾਲ੍ਹਾ ਵਾਲੀ ਲੜਕੀ ਨੂੰ ਦੇਖਿਆ। ਆਪਣੇ ਜੀਵਨ ਵਿਚ ਮੈਂ ਇਸ ਤਰ੍ਹਾਂ ਦੀਆਂ ਕੁੜੀਆਂ ਨੂੰ ਮਿਲਿਆ ਪਰ ਉਨ੍ਹਾਂ ਨਾਲ ਕੋਈ ਗੰਭੀਰ ਅਫੇਅਰ ਨਹੀਂ ਹੋਇਆ। ਇਹ ਰੁਤਬਾ ਅੱਜ ਵੀ ਮੇਰੇ ਜ਼ਿਹਨ ਵਿਚ ਹੈ। ਇਕ ਬੱਚੀ ਦਾ ਪਹਿਰਾਵਾ ਪਾਈ ਇਕ ਸੁਨਹਿਰੀ ਵਾਲ੍ਹਾ ਵਾਲੀ ਲੜਕੀ। ਮੈਂ ਉਮਰ ਵਿਚ ਉਸ ਤੋਂ ਕੁਝ ਵੱਡਾ ਸੀ ਅਤੇ ਅਸੀਂ ਲਕਸੇਮਬਰਗ ਝੀਲ ਦੇ ਕਿਨਾਰੇ ਛੱਲਾ ਨਾਲ ਖੇਡ ਰਹੇ ਸਾਂ।

**ਸਿਮੋਨ-ਇਹ ਘਟਨਾ ਹਕੀਕਤ ਹੈ ਜਾਂ ਤੇਰਾ ਇਕ ਸੁਪਨਾ ਮਾਤਰ?**

ਸਾਰਤਰ-ਨਹੀਂ ਇਹ ਮੈਂ ਸੁਪਨੇ ਵਿਚ ਦੇਖਿਆ।

**ਸਿਮੋਨ-ਭਾਵ ਕਿ ਬਚਪਨ ਦੇ ਪ੍ਰੇਮ ਦਾ ਸੁਪਨਾ ਦੇਖ ਰਹੇ ਸੀ?**

ਸਾਰਤਰ-ਨਹੀਂ, ਬਚਪਨ ਦਾ ਇਹ ਪ੍ਰੇਮ, ਪਿਆਰ ਦੀ ਪਹਿਚਾਣ ਹੈ। ਮੈਂ ਨੰਗੇ ਪੈਰ ਸੀ ਅਤੇ ਉਸ ਨੇ ਇਕ ਛੋਟੀ ਬੱਚੀ ਦੀ ਫਰਾਕ ਪਾਈ ਸੀ ਅਤੇ ਇਹ ਸਾਰਾ ਕੁਝ ਜਿਸ ਉਮਰ ਵਿਚ ਹੋ ਰਿਹਾ ਸੀ ਉਹ ਮੇਰੀ ਹੁਣ ਦੀ ਉਮਰ ਸੀ ਭਾਵ ਕਿ ਵੀਹ ਸਾਲ। ਤੂੰ ਸਮਝ ਰਹੀ ਏਂ? ਵੀਹ ਸਾਲ ਦੀ ਉਮਰ ਵਿਚ ਮੈਂ ਇਕ ਛੋਟੀ ਲੜਕੀ ਦੇ ਨਾਲ ਛੱਲੇ ਦੀ ਖੇਡ ਖੇਡਣ ਦਾ ਚਿੰਨ੍ਹਆਤਮਿਕ ਸੁਪਨਾ ਦੇਖ ਰਿਹਾ ਸੀ।

**ਸਿਮੋਨ-ਜਦੋਂ ਕਿ ਤੂੰ ਖੁਦ ਇਕ ਛੋਟਾ ਬੱਚਾ ਸੀ।**

ਸਾਰਤਰ-ਦਰਅਸਲ ਅਸੀਂ ਦੋਵੇਂ ਬੱਚੇ ਸੀ। ਛੜੀ ਅਤੇ ਛੱਲੇ ਨੂੰ ਮੈਂ ਪ੍ਰਤੀਕ ਸਮਝਿਆ-ਯੌਨ ਸੰਬੰਧਾਂ ਦਾ। ਇਹ ਸੁਪਨਾ ਮੈਂ ਵੀਹ ਸਾਲ ਦੀ ਉਮਰ ਵਿਚ ਦੇਖਿਆ ਅਤੇ ਇਨ੍ਹਾਂ ਸੁਪਨਿਆਂ ਵਿਚ ਕੁਝ ਵੀ ਯੋਜਨਾਬੱਧ ਨਹੀਂ ਸੀ। ਅਤੇ ਇਨ੍ਹਾਂ ਸੁਪਨਿਆ ਵਿਚ ਕਿਸੇ ਦੀ ਪਹਿਲ ਨਹੀਂ ਸੀ। ਮਰਦ ਔਰਤ ਤੋਂ ਵੱਧ ਚੰਗਾ ਨਹੀਂ ਸੀ, ਉਸ ਵਿਚ ਕੋਈ ਸੁਪੀਰਿਆਰਟੀ ਦੀ ਭਾਵਨਾ ਨਹੀਂ ਸੀ।

ਅਜੇ ਹੁਣੇ ਜਿਹੇ ਮੈਂ ਇਹ ਸੋਚਣ ਲੱਗਾ ਹਾਂ ਕਿ ਦਰਅਸਲ ਮਰਦ ਆਪਣੇ ਆਪ ਨੂੰ ਔਰਤ ਤੋਂ ਬੇਹਤਰ ਸਮਝਦਾ ਹੈ ਅਤੇ ਇਸ ਲਈ ਮਰਦਾਊ ਹਾਊਮੇ ਨਾਲ ਭਰਿਆ ਹੁੰਦਾ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਉਹ ਉਸ ਉੱਤੇ ਅਧਿਕਾਰ ਕਰਨਾ ਚਾਹੁੰਦਾ ਹੈ। ਮਰਦ ਬੇਸ਼ਕ ਬਰਾਬਰੀ ਦੇ ਨਾਟਕ ਕਰਦੇ ਹੋਇਆ ਔਰਤ ਨਾਲ ਮਿਲਦੇ ਗਿਲਦੇ ਹਨ ਪਰ ਹਮੇਸ਼ਾਂ ਉਹ ਔਰਤ ਨਾਲੋਂ ਵੱਧ ਚੰਗਾ ਅਤੇ ਉੱਚਾ ਸਮਝਦੇ ਹੀ ਹਨ। ਇਹ ਅਜੀਬ ਗੱਲ ਹੈ, ਪ੍ਰੰਤੂ ਸੱਚਾਈ ਇਹ ਹੈ।

**ਸਿਮੋਨ-ਇਹ ਇਸ ਉੱਤੇ ਨਿਰਭਰ ਕਰਦਾ ਹੈ ਕਿ ਤੂੰ ਕਿਨ੍ਹਾਂ ਮਰਦਾ ਦੀ ਗੱਲ ਕਰਦਾ ਏ !**

ਸਾਰਤਰ-ਅਜਿਹੇ ਕਈ ਮਰਦ ਜਿਨ੍ਹਾਂ ਨੂੰ ਅਸੀਂ ਜਾਣਦੇ ਹਾਂ। ਇਸਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਦੇ ਫੈਸਲੇ ਬਹੁਤ ਹੀ ਮਰਦਾਊ ਹਾਊਮੇ ਨਾਲ ਭਰੇ ਨਹੀਂ ਹੁੰਦੇ ਨਿੱਜ ਦੀ ਜ਼ਿੰਦਗੀ ਵਿਚ ਗੱਲਬਾਤ ਕਰਦਿਆਂ ਸਮੇਂ ਉਹ ਬਰਾਬਰੀ ਦੇ ਅਤੇ ਸਮਾਜਵਾਦ ਦੇ ਫਾਰਮੂਲੇ ਦੀ ਵਰਤੋਂ ਕਰਦੇ ਹਨ। ਉਹ ਆਪਣੀ ਸੁਪੀਰੀਆਰਿਟੀ ਜ਼ਾਹਿਰ ਕਰਦੇ ਹਨ ਬਗੈਰ ਇਹ ਪਤਾ ਕੀਤੇ ਤੇ ਸਮਝੇ ਕਿ ਉਹ ਅਜਿਹਾ ਕਰ ਰਹੇ ਹਨ ਅਤੇ ਇਸਤਰੀ ਪੁਰਸ਼ ਸੰਬੰਧਾਂ ਦੀ ਆਪਣੀ ਇਸ ਸਮਤਾਵਾਦੀ ਪਰਿਭਾਸ਼ਾ ਦੇ ਵਿਹਾਰ 'ਚ ਨਾ ਲਿਆਉਣ ਦੇ ਕਾਰਨ ਇਹ ਬੜੀ ਖੋਖਲੀ ਹੁੰਦੀ ਹੈ ਫਿਰ ਵੀ 'ਮਰਦਾਊ ਹਊਮੇ' ਅਜਿਹੀ ਚੀਜ਼ ਹੈ, ਜਿਨ੍ਹਾਂ ਦੀ ਡੀਂਗਾ ਮਾਰਨਾ ਇਹ ਲੋਕ ਪਸੰਦ ਕਰਦੇ ਹਨ। ਘੱਟੋ ਘੱਟ ਉਹ ਮਰਦ ਤਾਂ ਨਹੀਂ ਹਨ। ਜਿਨ੍ਹਾਂ ਨੂੰ ਅਸੀਂ ਜਾਣਦੇ ਹਾਂ। ਫਿਰ ਵੀ ਸਾਨੂੰ ਇਕ ਵਿਸ਼ੇ ਦੇ ਦੂਜੇ ਪੱਖ ਅਤੇ ਦੂਜੇ ਦ੍ਰਿਸ਼ਟੀਕੋਣ ਤੋਂ ਦੇਖਣਾ ਚਾਹੀਦਾ।

**ਸਿਮੋਨ-ਤੇਰੇ ਸੰਦਰਭ ਵਿਚ ਪਰਤਦੇ ਹੋਇਆ-ਉਨ੍ਹਾਂ ਔਰਤਾਂ ਵਿਚ ਅਜਿਹਾ ਕੀ ਸੀ ਜਿਨ੍ਹਾਂ ਨੇ ਤੈਨੂੰ ਖਿੱਚਿਆ ਅਤੇ ਕਿਸ ਸੀਮਾ ਤੱਕ ਖੁਦ ਤੂੰ ਉਸਦੇ ਨਾਲ ਸਮਾਨਤਾ ਦਾ ਵਿਹਾਰ ਕੀਤਾ? ਇਹ ਫਿਰ ਉਨ੍ਹਾਂ ਦੇ ਸੰਦਰਭ ਵਿਚ ਉਸ ਨਾਲ ਐਨਾ ਰੋਲ ਆਦਾ ਕੀਤਾ-ਰੱਖਿਆਕ ਜਾਂ ਤਾਨਾਸ਼ਾਹ ਦਾ?**

ਸਾਰਤਰ-ਮੇਰੇ ਵਿਚਾਰ ਵਿਚ ਮੈਂ ਹਮੇਸ਼ਾਂ ਉਨ੍ਹਾਂ ਦਾ ਰੱਖਿਅਕ ਸੀ ਅਤੇ ਇਸ ਲਈ ਤਾਨਾਸ਼ਾਹ ਵੀ। ਤੂੰ ਖੁਦ ਇਸ ਸੰਬੰਧ ਵਿਚ ਕਈ ਵਾਰ ਮੇਰੇ ਉੱਤੇ ਦੋਸ਼ ਲਗਾਏ ਹਨ। ਨਹੀਂ, ਤੇਰੇ ਆਪਣੇ ਸੰਦਰਭ ਵਿਚ ਨਹੀਂ ਪਰ ਹੋਰ ਔਰਤਾਂ ਦੇ ਸੰਦਰਭ ਵਿਚ, ਜਿਨ੍ਹਾਂ ਨੂੰ ਮੈਂ ਜਾਣਦਾ ਸੀ। ਹਮੇਸ਼ਾਂ ਤੋਂ ਅਜਿਹਾ ਨਹੀਂ ਸੀ। ਕਈ ਜਹੀਨ ਔਰਤਾਂ ਦੇ ਨਾਲ ਮੇਰੇ ਸੰਬੰਧ ਬਰਾਬਰੀ ਦੇ ਸਨ ਅਤੇ ਉਹ ਔਰਤਾਂ ਅਜਿਹੀਆਂ ਸਨ ਕਿ ਜਿਹੜੀਆਂ ਹੋਰ ਕਿਸੇ ਅਧਾਰ ਉੱਤੇ ਮੇਰੇ ਨਾਲ ਸੰਬੰਧ ਬਰਦਾਸਤ ਹੀ ਨਹੀਂ ਕਰਦੀਆਂ ਸਨ ਫਿਰ ਵੀ ਇਕ ਵਾਰ ਇਸ ਵਿਸ਼ੇ ਉਤੇ ਫਿਰ ਤੋਂ ਵਿਚਾਰ ਕਰੇਂ ਕਿ ਮੈਂ ਉਨ੍ਹਾਂ ਔਰਤਾਂ 'ਚੋਂ ਕੀ ਦੇਖਣਾ ਚਾਹੁੰਦਾ ਸਾਂ। ਮੈਨੂੰ ਲੱਗਦਾ ਹੈ, ਸਾਇਦ ਮੈਂ ਉਨ੍ਹਾਂ ਸੰਬੰਧਾਂ 'ਚ ਭਾਵਨਾ ਅਤੇ ਸੰਵੇਦਨਾ ਦਾ ਮਾਹੌਲ ਚਾਹੁੰਦਾ ਸੀ, ਕੇਵਲ ਸਰੀਰਕ ਸੰਬੰਧ ਦੀਆਂ ਭਾਵਨਾਵਾਂ ਨਹੀਂ, ਪਰ ਉਸ ਦੇ ਪਿਛੋਕੜ ਨਾਲ ਜੁੜੀਆਂ ਕੁਝ ਕੌਮਲ ਭਾਵਨਾਵਾਂ।

**ਸਿਮੋਨ-ਜਿਵੇਂ ਬਰਲਿਨ ਦੀ ਉਹ ਔਰਤ, ਜਿਸ ਨੂੰ ਤੂੰ 'ਮੂਨ ਵੂਮਨ' ਕਹਿੰਦੇ ਸੀ। ਉਸ ਵਿਚ ਤੈਨੂੰ ਕੀ ਖਿੱਚ ਦਿਖਾਈ ਦਿੱਤੀ?**

ਸਾਰਤਰ-ਪਤਾ ਨਹੀਂ।

**ਸਿਮੋਨ-ਉਹ ਨਾ ਤਾਂ ਵਧੇਰੇ ਸੁੰਦਰ ਸੀ, ਨਾ ਬੁੱਧੀਮਾਨ।**

ਸਾਰਤਰ-ਹਾਂ।

**ਸਿਮੋਨ-ਤਾਂ ਕੀ ਫਿਰ ਉਸ ਦੇ ਔਰਤ ਹੋਣ ਸੰਬੰਧੀ ਸੀ?**

ਸਾਰਤਰ-ਹਾਂ, ਉਸ ਦਾ ਔਰਤ ਹੋਣਾ ਤਾਂ ਸੀ ਹੀ ਪਰ ਉਸਤੋਂ ਇਲਾਵਾ ਉਸ ਦਾ ਗੱਲਬਾਤ ਕਰਨ ਦਾ ਪ੍ਰਭਾਵਸ਼ਾਲੀ ਅੰਦਾਜ਼ ਮੇਰੇ ਨਾਲ ਮਿਲਦਾ ਜੁਲਦਾ ਸੀ। ਉਹ ਸਾਡੇ ਵਰਗੀ ਮੋਨਟਾਪਾਰਨੇਸ ਵਾਲੀ ਭਾਸ਼ਾ ਨਹੀਂ ਬੋਲਦੀ ਸੀ ਬਲਕਿ ਲੈਟਿਨ ਕਵਾਰਟਰ 'ਚ ਰਹਿਣ ਵਾਲੇ ਲੋਕਾਂ ਵਰਗੀ ਭਾਸ਼ਾ ਵਿਚ ਗੱਲ ਕਰਦੀ ਸੀ, ਜਿਸ ਵਿਚ ਮੈਨੂੰ ਲੱਗਦਾ ਕਿ ਉਸ ਦੇ ਸੋਚਣ ਦਾ ਤਰੀਕਾ, ਸਾਡੇ ਵਰਗਾ ਨਹੀਂ ਸੀ, ਫਿਰ ਵੀ ਉਸ ਤਰ੍ਹਾਂ ਦਾ ਸੀ ਹਾਲਾਂਕਿ ਮੇਰਾ ਇਹ ਸੋਚਣਾ ਬਿਲਕੁਲ ਗਲਤ ਸੀ ਪਰ ਉਸ ਸਮੇਂ ਮੈਂ ਇਹੀ ਸੋਚਦਾ ਸੀ। ਇਹ



ਇਕ ਖਾਸ ਤਰ੍ਹਾਂ ਦਾ ਮਾਮਲਾ ਸੀ। ਹਾਂ ਮੈਂ ਮੰਨਦਾ ਹਾਂ ਕਿ ਸਧਾਰਨ ਰੂਪ ਵਿਚ ਮੈਂ ਵੀ ਮਰਦਾਊ ਹਊਮੇ ਵਿਚ ਫਸਿਆ ਰਿਹਾਂ ਹਾਂ। ਮੈਂ ਵੀ ਆਖਿਰ ਇਕ ਅਜਿਹੇ ਮੋਚੋ (ਜਗੀਰਦਾਰ) ਪਰਿਵਾਰ ਵਿਚ ਜੰਮਿਆ-ਪਲਿਆ ਹਾਂ। ਮੇਰੇ ਦਾਦਾ ਵੀ ਅਜਿਹੇ ਹੀ ਪੁਰਸ਼ ਹੁਕਮਰਾਨ ਸਨ !

**ਸਿਮੋਨ-ਸਮੁੱਚੀ ਮਾਨਵ ਸੱਭਿਆਤਾ ਦਾ ਇਤਿਹਾਸ ਅਜਿਹਾ ਹੀ ਰਿਹਾ ਹੈ !**

ਸਾਰਤਰ-ਫਿਰ ਵੀ ਉਨ੍ਹਾਂ ਔਰਤਾਂ ਨਾਲ ਮੇਰੇ ਸੰਬੰਧਾਂ ਵਿਚ ਮੇਰੇ ਮਰਦਾਊ ਹਾਊਮੇ ਦਾ ਐਨਾ ਦਖਲ ਨਹੀਂ ਸੀ। ਸਾਡੇ ਦੋਹਾਂ ਦੀ ਵੱਖਰੀ ਵੱਖਰੀ ਭੂਮਿਕਾ ਸੀ ਅਤੇ ਮੇਰੇ ਭੂਮਿਕਾ ਵਧੇਰੇ ਤਰਕ ਭਰਪੂਰ ਅਤੇ ਸਰਗਰਮ ਸੀ। ਔਰਤਾਂ ਵਿਚ ਭਾਵਨਾਵਾਂ ਦਾ ਪਲੜਾ ਭਾਰੂ ਸੀ। ਹਮੇਸ਼ਾਂ ਅਜਿਹਾ ਹੀ ਹੁੰਦਾ ਹੈ ਪਰ ਮੈਂ ਉਨ੍ਹਾਂ ਦੇ ਭਾਵਨਾਤਮਿਕ ਪੱਖ ਨੂੰ ਆਪਣੀ ਬੌਧਿਕ ਅਤੇ ਤਾਰਕਿਕ ਪੱਖ ਦੀ ਤੁਲਨਾ 'ਚ ਘੱਟ ਨਹੀਂ ਸਮਝਦਾ ਸੀ। ਇਹ ਕੇਵਲ ਦੋਹਾਂ ਦੇ ਵੱਖ ਵੱਖ ਸੋਚਣ ਦੇ ਤਰੀਕੇ ਉੱਤੇ ਨਿਰਭਰ ਕਰਦਾ ਸੀ। ਇਸ ਦਾ ਇਹ ਅਰਥ ਨਹੀਂ ਕਿ ਔਰਤਾਂ ਤਰਕਪੂਰਨ ਵਿਚਾਰ ਨਹੀਂ ਕਰ ਸਕਦੀਆਂ ਸਨ ਜਾਂ ਉਨ੍ਹਾਂ ਵਿਚ ਇੰਜੀਨੀਅਰ ਜਾਂ ਦਾਰਸ਼ਨਿਕ ਹੋਣ ਦੀ ਯੋਗਤਾ ਨਹੀਂ ਸੀ ਪਰ ਗੱਲ ਕੇਵਲ ਐਨੀ ਸੀ ਕਿ ਔਰਤਾਂ ਆਪਣੇ ਜਜਬਾਤਾਂ ਅਤੇ ਭਾਵਨਾਵਾਂ ਰੁਮਾਟਿਕ ਸੰਬੰਧਾਂ ਨੂੰ ਵਧੇਰੇ ਅਹਿਮੀਅਤ ਦਿੰਦੀ ਸੀ ਅਤੇ ਉਨ੍ਹਾਂ ਦਾ ਇਹ ਪੱਖ ਮੈਨੂੰ ਵਧੇਰੇ ਖਿੱਚਦਾ ਵੀ ਸੀ। ਮੈਨੂੰ ਇਸ ਤਰ੍ਹਾਂ ਲੱਗਦਾ ਸੀ ਕਿ ਅਜਿਹੀਆਂ ਔਰਤਾਂ ਨਾਲ ਸੰਬੰਧ ਰੱਖ ਕੇ ਮੈਂ ਉਨ੍ਹਾਂ ਦੇ ਭਾਵਨਾਤਮਕ ਪੱਖ ਨੂੰ ਆਪਣੀ ਅੰਦਰ ਜਜਬ ਕਰਨਾ ਚਾਹੁੰਦਾ ਸੀ ਅਤੇ ਮੇਰੀ ਤਰਕਸ਼ੀਲਤਾ ਉਹ ਗ੍ਰਹਿਣ ਕਰੇ, ਇਸਦੀ ਵੀ ਚਾਹਤ ਮਨ ਵਿਚ ਸੀ। ਇਸ ਅਹਿਸਾਸ ਦੀ ਕੋਸ਼ਿਸ਼ ਕਿ ਉਹ ਮੇਰੇ ਲਈ ਮਹਿਸੂਸ ਕਰ ਸਕੇ, ਗਹਿਰਾਈ ਨਾਲ ਮਹਿਸੂਸ ਕਰੇ ਮਤਲਬ ਉਸ ਭਾਵਨਾਤਮਕ ਅਹਿਸਾਸ ਨੂੰ ਸਮੇਟ ਕੇ ਰੱਖਣਾ-ਇਹ ਵਿਸ਼ੇਸ਼ਤਾ ਮੈਂ ਆਪਣੇ ਆਪ ਨੂੰ ਦੇ ਰਿਹਾ ਸੀ।

**ਸਿਮੋਨ-ਦੂਜੇ ਸ਼ਬਦਾਂ ਵਿਚ ਤੂੰ ਉਨ੍ਹਾਂ ਔਰਤਾਂ ਕੋਲੋਂ ਇਹ ਚਾਹੁੰਦਾ ਸੀ ਕਿ ਉਹ ਤੇਰੇ ਨਾਲ ਪਿਆਰ ਕਰਨ?**

ਸਾਰਤਰ-ਹਾਂ, ਉਸ ਸੰਵੇਦਨਾ ਨੂੰ ਪਾਉਣ ਦੇ ਲਈ ਜਿਹੜੀ ਮੇਰੀ ਸੀ, ਉਨ੍ਹਾਂ ਨੇ ਮੇਰੇ ਨਾਲ ਪਿਆਰ ਕਰਨਾ ਹੀ ਸੀ। ਜਦੋਂ ਕੋਈ ਔਰਤ ਮੇਰੇ ਪ੍ਰਤੀ ਸਮਰਪਤ ਹੁੰਦੀ ਹੈ ਤਾਂ ਉਸ ਦੀਆਂ ਭਾਵਨਾਵਾਂ, ਮੈਨੂੰ ਆਪਣੇ ਚਿਹਰੇ ਉੱਤੇ ਉਸਦੇ ਹਾਵ-ਭਾਵ ਤੋਂ ਬਹੁਤ ਸਾਫ ਸਾਫ ਦਿਖਾਈ ਦਿੰਦਾ ਸੀ। ਅਤੇ ਉਸ ਦੇ ਚਿਹਰੇ ਉੱਤੇ ਇਨ੍ਹਾਂ ਸੰਬੰਧਾਂ ਨੂੰ ਦੇਖਣਾ ਉਸ ਨੂੰ ਆਪਣੇ ਅਧੀਨ ਕਰ ਲੈਣਾ ਵਰਗਾ ਸੀ। ਮੈਂ ਕਈ ਵਾਰ ਆਪਣੀਆਂ ਕਿਤਾਬਾਂ ਵਿਚ ਇਨ੍ਹਾਂ ਵਿਚਾਰਾਂ ਨੂੰ ਜ਼ਾਹਿਰ ਕੀਤਾ ਹੈ ਕਿ ਭਾਵਨਾ ਅਤੇ ਬੌਧਿਕਤਾ ਨੂੰ ਵੱਖਰਾ ਵੱਖਰਾ ਨਹੀਂ ਕੀਤਾ ਜਾ ਸਕਦਾ। ਭਾਵਨਾ ਦੇ ਨਾਲ ਹੀ ਬੁੱਧੀ ਦਾ ਜਨਮ ਹੁੰਦਾ ਹੈ ਅਤੇ ਬੁੱਧੀ ਨਾਲ ਤਰਕਸ਼ੀਲਤਾ ਪੈਦਾ ਹੁੰਦੀ ਹੈ। ਭਾਵਨਾ ਅਤੇ ਬੁੱਧੀ ਦੇ ਕਾਰਨ ਹੀ ਵਿਅਕਤੀ ਬਚਪਨ ਅਤੇ ਜਵਾਨੀ ਵਿਚ ਜਗਿਆਸੂ ਹੁੰਦਾ ਹੈ ਅਤੇ ਹੌਲੀ ਹੌਲੀ ਇਸ ਜਗਿਆਸਾ ਨਾਲ ਉਸ ਵਿਚ ਤਰਕ ਅਤੇ ਵਿਚਾਰ ਕਰਨ ਦੀ ਸਮਰੱਥਾ ਵਿਕਸਿਤ ਹੁੰਦੀ ਹੈ ਅਤੇ ਵਧੇਰ ਗੁੰਝਲਦਾਰ ਮਸਲਿਆਂ ਉੱਤੇ ਤਰਕ ਅਤੇ ਪ੍ਰਯੋਗ ਕਰਨ ਦੀ ਪ੍ਰਵਿਰਤੀ ਜਾਗ੍ਰਿਤ ਹੁੰਦੀ ਹੈ।

**ਸਿਮੋਨ-ਤੇਰਾ ਭਾਵ ਕਿ ਔਰਤਾਂ 'ਚ ਇਹ ਸੰਵੇਦਨਾ ਤਰਕ ਤੇ ਪੱਖ ਵਿਚ ਥਾਂ ਨਹੀਂ ਬਣਾ ਸਕਦੀ?**

ਸਾਰਤਰ-ਨਹੀਂ ਕਦੇ ਕਦੇ ਉਹ ਵੀ ਤਾਰਕਿਕ ਅਤੇ ਵਿਵੇਕਸ਼ੀਲ ਹੁੰਦੀ ਹੈ। ਪਰ ਸਾਇਦ ਉਸ ਦਾ ਪਾਲਨ-ਪੋਸ਼ਣ ਜਿਸ ਤਰ੍ਹਾਂ ਨਾਲ ਕੀਤੀ ਜਾਂਦੀ ਹੈ ਉਸ 'ਚ ਉਹ ਜਜਬਾਤੀ ਵਧੇਰੇ ਹੋ ਜਾਂਦੀ ਹੈ ਅਤੇ ਆਪਣੀਆਂ ਭਾਵਨਾਵਾਂ ਨੂੰ ਹੀ ਵਧੇਰੇ ਮਹੱਤਵ ਦਿੰਦੀ ਹੈ ਅਤੇ ਕਿਉਂਕਿ ਸ਼ੁਰੂ ਤੋਂ ਹੀ ਸਮਾਜਿਕ ਜਾਂ ਹੋਰ ਭੌਤਿਕ ਕਾਰਨਾਂ ਨਾਲ ਉਹ ਵਧੇਰੇ ਅੱਗੇ ਵੱਧ ਨਹੀਂ ਸਕਦੀ, ਉਸ ਦੀ ਇਹ ਸੰਵੇਦਨਸ਼ੀਲਤਾ ਅੱਗੇ ਵੀ ਬਣੀ ਰਹਿੰਦੀ ਹੈ। ਦੂਜਿਆਂ ਨੂੰ ਸਮਝ ਸਕਣ ਦੀ ਸੰਵੇਦਨਸ਼ੀਲਤਾ। ਮੈਂ ਉਨ੍ਹਾਂ ਔਰਤਾਂ ਨਾਲ ਬੋਧਿਕ ਸੰਬੰਧਾਂ ਦੇ ਬਾਰੇ ਵਿਚ ਹੋਰ ਕੀ ਕਹਾਂ? ਮੈਂ ਜਿਸ ਤਰ੍ਹਾਂ ਸੋਚਦਾ ਹਾਂ, ਉਸ ਨੂੰ ਕਹਿ ਦਿੰਦਾ ਸੀ। ਕਈ ਵਾਰ ਉਹ ਮੈਨੂੰ ਗਲਤ ਸਮਝਦੀ ਸੀ ਪ੍ਰੰਤੂ ਕਈ ਵਾਰ ਮੈਨੂੰ ਉਸ ਤੋਂ ਬੜੀ ਸੰਵੇਦਨਸ਼ੀਲ ਸਮਝ ਮਿਲਦੀ ਸੀ ਜਿਸ ਵਿਚ ਮੇਰੇ

ਵਿਚਾਰ ਵਿਸ਼ਾਲ ਹੁੰਦੇ ਸਨ।

**ਸਿਮੋਨ-ਕੀ ਸਨ ਕੋਈ ਉਦਾਹਰਨ ਦੇ ਸਕਦੇ ਹੋ? ਅਜਿਹੀ ਸੰਵੇਦਨਸ਼ੀਲਤਾ ਤੋਂ ਕਿਸ ਤਰ੍ਹਾਂ ਤੇਰੇ ਵਿਚਾਰਾਂ ਨੂੰ ਮਜਬੂਤੀ ਮਿਲਦੀ ਸੀ?**

ਸਾਰਤਰ-ਕੁਝ ਵਿਸ਼ੇਸ਼ ਸੰਦਰਭ ਵਿਚ ਜੋ ਕੁਝ ਮੈਂ ਬੌਧਿਕ ਪੱਧਰ ਉੱਤੇ ਕਹਿੰਦਾ ਸੀ, ਉਸ ਤੋਂ ਭਾਵਨਾਤਮਿਕ ਵਿਸ਼ਲੇਸ਼ਣ ਮਿਲਦਾ ਸੀ।

**ਸਿਮੋਨ-ਫਿਰ ਵੀ ਤੂੰ ਹਮੇਸ਼ਾਂ ਆਪਣੇ ਆਪ ਨੂੰ ਹਰ ਉਸ ਔਰਤ ਤੋਂ ਵਧੇਰੇ ਬੁੱਧੀਮਾਨ ਸਮਝਦਾ ਰਹਾ, ਜਿਨ੍ਹਾਂ ਨਾਲ ਤੇਰੇ ਸੰਬੰਧ ਰਹੇ।**

ਸਾਰਤਰ-ਵਧੇਰੇ ਬੁੱਧੀਮਾਨ? ਹਾਂ ਜਰੂਰ। ਪਰ ਮੈਂ, ਬੁੱਧੀ ਨੂੰ ਸੰਵੇਦਨਾ ਦਾ ਹੀ ਇਕ ਉਨਤ ਜਾਂ ਵਿਕਸਿਤ ਰੂਪ ਸਮਝਦਾ ਸੀ, ਅਤੇ ਮੈਂ ਜਾਣਦਾ ਸੀ ਕਿ ਸਮਾਜਿਕ ਅਤੇ ਪਰਿਵਾਰਕ ਕਾਰਨ ਦੇ ਕਰਕੇ ਉਨ੍ਹਾਂ ਨੂੰ ਮੇਰੀ ਪੱਧਰ ਤੱਕ ਪਹੁੰਚਣ ਦੀ ਸਹੂਲਤ ਅਤੇ ਛੋਟ ਨਹੀਂ ਮਿਲੀ। ਪਰ ਮੈਂ ਇਹ ਜ਼ਰੂਰ ਮੰਨਦਾ ਸੀ ਕਿ ਉਸ ਦੀ ਅਤੇ ਮੇਰੀ ਸੰਵੇਦਨਸ਼ੀਲਤਾ ਸਿੱਟਾ ਕਿ ਇਕੋ ਜਿਹੀ ਹੈ।

**ਸਿਮੋਨ-ਫਿਰ ਵੀ, ਤੂੰ ਕਿਹਾ ਕਿ ਤੂੰ ਇਨ੍ਹਾਂ ਔਰਤਾਂ ਉੱਤੇ ਉਤੇਜਿਤ ਸ਼ਾਸਨ (ਡਾਮਿਨੇਟ) ਕਰਦੇ ਸੀ।**

ਸਾਰਤਰ-ਹਾਂ ਪਰ ਮੇਰਾ ਇਹ ਦ੍ਰਿਸ਼ਟੀਕੋਣ, ਮੇਰੇ ਇਕੱਲੇ ਦਾ ਨਹੀਂ। ਇਹ ਸ਼ਾਸਨ ਸਵਰੂਪ ਮੈਨੂੰ ਬਚਪਨ ਤੋਂ ਹੀ ਵਿਰਾਸਤ ਵਿਚ ਮਿਲਿਆ। ਮੇਰੇ ਦਾਦਾ, ਦਾਦੀ ਨੂੰ ਡਾਮਿਨੇਟ ਕਰਦੇ ਅਤੇ ਮੇਰੇ ਮਤੇਰ ਪਿਤਾ ਮੇਰੀ ਮਾਂ ਨੂੰ।

**ਸਿਮੋਨ-ਅੱਛਾ !**

ਸਾਰਤਰ-ਅਤੇ ਇਹ ਕਿਸੇ ਅਮੂਰਤ ਬਨਾਵਟ ਦੇ ਵਾਂਗ ਮੇਰੇ ਜਿਹਨ ਵਿਚ ਬਣਿਆ ਰਿਹਾ!

**ਸਿਮੋਨ-ਅਤੇ ਇਸ ਲਈ, ਸਾਰੀਆਂ ਕਿਤਾਬਾਂ ਅਤੇ ਪ੍ਰਸਿੱਧ ਲੋਕਾਂ ਦੀਆਂ ਕਹਾਣੀਆਂ, ਜਿਨ੍ਹਾਂ ਨੂੰ ਤੈਨੂੰ ਪ੍ਰਭਾਵਿਤ ਕੀਤਾ, ਉਨ੍ਹਾਂ ਸਾਰਿਆਂ 'ਚ ਹਮੇਸ਼ਾਂ ਮਰਦ ਹੀ ਹੀਰੋ ਹੋਇਆ ਕਰਦਾ ਸੀ?**

ਸਾਰਤਰ-ਹਾਂ, ਬਿਲਕੁਲ! ਇਸ ਲਈ ਮੈਨੂੰ ਟਾਲਸਟਾਇ ਦਾ ਮਾਮਲਾ ਰੌਚਿਕ ਲੱਗਾ। ਇਸ ਵਿਚ ਜ਼ਰੂਰ ਮਰਦ ਨੇ ਆਪਣੀ ਸ਼ਕਤੀ ਦੀ ਨਜਾਇਜ਼ ਵਰਤੋਂ ਕੀਤੀ ਸੀ। ਪਰ ਇਨ੍ਹਾਂ ਸਾਰੀਆਂ ਖਾਸ ਘਟਨਾਵਾਂ 'ਚ ਮੈਨੂੰ ਇਕ ਖਾਸ ਕਾਰਨ, ਪੈਟਰਨ ਨਜ਼ਰ ਆਇਆ ਪਰ ਅੰਤ ਵਿਚ ਇਸ ਨਤੀਜੇ ਉੱਤੇ ਪਹੁੰਚਿਆ ਕਿ ਇਹ ਸਭ ਉਨ੍ਹਾਂ ਦੇ ਪਾਲਣ ਪੋਸ਼ਣ ਅਤੇ ਸੰਸਕਾਰਾਂ ਦੇ ਕਾਰਨ ਹੋਇਆ। ਬਾਅਦ ਵਿਚ ਜਦੋਂ ਮੈਂ 35-40 ਸਾਲ ਦਾ ਹੋਇਆ ਤਾਂ ਸੋਚਣ ਲੱਗਾ ਕਿ ਕੀ ਬੁੱਧੀ ਅਤੇ ਭਾਵਨਾ ਕਿਸੇ ਵਿਅਕਤੀ ਦੇ ਪਰਿਪੱਕ ਹੋਣ ਦੀ ਸਥਿਤੀ ਦੀ ਪ੍ਰਤਿਨਿੱਧਤਾ ਕਰਦੀ ਹੈ? ਕੋਈ ਪੰਜ ਛੇ ਸਾਲ ਦੀ ਉਮਰ ਵਿਚ ਹੀ ਬੁੱਧੀਮਾਨ ਜਾਂ ਸੰਵੇਦਨਸੀਲ ਨਹੀਂ ਹੁੰਦਾ। ਕੋਈ ਵਿਚਾਰਾ ਨਾਲ ਸੰਵੇਦਨਸ਼ੀਲ ਹੋ ਸਕਦਾ ਹੈ ਅਤੇ ਕੋਈ ਜਜਬਾਤਾਂ ਨਾਲ ਸੰਵੇਦਨਸ਼ੀਲ ਹੋ ਸਕਦਾ ਹੈ ਪਰ ਉਸ ਨਾਲ ਬਹੁਤ ਫਰਕ ਨਹੀਂ ਪੈਂਦਾ? ਸੰਵੇਦਨਾ ਆਪਣੀ ਥਾਂ ਉੱਤੇ ਮਜਬੂਤ ਬਣੀਆਂ ਰਹਿ ਸਕਦੀਆਂ ਹਨ, ਅਤੇ ਬੁੱਧੀ ਹੌਲੀ ਹੌਲੀ ਵੱਧਦੀ ਅਤੇ ਫੈਲਦੀ ਹੈ ਜਾਂ ਫਿਰ ਸੰਵੇਦਨਾ ਬੁੱਧੀ ਉੱਤੇ ਹਾਵੀ ਹੋ ਜਾਂਦੀ ਹੈ। ਜਾਂ ਬੁੱਧੀ ਅਤੇ ਵਿਵੇਕ ਆਪਣੇ ਆਪ ਵਿਕਸਿਤ ਹੋ ਜਾਂਦਾ ਹੈ, ਜਦਕਿ ਸੰਵੇਦਨਾਵਾਂ ਇਸੇ ਤਰ੍ਹਾਂ ਹੀ ਧਰੀਆਂ ਰਹਿ ਜਾਂਦੀਆਂ ਹਨ। ਹਾਲਾਂਕਿ ਸੰਵੇਦਨਾ ਨਾਲ ਹੀ ਬੁੱਧੀ ਜਨਮ ਲੈਂਦੀ ਹੈ, ਫਿਰ ਵੀ ਉਹ ਉਥੇ ਦੀ ਉਥੇ ਧਰੀ ਰਹਿ ਜਾਂਦੀ ਹੈ-ਖੁਰਦਰੀ ਅਤੇ ਅੰਦਰੂਨੀ ਅਤੇ ਬੁੱਧੀ ਅਤੇ ਵਿਵੇਕ ਪੈਦਾ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਪੁਰਸ਼ ਨੂੰ ਸਾਸਨ ਕਰਨ ਦਾ ਇਕ ਢਾਂਚਾ ਇਕ ਸਮਾਜਿਕ ਪ੍ਰਤੀਕ ਹੈ, ਜਿਹੜਾ ਮੇਰੇ ਲਈ ਪੂਰੀ ਤਰ੍ਹਾਂ ਅਸੰਗਤ ਸੀ ਅਤੇ ਮੈਂ ਇਸੇ ਨੂੰ ਦਰੁਸਤ ਕਰਨ ਦੀ ਆਪਣੇ ਪੱਧਰ ਤੇ ਕੋਸ਼ਿਸ਼ ਕਰ ਰਿਹਾ ਸੀ। ਮੇਰੇ ਸਾਸ਼ਨ ਕਰਨ ਦਾ ਕਾਰਨ ਇਹ ਨਹੀਂ ਕਿ ਵਧੇਰੇ ਬੁੱਧੀਮਾਨ ਹੋਣ ਦੇ ਕਾਰਨ ਇਹ ਮੇਰਾ ਅਧਿਕਾਰ ਹੈ। ਪਰ ਵਿਹਾਰ ਵਿਚ ਇਸ ਤਰ੍ਹਾਂ ਹੀ ਸੀ ਕਿਉਂਕਿ ਮੇਰੀ ਪ੍ਰਵਿਰਤੀ ਹੀ ਅਜਿਹੀ ਸੀ ਅਤੇ ਮੈਂ ਅਜਿਹੀਆਂ ਔਰਤਾਂ ਨੂੰ ਤਲਾਸ਼ਦਾ ਰਿਹਾ, ਜਿਹੜੀਆਂ ਮੇਰੇ ਨਾਲ ਸੰਬੰਧ ਰੱਖ ਸਕਣ ਅਤੇ ਇਸ ਮੈਂ ਹੀ ਉਨ੍ਹਾਂ ਦਾ



ਮਾਰਗਦਰਸ਼ਕ ਬਣਾ। ਬੁਨਿਆਦੀ ਤੌਰ ਤੇ ਮੈਂ ਆਪਣੀ ਬੁੱਧੀ ਨਾਲ ਭਰੀ ਮਾਨਸਿਕਤਾ ਨੂੰ ਕਿਸੇ ਦੂਜੇ ਦੀ ਸੰਵੇਦਨਾਵਾਂ ਦੇ ਨਾਲ ਜੋੜ ਕੇ ਆਪਣੇ ਆਪ ਨੂੰ ਕੋਮਿਲਤਾ ਨਾਲ ਤਰਾਸ਼ਣਾ ਚਾਹੁੰਦਾ ਸੀ।

**ਸਿਮੋਨ-ਤੂੰ ਉਨ੍ਹਾਂ ਔਰਤਾਂ ਦੇ ਵਿਸ਼ੇਸ਼ ਭਾਵਨਾਤਮਕ ਵਿਚਾਰਾਂ ਨੂੰ ਸਵੀਕਾਰ ਕਰ ਲਿਆ।**

ਸਾਰਤਰ-ਹਾਂ, ਮੈਨੂੰ ਔਰਤਾਂ 'ਚ ਉਸ ਸਮੇਂ ਵਿਸ਼ੇਸ਼ ਰੂਪ ਵਿਚ ਜਿਹੜਾ ਖਾਸ ਭਾਵਨਾਤਮਕ ਪੱਖ ਲੱਗਾ ਉਸ ਨੂੰ ਮੈਂ ਗ੍ਰਹਿਣ ਕਰ ਲਿਆ।

**ਸਿਮੋਨ-ਚੰਗਾ ਕੀ ਤੂੰ ਕਦੇ ਕਿਸੇ ਬਦਸ਼ਕਲ ਭੱਦੀ ਔਰਤ ਦੇ ਵੱਲ ਖਿੱਚਿਆ ਗਿਆ?**

ਸਾਰਤਰ-ਬਿਲਕੁਲ ਭੱਦੀ ਅਤੇ ਬਦਸੂਰਤ ਔਰਤ? ਨਹੀਂ ਕਦੇ ਨਹੀਂ।

**ਸਿਮੋਨ-ਇਸ ਦਾ ਮਤਲਬ ਹੈ ਇਹ ਮੰਨ ਲਓ ਕਿ ਤੈਨੂੰ ਜਿਹੜੀਆਂ ਔਰਤਾਂ ਚੰਗੀਆਂ ਲੱਗਦੀਆਂ ਸੀ, ਉਹ ਜਾਂ ਤਾਂ ਨਿਸਚਿਤ ਰੂਪ ਨਾਲ ਬੇਹੱਦ ਸੁੰਦਰ ਸਨ ਜਾਂ ਕਿਸੇ ਨਾ ਕਿਸੇ ਰੂਪ ਵਿਚ ਖਿੱਚ ਪਾਊ ਅਤੇ ਖੂਬਸੂਰਤ ਸਨ।**

ਸਾਰਤਰ-ਹਾਂ, ਆਪਣੇ ਨਾਲ ਸੰਬੰਧਤ ਔਰਤਾਂ ਵਿਚ ਕਾਮੁਕਤਾਂ ਮੇਰੀ ਪਸੰਦ ਦੀ ਪਹਿਲੀ ਸ਼ਰਤ ਸੀ, ਕਿਉਂਕਿ ਇਹ ਇਕ ਤਰੀਕਾ ਸੀ, ਆਪਣੀ ਸੰਵੇਦਨਾ ਨੂੰ ਵਿਕਸਿਤ ਕਰਨ ਦਾ, ਇਹ ਸਾਰੀ ਸੁੰਦਰਤਾ, ਮੋਹਤ ਹੋਣਾ, ਖਿੱਚਣਾ ਵਗੈਰਾ ਵਗੈਰਾ ਬੇਅਰਥ, ਤਰਕਹੀਣ ਮਾਪਦੰਡ ਸੀ, ਜਾਂ ਫਿਰ ਤਰਕਸੰਗਤ ਸਪਟੀਕਰਨ ਦੇ ਸਕੇ ਤਾਂ ਇਸ ਨੂੰ ਤਰਕਿਕ ਵੀ ਕਿਹਾ ਜਾ ਸਕਦਾ ਹੈ। ਪਰ ਜਦੋਂ ਤੁਸੀਂ ਕਿਸੇ ਤੇ ਮੋਹਤ ਹੋ ਕੇ ਪਿਆਰ ਕਰਦੇ ਹੋ ਉਦੋਂ ਤੁਸੀਂ ਇਕ ਤਰਕਹੀਣ ਵਸਤੂ ਨਾਲ ਪਿਆਰ ਕਰਦੇ ਹੋ, ਹਾਲਾਂਕਿ ਧਾਰਨਾਵਾਂ ਅਤੇ ਵਿਚਾਰ, ਮੋਹਤ ਹੋਣ ਲਈ ਕਾਫੀ ਗਹਿਰਾਈ ਨਾਲ ਵਿਆਖਿਆ ਕਰ ਸਕਦੇ ਹਨ।

**ਸਿਮੋਨ-ਸੁੰਦਰਤਾ ਅਤੇ ਮੋਹਤ ਹੋਣ ਵਰਗੇ ਖਾਲਿਸ ਨਾਰੀਵਾਦੀ ਗੁਣਾਂ ਤੋਂ ਇਲਾਵਾ ਕੀ ਕਿਸੇ ਹੋਰ ਕਾਰਨਾ ਕਰਕੇ ਤੈਨੂੰ ਕੋਈ ਔਰਤ ਨਹੀਂ ਖਿੱਚ ਸਕੀ? ਜਿਵੇਂ ਮਾਨਸਿਕ ਰੂਪ ਵਿਚ ਤੰਦਰੁਸਤ, ਪ੍ਰਬੁੱਧ ਇਸਤਰੀਆਂ? ਮੈਂ ਖਾਸ ਕਰਕੇ ਦੋ ਔਰਤਾਂ ਦੇ ਸੰਬੰਧ ਵਿਚ ਸੋਚ ਰਹੀ ਹਾਂ, ਇਕ ਤਾਂ ਉਹ ਜਿਸ ਦੇ ਨਾਲ ਤੇਰਾ ਕੋਈ ਸੰਬੰਧ ਨਹੀਂ ਸਥਾਪਿਤ ਹੋਇਆ ਪਰ ਜਿਸ ਨੂੰ ਅਸੀਂ ਦੋਵੇਂ ਪਸੰਦ ਕਰਦੇ ਸਨ-ਕ੍ਰਿਸਤੀਨਾ ! ਅਤੇ ਦੂਜੀ ਉਹੀ, ਜਿਸਦਾ ਜ਼ਿਕਰ ਤੂੰ ਹੁਣੇ ਹੁਣੇ ਕੀਤਾ।**

ਸਾਰਤਰ-ਹਾਂ ਮੈਂ ਕ੍ਰਿਸਤੀਨਾ ਦੇ ਮਜਬੂਤ ਵਿਅਕਤਿਤਵ ਦਾ ਬਹੁਤ ਸਨਮਾਨ ਕਰਦਾ ਸੀ। ਜਿੰਨਾ ਸ਼ਕਤੀਸ਼ਾਲੀ ਠੋਸ ਚ੍ਰਤਿਰ ਉਸਦਾ ਸੀ ਜੇਕਰ ਨਹੀਂ ਹੁੰਦਾ ਤਾਂ ਮੈਂ ਉਸ ਨੂੰ ਸਮਝ ਵੀ ਨਾ ਸਕਦਾ, ਪਰ ਨਾਲ ਹੀ ਉਸ ਸਮੇਂ ਮੈਨੂੰ ਥੋੜਾ ਧੱਕਾ ਵੀ ਲੱਗਾ, ਪਰ ਉਹ ਗੈਰਜ਼ਰੂਰੀ ਸੀ। ਸਭ ਤੋਂ ਅਹਿਮ ਗੱਲ ਉਸ ਦੀ ਸ਼ਖ਼ਸੀਅਤ, ਉਸਦਾ ਜਿਸਮ ਕਿਸੇ ਯੌਨਿਕ ਵਿਸ਼ੇ ਦੇ ਸੰਦਰਭ ਵਿਚ ਨਹੀਂ, ਪਰ ਉਸਦਾ ਜਿਸਮ ਅਤੇ ਚਿਹਰਾ, ਕੁਲ ਮਿਲਾ ਕੇ ਇਕ ਅਣਜਾਣਿਆ ਜਿਹਾ ਕਾਮੁਕ ਪ੍ਰਭਾਵ ਪਾਉਂਦਾ ਸੀ, ਜਿਸ ਦਾ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਦਾ ਪਰ ਉਹੀ ਤਾਂ ਅਧਾਰ ਸੀ ਔਰਤਾਂ ਨਾਲ ਮੇਰੇ ਸੰਬੰਧਾਂ ਦਾ।

**ਸਿਮੋਨ-ਤੇਰੇ ਇਨ੍ਹਾਂ ਔਰਤਾਂ ਨਾਲ ਸੰਬੰਧਾਂ ਵਿਚ ਕੀ ਕੋਈ ਪਿਗਮੈਲਿਅਨ ਪਹਿਲੂ ਨਹੀਂ ਸੀ?**

(ਪਿਗਮੈਲਿਅਨ ਸਾਇਪ੍ਰਸ ਦਾ ਰਾਜਾ ਸੀ, ਜਿਸ ਨੇ ਆਇਵਰੀ-ਹਾਥੀ ਦੰਦ ਨਾਲ ਕੁਝ ਔਰਤਾਂ ਦੇ ਆਕਾਰ ਬਣਵਾਏ ਅਤੇ ਇਨ੍ਹਾਂ ਆਕਾਰਾਂ ਨਾਲ ਪ੍ਰੇਮ ਅਤੇ ਸੁੰਦਰਤਾ ਦੀ ਗ੍ਰੀਕ ਦੇਵੀ ਐਫੋਡਾਇਟ ਨੇ ਉਨ੍ਹਾਂ ਵਿਚ ਜਾਨ ਪਾ ਕੇ ਉਨ੍ਹਾਂ ਨੂੰ ਜੀਵਤ ਕਰ ਦਿੱਤਾ।)

ਸਾਰਤਰ-ਤੇਰੇ ਇਸ ਪਿਗਮੈਲਿਅਨ ਪਹਿਲੂ ਦਾ ਉਦੇਸ਼ ਕੀ ਹੈ?

**? ਸਿਮੋਨ-ਉਸ ਇਕ ਸੀਮਾ ਤੱਕ ਕਾਂਟ-ਛਾਂਟ ਕਰਕੇ ਤਰਾਸ਼ਣਾ, ਉਸ ਨੂੰ ਨਵੀਆਂ ਨਵੀਆਂ ਚੀਜਾਂ ਦਿਖਾਉਣਾ, ਸਿਖਾਉਣਾ, ਆਪਣੇ ਮਤਲਬ ਲਈ ਬਣਾਉਣਾ।**

ਸਾਰਤਰ-ਬੇਸ਼ੱਕ, ਉਹ ਤਾਂ ਸੀ! ਇਸ ਦਾ ਮਤਲਬ ਕੁਝ ਕੁਝ ਆਸ਼ਿਕ, ਅਲਪਜੀਵੀ ਕਿਸਮ ਦੀ ਸੁਪੀਰੀਆਰਟੀ ਸੀ। ਇਹ ਇਕ ਰੰਗਮੰਚ ਸੀ ਅਤੇ ਉਸਦੇ ਬਾਅਦ, ਜਾਂ ਤਾਂ ਉਹ ਹੋਰ ਲੋਕਾਂ ਦੇ ਸੰਬੰਧ ਵਿਚ

ਕੁਝ ਮੇਚਿਓਰ, ਵਿਕਸਿਤ ਹੁੰਦੀ ਜਾਂ ਫਿਰ ਆਪਣੇ ਆਪ। ਮੈਂ ਤਾਂ ਉਸ ਨੂੰ ਕੇਵਲ ਇਕ ਸੁਰੱਖਿਤ ਸੀਮਾ ਤੇ ਲੈ ਜਾਂਦਾ ਸੀ। ਅਤੇ ਉਸ ਸਮੇਂ ਸਰੀਰਕ ਸੰਬੰਧ ਬਣਾਉਣਾ ਕੇਵਲ ਇਸ ਪੱਧਰ ਤੱਕ ਪਹੁੰਚਾਉਣ ਅਤੇ ਫਿਰ ਉਸੇ ਤੋਂ ਪਿੱਛੇ ਹੱਟਣ ਦੇ ਬਰਾਬਰ ਸੀ।

**ਸਿਮੋਨ-ਅਤੇ ਪਿਗਮੈਲਿਅਨ ਦੀ ਇਸ ਭੂਮਿਕਾ 'ਚ ਤੈਨੂੰ ਕੀ ਚੰਗਾ ਲੱਗਾ?**

ਸਾਰਤਰ-ਉਹੀ ਸਾਰਾ ਕੁਝ ਜਿਹੜੀ ਕਿਸੇ ਬੰਦੇ ਨੂੰ ਮਹਿਸੂਸ ਹੁੰਦੀ ਹੈ, ਦੂਜਿਆਂ ਦੀ ਸਹਾਇਤਾ ਕਰਨ ਅਤੇ ਉਸ ਨੂੰ ਆਕਾਰ ਦੇ ਕੇ ਉਸ ਨੂੰ ਵਿਕਸਿਤ ਕਰਨ ਉੱਤੇ।

**ਸਿਮੋਨ-ਹਾਂ ਉਹ ਸੱਚ ਹੈ, ਫਿਰ ਵੀ, ਇਹ ਸਾਰਾ ਕੁਝ ਜਿਹੜਾ ਤੈਨੂੰ ਖਿੱਚਦਾ ਸੀ, ਉਹ ਸਹੀ ਅਰਥਾਂ ਵਿਚ ਕੋਈ ਬੁੱਧੀਮਾਨ ਜਾਂ ਤਰਕਸੰਗਤ ਕਾਰਨ ਸੀ, ਜਿਸਦਾ ਤੂੰ ਬਿਆਨ ਕਰ ਰਹੇ ਏਂ। ਇਸਦਾ ਤੇਰੀਆਂ ਭਾਵਨਾਵਾਂ ਨਾਲ ਗਹਿਰਾ ਸਰੋਕਾਰ ਸੀ।**

ਸਾਰਤਰ-ਹਾਂ, ਜੇਕਰ ਇਹ ਹਫਤੇ ਬਾਅਦ, ਮੇਰੇ ਸਾਹਮਣੇ ਕੁਝ ਅਜਿਹਾ ਆਉਂਦਾ ਕਿ ਮੈਨੂੰ ਲੱਗਦਾ ਕਿ ਉਹ ਅੱਗੇ ਵੱਧ ਗਈ ਹੈ ਤਾਂ ਮੈਨੂੰ ਖੁਸ਼ੀ ਹੁੰਦੀ।

**ਸਿਮੋਨ-ਪਰ ਅਜਿਹਾ ਸਾਰੀਆਂ ਔਰਤਾਂ ਦੇ ਨਾਲ ਨਹੀਂ ਸੀ।**

ਸਾਰਤਰ-ਨਹੀਂ।

**ਸਿਮੋਨ-ਸਾਇਦ ਕੁਝ ਅਜਿਹੀਆਂ ਵੀ ਔਰਤਾਂ ਸਨ, ਜਿਹੜੀਆਂ ਬਿਲਕੁਲ ਤੰਗ ਦਿਮਾ.ਗ ਸਨ ਅਤੇ ਜਿਸ ਵਿਚ ਕੁਝ ਵੀ ਸਿੱਖਣ ਅਤੇ ਕਿਸੇ ਸਰੂਪ ਵਿਚ ਢਲਣ ਦੀ ਯੋਗਤਾ ਨਹੀਂ ਸੀ।**

ਸਾਰਤਰ-ਹਾਂ ਬਿਲਕੁਲ। ਔਰਤਾਂ ਨਾਲ ਸਰੀਰਕ ਸੰਬੰਧ ਸਮਾਨ ਰੂਪ ਨਾਲ ਕਈ ਵਾਰ ਲਾਜਮੀ ਹੋ ਜਾਂਦੇ ਸੀ, ਪਰ ਮੈਂ ਉਨ੍ਹਾਂ ਨੂੰ ਵਧੇਰੇ ਮਹੱਤਵ ਨਹੀਂ ਦਿੰਦਾ ਸੀ। ਸਹੀ ਅਰਥਾਂ ਵਿਚ ਮੈਨੂੰ ਸਰੀਰਕ ਸੰਬੰਧਾਂ ਵਿਚ ਐਨੀ ਰੁਚੀ ਵੀ ਨਹੀਂ ਹੁੰਦੀ ਸੀ, ਜਿੰਨੀ ਪਿਆਰ ਕਰਨ ਅਤੇ ਦੁਲਾਰਨ ਵਿਚ ਅਤੇ ਇਹ ਸਾਰਾ ਕੁਝ ਉਨ੍ਹਾਂ ਔਰਤਾਂ ਨਾਲ ਮੇਰੇ ਖਾਸ ਸੰਬੰਧਾਂ ਦਾ ਨਤੀਜਾ ਹੈ ਕਿ ਮੈਂ ਉਨ੍ਹਾਂ ਨੂੰ ਕਿਸ ਰੂਪ ਵਿਚ ਦੇਖਦਾ ਅਤੇ ਚਾਹੁੰਦਾ ਸੀ। ਮੇਰੇ ਖਿਆਲ ਵਿਚ ਕਈ ਲੋਕ ਔਰਤਾਂ ਨੂੰ ਭਰਮਾਉਣ ਦੇ ਮਾਮਲੇ ਵਿਚ ਮੇਰੇ ਤੋਂ ਵੱਧ ਮਾਹਿਰ ਹੈ। ਇਕ ਨਜ਼ਰੀਏ ਤੋਂ ਦੇਖੀਏ ਤਾਂ ਉਹ ਪਿਛੜੇ ਹੋਏ ਲੋਕ , ਅਤੇ ਦੂਜੇ ਨਜ਼ਰੀਏ ਤੋਂ ਦੇਖੀਏ ਤਾਂ ਬੜੇ ਆਧੁਨਿਕ ਵੀ, ਕਿਉਂਕਿ ਉਨ੍ਹਾਂ ਦੀ ਸ਼ੁਰੂਆਤ ਹੀ ਯੌਨਿਕ (ਕਾਮੁਕ) ਦ੍ਰਿਸ਼ਟੀ ਨਾਲ ਹੁੰਦੀ ਹੈ ਅਤੇ ਯੌਨਿਕ ਨਜ਼ਰੀਏ ਦਾ ਸਿੱਧਾ ਅਰਥ 'ਹਮਬਿਸਤਰ' ਹੋਣਾ!

**ਸਿਮੋਨ-ਅਤੇ ਤੁਸੀਂ ਇਸ ਨੂੰ ਪਿਛੜਾਪਨ ਮੰਨਦੇ ਹੋ, ਜਾਂ ਵਿਕਸਿਤ ਰੂਪ?**

ਸਾਰਤਰ-ਵਿਕਸਿਤ! ਇਸ ਦੇ ਨਤੀਜੇ ਦੇ ਕਾਰਨ ਮੈਂ ਇਸ ਨੂੰ ਵਿਕਸਿਤ ਮੰਨਦਾ ਹਾਂ। ਮੇਰੇ ਲਈ ਜ਼ਰੂਰੀ ਅਤੇ ਪ੍ਰਭਾਵੀ ਹੁੰਦਾ ਸੀ-ਉਸ 'ਚ ਅਲਿੰਗਨ, ਉਨ੍ਹਾਂ ਦਾ ਸਹਿਲਾਉਣਾ ਅਤੇ ਪੂਰੀ ਦੇਹ ਨੂੰ ਹਰ ਥਾਂ ਚੁੰਮਣਾ। ਸੰਬੰਧਾਂ ਦੀ ਕ੍ਰਿਆ ਤਾਂ ਖੈਰ ਹੁੰਦੀ ਹੀ ਸੀ ਅਤੇ ਮੈਂ ਇਸ ਨੂੰ ਅਕਸਰ ਕਰਦਾ ਵੀ ਸੀ, ਕਰਦਾ ਹੀ ਸੀ ਇਕ ਯਕੀਨ ਤੇ ਕਾਹਲੀ ਨਾਲ।

**ਸਿਮੋਨ-ਅਸਲ ਵਿਚ ਅਣਮੰਨੇਪਨ ਅਤੇ ਕਾਹਲ ਨਾਲ ਸੰਬੰਧਾਂ ਦੀ ਕ੍ਰਿਆ ਦਾ ਜ਼ਿਕਰ ਔਰਤਾਂ ਦੇ ਸੰਬੰਧ ਵਿਚ ਵਧੇਰੇ ਕੀਤਾ ਜਾਂਦਾ ਹੈ, ਪਰ ਸਾਇਦ ਇਸਦਾ ਸੰਬੰਧ ਹਰ ਦੇਹ ਦੇ ਨਾਲ ਜੁੜਿਆ ਹੈ। ਮੈਂ ਜਾਨਣਾ ਚਾਹੁੰਦੀ ਹਾਂ ਕਿ ਤੇਰੇ ਨਾਲ ਹਮੇਸਾਂ ਇਹ ਠੰਡਾਪਨ ਜਾਂ ਅਣਮੰਨਿਆ ਮਨ ਨਾਲ ਕਿਉ ਹੁੰਦਾ ਹੈ ਜਦਕਿ ਤੈਨੂੰ ਔਰਤਾਂ ਅਕਸਰ ਹੀ ਚੰਗੀਆਂ ਲੱਗਦੀਆਂ ਸਨ, ਪਰ ਕੇਵਲ ਇਕ ਭਿਆਨਿਕ ਵਾਸਨਾ ਦੇ ਤਹਿਤ ਤੂੰ ਕਦੇ ਵੀ ਉਤੇਜਿਤ ਨਹੀਂ ਹੋਇਆ।**

ਸਾਰਤਰ-ਨਹੀਂ ਕਦੇ ਨਹੀਂ!

**ਸਿਮੋਨ-ਬਲਕਿ ਇਹ ਨਸ਼ੇ ਵਾਂਗ ਸੀ। ਤੇਰੇ ਲਈ ਹਮੇਸ਼ਾ ਤੋਂ ਔਰਤਾਂ, ਰੋਮਾਂਸ ਦਾ ਸਾਧਨ ਰਹੀਆਂ।**

ਸਾਰਤਰ-ਹਾਂ! ਰੋਮਾਂਸ ਦੇ ਬਿਨਾ ਕੁਝ ਨਹੀਂ। ਦਰਅਸਲ ਅਜਿਹਾ ਕਿਹਾ ਜਾ ਸਕਦਾ ਹੈ, ਕਿ ਆਪਣੀ



ਬੌਧਿਕਤਾ ਦਾ ਵਿਕਾਸ਼ ਕਰਨ ਦੇ ਲਈ ਜਿਵੇਂ ਜਿਵੇਂ ਪੁਰਸ਼ ਆਪਣੀ ਸੰਵੇਦਨਸ਼ੀਲਤਾ ਦਾ ਕੁਝ ਹਿੱਸਾ ਖਾਂਦਾ ਗਿਆ ਹੈ, ਉਸ ਨੂੰ ਦੂਜਿਆਂ ਤੋਂ ਉਧਾਰ ਲੈ ਕੇ ਉਸ ਥਾਂ ਨੂੰ ਭਰਨਾ ਪੈਂਦਾ ਹੈ। ਔਰਤਾਂ ਦੀ ਸੰਵੇਦਨਸ਼ੀਲਤਾ ਉਸ ਨੂੰ ਵਧੇਰੇ ਪ੍ਰਭਾਵਿਤ ਕਰਦੀ ਹੈ। ਉਸ ਨੂੰ ਆਪਣੇ ਪ੍ਰਭਾਵ ਨੂੰ ਲੈ ਕੇ ਉਸਦੀ ਸੰਵੇਦਨਾ ਦਾ ਕੇਂਦਰ ਬਿੰਦੂ ਬਣਨ 'ਚ ਤਾਂ ਕਿ ਔਰਤ ਦੀ ਸੰਵੇਦਨਾ ਉਸ ਪੁਰਸ਼ ਦੀ ਤਾਕਤ ਬਣ ਸਕੇ।

**ਸਿਮੋਨ-ਇਹ ਦੱਸੋਂ ਕਿ ਛੋਟੇ ਕੱਦ ਦਾ ਹੋਣਾ ਅਤੇ ਦੂਜਿਆਂ ਤੋਂ ਇਹ ਤਾਹਨੇ ਸੁਣਦੇ ਰਹਿਣ ਦੇ ਬਾਅਦ ਕਿ ਤੂੰ ਬਹੁਤ ਬਦਸੂਰਤ ਏਂ-ਤੇਰੇ ਉਤੇ ਕੋਈ ਪ੍ਰਭਾਵ ਪਿਆ?**

ਸਾਰਤਰ-ਹਾਂ, ਕਾਫੀ ਅਸਰ ਹੁੰਦਾ ਸੀ! ਪਰ ਇਹ ਉਸ ਤਰ੍ਹਾਂ ਸੀ ਕਿ ਜਿਵੇਂ ਕੋਈ ਵਿਦਿਆਰਥੀ ਹਿਸਾਬ ਪੜ੍ਹਦੇ ਸਮੇਂ, ਡੂੰਘੀਆਂ ਅਤੇ ਅਮੂਰਤ ਤੱਥਾਂ ਦੀ ਗੱਲ ਕਰੇ ਅਤੇ ਮੇਰੇ ਲਈ ਇਹ ਛੋਟਾ ਹੋਣਾ ਕੋਈ ਰਹੱਸ ਉਜਾਗਰ ਹੋਣ ਵਾਲੀ ਗੱਲ ਨਹੀਂ ਸੀ। ਮੈਂ ਜਾਣਦਾ ਸੀ, ਕਿ ਮੈਂ ਮੱਧਰਾ ਹਾਂ। ਲੋਕ ਮੈਨੂੰ ਛੋਟਾ ਬੋਨਾ ਵੀ ਕਹਿੰਦੇ ਰਹੇ ਹਨ। ਅਤੇ ਬਚਪਨ ਵਿਚ ਮੈਂ ਆਪਣੀ ਮਾਂ ਆਪਣੇ ਦਾਦਾ ਅਤੇ ਆਪਣੇ ਖੁਦ ਦੇ ਕੱਦ ਦੇ ਅੰਤਰ ਨੂੰ ਸਪੱਸ਼ਟ ਦੇਖਦਾ ਰਿਹਾ ਹਾਂ, ਪਰ ਉਸ ਤੋਂ ਮੈਨੂੰ ਆਪਣੇ ਮੱਧਰੇ ਹੋਣ ਨੂੰ ਲੈ ਕੇ ਬਹੁਤ ਜਿਆਦਾ ਹੀਣ ਭਾਵਨਾ ਨਹੀਂ ਰਹੀ। ਕਿਉਂਕਿ ਦੂਜਿਆਂ ਦੇ ਵਾਂਗ, ਮੇਰੇ ਕੋਲ ਵੀ ਅੱਖਾਂ ਸੀ, ਮੈਂ ਉਸ ਪਰਿਪੇਖ ਨੂੰ ਸਮਝ ਸਕਿਆ ਕਿ ਮੈਂ ਹੋਰ ਲੋਕਾਂ ਦੀ ਤੁਲਨਾ ਵਿਚ ਛੋਟਾ ਹਾਂ, ਅਤੇ ਮੈਂ ਸਥਿਤੀਆਂ ਨੂੰ ਆਪਣੇ ਵੱਖਰੇ ਅੰਦਾਜ਼ ਵਿਚ ਦੇਖਦਾ ਹਾਂ। ਦੂਜੇ ਲੜਕੇ, ਉੱਚੇ, ਲੰਮੇ ਕੱਦ ਦੇ ਸਨ। ਮੇਰੇ ਸਾਰੇ ਦੋਸਤ ਵੀ, ਮੇਰੇ ਤੁਲਨਾ ਵਿਚ ਲੰਮੇ ਕੱਦ ਦੇ ਸਨ। ਮੈਂ ਇਹ ਸਾਰਾ ਕੁਝ ਨੋਟ ਕੀਤਾ ਸੀ, ਪਰ ਇਕ ਮੂਕ ਅਨੁਭਵ ਦੇ ਵਾਂਗ, ਜਿਨ੍ਹਾਂ ਨੂੰ ਸ਼ਬਦਾਂ ਵਿਚ ਵਰਣਨ ਨਹੀਂ ਕੀਤਾ ਜਾ ਸਕਦਾ। ਅਸਲੀਅਤ ਤਾਂ ਇਹ ਹੈ ਕਿ ਮੈਂ ਆਪਣੇ ਆਪ ਨੂੰ ਹੋਰਨਾਂ ਵਰਗਾ ਮੰਨਦਾ ਸੀ। ਇਨ੍ਹਾਂ ਦਾ ਸਪਟੀਕਰਨ ਜਰਾ ਔਖਾ ਹੈ, ਪਰ ਐਨਾ ਜ਼ਰੂਰ ਸਮਝਦਾ ਹਾਂ ਕਿ ਮੈਂ ਆਪਣੇ ਅਤੇ ਦੂਜਿਆਂ ਦੇ ਅੰਤਰ ਨੂੰ ਸਮਝਦਾ ਸੀ। ਆਪਣੇ ਤੋਂ ਲੰਮੇ ਆਦਮੀ ਤੋਂ ਮੈਂ ਸਿਰ ਚੁੱਕ ਕੇ ਉੱਚੀ ਆਵਾਜ਼ 'ਚ ਗੱਲ ਕਰਦਾ ਸੀ। ਅਤੇ ਮੇਰਾ ਸਿਰ ਜ਼ਰੂਰਤ ਤੋਂ ਵੱਧ ਉੱਚਾ ਹੋ ਜਾਂਦਾ ਸੀ। ਅਸਲ ਵਿਚ ਮੈਂ ਆਪਣੇ ਆਪ ਨੂੰ ਉਸਦੇ ਸਮਾਨ ਹੀ ਵੱਡਾ ਸਮਝਦਾ ਸੀ। ਭਵੇਂ ਕਿ ਮੈਂ ਉਸ ਦੀ ਗੋਦ ਵਿਚ ਹਾਂ, ਪਰ ਉਸ ਵੇਲੇ ਜਿਹੜੇ ਵਿਚਾਰ ਹੁੰਦੇ ਸਨ ਉਹ ਸਨੇਹ ਅਤੇ ਪਿਆਰ 'ਚ ਹੁੰਦੇ ਸੀ। ਜਦੋਂ ਮੈਂ ਛੇ ਸਾਲ ਦਾ ਬੱਚਾ ਸੀ ਅਤੇ ਮੇਰੇ ਦਾਦਾ ਜੀ ਮੈਨੂੰ ਆਪਣੀ ਗੋਦ ਵਿਚ ਲੈ ਲੈਂਦੇ ਸਨ, ਤਾਂ ਮੈਨੂੰ ਨਹੀਂ ਲਗਦਾ ਸੀ ਕਿ ਮੈਂ ਉਸ ਤੋਂ ਛੋਟਾ ਹਾਂ। ਇਹ ਗਿਆਨ ਮੈਨੂੰ ਨਹੀਂ ਸੀ, ਜਾਂ ਫਿਰ ਜੇਕਰ ਸੀ ਵੀ ਤਾਂ ਮੱਧਮ ਸੀ।

**ਸਿਮੋਨ-ਭਾਵ ਕਿ ਤੈਨੂੰ ਆਪਣੇ ਆਪ ਵਿਚ ਕੋਈ ਘਾਟ ਲੱਗੀ?**

ਸਾਰਤਰ-ਮੈਂ ਸੋਚਦਾ ਸਾਂ ਕਿ ਇਕ ਸਧਾਰਨ ਮਰਦ ਦੇ ਬਰਾਬਰ ਜੀਵਨ ਮੈਂ ਔਰਤ ਨਾਲ ਨਿਰੰਤਰ ਸੰਬੰਧ .......... ਜ਼ਰੂਰੀ ਹਨ। ਇਕ ਮਰਦ ਜਿਵੇਂ ਆਪਣੇ ਕੰਮ ਤੋਂ, ਆਪਣੇ ਵਿਹਾਰ ਤੋਂ ਪਰਿਭਾਸ਼ਤ ਹੁੰਦਾ ਹੈ, ਉਂਝ ਹੀ ਇਸ ਗੱਲ ਤੋਂ ਵੀ ਕਿ ਉਹ ਕਿਸ ਸ਼੍ਰੈਣੀ ਦੀ ਔਰਤ ਦੇ ਨਾਲ ਹੈ! ਇਹ ਸਾਰਾ ਕੁਝ ਨਾਲ ਜੁੜਿਆ ਹੋਇਆ ਹੈ।

**ਸਿਮੋਨ-ਜਿਨ੍ਹਾਂ ਸ਼੍ਰੈਣੀ ਦੀਆਂ ਔਰਤਾਂ ਦੇ ਨਾਲ ਤੁਸੀਂ ਸਬੰਧ ਰੱਖ ਰਹੇ ਸੀ, ਉਸ ਤਰ੍ਹਾਂ ਦੇ ਮਰਦਾਂ ਦੇ ਨਾਲ ਨਹੀਂ, ਕਿਉਂਕਿ ਉਸਦੇ ਨਾਲ ਬੌਧਿਕ ਸੰਵਾਦਾਂ ਨੂੰ ਇਕ ਭਾਵਨਾਤਮਿਕ ਆਧਾਰ ਮਿਲਦਾ ਸੀ।**

ਸਾਰਤਰ-ਸੰਵੇਦਨਾ ਦਾ ਇਕ ਆਧਾਰ।

**ਸਿਮੋਨ-ਭਾਵ ਕਿ ਰੁਮਾਂਟਿਕ। ਮੈਂ ਦੇਖਿਆ ਹੈ ਅਤੇ ਇਹ ਇਕ ਸਰਵ ਪ੍ਰਮਾਣਿਤ ਤੱਥ ਵੀ ਹੈ, ਮਿੱਥਕਾਂ ਦਾ ਇਕ ਹਿੱਸਾ ਵੀ ਇਸਦਾ ......... ਲੋਹਾ ਮੰਨਦਾ ਹੈ ਅਤੇ ਇਹ ਹਕੀਕਤ ਵੀ ਹੈ ਕਿ ਸਾਡੇ ਜੀਵਨ ਦੀਆਂ ਸਾਰੀਆਂ ਪ੍ਰਾਪਤੀਆਂ ਪਿੱਛੇ ਕੋਈ ਔਰਤ ਹੀ ਹੈ ਜਿਹੜੀ ਆਪਣੇ ਦੇਸ਼ ਦਾ ਪ੍ਰਤੀਕ ਬਣ ਜਾਂਦੀ ਹੈ।**

ਸਾਰਤਰ-ਹਾਂ।

**ਸਿਮੋਨ-ਹੁਣ ਜਿਵੇਂ ਕਿ ਅਮਰੀਕਾ 'ਚ 'ਐੱਮ' ਸੀ ਅਤੇ ਬ੍ਰਾਜੀਲ ਵਿਚ ਕ੍ਰਿਸਤੀਨਾ।**

ਸਾਰਤਰ-ਅਜਿਹਾ ਇਸ ਲਈ ਕਿ ਭਾਵੇਂ ਕਿ ਉਹ ਕਿਸੇ ਔਰਤ ਨੂੰ ਤੇਰੀਆਂ ਬਾਂਹਾਂ ਵਿਚ ਨਾ ਸੁੱਟ ਦੇਵੇ ਪਰ ਫਿਰ ਵੀ ਉਹ ਤੁਹਾਡੇ ਨਾਲ ਉਸ ਨੂੰ ਬਿਠਾ ਕੇ ਉਸਨੂੰ ਨਾਲ ਕਰ ਦਿੰਦੇ ਹਨ, ਤਾਂ ਕਿ ਉਹ ਆਪਣੇ ਦੇਸ਼ ਦੀ ਸੁੰਦਰਤਾ ਨਾਲ ਤੁਹਾਡੀ ਜਾਣ ਪਹਿਚਾਣ ਕਰਵਾ ਸਕੇ !

**ਸਿਮੋਨ-ਨਹੀਂ, ਇਹ ਹਮੇਸ਼ਾਂ ਨਹੀਂ ਹੁੰਦਾ। ਰੂਸ ਵਿਚ ਉਹ ਸ਼ੁਰੂ 'ਚ ਤੈਨੂੰ ਇਕ ਮਰਦ ਦਿੰਦੇ ਹਨ, ਜਾਹਿਰ ਹੈ ਕਿ ਉਸਦੇ ਨਾਲ ਦੋਸਤੀ ਦੇ ਸੰਬੰਧ ਬਣ ਨਹੀਂ ਸਕਦੇ।**

ਸਾਰਤਰ-ਮੈਂ ਤਾਂ ਸ਼ੁਰੂ ਤੋਂ ਇਸ ਦਾ ਵਿਰੋਧ ਕੀਤਾ। ਅਸਲ ਵਿਚ ਯਾਤਰਾ ਕਰਦੇ ਸਮੇਂ ਔਰਤਾਂ ਮੇਰੇ ਜੀਵਨ ਦਾ ਅਭਿੰਜ ਅੰਗ ਰਹੀਆਂ ਹਨ।

**ਸਿਮੋਨ-ਇਹ ਕੇਵਲ ਯੌਨ ਵਿਹਾਰ ਦੇ ਕਾਰਨ ਨਹੀਂ ਹੈ। ਜਿਸ ਦੇਸ਼ ਦੀ ਤੁਸੀਂ ਯਾਤਰਾ ਕਰੋ, ਆਮ ਤੌਰ ਤੇ ਔਰਤਾਂ ਹੀ ਆਪਣੇ ਦੇਸ਼ ਦਾ ਸਹੀ ਪ੍ਰਤੀਨਿੱਧਤਾ ਕਰਦੀ ਹੈ ! ਜੇਕਰ ਉਹ ਔਰਤਾਂ ਥੋੜੀਆਂ ਜਿਹੀਆਂ ਜ਼ਹੀਨ ਹੋਣ ਤਾਂ ਮਰਦਾਂ ਤੋਂ ਵੱਧ ਰੌਚਕ ਅਤੇ ਮਹੱਤਵਪੂਰਨ ਹੁੰਦੀਆਂ ਹਨ !**

ਸਾਰਤਰ-ਕਿਉਂਕਿ ਉਸ ਦੇ ਨਾਲ ਜਜਬਾਤ ਹੁੰਦੇ ਹਨ-ਸੰਵੇਦਨਾਵਾਂ !

**ਸਿਮੋਨ-ਅਤੇ ਜਿੱਥੇ ਤੱਕ ਸਮਾਜ ਦਾ ਸਵਾਲ ਹੈ, ਉਨ੍ਹਾਂ ਨੂੰ ਹਾਸ਼ੀਏ ਉੱਤੇ ਕਰ ਦਿੱਤਾ ਗਿਆ ਹੈ ਪਰ ਇਸ ਸਮਾਜ ਨੂੰ ਉਹ ਬੇਹਤਰ ਸਮਝਦੀ ਹੈ। ਜੇਕਰ ਉਹ ਜ਼ਮੀਨ ਹੈ ਤਾਂ ਹਾਸ਼ੀਏ ਉੱਤੇ ਹੋਣ ਦੇ ਬਾਵਜੂਦ ਉਸ ਸਮਾਜ ਦੇ ਪ੍ਰਤਿ ਇਕ ਦਿਲਚਸਪ ਨਜ਼ਰੀਆਂ ਰੱਖਦੀ ਹੈ, ਉਨ੍ਹਾਂ ਮਰਦਾਂ ਦੇ ਮੁਕਾਬਲੇ, ਜਿਹੜੇ ਉਸ ਸਮਾਜ ਦੇ ਅੰਦਰ ਰਹਿੰਦੇ ਹਨ। ਅਜੇ ਇਹ ਗੱਲ ਵੀ ਠੀਕ ਹੈ ਕਿ ਜਿਨ੍ਹਾਂ ਔਰਤਾਂ ਨੂੰ ਤੂੰ ਪਸੰਦ ਕੀਤਾ, ਉਹ ਸਚਮੁੱਚ ਪਸੰਦ ਕੀਤੀਆਂ ਜਾਣ ਦਾ ਯੋਗ ਸਨ। ਮੈਂ ਇਸ ਗੱਲ ਦੀ ਗਵਾਹ ਹਾਂ। ਕਿਉਂਕਿ ਮੈਨੂੰ ਵੀ ਉਹ ਬਹੁਤ ਚੰਗੀਆਂ ਲੱਗੀਆਂ ਸਨ।**

ਸਾਰਤਰ-ਹਾਂ ਅਤੇ ਜਦੋਂ ਕੋਈ ਇਸਤਰੀ ਆਪਣੇ ਪੂਰੇ ਦੇਸ਼ ਦੀ ਪ੍ਰਤੀਨਿੱਧਤਾ ਕਰਦੀ ਹੈ, ਤਾਂ ਉਸ ਨੂੰ ਪਸੰਦ ਕਰਨ 'ਚ ਕੋਈ ਹੋਰ ਚੀਜਾਂ ਜੁੜ ਜਾਂਦੀਆਂ ਹਨ। ਜਦੋਂ ਉਹ ਆਪਣੇ ਦੇਸ਼ ਦੇ ਹਾਸ਼ੀਏ ਉੱਤੇ ਗਰੀਬ ਅਤੇ ਤੰਗ ਹਾਲਤ 'ਚ ਹੁੰਦੀ ਹੈ, ਉਦੋਂ ਵਧੇਰੇ ਅਮੀਰ ਹੁੰਦੀ ਹੈ। ਕ੍ਰਿਸਤੀਨਾ ਵੀ ਮਸ਼ਖਰੀ ਦੀ ਤਿਕੋਣ ਦਾ ਪ੍ਰਤੀਕ ਸੀ। ਅਤੇ ਜਦੋਂ ਕੋਈ ਆਪਣੇ ਦੇਸ਼ ਤੋਂ ਬਗਾਵਤ ਕਰਦਾ ਹੈ ਤਾਂ ਉਸਦਾ ਮਤਲਬ ਇਹ ਨਹੀਂ ਕਿ ਉਹ ਉਸਦਾ ਪ੍ਰਤੀਨਿੱਧ ਨਹੀਂ ਕਰਦਾ। ਉਹ ਉਸ ਦੀ ਅਗਵਾਈ ਵੀ ਕਰਦਾ ਹੈ, ਅਤੇ ਫਿਰ ਬਗਾਵਤ ਵੀ !

**ਸਿਮੋਨ-ਇਸ ਵਿਸ਼ੇ ਤੇ ਥੋੜਾ ਵਿਸਥਾਰ ਨਾਲ ਚਰਚਾ ਕਰੋ।**

ਸਾਰਤਰ-ਮੈਂ ਜਦੋਂ ਉਨ੍ਹਾਂ ਸਾਰੀਆਂ ਔਰਤਾਂ ਦੇ ਸੰਬੰਧ ਵਿਚ ਸੋਚਦਾ ਹਾਂ, ਜਿਨ੍ਹਾਂ ਦੇ ਨਾਲ ਮੈਂ ਸੰਬੰਧ ਬਣਾਏ ਤਾਂ ਹਮੇਸ਼ਾਂ ਕੱਪੜੇ ਪਾਏ ਹੋਇਆ ਦਾ ਉਨ੍ਹਾਂ ਦਾ ਚ੍ਰਤਿਰ ਸਾਹਮਣੇ ਆਉਂਦਾ ਹੈ, ਨਗਨ ਨਹੀਂ। ਭਾਵੇਂ ਕਿ ਮੈਂ ਹਮੇਸ਼ਾਂ ਉਨ੍ਹਾਂ ਨੂੰ ਨਗਨ ਰੂਪ ਵਿਚ ਦੇਖਣ ਤੇ ਬਹੁਤ ਆਨੰਦ ਮਹਿਸੂਸ ਕੀਤਾ ਸੀ, ਫਿਰ ਵੀ ਉਹ ਮੈਨੂੰ ਬਕਾਇਦਾ ਕੱਪੜੇ ਪਾਏ ਹੋਏ ਹੀ ਚੇਤੇ ਆਉਂਦੀਆਂ ਹਨ। ਜਿਵੇਂ ਕਿ ਉਸਦੀ ਨਗਨ ਅਵਸਥਾ ਇਕ ਖਾਸ ਮੁਕਾਮ ਸੀ, ਪਰ ਉਥੇ ਤੱਕ ਪਹੁੰਚਣ ਦੇ ਲਈ ਤੁਹਾਨੂੰ ਕਈ ਪੜਾ ਪਾਰ ਕਰਨੇ ਪੈਂਦੇ ਹਨ।

**ਸਿਮੋਨ-ਜਦੋਂ ਕਿਸੇ ਔਰਤ ਨੇ ਕੱਪੜੇ ਪਾਏ ਹਨ। ਵਧੇਰੇ ਹਕੀਕਤ ਤਾਂ ਨਹੀਂ, ਪਰ ਸਮਾਜਿਕ ਦ੍ਰਿਸ਼ਟੀ ਤੋਂ ਉਹ ਵਧੇਰੇ ਆਸਾਨੀ ਨਾਲ ਮਿਲ ਸਕਦੇ ਹਨ। ਨਗਨ ਅਵਸਥਾ ਵਿਚ ਉਨ੍ਹਾਂ ਤੱਕ ਪਹੁੰਚਣ ਦੇ ਲਈ ਕਾਫੀ ਸਰੀਰਕ ਅਤੇ ਮਾਨਸਿਕ ਮਿਹਨਤ ਕਰਨੀ ਪੈਂਦੀ ਹੈ। ਫਿਰ ਵੀ, ਮੈਂ ਉਸ ਦੇ ਨਾਲ ਨਾਜਾਇਜ਼ ਸੰਬੰਧ ਰੱਖੇ, ਅਤੇ ਇਕ ਵੱਖਰੇ ਕਿਸਮ ਦੇ ਸੰਸਾਰ ਵਿਚ ਰਿਹਾ। ਤੁਹਾਡੇ ਕਾਰਨ ਨਾਲ ਮੈਂ ਉਸ ਦੇ ਨਾਲ ਅਸਲ ਵਿਚ ਦੁਨੀਆਂ 'ਚ ਨਹੀਂ ਰਹਿ ਸਕਿਆ।**

**ਸਿਮੋਨ-ਕੀ ਮਤਲਬ?**

ਸਾਰਤਰ-ਅਸਲ ਦੁਨੀਆਂ ਉਸ ਵਿਚ ਤਾਂ ਮੈਂ ਕੇਵਲ ਤੇਰੇ ਨਾਲ ਹੀ ਰਹਿ ਸਕਿਆ। ✪

**ਅਨੁਵਾਦ: ਭਗਵੰਤ ਰਸੂਲਪੁਰੀ**



**ਆਲੋਚਨਾ**

# ਸ਼੍ਰੇਣਿਕ ਇਤਿਹਾਸ ਦਾ ਦਲਿਤ ਪ੍ਰਵਚਨ 'ਕਾਲ ਕਾਲਾਂਤਰ'

**ਡਾ. ਸਤਿੰਦਰ ਸਿੰਘ**




ਵਰਤਮਾਨ ਪੰਜਾਬੀ ਕਹਾਣੀ-ਜੇਕਰ ਮਨੁੱਖੀ ਨਹੀਂ ਤਾਂ ਕੁਝ ਖਾਸ ਰਚਨਾਵਾਂ ਦੇ ਅਧਾਰ 'ਤੇ ਕਹਿਣਾ ਬਣਦਾ ਹੈ ਕਿ ਵੱਥ, ਕੱਥ, ਨਜ਼ਰਿਆਤੀ ਤੇ ਵਿਧਾਮੂਲਕ ਪਰਿਪੇਖਾਂ ਤੋਂ ਨਵੇਂ ਆਯਾਮ ਸਿਰਜ ਰਹੀ ਹੈ। ਗੱਲ ਚਾਹੇ ਇਤਿਹਾਸ, ਮਿਥਿਹਾਸ ਦੀ ਹੋਵੇ, ਧਰਮ, ਸੰਸਕ੍ਰਿਤੀ, ਸਮਾਜ, ਸਭਿਆਚਾਰ, ਵਿਚਾਰਧਾਰਾਵਾਂ ਦੀ ਹੋਵੇ ਜਾਂ ਮਨੁੱਖੀ ਮਨ ਦੇ ਅਗਾਹ ਸਾਗਰਾਂ ਦੀ ਪੰਜਾਬੀ ਕਹਾਣੀਕਾਰ ਲਗਨਵਾਨ ਤੇ ਨਿਰੰਤਰ ਖੋਜੀ ਵਾਂਗ ਅਣਗਾਹਿਆਂ ਨੂੰ ਗਾਹੁਣ ਦੀ ਘਾਲ ਵਿੱਚ ਪਿਆ ਹੈ। ਪ੍ਰਵਾਨਿਤ ਤੇ ਸਥਾਪਿਤ ਮੁੱਲ ਪ੍ਰਬੰਧ ਨੂੰ ਬਦਲੀਆਂ ਪ੍ਰਸਥਿਤੀਆਂ ਤੇ ਨਵੀਂ ਨਜ਼ਰ ਦੀ ਰੌਸ਼ਨੀ ਵਿੱਚ ਵਿਚਾਰਿਆ ਜਾ ਰਿਹਾ ਹੈ। ਮੁੱਖ ਧਾਰਾ ਵੱਲੋਂ ਚੁੱਪ ਕਰਵਾ ਦਿੱਤੀਆਂ, ਦੱਬੀਆਂ, ਦਬਕਾਈਆਂ ਤੇ ਹਾਸ਼ੀਏ ਸਿਰਜੇ ਜਾਣ ਲੱਗੇ ਹਨ। ਇੰਜ ਹੀ ਇਤਿਹਾਸ ਦੇ ਲੰਮੇ ਗੇੜ ਵਿੱਚ ਸ਼ਸਤਰ, ਸ਼ਾਸਤਰ ਦੀ ਦਹਿਸ਼ਤ ਨਾਲ ਦਬਾਇਆਂ (ਸੂਦਰ,ਦਲਿਤ) ਅਤੇ ਹਾਸ਼ੀਏ ਤੇ ਧੱਕ ਦਿੱਤੇ ਗਿਆ (ਜਾਂਗਲੀ ਕਬੀਲੇ, ਅਨੁਸੂਚਿਤ ਜਨ ਜਾਤੀਆਂ, ਆਦਿਵਾਸੀ) ਸਮਾਜਿਕ ਸਮੂਹਾਂ ਤੇ ਉਨ੍ਹਾਂ ਦੇ 'ਮੂਲ' ਨਾਲ ਪਛਾਣ ਕਰਵਾਉਣ ਦਾ ਅਹਿਮ ਉਪਰਾਲਾ ਕੀਤਾ ਹੈ ਪ੍ਰਬੁੱਧ ਕਹਾਣੀਕਾਰ ਸਰੂਪ ਸਿਆਲਵੀ ਨੇ ਆਪਣੇ ਨਵੇਂ ਕਹਾਣੀ-ਸੰਗ੍ਰਹਿ 'ਕਾਲ ਕਾਲਾਂਤਰ' ਰਾਹੀਂ।

ਕਹਾਣੀਕਾਰ ਨੇ ਆਪਣੀ ਕਹਾਣੀ 'ਕਾਲ ਕਾਲਾਂਤਰ' (**ਪ੍ਰਕਾਸ਼ਕ ਪਰਵਾਜ਼ ਪ੍ਰਕਾਸ਼ਨ, ਜਲੰਧਰ, ਮੁੱਲ 160, ਰੁਪਏ, ਪੰਨੇ 160**) ਵਿੱਚ ਬੜੀ ਸੂਖਮ ਤੇ ਤਾਰਕਿਕ ਨੀਝ ਨਾਲ ਭਾਰਤ ਦੇ ਪ੍ਰਾਚੀਨ ਇਤਿਹਾਸ ਨੂੰ ਫਰੋਲਦਿਆਂ ਅੱਜ ਦੇ ਦਲਿਤ ਸਮੂਹਾਂ ਤੇ ਆਦਿਵਾਸੀ ਕਬੀਲਿਆਂ, ਅਨੁਸੂਚਿਤ ਜਾਤੀਆਂ ਟੱਪਰੀਵਾਸ ਕਹਾਏ ਜਾਂਦੇ ਕਬੀਲਿਆਂ ਦੇ ਇਸ 'ਸਥਿਤੀ' ਤੱਕ ਪਹੁੰਚਣ ਜਾਂ ਪਹੁੰਚਾਏ ਜਾਣ ਦੇ ਸਮਾਜਕ ਇਤਿਹਾਸਕ ਕਾਰਨਾਂ ਨੂੰ ਪਛਾਇਆਂ ਹੈ। ਕਹਾਣੀਕਾਰ ਜਨ-ਸਾਧਾਰਨ ਦੀ ਮਾਨਸਿਕਤਾ ਵਿੱਚ ਦਲਿਤ ਹੋਂਦ, ਸਬੰਧੀ ਜੜ੍ਹ-ਰੂਪ ਹੋਈਆਂ ਸਿਥਿਕ ਧਾਰਨਾਵਾਂ ਨੂੰ ਵਿਅੰਗਾਤਮਕ ਨਜ਼ਰੀਏ ਤੋਂ ਸਿਰਜਦਾ ਹੈ-

ਦੇਸੀ ਦਾਰੂ ਵਾਲੇ ਦਾ ਆਖਿਆ... ਕਿ ਇਨਸਾਨ ਨੂੰ ਇਨਸਾਨ ਨਾਲੋਂ ਪਾੜਨ, ਊਚ-ਨੀਚ, ਭੇਦ-ਭਾਵ, ਵਿਤਕਰੇ, ਛੂਆ-ਛਾਤ ਪੈਦਾ ਕਰਨ ਵਾਲੀਆਂ ਜਾਤਾਂ-ਪਾਤਾਂ ਵਿੱਚ ਵੰਡਣ ਵਾਲਾ ਨਿਖਧ ਤੇ ਭੈੜਾ ਕੰਮ...ਈਸ਼ਵਰ ਨੇ ਕੀਤਾ... ਸੁਣ ਕੇ ਮੇਰਾ ਸਿਰ ਚਕਰਾਉਣ ਲਗ ਪੈਂਦਾ ਹੈ।(ਪੰਨਾ-9)

ਜਨ ਸਾਧਾਰਨ ਦੀ ਮਾਨਸਿਕਤਾ ਵਿੱਚ ਬਣੀਆਂ ਜਾਂ ਬਣਾਈਆਂ ਗਈਆਂ ਅਜਿਹੀਆਂ ਧਾਰਨਾਵਾਂ ਅਤੇ ਦਲਿਤ ਸਮਾਜ ਦੀ ਹੋਂਦ 'ਤੇ ਹੋਣੀ' ਦੇ ਪ੍ਰੇਰਕ ਸਮਾਜਕ ਇਤਿਹਾਸਕ ਕਾਰਣਾਂ ਦੀ ਤਲਾਸ਼ ਵਿੱਚ ਅਗਲੇਰਾ ਕਥਾ-ਬਿਰਤਾਂਤ ਉੱਸਰਦਾ ਹੈ। ਇਨ੍ਹਾਂ ਸਮਾਜਕ ਇਤਿਹਾਸਕ ਕਾਰਨਾਂ ਦੀ ਤਲਾਸ਼ 'ਵੈਦਿਕ ਕਾਲ' ਤੋਂ ਆਰੰਭੀ ਗਈ ਹੈ। 'ਵੈਦਿਕ ਕਾਲ' ਵਿੱਚ ਮੱਧ ਏਸ਼ੀਆ ਤੋਂ ਭਾਰਤ ਦੀ ਧਰਤੀ ਤੇ ਪ੍ਰਵੇਸ਼ ਪਾਏ ਆਰੀਅਨ ਕਬੀਲਿਆਂ ਦੁਆਰਾ ਇਥੋਂ ਦੀ ਨਗਰੀ ਸੱਭਿਅਤਾ ਵਾਲੇ ਮੂਲ ਵਾਸੀਆਂ ਨੂੰ ਆਪਣੀ ਯੁੱਧ ਸਮਰਥਾ ਸਦਕਾ ਖਦੇੜਨ ਅਤੇ ਆਪਣੇ ਗੁਲਾਮ ਬਣਾਏ ਜਾਣ ਤੋਂ ਦਲਿਤ, ਸੂਦਰ ਅਤੇ ਕਬੀਲਾਈ 'ਹੋਣ' ਦੀ ਇਤਿਹਾਸਕ ਪ੍ਰਕਿਰਿਆ ਆਰੰਭ ਹੁੰਦੀ ਹੈ ਅੱਗੋਂ ਉਤਰ ਵੈਦਿਕ ਕਾਲ, ਲੋਕਾਇਤ ਹੈ ਤੇ ਬੁੱਧ ਨਾਲ

ਸਿਮਰਤੀ ਕਾਲ ਦੇ ਲੰਮੇਰੇ ਇਤਿਹਾਸ ਵਿੱਚ ਉੱਚ ਵਰਣਾਂ ਦੁਆਰਾ ਨਿਰੰਕੁਸ਼ ਰਾਜਾਸ਼ਾਹੀ ਤੰਤਰ ਸਥਾਪਿਤ ਕਰ ਰਾਜਸੀ ਪ੍ਰਬੰਧ, ਫ਼ੌਜੀ ਤਾਕਤ ਅਤੇ ਨਾਲ ਹੀ 'ਧਰਮ' ਰਾਹੀਂ ਫੈਲਾਏ ਅੰਧ-ਵਿਸ਼ਵਾਸਾਂ ਸਦਕਾ ਇਨ੍ਹਾਂ ਮੂਲ ਵਾਸੀਆਂ ਨੂੰ ਆਪਣੇ ਗੁਲਾਮ ਬਣਾਈ ਰੱਖਣ, ਮਾਨਵੀ ਹੱਕਾਂ ਤੋਂ ਵੰਚਿਤ ਕਰਨ ਅਤੇ ਸਮਾਜਿਕ ਜੀਵਨ ਦੇ ਹਰ ਖੇਤਰ ਵਿੱਚੋਂ ਹਾਸ਼ੀਏ ਤੇ ਕਰਨ, ਦਬਾਉਣ, ਉਤਪੀੜਨਾ ਦਿੱਤੇ ਜਾਣ ਦੇ ਅਮਾਨਵੀ ਕਾਰਜ ਇਤਿਹਾਸ ਦੀ ਗਤੀ ਨਾਲ ਆਪਣੀ ਚਰਮਤਾ 'ਤੇ ਪੁੱਜਦੇ ਹਨ। ਮਨੁੱਖ ਦੁਆਰਾ ਮਨੁੱਖ ਦੀ ਕੀਤੀ ਦੁਰਗਤੀ ਨੂੰ 'ਹੋਣੀ' ਤੇ 'ਪੂਰਵਲੇ ਕਰਮਾਂ' ਦੇ ਸੰਕਲਪਾਂ ਰਾਹੀਂ ਈਸ਼ਵਰੀ ਸੱਤਾ ਨਾਲ ਜੋੜ 'ਦਮਿਤ' ਦੀ ਸਥਿਤੀ ਨੂੰ ਉਸਦੇ ਆਪਣੇ ਮੱਥੇ ਮੜ੍ਹ ਉਸਨੂੰ ਆਪਣੀਆਂ ਨਜ਼ਰਾਂ ਵਿੱਚ ਹੀ 'ਹੀਣਾ' ਕਰ ਦਿੱਤਾ ਗਿਆ। ਇਤਿਹਾਸ ਦੀ ਲੰਮੀ ਪ੍ਰਕਿਰਿਆ ਵਿੱਚ ਪੈ ਇਹ 'ਅਵਚੇਤਨ' ਦਾ 'ਸੱਚ' ਬਣ ਗਿਆ। ਕਹਾਣੀ ਦਲਿਤਾਂ ਤੇ ਅਨੁਸੂਚਿਤ ਜਾਤੀਆਂ-ਜਨ-ਜਾਤੀਆਂ ਨੂੰ ਉਨ੍ਹਾਂ ਦੀ ਅਸਲ 'ਸ਼੍ਰੇਣੀ' ਪਛਾਣ ਦੇ ਕੇ ਸਦੀਆਂ ਤੋਂ ਉਤਪੀੜਤ ਹੁੰਦਾ ਰਹੇ ਇਨ੍ਹਾਂ ਸਮਾਜਿਕ ਵਰਗਾਂ ਤੇ ਸਮੂਹਾਂ ਨੂੰ ਉਨ੍ਹਾਂ ਦੀ ਨਵੀਂ 'ਪਛਾਣ' ਦੇਣ ਤੇ ਉਨ੍ਹਾਂ ਦੇ ਅਣਚੇਤਨ ਵਿੱਚ ਜੜ੍ਹ ਕਰ ਚੁੱਕੀ 'ਹੀਣ-ਭਾਵਨਾਂ' ਤੋਂ ਮੁਕਤ ਕਰਨ ਦਾ ਸੁਚੇਤ ਤੇ ਅਹਿਮ ਉਪਰਾਲਾ ਹੈ। ਪੰਜਾਬੀ ਵਿੱਚ ਪਰਾ-ਇਤਿਹਾਸ ਤੇ ਪ੍ਰਾਚੀਨ ਇਤਿਹਾਸ ਨੂੰ ਸਿਰਜਣ ਦਾ ਕਾਰਜ ਮਨਮੋਹਨ ਬਾਵਾ ਵੱਲੋਂ ਵਿਸ਼ੇਸ਼ ਤੌਰ 'ਤੇ ਹੋਇਆ ਮਿਲਦਾ ਹੈ। ਇਥੇ ਸਰੂਪ ਸਿਆਲਵੀ ਦੀ ਵਿਲੱਖਣਤਾ ਇਸਨੂੰ ਵਿਸ਼ੇਸ਼ ਤੌਰ 'ਤੇ ਦਲਿਤ ਦ੍ਰਿਸ਼ਟੀ ਤੋਂ ਵਿਸ਼ਲੇਸ਼ਿਤ ਕਰਨ ਵਿੱਚ ਹੈ। ਦਲਿਤ ਦੇ ਨਾਲ ਹੀ ਖਦੇੜੇ ਗਏ 'ਮੂਲ ਵਾਸੀਆਂ' ਦੇ ਜਾਂਗਲੀ ਕਬੀਲਿਆਂ ਤੇ ਅੱਗੋਂ ਟੱਪਰੀਵਾਸੀ, ਖਾਨਾਬਦੋਸ਼ ਜਿਹੀਆਂ ਅਨੁਸੂਚਿਤ ਜਾਤੀਆਂ, ਜਨਜਾਤੀਆਂ ਵਿੱਚ ਘਟਿਤ ਹੋਣ ਇਤਿਹਾਸ ਦੇ ਅਗਲੇਰੇ ਪੜਾਵਾਂ ਤੇ 'ਨਾਰੀ' ਦੀ ਸਥਿਤੀ ਵਿੱਚ ਆਉਂਦੇ ਨਿਘਾਰ ਨੂੰ ਵੀ ਬਾਖੂਬੀ ਪਕੜਿਆ ਗਿਆ ਹੈ ਤੇ ਇਸਨੂੰ ਵਰਤਮਾਨ ਸਮੇਂ ਬਿੰਦੂ ਤੇ ਲਿਆ ਖੜਾ ਕੀਤਾ ਹੈ। 'ਧਰਮ' ਤੇ 'ਰਾਜ' ਦੇ ਮੁੱਢ-ਕਦੀਮੀ ਜੋੜ, ਗਠਜੋੜ ਦੀ ਇਸ ਚੱਕੀ ਦੇ ਇਨ੍ਹਾਂ ਦੋਹਾਂ ਪੁੜਾਂ ਵਿੱਚ ਪਿਸਦੀ 'ਅੰਨੀ ਰਈਅਤ', ਧਾਰਮਿਕ ਸ਼ਰਧਾ ਤੇ ਵਿਸ਼ਵਾਸ ਦੀ ਭੇਟ ਚੜ੍ਹਦੀ ਚੇਤਨਾ ਦੇ ਮਸਲੇ ਅਜਿਹੇ ਵਿਚਾਰਧਾਰਕ ਨਜ਼ਰੀਏ ਤੋਂ ਪੇਸ਼ ਹੋਏ ਹਨ ਕਿ ਜਿਵੇਂ ਧਰਮ ਤੇ ਸੱਤਾ ਸਬੰਧੀ ਮਾਰਕਸ ਦੇ ਬੁਨਿਆਦੀ ਨੇਮ ਹੀ ਜੀਵੰਤ ਹੋ ਉੱਠੇ ਹੋਣ।

ਭਾਰਤੀ ਸਮਾਜ ਦੀ ਇਤਿਹਾਸਕ ਗਤੀਸ਼ੀਲਤਾ ਨੂੰ ਸਮੇਂ ਦੇ ਵਰਤਮਾਨ ਬਿੰਦੂ 'ਤੇ ਲਿਆ ਵੇਖਿਆ ਜਾਵੇ ਤਾਂ ਸਥਿਤੀ ਹਮਲਾਵਰ 'ਆਰੀਅਨਾਂ' ਦੁਆਰਾ ਮੂਲਵਾਸੀ 'ਅਸੁਰਾਂ' ਤੇ ਕਾਬਜ ਹੋਣ ਉਨ੍ਹਾਂ ਨੂੰ, ਉਨ੍ਹਾਂ ਦੀ ਧਰਤੀ ਤੋਂ ਖਦੇੜਣ 'ਅਧੀਨ' ਅਪਾਹਜ ਤੇ ਹੀਣੇ ਕੀਤੇ ਜਾਣ ਦੇ ਇਤਿਹਾਸਕ ਦੁਹਰਾਅ ਵਾਲੀ ਹੀ ਬਣੀ ਹੋਈ ਹੈ। ਅੱਜ, ਵਿਸ਼ਵੀਕਰਨ ਦੇ ਦੌਰ ਵਿੱਚ 'ਵਿਕਾਸ' ਅਤੇ ਪੂੰਜੀ ਨਿਵੇਸ਼ ਦੇ ਨਾਂ ਤੇ ਵਿਦੇਸ਼ੀ ਬਹੁਕੌਮੀ ਸਰਮਾਏਦਾਰ ਕੰਪਨੀਆਂ, ਕਾਰਪੋਰੇਟ ਘਰਾਣਿਆਂ ਲਈ ਜ਼ਮੀਨਾਂ ਅਕਵਾਇਰ ਹੋ ਰਹੀਆਂ ਹਨ। ਆਦਿਵਾਸੀਆਂ ਨੂੰ ਜੰਗਲਾਂ, ਦਲਿਤਾਂ ਨੂੰ ਉਨ੍ਹਾਂ ਦੀਆਂ ਝੁੱਗੀਆਂ ਤੇ ਕਿਰਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਖਦੇੜਿਆ ਜਾ ਰਿਹਾ ਹੈ। ਸਿਤਮਜ਼ਰੀਫੀ ਕਿ ਹੁਣ ਸਥਾਨਕ 'ਰਾਜਸ਼ਾਹੀ' ਵੀ 'ਦਲਾਲ' ਦੀ ਭੂਮਿਕਾ ਵਿੱਚ ਹੈ। ਕਿਰਤ ਕਾਨੂੰਨਾਂ ਨੂੰ ਸਰਮਾਏਦਾਰੀ ਹਿੱਤਾਂ ਵਿੱਚ 'ਛਿਕੇ ਟੰਗਿਆ' ਜਾ ਰਿਹਾ ਹੈ ਤੇ ਗੁਲਾਮੀ ਵੇਲੇ ਦੇ 'ਭੂਮੀ ਅਧਿਗ੍ਰਹਿਣ ਕਾਨੂੰਨ' ਕਿਸਾਨਾਂ ਦੇ ਗਲੇ ਦਾ ਫਾਹਾ ਬਣੇ ਹੋਏ ਹਨ। ਇਤਿਹਾਸ ਖੁਦ ਨੂੰ 'ਦੁਹਰਾਉਣ' ਦੀ ਸਥਿਤੀ 'ਤੇ ਹੈ। ਕਹਾਣੀਕਾਰ ਇਸ ਲੰਮੇਰੇ ਤੇ ਵਿਸ਼ਾਲਤਰ 'ਇਤਿਹਾਸਕ ਬਿਰਤਾਂਤ' ਨੂੰ ਇਤਿਹਾਸ ਦੇ ਇਸ ਵਰਤਮਾਨ ਮੁਹਾਣ ਤੇ ਲਿਆ ਖੜ੍ਹਾ ਕਰਨ ਤੋਂ ਸੁਚੇਤ ਪੱਧਰ ਤੇ ਖੁੰਝ ਗਿਆ ਹੈ। ਅਸਲ ਵਿੱਚ ਉਸਦੀ ਪ੍ਰਾਥਮਿਕਤਾ ਜਾਤੀ ਸਰੋਕਾਰਾਂ ਵੱਲ ਵਧੇਰੇ ਰਹੀ ਹੈ। ਨਹੀ, ਇਹ ਕਹਾਣੀ ਆਪਣਾ ਘੇਰਾ ਹੋਰ ਵੀ ਵਸੀਹ ਕਰ ਸਕਦੀ ਸੀ। ਹਾਂ, ਅਚੇਤ ਪੱਧਰ 'ਤੇ ਉਸ ਅੰਦਰ ਇਹ ਤੌਖਲੇ ਪਏ ਹੋਏ ਹਨ-

ਮੇਰੀ ਅੱਖ ਲੱਗੀ ਹੈ... ਜਾਂ ਨਹੀਂ। ਧਰਤੀ ਦੇ ਅੰਦਰੋਂ ਵਿਸਫੋਟ ਹੋਇਆ... ਜਾਂ ਬਾਹਰੋਂ ਕਿਸੇ ਧਰਤੀ ਦੇ ਟਕਰਾਉਣ ਨਾਲ ਤਬਾਹੀ ਮਚੀ ਹੈ। ਦੋਹਾਂ ਪਾਸੀਂ ਲੱਗੀ ਅੱਗ ਵਿੱਚ ਜਲ ਰਹੀ ਵਨਸਪਤੀ ਤੇ ਜੀਵ



ਜੰਤੂਆਂ ਦੇ ਨਾਲ-ਨਾਲ ਸ਼ੂਦਰ, ਟਪਰੀਵਾਸੀ, ਖਾਨਾਬਦੋਸ਼, ਵਣਵਾਸੀ, ਮਾਨਵੀ ਚੇਤਨਾ ਤੋਂ ਸੱਖਣੇ ਹੀ ਵਿਸਫੋਟ, ਤਬਾਹੀ, ਅਗਨੀ ਦੀ ਭੇਟ ਚੜ੍ਹ ਰਹੇ ਹਨ। (ਪੰਨਾ-73

ਵਿਧਾਗਤ ਪੱਖ ਤੋਂ ਵੀ ਇਹ ਕਹਾਣੀ ਪੰਜਾਬੀ ਕਹਾਣੀ ਵਿਧਾ ਦੇ ਘੇਰੇ ਨੂੰ ਵਸੀਹ ਕਰਦੀ ਨਜ਼ਰ ਆਉਂਦੀ ਹੈ। ਕਦੇ ਨਾਵਲ ਨੂੰ ਪ੍ਰਿਭਾਸ਼ਤ ਕਰਦਿਆਂ ਇਸਨੂੰ ਦੋ ਤਿੰਨ ਪੀੜ੍ਹੀਆਂ ਵਿੱਚ ਫੈਲੇ ਬਿਰਤਾਂਤ ਵਜੋਂ ਸਵੀਕਾਰ ਕੀਤਾ ਜਾਂਦਾ ਸੀ ਜਦਕਿ ਅੱਜ ਜੇਕਰ ਹਥਲੀ ਕਹਾਣੀ ਨੂੰ ਦੇਖਿਆ ਜਾਵੇ ਤਾਂ ਇਸਦਾ ਬਿਰਤਾਂਤ ਵੈਦਿਕ ਕਾਲ ਤੋਂ ਵਰਤਮਾਨ ਕਾਲ ਤੱਕ ਦੇ ਲੰਮੇਰੇ ਇਤਿਹਾਸਿਕ ਦੌਰਾਨੀਆਂ ਵਿੱਚ ਫੈਲਿਆ ਹੋਇਆ ਹੈ। ਕਥਾ ਬਿਰਤਾਂਤ ਦੇ ਇਤਿਹਾਸਿਕ ਫੈਲਾਓ ਦੇ ਪਰਿਪੇਖ ਵਿੱਚ ਹੀ ਮਨਿੰਦਰ ਕਾਂਗ ਦੀ ਕਹਾਣੀ 'ਕੁੱਤੀ ਵਿਹੜਾ' ਵੀ ਦੇਖੀ ਜਾ ਸਕਦੀ ਹੈ। ਕਹਾਣੀ ਵਿਧਾ ਦੇ ਇਸ ਵਿਸਥਾਰ ਪੱਖੋਂ ਤਾਂ ਘੱਟੋ-ਘੱਟ ਇਹ ਕਹਿਣਾ ਬਣਦਾ ਹੈ ਕਿ ਵਰਤਮਾਨ ਪੰਜਾਬੀ ਕਹਾਣੀ ਨਾਵਲ ਵਿਧਾ ਦੇ ਪ੍ਰਿਭਾਸ਼ਕ ਗੁਣਾਂ ਨੂੰ ਆਪਣੀ ਸੁਵਿਧਾ ਮੁਤਾਬਿਕ ਆਪਣੇ ਅੰਦਰ ਆਉਣ ਵਸਾਉਣ ਲੱਗੀ ਹੈ।

ਲੰਮੇਰੇ ਤੇ ਵਿਸ਼ਾਲ ਕੈਨਵਸ਼ ਵਾਲੇ ਤੇ ਪ੍ਰਵਚਨੀ ਹੋਂਦ ਵਾਲੇ ਇਸ ਕਥਾ ਬਿਰਤਾਂਤ ਵਿਚਲੇ ਲੰਮੇ ਚੌੜੇ ਵਿਆਖਿਆਨ ਓਪਰੇ ਲੱਗ ਸਕਦੇ ਸਨ ਪਰ ਇਸ ਬੌਧਿਕ ਗੂੜ੍ਹਤਾ ਵਾਲੇ ਬਿਰਤਾਂਤ ਨੂੰ ਕਲਾਸ ਕਮਰੇ ਦੇ ਵਾਤਾਵਰਨ, ਇਤਿਹਾਸ ਦੇ ਪ੍ਰੋਫੈਸਰ ਅਰਵਿੰਦ ਆਰੀਆ ਤੇ ਮਿੱਤਰ ਮੰਡਲੀ ਵਿੱਚ ਵਾਰੀ ਸਿਰ ਤੋਲਦਿਆਂ ਇਸਨੂੰ ਬੋਝਲ ਤੇ ਅਕਾਊ ਵੀ ਨਹੀਂ ਹੋਣ ਦਿੱਤਾ ਅਤੇ ਸਿਲਪੀ ਸੂਝ ਦਾ ਨਮੂਨਾ ਵੀ ਪੇਸ਼ ਕੀਤਾ ਹੈ। ਇਤਿਹਾਸ ਦੇ ਪ੍ਰੋਫੈਸਰ ਦਾ ਪਾਤਰ ਜਿਥੇ ਕਥਾ ਬਿਰਤਾਂਤ ਦਾ ਅਹਿਮ ਅੰਗ ਹੈ, ਉਥੇ ਨਾਲ ਹੀ ਪਾਠਕ ਲਈ 'ਵਿਸਾਹ ਸਿਰਜਕ' ਦਾ ਕੰਮ ਵੀ ਕਰਦਾ ਹੈ। ਪੰਜਾਬੀ ਦਲਿਤ ਕਹਾਣੀ ਦੀ ਵਧੇਰੇ ਸਮੱਸਿਆ ਇਸਦੀ ਪਾਤਰ ਸੰਕਲਪਨਾ ਦੀ ਰਹੀ ਹੈ। ਇਨ੍ਹਾਂ ਵਿਚਲੇ ਪਾਤਰ ਨਾਨਕ ਸਿੰਘ ਦੇ ਪਾਤਰਾਂ ਵਾਂਗ ਪੱਕੀ ਪੀਡੀ ਜਹੀ ਵੰਡ ਵਿੱਚ ਵੰਡੇ ਜਾ ਰਹੇ ਹਨ। ਚੰਗੇ ਤੇ ਬੁਰੇ ਦਲਿਤ ਪਾਤਰ ਚੰਗੇ ਤੇ ਗੈਰ ਦਲਿਤ ਬੁਰੇ। ਨਾਰੀਵਾਦੀ ਸੁਰ ਵਾਲੀ ਕਹਾਣੀ ਨਾਲ ਵੀ ਵਧੇਰੇ ਕਰਕੇ ਇਹ ਸਮੱਸਿਆ ਬਣੀ ਰਹੀ ਹੈ। ਵਰਤਮਾਨ ਸਥਿਤੀ ਬਦਲ ਰਹੀ ਹੈ। ਸਰੂਪ ਸਿਆਲਵੀ ਵੀ ਇਸ ਕਹਾਣੀ ਵਿੱਚ ਅਜਿਹੀ ਨਿਰਧਾਰਿਤ ਆਸ਼ੇ ਵਾਲੀ ਪਾਤਰ ਸੰਕਲਪਨਾ ਤੇ ਪੱਕੀ ਪੀਡੀ ਵੰਡ ਪ੍ਰਤਿ ਸੁਚੇਤ ਪ੍ਰਤੀਤ ਹੁੰਦਾ ਹੈ।

'ਕੁੰਤੀ ਪੁੱਤਰ...ਕਰਨ' ਵੀ ਮਹਾਂਭਾਰਤ ਵਿਚਲੇ ਅਹਿਮ ਪਾਤਰ 'ਕਰਣ' ਦਾ ਜੀਵਨ ਬਿਰਤਾਂਤ ਸਿਰਜਦੀ ਮਹਾਂਭਾਰਤ ਵੇਲੇ ਦੇ ਇਤਿਹਾਸ ਦੇ ਨਾਲ-ਨਾਲ ਤਤਕਾਲੀਨ ਸਮਾਜਕ ਜੀਵਨ ਵਿਚਲੇ ਟਕਰਾਵਾਂ ਤਣਾਵਾਂ, ਅਸਮਾਨਤਾਵਾਂ ਤੇ ਅਸੰਤੁਲਨ ਨੂੰ ਵੀ ਸਿਰਜਦੀ ਜਾਂਦੀ ਹੈ। ਕਹਾਣੀ ਕੇਂਦਰੀ ਰੂਪ ਵਿੱਚ ਗੁਆਚੀ ਸਨਾਖਤ ਦੀ ਮੁੜ-ਬਹਾਲੀ ਦੇ ਮਸਲੇ ਨੂੰ ਉਠਾਉਂਦੀ ਹੈ। ਕਰਣ, ਮਹਾਰਾਣੀ ਕੁੰਤੀ ਦੀ ਨਾਜਾਇਜ਼ ਔਲਾਦ ਹੋਣ ਕਰਕੇ ਜਾਂ ਕਹਿ ਲਓ ਕਿ ਕੁਆਰੀ ਕੁੱਖੋਂ ਪੈਦਾ ਹੋਇਆ ਹੋਣ ਕਰਕੇ ਕਸ਼ੱਤਰੀ ਵਰਣ ਨਾਲ ਸਬੰਧਿਤ ਹੁੰਦਾ ਹੋਇਆ ਵੀ 'ਸੂਦਰ' ਵਜੋਂ ਜੀਵਨ ਹੰਢਾਉਂਦਾ ਹੈ। ਵਰਣ ਵਿਵਸਥਾ ਦਾ ਸ਼ਿਕਾਰ ਹੁੰਦਾ ਹੈ, ਸਮਾਨ ਮੌਕੇ ਨਹੀਂ ਮਿਲਦੇ, ਹੱਕਾਂ ਤੋਂ ਵੰਚਿਤ ਰਹਿੰਦਾ ਹੈ। ਸ਼ੂਦਰ ਹੋਣ ਦੇ ਤਾਅਨੇ-ਮਿਹਣੇ ਮਾਨਸਿਕ ਉਤਪੀੜਤਾ ਦਿੰਦੇ ਹਨ। ਪਹਿਲਾਂ 'ਮੂਲ ਹੋਂਦ' ਦੀ ਸ਼ਨਾਖਤ ਲਈ ਭਟਕਦਾ ਹੈ, ਫਿਰ ਸ਼ਨਾਖਤ ਦੀ ਸਮਾਜਿਕ ਪ੍ਰਵਾਨਗੀ ਲਈ ਜੂਝਦਾ ਹੈ। 'ਹੋਂਦ' ਦੀ ਪਛਾਣ ਤੇ ਉਸਦੀ ਸਮਾਜਿਕ ਪ੍ਰਵਾਨਗੀ ਦੇ ਪ੍ਰਸ਼ਨਾਂ ਨਾਲ ਵਾਬਸਤਾ ਹੈ ਇਹ ਕਹਾਣੀ। 'ਕਰਨ' ਦੇ ਪਾਤਰ ਰਾਹੀਂ ਇਹ ਕਹਾਣੀ 'ਸੂਦਰਾਂ' ਅਥਵਾ ਦਲਿਤਾਂ ਦੀ ਗੁਆਚੀ 'ਹੋਂਦ' ਉਸਦੀ ਸ਼ਨਾਖਤ ਤੇ ਮੁੜ-ਬਹਾਲੀ ਦਾ ਹੀ 'ਅੰਤਰ-ਪਾਠ' ਸਿਰਜਦੀ ਹੈ।

'ਮੈਂ ਆਕੀ ਹਾਂ' ਔਰਤ ਹੋਣ ਦੇ ਤ੍ਰਾਸਦਿਕ ਸੰਕਟ ਤੇ ਚੁਣੌਤੀਆਂ ਨਾਲ ਸਬੰਧਿਤ ਕਹਾਣੀ ਹੈ। ਜਗੀਰਦਾਰੀ ਸਮਾਜਿਕ ਕੀਮਤਾਂ ਦੀ ਪੰਜਾਬੀ ਮਨ ਤੇ ਚੜ੍ਹੀ ਪਾਣ ਔਰਤ ਨੂੰ ਜਨਮ ਲੈਣ ਦੇ ਹੱਕ ਤੇ ਤਮਾਮ ਸਮਾਨਤਾਵਾਂ ਤੋਂ ਵਿਰਵੇਂ ਕਰੀ ਰੱਖਦੀ ਹੈ। ਲਿੰਗ ਭੇਦ ਤੇ ਵਿਤਕਰੇ ਜਹੇ ਮਸਲੇ ਗੰਭੀਰ ਤੇ ਘਿਨਾਉਣਾ ਰੂਪ ਅਖਤਿਆਰ ਕਰ ਜਾਂਦੇ ਹਨ, ਜਦ ਔਰਤ ਨੂੰ ਆਪਣਿਆਂ ਹੱਥੋਂ ਹੀ ਮਾਨਸਿਕ ਤੇ

ਸਰੀਰਕ ਸ਼ੋਸ਼ਣ ਦੀ ਸ਼ਿਕਾਰ ਹੋਣਾ ਪੈਂਦਾ ਹੈ। ਐਸੇ ਆਪਣੀ ਹੀ ਕੁੜੀ ਵੱਲੋਂ ਮਨਚਾਹੇ ਸਾਥੀ ਦੀ ਚੋਣ ਤੇ ਉਸ ਖਿਲਾਫ਼ ਖਾਪ ਬਣ ਖੜ੍ਹੇ ਹੁੰਦੇ ਹਨ, ਪਰ ਆਪਣੇ ਸਵਾਰਥ ਹਿੱਤ ਭੈਣ ਦੁਆਰਾ ਭਰਾ ਨੂੰ ਵਿਆਹ ਕੇ ਬਾਹਰਲੇ ਮੁਲਕ ਲਿਜਾਣ ਵਿੱਚ ਕੋਈ ਬੁਰਾਈ ਨਹੀਂ ਸਮਝਦੇ। ਸਮਾਜ ਦੇ ਇਸ ਦੋਹਰੇ ਕਿਰਦਾਰ ਨੂੰ ਕਹਾਣੀ ਤਨਜ਼ੀਆ ਲਹਿਜ਼ੇ ਵਿੱਚ ਪੇਸ਼ ਕਰਦੀ ਹੈ। ਕਥਾ ਬਿਰਤਾਂਤ ਤਨਜ਼ ਦੀ ਜਿਸ ਚੂਲ ਤੇ ਉਸਰਿਆ ਹੈ ਉਹ ਇਹ ਹੈ ਕਿ ਸਮਾਜ ਚਾਹੇ ਜਗੀਰਦਾਰੀ ਤੋਂ ਪੂੰਜੀਵਾਦੀ ਵਿਵਸਥਾ ਵਾਲਾ ਹੋ ਗਿਆ ਹੈ, 'ਪਦਾਰਥਕ ਬਹੁਲਤਾਵਾਂ' ਤੇ ਸੁੱਖ ਸਹੂਲਤਾਂ ਵਿਕਾਸ ਦੀ ਸ਼ਾਹਦੀ ਭਰਦੀਆਂ ਹਨ ਮਗਰ ਔਰਤ ਪ੍ਰਤਿ ਮਰਦ ਮਾਨਸਿਕਤਾ ਅਜੇ ਵੀ ਜਗੀਰੂ ਹੈ। 'ਤਖਤ ਦੇ ਵਾਰਸ' ਦੀ ਚਾਹ ਵਿੱਚ ਧੀਆਂ ਨੂੰ ਜੰਮਦਿਆਂ ਕਤਲ ਕੀਤਾ ਜਾਂਦਾ ਹੈ, ਚਾਹੇ ਕਿ ਇਹ 'ਲਾਡਲੇ' ਨਸ਼ਿਆਂ ਤੇ ਹੋਰ ਭੈੜੀਆਂ ਅਲਾਮਤਾਂ ਵਿੱਚ ਪੈ ਮਾਪਿਆਂ ਨੂੰ ਦੁੱਖ ਦਿੰਦੇ ਹਨ, ਉਨ੍ਹਾਂ ਦਾ ਕਤਲ ਤੱਕ ਕਰ ਦੇਂਦੇ ਹਨ, ਦੂਜੇ ਪਾਸੇ ਕੁੜੀਆਂ ਸਭ ਵਿਤਕਰੇ ਸਹਿ ਕੇ ਵੀ ਪੜ੍ਹ ਲਿਖ ਜਾਂਦੀਆਂ ਹਨ, ਮਾਪਿਆਂ ਦੀ ਡੰਗੋਰੀ ਵੀ ਬਣਦੀਆਂ ਹਨ, ਮਗਰ ਫਿਰ ਵੀ ਅਪ੍ਰਵਾਨ ਹੀ ਰਹਿੰਦੀਆਂ ਹਨ। ਹੈ ਤਾਂ ਉਨ੍ਹਾਂ ਦੀ ਵਿਡੰਬਨਾ, ਪਰ ਅਕਵਿੰਦਰ ਆਕੀ ਜਹੀਆਂ ਕੁੜੀਆਂ ਇਨ੍ਹਾਂ ਤਮਾਮ ਸਮਾਜਿਕ ਅਸਮਾਨਤਾਵਾਂ ਖਿਲਾਫ ਹਿੰਮਤ ਕਰ ਉੱਠਦੀਆਂ ਵੀ ਹਨ

ਇਹ ਕਥਾ ਬਿਰਤਾਂਤ ਵੀ ਇਤਿਹਾਸ ਦੇ ਵਿਸ਼ੇਸ਼ ਸਮੇਂ-ਬਿੰਦੂ ਤੇ ਸਥਿਰ ਨਹੀਂ ਬਲਕਿ ਇਤਿਹਾਸਕ ਗਤੀਸ਼ੀਲਤਾ ਨੂੰ ਸਿਰਜਦਾ ਹੈ। ਜਗੀਰਦਾਰੀ ਸਰੂਪ ਤੋਂ ਇਕਦਮ ਬਦਲ ਕੇ ਪਿਛਲੇਰੇ ਪੂੰਜੀਵਾਦ ਦੇ ਖਪਤ ਸਭਿਆਚਾਰ ਵਿੱਚ ਢਲਦੇ ਪੇਂਡੂ ਸਮਾਜ ਦਾ ਗਾਲਪਨਿਕ ਸਿਰਜਨ। 'ਵਿਸ਼ਵੀਕਰਨ' ਦੇ ਪ੍ਰਭਾਵ ਅਧੀਨ ਸਥਾਨਕ ਸਰਕਾਰਾਂ ਦੀਆਂ ਉਦਾਰੀਕਰਨ ਤੇ ਨਵ ਪੂੰਜੀਵਾਦੀ ਨੀਤੀਆਂ ਸਦਕਾ ਕਾਰਪੋਰੇਟ ਘਰਾਨਿਆਂ ਤੇ ਬਹੁਕੌਮੀ ਕੰਪਨੀਆਂ ਦੇ ਕਾਰੋਬਾਰੀ ਵਿਸਥਾਰ ਲੋਕਾਂ ਦੇ ਵੱਡੀ ਗਿਣਤੀ ਵਿੱਚ ਸ਼ਹਿਰੀ ਪ੍ਰਵਾਸ, ਪੂੰਜੀ ਨਿਵੇਸ਼ ਤੇ ਹੋਰਨਾਂ ਅਨੇਕਾਂ ਕਾਰਣਾਂ ਕਰਕੇ ਸ਼ਹਿਰਾਂ ਨੇੜਲੀਆਂ ਵਾਹੀਯੋਗ ਜ਼ਮੀਨਾਂ 'ਤੇ ਵੀ ਕਲੋਨੀਆਂ ਉਸਾਰਨ ਲੱਗੀਆਂ ਹਨ। ਜ਼ਮੀਨਾਂ ਮਹਿੰਗੇ ਮੁੱਲ 'ਅਕਵਾਇਰ' ਹੋ ਰਹੀਆਂ ਹਨ ਜਾਂ ਫਿਰ ਵਿੱਕ ਰਹੀਆਂ ਹਨ। ਖਰਚ ਖਾਹ ਮਾਨਸਿਕ ਅਵਚੇਤਨ ਵਾਲੇ ਪੰਜਾਬੀ ਇਸ ਪੂੰਜੀ ਦੀ ਕਿਸੇ ਉਤਪਾਦਨੀ ਕਾਰਜ ਵਿੱਚ ਘੱਟ ਤੇ ਕੋਠੀਆਂ, ਕਾਰਾਂ, ਸਾਪਿੰਗਾਂ ਤੇ ਨਸ਼ਿਆਂ ਵਿੱਚ ਵਧੇਰੇ ਖਪਤ ਕਰ ਰਹੇ ਹਨ। ਦੂਜਾ, ਪਿਛਲੇਰੇ ਪੂੰਜੀਵਾਦ ਦੁਆਰਾ ਪ੍ਰਚਾਰਿਤ 'ਐਸ਼ ਕਰਨ', ਜਸ਼ਨ ਮਨਾਉਣ, ਪਦਾਰਥਾਂ ਨੂੰ ਸਟੇਟਸ ਸਿੰਬਲ ਬਣਾਉਣ ਜਹੀ ਖਪਤਵਾਦੀ ਸੋਚ ਤੇ ਜੀਵਨ ਸ਼ੈਲੀ ਦਾ ਅਸਰ।

ਸਥਾਨਕ ਸੱਭਿਆਚਾਰ ਦੀ ਸਥਿਤੀ ਅਸਾਵੀਂ ਤੇ ਅੰਦਰੂਨੀ ਟਕਰਾਵਾਂ ਵਾਲੀ ਬਣੀ ਹੋਈ ਹੈ। ਇਹ ਟਕਰਾਅ ਹੈ ਬਦਲੇ ਸਮਾਜਿਕ ਪ੍ਰਬੰਧ ਦੀ ਲੋੜ ਵਿੱਚੋਂ ਉਪਜੀ ਤੇ ਨਵੀਂ ਵਿਦਿਆ ਦੁਆਰਾ ਦਿੱਤੀ ਜਾ ਰਹੀ 'ਚੇਤਨਾ' ਅਥਵਾ ਬੌਧਿਕਤਾ ਅਤੇ ਸਥਾਨਕ ਸੱਭਿਆਚਾਰ ਦੇ ਚਿਰਾਂ ਤੋਂ ਚੱਲੇ ਆ ਰਹੇ 'ਸਾਂਸਕ੍ਰਿਤਕ ਪ੍ਰਤਿਮਾਨਾਂ' ਵਿਚਾਲੇ। ਭਾਰਤੀ ਸਮਾਜ-ਸੱਭਿਆਚਾਰ ਦੀ ਇਤਿਹਾਸਕ ਗਤੀਸ਼ੀਲਤਾ ਵੱਲ ਜੇ ਧਿਆਨ ਦਿੱਤਾ ਜਾਵੇ ਤਾਂ ਸਮਝ ਪੈਂਦਾ ਹੈ ਕਿ ਇਸ ਵਿੱਚ ਤਬਦੀਲੀ ਅੰਦਰੂਨੀ 'ਵਿਰੋਧ ਵਿਕਾਸੀ' ਨੇਮ ਸਦਕਾ ਘੱਟ ਤੇ ਬਾਹਰੀ ਪ੍ਰੇਰਕਾਂ ਸਦਕਾ ਵਧੇਰੇ ਵਾਪਰਦੀ ਰਹੀ ਹੈ। ਕਾਰਣਵੱਸ, ਇਸ ਗਤੀਸ਼ੀਲਤਾ ਅਥਵਾ ਵਿਕਾਸ ਵਿੱਚ ਸਹਿਜ ਰਵਾਨਗੀ ਘੱਟ ਹੀ ਰਹੀ ਹੈ। ਹੁਣ ਵੀ ਵਿਸ਼ਵੀਕਰਨ ਤੇ ਨਵ-ਪੂੰਜੀਵਾਦ ਦੇ ਦਿੱਤੇ 'ਵਿਕਾਸ' ਦੇ ਭੁਲਾਵੇਂ ਵਿੱਚ ਸਮਾਜ ਦੇ ਇੱਕ ਤਬਕੇ ਨੂੰ ਪਦਾਰਥਕ ਬਹੁਲਤਾਵਾਂ, ਤਾਂ ਪ੍ਰਾਪਤ ਹੋਈਆਂ ਹਨ, ਪੂੰਜੀਵਾਦ ਨੂੰ ਪਰਨਾਈ ਵਿਦਿਆ ਤੇ ਮਲਟੀ ਮੀਡੀਆ ਸਖਸ਼ੀ ਅਜ਼ਾਦੀ, ਦੀ ਚੇਤਨਾ ਫੈਲਾ ਰਹੇ ਹਨ ਮਗਰ ਸਾਂਸਕ੍ਰਿਤਕ ਪ੍ਰਤਿਮਾਨ ਜੋ ਸਮਾਜ ਦੇ ਵਿਸ਼ੇਸ਼ ਵਰਗ ਅਥਵਾ 'ਪੀੜੀ' ਦਾ ਜੀਵਨ ਸੱਚ ਹੋ ਨਿੱਬੜੇ ਹਨ, ਉਸ ਗਤੀ ਨਾਲ ਨਹੀਂ ਬਦਲੇ। 'ਖਾਪ ਪੰਚਾਇਤਾਂ, ਅਜਿਹੇ ਹੀ ਸਾਂਸਕ੍ਰਿਤਕ ਪ੍ਰਤਿਮਾਨਾਂ ਦੀਆਂ ਪ੍ਰਤਿਨਿਧ ਹੈ। 'ਫ਼ੁਰਮਾਨ' ਸੁਣਾਉਂਦੀਆਂ ਹਨ। ਅਣਖ ਤੇ ਇੱਜਤ ਦਾ ਇਹ ਸਾਂਸਕ੍ਰਿਤਕ ਪ੍ਰਤਿਮਾਨ ਹੀ 'ਕਤਲ' ਕਰਵਾਉਂਦਾ ਹੈ। ਜਾਤ, ਧਰਮ, ਨਸਲ, ਲਿੰਗ ਦੇ ਅਧਾਰ ਤੇ ਕੀਤੇ ਜਾਂਦੇ ਭੇਦਾਂ ਦਾ ਭਾਰਤੀ



ਸਮਾਜ ਵਿੱਚ ਇੱਕ ਲੰਮਾ ਇਤਿਹਾਸ ਰਿਹਾ ਹੈ। ਜਿਸ ਦੀਆਂ ਜੜ੍ਹਾਂ ਮਨੁੱਖੀ ਅਵਚੇਤਨ ਤੱਕ ਪਹੁੰਚੀਆਂ ਹੋਈਆਂ ਹਨ।

ਬਦਲੇ ਪ੍ਰਬੰਧ ਦੀ ਨਵੀਂ ਚੇਤਨਾ ਤੇ ਜੜ-ਮੂਲ ਸਾਂਸਕ੍ਰਿਤਕ ਪ੍ਰਤਿਮਾਨਾਂ ਵਿਚਾਲੇ 'ਛੱਤੀ ਦਾ ਆਂਕੜਾ' ਹੀ ਅੰਦਰੂਨੀ ਸਮਾਜਿਕ ਟਕਰਾਵਾਂ ਦਾ ਮੂਲ ਸਮੱਸਿਆਕਾਰ ਹੈ। ਸਮਾਜਿਕ ਟਕਰਾਵਾਂ ਤੇ ਤਨਾਵਾਂ ਦਾ ਇਹ ਪ੍ਰਵਚਨ ਕਥਾ-ਪਾਠ ਵਿੱਚ ਪਿਆ ਮਿਲਦਾ ਹੈ। ਬਖਤੌਰ ਸਿੰਘ, ਜਹੇ ਪਾਤਰ ਵਿਚਲਾ ਐਸਾ ਸਾਂਸਕ੍ਰਿਤਕ ਅਵਚੇਤਨ 'ਸਨਕੀਪੁਣੇ' ਤੱਕ ਜਾ ਪਹੁੰਚਦਾ ਹੈ-

ਪ੍ਰੇਮੀ ਜੋੜੇ ਨੂੰ ਮਾਰ ਕੇ ਲਾਸ਼ਾਂ ਦਰੱਖਤ ਤੇ ਲਟਕਾ ਦਿੱਤੀਆਂ, ਦੋਵੇਂ ਇੱਕ ਗੋਤਰ ਦੇ ਸਨ। ਅਖ਼ਬਾਰ ਪੜ੍ਹ ਕੇ ਪ੍ਰਤੀਕਰਮ ਪ੍ਰਗਟ ਕਰ ਰਿਹਾ ਸੀ, 'ਉਂਜ ਆਹ ਕੀਤਾ ਨਾ ਮੇਰੀ ਮਰਜੀ ਦਾ ਕੰਮ, ਜੇ ਮੈਂ ਹੁੰਦਾ ਦੋਹਾਂ ਦੀ ਚਮੜੀ ਉਧੇੜ ਕੇ ਪੁੱਠੇ ਲਟਕਾਉਂਦਾ।(ਪੰਨਾ-131)

ਸੰਗ੍ਰਹਿ ਵਿਚਲੀ ਚੌਥੀ ਤੇ ਆਖਰੀ ਕਹਾਣੀ 'ਰਖੇਲ' ਜਰਨੈਲ ਕੌਰ ਦੇ ਅਮਲੀ ਨਾਲ ਵਿਆਹੇ ਜਾਣ ਪਿਛੋਂ ਜੈਲੋ ਤੇ ਫਿਰ ਪਿੰਡ ਦੇ ਜਿੰਮੀਦਾਰ ਰੱਖੇ ਦੀ 'ਰਖੇਲ' ਵਿੱਚ ਢਾਲਣ ਦੀ ਕਹਾਣੀ ਹੈ।

ਸਰੂਪ ਸਿਆਲਵੀ ਇੱਕ ਪ੍ਰਬੰਧ ਚੇਤਨ ਤੇ ਚਿੰਤਨਸ਼ੀਲ ਕਹਾਣੀਕਾਰ ਹੈ, ਜਿਹੜਾ ਸਮਾਜਕ ਚਿੰਤਾਵਾਂ ਉਤੇ ਕਥਾ-ਬਿਰਤਾਂਤ ਉਸਾਰਦਾ ਹੈ। ਹਥਲਾ ਸੰਗ੍ਰਹਿ ਨਿਸ਼ਚੇ ਹੀ ਉਸਦੇ ਕਥਾ-ਪੈਰਾਡਾਈਮ ਦੇ ਦਾਈਏ ਨੂੰ ਵਸੀਹ ਕਰਦਾ ਹੈ। ਕਥਾ-ਸ਼ਿਲਪ ਪੱਖੋਂ ਵੀ ਉਹ ਸੁਚੇਤ ਤੇ ਹੁਨਰਵਾਨ ਹੈ ਮਗਰ ਕਿਧਰੇ-ਕਿਧਰੇ ਉਸਦਾ 'ਕਾਵਿਓ-ਵਾਚ' ਬਿਰਤਾਂਤ ਵਿੱਚ ਦਖਲਅੰਦਾਜ਼ੀ ਕਰ ਜਾਂਦਾ ਹੈ। ਜਿਹਾ ਕਿ 'ਉਂਜ ਵੀ ਅਧਿਆਪਕ ਪੜ੍ਹਾਈ ਵਿੱਚ ਹੁਸ਼ਿਆਰ ਤੇ ਖੇਡਾਂ ਤੇ ਗੀਤ-ਸੰਗੀਤ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਕਦਰ ਕਰਦੇ ਹੁੰਦੇ ਹਨ।(ਪੰਨਾ-151) ਅਜਿਹੇ ਵਿਕੋਲਿਤਰੇ ਕਮਜ਼ੋਰ ਪੱਖਾਂ ਦੇ ਬਾਵਜੂਦ ਕਹਿਣਾ ਬਣਦਾ ਹੈ ਕਿ ਹਥਲਾ ਕਹਾਣੀ ਸੰਗ੍ਰਹਿ ਸਰੂਪ ਸਿਆਲਵੀ ਦੇ ਕਥਾ ਸਫ਼ਰ ਦਾ ਹੀ ਨਹੀਂ, ਬਲਕਿ ਪੰਜਾਬੀ ਕਹਾਣੀ ਦੇ ਅਗਲੇਰੇ ਕਦਮ ਦਾ ਜ਼ਾਮਨ ਹੈ। ✪

## ਥੁੜਾਂ ਮਾਰੇ ਮਨੁੱਖ ਦਾ ਬਿਰਤਾਂਤ- ਕਦਮ ਕਦਮ ਚੌਰਾਹੇ / ਡਾ. ਸਤਿੰਦਰ ਸਿੰਘ




'ਕਦਮ ਕਦਮ ਚੌਰਾਹੇ' (**ਪ੍ਰਕਾਸ਼ਕ ਪਰਵਾਜ਼ ਪ੍ਰਕਾਸ਼ਨ, ਜਲੰਧਰ, ਮੁੱਲ 150 ਰੁਪਏ, ਪੰਨੇ 128**) ਕਹਾਣੀ-ਸੰਗ੍ਰਹਿ ਬਿੰਦਰ ਬਸਰਾ ਦਾ ਪ੍ਰਥਮ ਕਹਾਣੀ ਸੰਗ੍ਰਹਿ ਹੈ। ਪੁਸਤਕ ਦੀ ਪੱਧਰ 'ਤੇ ਨਿਰੋਲ ਨਵਾਂ ਹਸਤਾਖ਼ਰ, ਪਰ ਪਿਛਲੇ ਕਈ ਵਰ੍ਹਿਆਂ ਤੋਂ ਕਹਾਣੀ ਲਿਖ ਰਿਹਾ ਹੈ, ਜੋ ਗਾਹੇ-ਬਗਾਹੇ ਵੱਖ-ਵੱਖ ਪਰਚਿਆਂ ਤੇ ਸੰਪਾਦਿਤ ਕਹਾਣੀ ਸੰਗ੍ਰਹਿਆਂ ਵਿੱਚ ਆਪਣੀਆਂ ਕਹਾਣੀਆਂ ਰਾਹੀਂ ਆਪਣੀ ਹਾਜ਼ਰੀ ਦਰਸਾਉਂਦਾ ਆ ਰਿਹਾ ਹੈ।

ਵਰਤਮਾਨ ਪੰਜਾਬੀ ਸਾਹਿਤ ਦੀ ਗੱਲ ਕੀਤੀ ਜਾਵੇ ਤਾਂ ਇਸਨੂੰ ਅਸੀਂ ਕਈ ਘੇਰਿਆਂ ਵਿੱਚ ਵੰਡ ਕੇ ਪਛਾਣ ਰਹੇ ਹਾਂ ਜਾਂ ਪਛਾਣ ਦੇ ਰਹੇ ਹਾਂ ਪਰਵਾਸੀ ਪੰਜਾਬੀ ਸਾਹਿਤ, ਪਾਕਿਸਤਾਨੀ ਪੰਜਾਬੀ ਸਾਹਿਤ, ਨਾਰੀਵਾਦੀ ਸਾਹਿਤ, ਦਲਿਤ ਸਾਹਿਤ, ਗ੍ਰਾਮੀਨ ਅਥਵਾ ਮਹਾਂਨਗਰੀ ਚੇਤਨਾ ਵਾਲਾ ਸਾਹਿਤ ਤੇ ਹੋਰ ਪਤਾ ਨਹੀਂ ਕੀ ਕੁਝ। ਸਾਹਿਤ ਦੇ ਨਾਲ ਹੀ ਵੰਡ ਸਾਹਿਤਕਾਰ ਦੀ ਵੀ ਹੋ ਗਈ ਹੈ ਅਤੇ ਕੀ ਸਾਹਿਤਕਾਰ ਤੇ ਕੀ ਚਿੰਤਕ ਅਸਾਂ ਇਸਨੂੰ ਸਹਿਜੇ ਹੀ ਪ੍ਰਵਾਨ ਵੀ ਕਰ ਲਿਆ ਹੈ। ਹਥਲੇ ਸੰਗ੍ਰਹਿ ਦੀ

ਪਹਿਲੀ ਕਹਾਣੀ 'ਸਵਾਰ' ਪੜ੍ਹਦਾ ਹਾਂ ਤਾਂ ਸਹਿਵਨ ਹੀ ਬਿੰਦਰ ਬਸਰਾ ਨੂੰ ਦਲਿਤ ਕਹਾਣੀਕਾਰ ਦੀ ਕੋਟੀ ਵਿੱਚ ਰੱਖ ਲੈਂਦਾ ਹਾਂ, ਪਰ ਬਹੁਤ ਜਲਦ ਇਸ ਧਾਰਨਾਂ ਨੂੰ ਮੁੜ ਵਿਚਾਰਨਾ ਪੈ ਜਾਂਦਾ ਹੈ ਜਿਵੇਂ-ਜਿਵੇਂ ਸੰਗ੍ਰਹਿ ਵਿਚਲੀਆਂ ਅਗਲੀਆਂ ਕਹਾਣੀਆਂ ਪੜ੍ਹਦਾ ਹਾਂ। ਇਹ ਤਾਂ ਕਈ ਮਸਲੇ ਛੋਹ ਰਿਹਾ ਹੈ-ਦਲਿਤ ਚਿੰਤਾ ਵੀ ਹੈ, ਥੁੜ ਮਾਰੀ ਕਿਰਸਾਨੀ ਵੀ, ਪਰਿਵਾਰਕ ਝਮੇਲੇ, ਵਿਆਹ-ਬਾਹਰੇ ਸੰਬੰਧ, ਮਨੁੱਖ ਦੀਆਂ ਮਨੋ ਵਿਕ੍ਰਿਤੀਆਂ ਮਾਨਵੀ ਅਕਾਂਖਿਆਵਾਂ ਤੇ ਸਾਂਸਕ੍ਰਿਤਕ ਬੰਧੇਜਾਂ ਦੀ ਕਸ਼ਮਕਸ਼, ਸਕਿਜ਼ੋਫਰੈਨਿਕ ਮਨੁੱਖ ਦਾ ਯਥਾਰਥ ਵਿੱਚ ਢਲਦਾ ਮਨੋ-ਭ੍ਰਮ। ਹੁਣ ਇਸਨੂੰ ਕਿਸ ਕੋਟੀ ਵਿੱਚ ਰੱਖਿਆ ਜਾਵੇ? ਕੀ ਮੁੱਖ ਧਾਰਾ ਦਾ ਕਹਾਣੀਕਾਰ ਮੰਨ ਲਿਆ ਜਾਵੇ?

ਸੰਗ੍ਰਹਿ ਵਿਚਲੀ ਪਹਿਲੀ ਕਹਾਣੀ 'ਸਵਾਰ' ਦਮਿਤ ਤੇ ਦਲਿਤ ਜਾਤੀ ਦੇ ਸਮਾਜਿਕ ਤੇ ਮਨੋਵਿਗਿਆਨਕ ਮਮਲਿਆਂ ਨੂੰ ਛੋਂਹਦੀ ਹੈ। ਕਹਾਣੀ ਵਿਚਲਾ ਪ੍ਰਥਮ ਪੁਰਖ ਪਾਤਰ ਆਪਣੀ ਦਲਿਤ ਹੋਂਦ ਕਰਕੇ ਪ੍ਰਸਥਿਤੀਆਂ ਦੇ ਦਾਬੇ ਹੇਠ ਜਿਉਂਦਾ ਹੈ। ਜੱਟਾਂ ਦੀ ਕੁੜੀ ਨਾਲ ਸੰਬੰਧਾਂ ਦੇ ਚੱਲਦੇ ਵੱਡੇ ਭਰਾ ਦਾ ਕਤਲ ਹੋ ਚੁੱਕਾ ਹੈ ਅਤੇ ਹੁਣ ਮਾਂ ਛੋਟੇ ਪੁੱਤ ਨੂੰ ਵੀ ਗਵਾਉਣਾ ਨਹੀਂ ਚਾਹੁੰਦੀ। ਮਾਂ ਦੀ ਮਜਬੂਰੀ ਜੱਟ ਸ੍ਰੇਣੀ ਦੇ ਦਾਬੇ ਅਤੇ ਆਪਣੇ ਹੀਣੇ ਤੇ ਵਿਹੂਣੇ ਹੋਣ ਦੇ ਅਹਿਸਾਸ ਅਧੀਨ ਉਸਨੂੰ ਆਪਣੀ ਚਾਹਤ 'ਕੰਮੋ' ਤੋਂ ਪਿੱਛੇ ਹਟਣਾ ਪੈਂਦਾ ਹੈ। ਸਥਿਤੀਆਂ ਦੀ ਕਰੂਰਤਾਂ ਵੱਸ ਹੋਇਆ ਇਹ ਪਾਤਰ ਯਥਾਰਥ ਨਾਲ ਸਿੱਝਣ ਦੀ ਬਜਾਇ ਮਨੋਇੱਛਿਤ ਸੰਸਾਰ ਕਲਪਣ ਲੱਗਦਾ ਹੈ। ਫੰਤਾਸੀ ਵਿੱਚ ਜਿਊਣ ਲੱਗਦਾ ਹੈ, ਵਰਿਆਮ ਸੰਧੂ ਦੀ ਕਹਾਣੀ 'ਨੌਂ ਬਾਰਾਂ ਦਸ' ਦੇ ਪਾਤਰਾਂ ਵਾਂਗ।' ਪਾਤਰ ਦੇ ਅਜਿਹੇ ਵਿਹਾਰ ਦੇ ਪਾਸਾਰ ਦੋਹਰੇ ਹਨ। ਇੱਕ ਪਾਸੇ ਇਹ ਯਥਾਰਥ ਤੋਂ ਭਗੌੜੇ ਹੋਣ ਦਾ ਸੂਚਕ ਹੈ, ਦੂਜੇ, ਕਰੂਰ ਤੇ ਕਠੋਰ ਪ੍ਰਸਥਿਤੀਆਂ ਵਿੱਚ ਹੋਂਦ ਨੂੰ ਜੀਵੰਤ ਰੱਖਣ ਦਾ ਸਾਧਨ। ਦੋਵੇਂ ਪਹਿਲੂ ਸਮਾਨਾਂਤਰ ਖੜੇ ਹਨ। ਯਥਾਰਥ ਵਿੱਚ ਢਲਦਾ ਸਵੈ-ਸਿਰਜਿਤ ਭਰਮ। ਵਸਤੂ ਯਥਾਰਥ ਵਿੱਚ ਅਪ੍ਰਾਪਤ ਨੂੰ ਇੱਛਿਤ ਕਲਪਨਾ ਰਾਹੀਂ 'ਪ੍ਰਾਪਤ' ਕਰਕੇ ਮਨ ਨੂੰ ਤ੍ਰਿਪਤ ਕਰ ਲੈਣਾ। ਹੋਂਦ ਨੂੰ ਜੀਵੰਤ ਰੱਖਣ ਦਾ ਸਾਧਨ ਮਗਰ ਆਖਰਕਾਰ ਮਨੁੱਖੀ ਹੋਂਦ ਦਾ ਮਾਨਸਿਕ ਸੰਕਟ ਤੇ ਸਮਾਜਿਕ ਦੁਖਾਂਤ। ਵਰਤਮਾਨ ਸਕਿਜ਼ੋਫਰੈਨਿਕ ਮਨੁੱਖ ਦੀ ਤ੍ਰਾਸਦਿਕ ਹੋਣੀ। ਜਦੂਈ ਯਥਾਰਥ ਦਾ ਇਹ ਪਹਿਲੂ ਕਹਾਣੀ ਵਿੱਚ ਕਥਾ-ਜੁਗਤ ਵਜੋਂ ਹੀ ਨਹੀਂ ਬਲਕਿ ਮਨੁੱਖਾਂ ਹੋਂਦ ਦੇ ਇੱਕ ਗੰਭੀਰ ਸ਼ੰਕਾ ਵਜੋਂ ਚਿਤੰਨੀ ਰੂਪ ਵਿੱਚ ਵੀ ਹਾਜ਼ਰ ਹੈ। ਬੰਦੇ ਦੀ ਐਸੀ ਹਾਲਤ ਕਰਕੇ ਉਸ ਵਰਗੇ ਦੂਜੇ ਵਿਅਕਤੀ ਦੀ ਅੱਖ ਸਿੰਸਦੀ ਹੈ,

ਅਮਨ ਦੀ ਇਸ ਹਾਲਤ ਕਰਕੇ ਮੇਰੀ ਅੱਖ ਸਿੰਮ ਆਈ ਏ। ਇੱਹ ਅੱਥਰੂ ਪਤਾ ਨਹੀਂ ਕਦੋਂ ਦਾ ਅਟਕਿਆ ਹੋਇਆ ਸੀ। ਸ਼ਾਇਦ ਉਦੋਂ ਦਾ ਜਦੋਂ ਮੈਨੂੰ ਪਤਾ ਨਹੀਂ ਸੀ ਹੁੰਦਾ ਕੋਈ ਰੋਂਦਾ ਕਦੋਂ ਏ? ਕਾਹਤੋਂ ਰੋਂਦਾ? (ਪੰਨਾ-14)

ਸਮਾਜਿਕ ਵਿਵਸਥਾ ਦਾ ਸਤਾਇਆ ਇਹ ਪਾਤਰ ਕਦੇ ਕਿਤੇ ਵਿਰੋਧੀ ਧਿਰਾਂ ਸਾਹਵੇਂ ਖੜ੍ਹੇ ਹੋਣ ਦਾ ਹੀਆ ਤਾਂ ਕਰਦਾ ਹੈ ਪਰ ਨਾ ਤਾਂ ਕੋਈ ਜਥੇਬੰਦਕ ਸਾਥ ਹੈ ਅਤੇ ਨਾ ਹੀ ਦ੍ਰਿੜ੍ਹਤਾ।

ਕੁਝ ਕਰ ਤਾਂ ਮੈਂ ਉਦੋਂ ਵੀ ਨਾ ਸੱਕਿਆ ਜਦੋਂ ਮੇਰੇ ਦੇ ਖੂਹੇ ਵਾਲੇ ਮੱਖਣ ਸਿਹੁੰ ਦਾ ਲਲਕਾਰਾ ਸੁਣ ਸਾਰੇ ਘਰਾਂ ਨੂੰ ਤੁਰ ਗਏ ਸਨ ਤੇ ਮੈਂ ਕੱਲਾ ਖੜ੍ਹਾ ਰਹਿ ਗਿਆ ਸੀ। ਮਾਂ ਮੈਨੂੰ ਧੂਹ ਕੇ ਲੈ ਗਈ ਸੀ। (ਪੰਨਾ-17)

ਕਹਾਣੀ ਵਿਚਲਾ ਇੱਕ ਪਹਿਲੂ ਪਿਤਾ ਵੱਲੋਂ ਆਪਣੀ ਦਮਿਤ ਤੇ ਦਲਿਤ ਹੋਂਦ, ਖੰਡਿਤ ਆਪੇ ਤੇ ਗੁੰਮੀ ਗੁਆਚੀ ਖੁਦਦਾਰੀ ਦੀ ਭਰਪਾਈ ਪੁੱਤਰ ਵਿੱਚ ਵੇਖਣ ਨਾਲ ਸੰਬੰਧਿਤ ਹੈ। ਸੁਜਾਨ ਸਿੰਘ ਦੀ ਕਹਾਣੀ 'ਕੁਲਫੀ' ਵਾਂਗ। ਫਰਕ ਇਹ ਹੈ ਕਿ ਉਸ ਵਿੱਚ ਪੁੱਤਰ ਦੇ ਦਲੇਰਾਨਾ ਹਿੰਸਕ ਵਿਹਾਰ ਨੂੰ ਪ੍ਰਗਤੀਵਾਦੀ ਸੁਪਨੇ ਨਾਲ ਜੋੜਿਆ ਗਿਆ ਹੈ ਅਤੇ ਇਥੇ ਪੁੱਤਰ ਅੰਦਰ ਪੈਦਾ ਹੋਏ 'ਤੜ੍ਹੀ' ਦੇ ਭਾਵ ਨੂੰ ਦਲਿਤ ਤੇ ਦਮਿਤ ਜਾਤੀਆਂ ਅੰਦਰ ਸਿੱਲ ਹੋਏ 'ਹੀਣਤਾ ਭਾਵ' ਤੋਂ ਮੁਕਤੀ ਨਾਲ। ਹਾਲਾਂਕਿ ਇਹ ਖੁਦਦਾਰੀ ਕਿਸੇ ਜਾਤੀ ਚੇਤਨਾ, ਵਿਚਾਰਧਾਰਾ ਅਥਣਾ ਸ੍ਰੇਵਿਕ ਸੰਘਰਸ਼ ਸਦਕਾ ਨਹੀਂ ਬਲਕਿ ਆਰਥਿਕ ਸੰਪੰਨਤਾ ਨਾਲ ਪਿਤਾ ਦੀ ਬਦਲ ਰਹੀ ਸ਼੍ਰੈਣਿਕ ਹੈਸੀਅਤ ਸਦਕਾ ਆ ਰਹੀ ਹੈ। ਸਮਾਜਕ ਤੇ ਸਾਹਿਤਕ ਚਿੰਤਨ ਦੀ ਪੱਧਰ



'ਤੇ ਇਹ ਪਹਿਲੂ ਗੌਲਣਯੋਗ ਹੈ।

"ਤੇਰੀ ਖੁਦਦਾਰੀ ਮੈਂ ਕਾਇਮ ਰੱਖਾਂਗਾ ਪੁੱਤਰ!" ਮੈਂ ਮਨ ਹੀ ਮਨ ਆਖਿਆ।

ਮੇਰਾ ਹੱਥ ਆਪਣੇ ਆਪ ਜੇਬ ਨੂੰ ਚਲਾ ਗਿਆ ਹੈ।

ਵਾਸਤਵਿਕਤਾ ਦੇ ਧਰਾਤਲ 'ਤੇ ਥੁੜਾਂ ਮਾਰਿਆ ਮਨੁੱਖ ਕਿਵੇਂ ਮਨੋ-ਕਲਪਨਾ ਰਾਹੀਂ ਆਪਣੀ 'ਤ੍ਰੇਹ' ਨੂੰ 'ਤ੍ਰਿਪਤ' ਕਰਨ ਦਾ ਉੜ੍ਹ-ਪੋੜ੍ਹ ਕਰਦਾ ਹੈ। ਅਜਿਹੇ ਮਸਲੇ ਨਾਲ ਸਬੰਧਿਤ ਇੱਕ ਹੋਰ ਕਹਾਣੀ ਹੈ 'ਤਣਾਓ ਮੁਕਤ'। ਕਿਰਸਾਨੀ ਪਰਿਵਾਰ ਨਾਲ ਸੰਬੰਧਿਤ ਕਹਾਣੀ ਵਿਚਲਾ ਪਾਤਰ ਘੱਟ ਜ਼ਮੀਨ ਹੋਣ ਕਰਕੇ ਵਿਆਹਿਆ ਨਹੀਂ ਜਾਂਦਾ। ਇੱਕ ਦੇ ਵਿਆਹੇ ਨਾ ਜਾਣ ਨਾਲ ਪਰਿਵਾਰ ਦਾ ਆਰਥਿਕ ਸਕੰਟ ਤਾਂ ਟਲ ਗਿਆ ਪਰ ਪਾਤਰ ਦਾ ਆਪਣਾ ਸਮਾਜਿਕ ਤੇ ਦੇਹੀ ਸੰਕਟ ਹੋਰ ਵੱਡਾ ਹੋ ਗਿਆ। ਦੇਹੀ ਲੋੜਾਂ ਆਪਣੀ ਥਾਂ ਖੜ੍ਹੀਆਂ ਰਹੀਆਂ। ਬਲਕਿ ਔਰਤ ਦੀ ਅਣਹੋਂਦ ਸਦਕਾ ਕਾਮ-ਅਗਨ ਆਪਣੀ ਚਰਮਤਾ ਤੱਕ ਪਹੁੰਚਣ ਲੱਗੀ।

ਭਾਬੀ ਦੇ ਜਾਣ ਬਾਦ ਉਸਦਾ ਅੱਗ ਵਾਂਗ ਮੱਚਦਾ ਸਰੀਰ ਪਲਾਂ 'ਚ ਹੀ ਭੁੱਬਲ ਹੋ ਜਾਂਦਾ। (ਪੰਨਾ-43)

ਅਤ੍ਰਿਪਤੀ ਤੇ ਅਕੜੇਵੇਂ ਦੇ ਐਸੇ ਤਣਾਅ ਤੋਂ ਉਹ ਅਖੀਰ ਭਾਬੀ ਦੇ ਹੱਥਾਂ ਦੀ ਕੱਢੀ ਚਾਦਰ ਦੇ ਫੁੱਲਾਂ ਦੀ ਛੋਹ ਰਾਹੀਂ ਹੀ ਖੁਦ ਨੂੰ ਮੁਕਤ ਕਰਦਾ ਹੈ।

ਭਾਬੀ ਦੇ ਹੱਥਾਂ ਦੀ ਕੱਢੀ ਚਾਦਰ ਦੇ ਫੁੱਲ ਜੋ ਉਸਨੂੰ ਪੈਣ ਲੱਗਿਆਂ ਸੂਈਆਂ ਵਾਂਗ ਚੁੱਭੇ ਸਨ ਬਹੁਤ ਕੂਲੇ ਕੂਲੇ ਲੱਗੇ। ਉਸਦੀ ਨਸ ਨਸ 'ਚ ਸਪੋਲੀਏ ਰੀਂਘਣ ਲੱਗੇ। ਮੂਧਾ ਪਿਆ ਉਹ ਤਣਾਓ ਮੁਕਤ ਹੋਣ ਲਈ ਕਿੰਨਾ ਚਿਰ ਤਰਲੋਮੱਛੀ ਹੁੰਦਾ ਰਿਹਾ। (ਪੰਨਾ-47)

ਆਰਥਿਕ ਸੰਕਟ ਵਿੱਚੋਂ ਮਨੁੱਖ ਦਾ ਦੇਹਿਕ, ਮਾਨਸਿਕ, ਪਰਿਵਾਰਿਕ ਤੇ ਸਮਾਜਿਕ ਸੰਕਟ ਜਨਮ ਰਿਹਾ ਹੈ।

'ਡੁੰਮਣਾ', 'ਤੋੜ', 'ਝੱਲਾ', 'ਭਸੂੜੀ', 'ਸੱਜਾ ਪਾਸਾ', ਕਹਾਣੀਆਂ ਵਿਆਹ ਬਾਹਰੇ ਸੰਬੰਧਾਂ ਦੇ ਬਿਆਨੀਆਂ ਵਰਣਨ ਹਨ।

'ਤੋੜ' ਵਰਤਮਾਨ ਸੰਪੰਨ ਮੱਧਸ੍ਰੈਣਿਕ ਮਨੁੱਖ ਦੇ ਵਿਆਹ ਬਾਹਰੇ ਸੰਬੰਧਾਂ ਪ੍ਰਤੀ ਤਬੀਅਤੀ ਤੇ ਨਜ਼ਰਿਆਤੀ ਮਸਲਿਆਂ ਨੂੰ ਪੇਸ਼ ਕਰਨ ਵਾਲੀ ਕਹਾਣੀ ਹੈ। ਵਿਆਹ ਬਾਹਰੇ ਸੰਬੰਧਾਂ ਦਾ ਮਸਲਾ ਪੰਜਾਬੀ ਕਹਾਣੀ ਵਿੱਚ ਭਖਵੇਂ ਰੂਪ ਵਿੱਚ ਪੇਸ਼ ਹੋਇਆ ਹੈ, ਖਾਸ ਕਰ ਪ੍ਰੇਮ ਪ੍ਰਕਾਸ਼ ਅਤੇ ਉਸਤੋਂ ਬਾਅਦ ਦੀ ਕਹਾਣੀ ਵਿੱਚ। ਸਮਾਜਿਕ ਜ਼ਿੰਦਗੀ ਵਿੱਚ ਅਜਿਹੇ ਸੰਬੰਧਾਂ ਦੇ ਕਈ ਕਾਰਣ ਤਲਾਸ਼ੇ ਜਾਂਦੇ ਹਨ ਨਿੱਜਮੁਖਤਾ, ਇੱਕਲਾਪਣ, ਨੀਰਸ ਵਿਆਹੁਤਾ ਸੰਬੰਧ ਮਨ ਦੀਆਂ ਬੇਸ਼ੁਮਾਰ ਉਮੰਗਾਂ, ਜ਼ਿੰਦਗੀ ਸਾਹਵੇ ਕੋਈ ਅਹਿਮ ਸਕਾਰਤਮਕ ਚੁਣੌਤੀ ਦਾ ਨਾ ਹੋਣਾ, ਵਿਆਹ ਪੂਰਵਲੇ ਸੰਬੰਧ ਭਟਕਣ ਤੇ ਹੋਰ ਬਹੁਤ ਕੁਝ। ਇਸ ਕਹਾਣੀ ਵਿੱਚ ਵੀ ਕੁਝ ਅਜਿਹੇ ਕਾਰਣ ਆਏ ਹਨ। ਪ੍ਰਥਮ ਪੁਰਖ ਦਾ ਦੋਸਤ ਪ੍ਰੋ. ਰਮਨ ਪ੍ਰੇਮ ਵਿਆਹ ਅਤੇ ਸੁਖੀ ਘਰੇਲੂ ਜ਼ਿੰਦਗੀ ਦੇ ਬਾਵਜੂਦ ਅਜਿਹੇ ਸੰਬੰਧ ਵੱਲ ਅਗ੍ਰਸਰ ਹੈ ਜਿਸਦੀ ਵਜ੍ਹਾ ਉਹ ਰੁਟੀਨ ਦੀ ਨੀਰਸਤਾ ਭਰੀ ਜ਼ਿੰਦਗੀ ਵਿੱਚ 'ਨਵੇਂ ਰੰਗ ਭਰਨ' ਅਤੇ ਜ਼ਿੰਦਗੀ ਨੂੰ ਐਡਵੈਂਚਰਸ ਬਣਾਈ ਰੱਖਣ ਨੂੰ ਦੱਸਦਾ ਹੈ। ਪ੍ਰਥਮ ਪੁਰਖ ਪਰਿਵਾਰਕ ਜ਼ਿੰਦਗੀ ਦੇ ਪੱਖ ਵਿੱਚ ਹੈ। ਦੋਹਾਂ ਦੇ ਆਪਣੇ ਤਰਕ-ਵਿਤਰਕ ਹਨ। ਅਖੀਰ ਕਹਾਣੀਕਾਰ ਦੀ ਦ੍ਰਿਸ਼ਟੀ ਮਰਿਆਦਾ ਭੰਜਕ ਦੀ ਨਾ ਹੋ ਕੇ ਪਰਿਵਾਰਿਕ ਸੰਬੰਧਾਂ ਦੇ ਪੱਖ ਵਿੱਚ ਭੁਗਤਣ ਵਾਲੀ ਹੈ। ਇੰਜ ਹੀ 'ਠੁੰਮਣਾ', 'ਝੱਲਾ', 'ਸੱਜਾ ਪਾਸਾ' ਅਤੇ 'ਭਸੂੜੀ' ਕਹਾਣੀਆਂ ਦੇ ਮਰਦ ਪਾਤਰ ਵੀ ਦੇਹੀ ਤ੍ਰਿਪਤੀ ਲਈ ਲਲਚਾਉਂਦੇ ਮਨਾਹੀਆਂ ਉਲੰਘਣਾ ਚਾਹੁੰਦੇ ਹਨ, ਪਰ ਸਾਂਸਕ੍ਰਿਤਕ ਬੰਧੇਜ ਜੋ ਉਨ੍ਹਾਂ ਦੇ ਆਪਣੇ 'ਅੰਦਰ' ਤੱਕ ਸਮਾਏ ਹੋਏ ਹਨ। ਮਨ ਦੀਆਂ ਸੌ ਕਰਵਟਾਂ, ਚੰਚਲਤਾਵਾਂ ਅਤੇ ਆਪ ਮਹਾਰੀਆਂ ਦੇ ਬਾਵਜੂਦ ਉਹ ਇਨ੍ਹਾਂ ਵਰਜਨਾਵਾਂ ਨੂੰ ਨਹੀਂ ਉਲੰਘਦੇ। ਕਿਧਰੇ ਇਹ ਪਾਤਰ ਰਿਸ਼ਤਿਆਂ ਦੀ ਅੰਦਰੂਨੀ ਕਸ਼ਮਕਸ਼ ਵਿਚਾਲੇ ਪਿੱਛੇ ਹਟ ਰਹੇ ਹਨ, ਕਿਧਰੇ ਅਗਾਊਂ ਸਮਾਜਿਕ ਸੰਕਟ ਬਾਰੇ ਸੋਚਕੇ, "ਤੈਨੂੰ ਭੱਜਿਆ ਜਾਣ ਨਾ ਦੇਣਗੇ ਜੇ ਆ ਗਾਏ ਵੀਰ ਸ਼ਮੀਰ।" (ਪੰਨਾ112)

ਕਰਮ ਫਲਸਫ਼ਾ ਵੀ ਆੜੇ ਆਇਆ ਹੋਇਆ ਹੈ। "ਨਾਲੇ ਕਹਿੰਦੇ ਨੇ ਪਾਪ ਤੇਰੇ ਨਾਲ ਜਾਣਗੇ।" ਪੰਨਾ 112 ਅਤੇ ਇਨ੍ਹਾਂ ਪਾਤਰਾਂ ਵਿੱਚ ਆਤਮ ਚਿੰਤਨ ਵੀ ਬਹੁਤ ਹੈ।

"ਭੌਂਜਿਆਂ ਕਿਹੜਾ ਮੰਜਿਲ ਮਿਲ ਜਾਣੀ ਏ। ਠਰ੍ਹੰਮਾ ਤੇ ਇੱਕਸੁਰਤਾ ਜ਼ਰੂਰੀ ਏ। ਬਿੰਦਰ ਬਸਰਾ ਦੀਆਂ ਇਨ੍ਹਾਂ ਕਹਾਣੀਆਂ ਵਿੱਚ ਮਾਂ ਅਤੇ ਬਾਪ ਵਿਚਾਲੇ 'ਗੁੰਝਲ' ਦਾਰ ਰਿਸ਼ਤਾ ਵੀ ਪੇਸ਼ ਹੋਇਆ ਹੈ। ਜਿਸ ਦਾ ਅਹਿਮ ਕਾਰਣ ਬਾਪ ਦੇ ਕਿਸੇ ਹੋਰ ਔਰਤ ਨਾਲ ਬਣੇ ਸੰਬੰਧ ਹਨ। ਬਾਪ ਦੇ ਅਜਿਹੇ ਸੰਬੰਧਾਂ ਦੇ ਚੱਲਦੇ ਮਾਂ ਨਾਲ ਉਪਰੇ-ਵਿਹਾਰ ਕਾਰਣ ਪੁੱਤਰ ਦੇ ਮਨ ਵਿੱਚ ਮਾਂ ਪ੍ਰਤੀ ਹੇਜ ਜਾਗਦਾ ਹੈ, ਬਾਪ ਪ੍ਰਤੀ ਵਿਦਰੋਹ ਜਾਗਦਾ ਹੈ, ਪਰ ਅਗਲੇਰੇ ਪੜਾਅ ਤੇ ਜਾ ਕੇ ਉਹ ਬਾਪ ਦੇ ਅਜਿਹੇ ਰਿਸ਼ਤੇ ਨੂੰ ਸਵੀਕਾਰ ਵੀ ਕਰ ਲੈਂਦਾ ਹੈ। ਬਸਰਾ ਦੀਆਂ ਕਹਾਣੀਆਂ ਵਿੱਚ ਰਿਸ਼ਤੇ ਦੀ ਇਹ ਗੁੰਝਲ ਜਿੰਦਰ ਦੀ ਕਹਾਣੀ 'ਕਤਲ' ਵਾਂਗ ਇਸ ਤਿਕੋਣੇ ਰਿਸ਼ਤੇ ਨੂੰ ਬਹੁਪਰਤੀ ਰੂਪ ਵਿੱਚ ਪੇਸ਼ ਤਾਂ ਨਹੀਂ ਹੋਈ ਅਤੇ ਨਾ ਹੀ ਤਿਕੋਣੇ ਰਿਸ਼ਤੇ ਦੀ ਇਹ ਗੁੰਝਲ ਕਿਸੇ ਕਹਾਣੀ ਦਾ ਮੁਕੰਮਲ ਥੀਮ ਬਣੀ ਹੈ ਪਰ 'ਤਹਿ', 'ਸੱਜਾ ਪਾਸਾ', 'ਮੋਹ ਜਾਲ', ਜਿਹੀਆਂ ਕਹਾਣੀਆਂ ਵਿੱਚ ਮੋਟਿਫ ਰੂਪ ਵਿੱਚ ਜ਼ਰੂਰ ਦੁਹਰਾਓ ਖਾਂਦੀ ਹੈ। ਇੰਜ, ਕਿ ਜਿਵੇਂ ਕਹਾਣੀਕਾਰ ਕਿਸੇ ਮੇਨ-ਗੰਢ ਨੂੰ ਪੂਰੀ ਤਰ੍ਹਾਂ ਖੋਲਣ ਤੋਂ ਫਿਲਹਾਲ ਸੰਕੋਚ ਕਰ ਰਿਹਾ ਹੋਵੇ। 'ਸੱਜਾ ਪਾਸਾ' ਕਹਾਣੀ ਵਿੱਚ ਇਸਨੂੰ ਥੋੜਾ ਵਿਸਥਾਰ ਮਿਲਿਆ ਹੈ। ਇਥੇ ਇਹ ਕਹਾਣੀ ਸਮਾਜਿਕ ਪੱਧਰ ਤੇ ਨਾਜਾਇਜ਼ ਰਿਸ਼ਤਿਆਂ ਦੇ ਆਪਣੇ ਨੇਮ-ਵਿਧਾਨ ਦੇ 'ਸੱਜੇ', ਪਹਿਲੂ ਨੂੰ ਦਰਸਾਉਣ ਵਾਲੀ ਹੈ। ਪੁੱਤਰ ਦੇ ਹਰ ਹੀਲੇ ਦੇ ਬਾਵਜੂਦ ਉਸਦੇ ਮ੍ਰਿਤਕ ਪਿਤਾ ਦੀ ਪ੍ਰੇਮਿਕਾ, ਉਸ ਨਾਲ ਸੰਬੰਧਾਂ ਵਿੱਚ ਆਉਣ ਤੋਂ ਇਨਕਾਰੀ ਰਹਿੰਦੀ ਹੈ। ਨਾਜਾਇਜ਼ ਰਿਸ਼ਤੇ ਦਾ ਆਪਣਾ ਆਦਰਸ਼ਕ ਵਿਧਾਨ ਜਿਸ ਵਿੱਚ ਪ੍ਰੇਮੀ ਦਾ ਪੁੱਤਰ ਦੀ ਥਾਂ ਹੀ ਰਹਿੰਦਾ ਹੈ, ਪ੍ਰੇਮੀ ਪਿਤਾ ਦੀ ਥਾਂ ਨਹੀਂ, ਲੈ ਪਾਉਂਦਾ।


"ਬਾਪੂ ਦੇ ਤੁਰ ਜਾਣ 'ਤੇ ਹੁਣ ਕਈ ਵਾਰ ਏਸ ਗੱਲ ਦਾ ਝੋਰਾ ਹੁੰਦਾ ਕਿ ਜੇ ਉਹ ਮੇਰੀਆਂ ਚਾਲਾਂ ਵਿੱਚ ਆ ਕੇ ਉਹ ਸਭ ਕਰ ਬੈਠਦੀ ਜੋ ਮੈਂ ਚਾਹੁੰਦਾ ਸਾਂ ਤਾਂ ਮੈਂ ਰਹਿੰਦੀ ਉਮਰ ਆਪਣੇ ਆਪ ਨੂੰ ਮੁਆਫ ਨਹੀਂ ਸੀ ਕਰ ਸਕਣਾ।" ਪੰਨਾ-64

ਕਹਾਣੀਆਂ ਅੰਦਰ ਅਜਿਹੇ ਕਈ ਕਥਾ-ਵੇਰਵੇ ਜਿਹੇ ਕਿ ਬਾਪ ਦਾ ਕਿਸੇ ਦੂਰ ਸ਼ਹਿਰ ਕਾਰੋਬਾਰ ਕਰਨਾ ਤੇ ਕਦੇ ਕਦਾਈਂ ਘਰ ਪਰਤਣਾ ਪ੍ਰਥਮ ਪੁਰਖ ਪਾਤਰ ਦਾ ਕਿਸੇ ਦਫ਼ਤਰ ਵਿੱਚ ਘੱਟ ਤਨਖਾਹ ਤੇ ਨੌਕਰੀ ਕਰਨਾ, ਉਸਦਾ ਮਨਪਸੰਦ ਲੜਕੀ ਨਾਲ ਵਿਆਹ ਨਾ ਹੋ ਸਕਣ ਦੀ ਸੂਰਤ ਵਿੱਚ ਕਿਸੇ ਹੋਰ ਨਾਲ ਵਿਆਹੇ ਜਾਣਾ, ਪਤਨੀ ਦਾ ਆਦਰਸ਼ਕ ਭਾਂਤ ਦਾ ਵਿਹਾਰ ਆਦਿਕ ਕਈ ਕਹਾਣੀਆਂ ਵਿੱਚ ਦੁਹਰਾਓ ਖਾਂਦੇ ਹਨ। ਕਥਾ ਵਸਤੂ ਅੰਦਰਲੇ ਇਨ੍ਹਾਂ ਮੋਤਿਫ਼ਾਂ ਦਾ ਦੁਹਰਾਓ ਇਨ੍ਹਾਂ ਦੇ ਨਿੱਜ ਮੂਲਕ ਅੰਸ਼ਾਂ ਵਿੱਚ ਘਟਿਤ ਹੋਣ ਦਾ ਪ੍ਰੇਰਕ ਬਣ ਰਿਹਾ ਹੈ।

ਅਜੋਕੀ ਪੰਜਾਬੀ ਕਹਾਣੀ ਜਿਥੇ ਇੱਕ ਪਾਸੇ ਆਪਣੀ ਵੱਥ, ਕੱਥ ਤੇ ਨਜ਼ਰਿਆਤੀ ਪਹਿਲੂਆਂ ਤੋਂ ਨਵੇਂ ਅਯਾਸ ਹਾਸਲ ਕਰ ਰਹੀ ਹੈ, ਉਥੇ ਦੂਜੇ ਪਾਸੇ ਕਹਾਣੀ ਦੇ ਗਾਲਪਨਿਕ ਤੋਂ ਹਟਕੇ ਵਾਰਤਕਨੁਮਾ ਹੋਈ ਜਾਣ ਦਾ ਡਰ ਵੀ ਬਣਿਆ ਹੋਇਆ ਹੈ। ਤੱਥਮੂਲਕ ਵੇਰਵਿਆਂ ਦੀ ਸਤਹੀ ਤੇ ਲੇਖਨੁਮਾ ਪੇਸ਼ਕਾਰੀ, ਸਿੱਧ ਪੱਧਰਾ ਵਰਣਨ, ਬਿਆਨੀਆਂ ਲਹਿਜ਼ਾ, ਕੁਝ ਅਜਿਹੇ ਪਹਿਲੂ ਹਨ, ਜੋ ਕਹਾਣੀ ਦੀ ਗਾਲਪਨਿਕ ਰੰਗਤ ਨੂੰ ਠੇਸ ਪਹੁੰਚਾਉਂਦੇ ਹਨ। ਬਿੰਦਰ ਬਸਰਾ ਦੀ ਕਹਾਣੀ ਵਿੱਚ ਵੀ ਇਨ੍ਹਾਂ ਸਮੱਸਿਆਵਾਂ ਦਾ ਸਮਾਵੇਸ਼ ਹੈ। ਉਹ ਵੀ ਕੋਈ ਕਹਾਣੀਆਂ ਵਿੱਚ ਬਿਰਤਾਂਤ ਸਿਰਜਣ ਦੀ ਮੁਸ਼ੱਕਤ ਵਿੱਚ ਘਟ ਪਿਆ ਹੈ ਅਤੇ ਘਟਨਾਵਾਂ ਦੇ ਸਿੱਧ ਪੱਧਰੇ ਵਰਣਕ ਅਤੇ ਬਿਆਨੀਆਂ ਲਹਿਜੇ ਵਾਲੀ ਸਰਲਤਾ ਨਾਲ ਹੀ ਸਾਰ ਲੈਂਦਾ ਹੈ। ਕਥਾ ਵਸਤੂ ਦਾ ਕਲਾਤਮਕ ਨਿਭਾਅ ਗਲਪ ਦੀ ਬੁਨਿਆਦੀ ਲੋੜ ਹੈ ਜਿਸਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। 'ਟੁਕੜੇ ਹੋਈ ਕਹਾਣੀ' ਵਿੱਚ ਇਹ ਕਲਾਤਮਕਤਾ ਜ਼ਰੂਰ ਦੇਖਣ ਨੂੰ ਮਿਲਦੀ ਹੈ। ਹਾਂ, 'ਭਸੂੜੀ' ਕਹਾਣੀ ਵਿੱਚ ਦੋਹਰੀ 'ਪ੍ਰਥਮ ਪੁਰਖਤਾ' ਸਿਰਜ ਕੇ ਕਹਾਣੀਕਾਰ ਨੇ ਨਵਾਂ ਪ੍ਰਯੋਗ ਕੀਤਾ ਹੈ। ਇਸ ਨਵੇਂ ਕਹਾਣੀਕਾਰ ਦਾ ਸੁਆਗਤ ਕਰਨਾ ਬਣਦਾ ਹੈ। ✪



# ਉਦਾਰੀਕਰਨ ਤੇ ਨਿੱਜੀਕਰਨ ਦੇ ਪ੍ਰਵਚਨ ਦਾ ਕਲਾਸਕੀ ਵਰਤਾਰਾ: ਅੰਬਰ ਵੱਲ ਉਡਾਣ/ ਡਾ. ਮਿਨਾਕਸ਼ੀ ਰਾਠੌਰ




ਨਾਵਲ ਆਧੁਨਿਕ ਸਮੇਂ ਦਾ ਮਹਤੱਵਪੂਰਨ ਸਾਹਿਤ ਰੂਪ ਹੈ। ਭਾਵੇਂ ਇਸ ਦਾ ਜਨਮ ਪੂੰਜੀਵਾਦੀ ਕੀਮਤ ਪ੍ਰਬੰਧ ਦੇ ਵਿਗਸਣ ਨਾਲ ਹੋਇਆ ਮੰਨਿਆ ਜਾਂਦਾ ਹੈ ਪਰੰਤੂ ਨਾਵਲ ਸੰਰਚਨਾਤਮਕ ਤੌਰ 'ਤੇ ਨਵਾਂ ਨਹੀਂ, ਸਗੋਂ ਪੂਰਵ ਪ੍ਰਚਲੱਤ ਬਿਰਤਾਂਤਕ ਪ੍ਰਵਚਨਾਂ ਨਾਲ ਸੰਬੰਧਤ ਅਤੇ ਉਹਨਾਂ ਦੇ ਅਨੁਰੂਪੀ ਹੀ ਸੰਗਠਿਤ ਰੂਪਾਕਾਰ ਹੈ, ਜਿਸ ਦੇ ਬੀਜ ਬਸਤੀਵਾਦੀ ਯੁੱਗ ਵਿਚ ਪੁੰਗਰਨੇ ਤੇ ਪ੍ਰਫੁਲਤ ਹੋਣੇ ਸ਼ੁਰੂ ਹੋਏ। ਸਾਮੰਤੀ ਯੁੱਗ ਦੇ ਅੰਤਲੇ ਦੌਰ ਤੇ ਪੂੰਜੀਵਾਦੀ ਯੁੱਗ ਦੇ ਆਰੰਭਲੇ ਦੌਰ ਵਿਚ, ਸਨਅੱਤੀ ਵਿਕਾਸ ਦੇ ਨਾਲ ਸਮਾਜ ਵਿਚ ਅਨੇਕਾਂ ਤਰ੍ਹਾਂ ਦੇ ਨਾਲ ਇਕ ਕ੍ਰਾਂਤੀਕਾਰੀ ਪਰਿਵਰਤਨ ਆਇਆ। ਇਸ ਸਦਕਾ ਬਦਲਦੀਆਂ ਕੀਮਤਾਂ ਤੇ ਜੀਵਨ ਮੁੱਲਾਂ ਦੇ ਅੰਤਰਗਤ ਨਾਵਲ ਦੀ ਵਿਧਾ ਸਭ ਤੋਂ ਵਧੇਰੇ ਸਮਰੱਥ ਸਾਹਿਤ ਰੂਪ ਵਜੋਂ ਉੱਭਰਦੀ ਹੈ, ਜੋ ਮਨੁੱਖੀ ਸਮਾਜ ਵਿਚ ਆਪਣੀ ਜਟਿਲਤਾ ਤੇ ਮਾਨਵੀ ਜੀਵਨ ਦੇ ਬਹੁਪਾਸਾਰਾਂ ਨੂੰ ਆਪਣੇ ਕਲੇਵਰ ਵਿਚ ਲੈਣ ਦੀ ਸਮਰੱਥਾ ਰੱਖਦੀ ਹੈ।

20ਵੀਂ ਸਦੀ ਦੇ ਅੰਤਲੇ ਦਹਾਕੇ ਅਤੇ 21ਵੀਂ ਸਦੀ ਦੇ ਆਰੰਭ ਵਿਚ ਪੰਜਾਬੀ ਵਿਚ ਕੁਝ ਅਜਿਹੇ ਨਾਵਲ ਵੀ ਲਿਖੇ ਗਏ ਹਨ, ਜੋ ਪੂੰਜੀਵਾਦ ਦੇ ਕਠੋਰ ਯਥਾਰਥ ਦਾ ਜਾਂ ਤਾਂ ਸਿੱਧਾ ਵਰਨਣ ਕਰਦੇ ਹਨ ਜਾਂ ਇਸ ਯਥਾਰਥ ਨੂੰ ਵਿਅੰਗ ਤੇ ਵਿੰਡਬਣਾ ਦੀ ਦ੍ਰਿਸ਼ਟੀ ਤੋਂ ਪੇਸ਼ ਕਰਦੇ ਹਨ, ਜਿਸ ਵਿਚ ਪੂੰਜੀਵਾਦੀ ਵਰਤਾਰਾ ਬੜੇ ਮਹਤੱਵਪੂਰਨ ਰੂਪ ਵਿਚ ਪੇਸ਼ ਹੁੰਦਾ ਹੈ।

ਇਸੇ ਸੰਦਰਭ ਵਿਚ ਬਲਬੀਰ ਪਰਵਾਨਾ ਦਾ ਨਾਵਲੀ ਵਰਤਾਰਾ 'ਅੰਬਰ ਵੱਲ ਉਡਾਣ' ਵਾਚਣਯੋਗ ਹੈ। ਬਲਬੀਰ ਪਰਵਾਨਾ ਪੰਜਾਬੀ ਸਾਹਿਤ ਜਗਤ ਵਿਚ ਇਕ ਬਹੁਪੱਖੀ ਸਿਰਜਕ ਵਜੋਂ ਉਭਰਦਾ ਹੈ

ਨਾਵਲ ਦਾ ਆਰੰਭ ਗੱਲ-ਕੱਥ ਦੀ ਵਿਧੀ ਰਾਹੀਂ ਹੁੰਦਾ ਹੈ। ਸਮੁੱਚੇ ਬਿਰਤਾਂਤ ਨੂੰ ਬਿਰਤਾਂਤਕ ਵੱਲੋਂ ਪੇਸ਼ ਕੀਤਾ ਜਾਣਾ, ਇਸ ਦੀ ਪਾਠ ਮੂਲਕ ਜੁਗਤ ਬਣਦੀ ਹੈ। ਇਸ ਤਰ੍ਹਾਂ ਇਹ ਜੀਵੰਤ ਕਲਾਸਕੀ ਵਰਤਾਰਾ ਨਾਵਲੀ ਪਾਠ ਨੂੰ ਨਿਰੰਤਰਤਾ ਪ੍ਰਦਾਨ ਕਰ ਕਾਲ ਵਿਸ਼ੇਸ਼ ਨੂੰ ਚਿਤਰਤ ਕਰਦਾ ਹੈ, ਜਿਸ ਵਿਚ ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦੇ ਸਮਾਜਕ ਅਰਥਚਾਰੇ ਵਿਚ ਵਾਪਰੇ ਕ੍ਰਾਂਤੀਕਾਰੀ ਪਰਿਵਰਤਨ ਦੇ ਸਥਾਨਕ ਪਰਿਵੇਸ ਦਾ ਚਿਹਨਕ, ਜ਼ਾਹਰਕੋਟ ਪਿੰਡ ਦਾ ਸੰਘਾ ਰਿਜ਼ੌਰਟ ਬਣਦਾ ਹੈ, ਜਿਸ ਦੇ ਚਿਹਨ - ਚੱਕਰ ਬਸੰਤਪੁਰ, ਤਿਓੜੇ, ਭੂਰਪੁਰ, ਭੁੰਬਲੇ, ਉਹਲੈੜੀਆਂ, ਟਾਂਡਾ, ਪੰਡੋਰੀ , ਤੇ ਧਰਮਪੁਰ ਆਦਿ ਤੱਕ ਜਾ ਫ਼ੈਲਦੇ ਹਨ।

ਬਿਰਤਾਂਤਕੀ ਪਾਠ ਵਿਚ ਬਿਰਤਾਂਤਕਾਰ ਪਿਛਲੇ ਦੋ ਦਹਾਕਿਆਂ ਤੋਂ ਕਾਰਪੋਰੇਟ ਸੈਕਟਰ ਅਧੀਨ ਖੰਡਿਤ ਹੋ ਰਹੇ ਸਮਾਜਿਕ ਸੰਸਕ੍ਰਿਤਕ ਮੁੱਲ ਪ੍ਰਬੰਧ, ਪਰੰਪਰਾਗਤ ਕਦਰਾਂ -ਕੀਮਤਾਂ ਤੇ ਜੀਵਨ ਸ਼ੈਲੀ ਨੂੰ ਵਿਭਿੰਨ ਪਾਸਾਰਾਂ ਅਧੀਨ ਪੇਸ਼ ਕਰਦਾ ਹੈ। ਇਸ ਵਿਚ ਛੋਟੀ ਕਿਸਾਨੀ ਦਾ ਜ਼ਮੀਨਾਂ ਵੇਚ ਕੇ ਖੇਤੀਬਾੜੀ ਦੇ ਧੰਦੇ ਤੋਂ ਬਾਹਰ ਹੋਣਾ, ਖੇਤੀਬਾੜੀ ਅਧੀਨ ਪੈਂਦੀ ਸੈਂਕੜੇ ਏਕੜ ਜ਼ਮੀਨ ਤੇ ਰਿਜ਼ੋਰਟ, ਮੌਲਜ਼, ਵਿਦਿਅਕ

ਅਦਾਰੇ ਤੇ ਫ਼ਾਰਮ ਹਾਊਸਾਂ ਦਾ ਉਸਰਨਾ ਦੇ ਚਿਹਨਕੀ ਜੁੱਟ, ਪੰਜਾਬ ਦੇ ਅਰਥਚਾਰੇ ਉੱਤੇ ਕਾਰਪੋਰੇਟ ਪੂੰਜੀ ਦੀ ਵੱਧਦੀ ਦਖ਼ਲਅੰਦਾਜ਼ੀ ਦੀ ਨਿਸ਼ਾਨਦੇਹੀ ਕਰਦੇ ਹਨ, ਜਿਸ ਵਿਚ ਪਰੰਪਰਾਗਤ ਵਿਚਾਰਧਾਰਕ ਜੀਵਨ ਮੁੱਲਾਂ ਦਾ ਟੁੱਟਣਾ, ਪੱਛਮੀਕਰਨ ਦੇ ਪ੍ਰਭਾਵ ਅਧੀਨ ਲੋਕਾਂ ਦਾ ਬਦਲਦਾ ਜੀਵਨ ਪੱਧਰ, ਔਰਤ ਮਰਦ ਦੇ ਬਣਦੇ/ ਵਿਗੜਦੇ ਆਪਸੀ ਸੰਬੰਧ, ਪੈਸੇ ਦੀ ਪਰਧਾਨਤਾ ਨਾਲ ਹਰ ਖੇਤਰ ਵਿਚ ਜਿਨਸੀ ਤੇ ਮੰਡੀਵਾਦੀ ਰੁਝਾਨ ਆਦਿ ਦੀ ਪੇਸ਼ਕਾਰੀ ਬਾਖ਼ੂਬੀ ਕੀਤੀ ਮਿਲਦੀ ਹੈ। ਇਹ ਵਰਤਾਰਾ ਜਿਥੇ ਪੇਂਡੂ ਅਰਥਚਾਰੇ ਵਿਚ ਫ਼ੈਲ ਰਹੇ ਕਾਮ ਦੀਆਂ ਅਤਿ ਘ੍ਰਿਣਤ ਤੇ ਪਾਸ਼ਵਿਕ ਰੁੱਚੀਆਂ ਦੀ ਪੇਸ਼ਕਾਰੀ ਕਰਦਾ ਹੈ, ਉਥੇ ਇਹ ਪੰਜਾਬੀ ਅਰਥਚਾਰੇ ਵਿਚ ਕਾਰਪੋਰੇਟ ਸੈਕਟਰ ਦੀ ਵੱਧਦੀ ਦਖ਼ਲਅੰਦਾਜ਼ੀ, ਨੈਤਿਕਤਾ ਦੇ ਬਦਲਦੇ ਪਰਿਪੇਖ ਤੇ ਰੁਪਾਂਤਰਣ ਦੀ ਪ੍ਰਕ੍ਰਿਆ ਨੂੰ ਯਥਾਰਥਕ ਦ੍ਰਿਸ਼ਟੀ ਤੋਂ ਪੇਸ਼ ਕਰਦਾ, ਪੰਜਾਬੀ ਸਮਾਜ ਅੰਦਰ ਤੇਜ਼ੀ ਨਾਲ ਹੋਏ ਵਿਕਾਸ ਦੀ ਗਾਥਾ ਨੂੰ ਵੀ ਆਪਣੇ ਕਲੇਵਰ ਵਿਚ ਲੈਂਦਾ ਹੈ।

ਨਾਵਲ ਨੂੰ ਵਾਚਦਿਆਂ ਜਿਵੇਂ ਕਿ ਇਸ ਦੇ ਸਿਰਲੇਖ ਤੋਂ ਹੀ ਸਪਸ਼ਟ ਹੁੰਦਾ ਹੈ, 'ਪਾਲੀ' ਉਰਫ਼ 'ਪ੍ਰਿਤਪਾਲ' ਵਰਗੀਆਂ ਅਨੇਕਾਂ ਕੁੜੀਆਂ ਗ਼ਲੈਮਰੀ ਦੁਨੀਆਂ ਵਿਚ ਜਾਇਜ਼ ਨਜਾਇਜ਼ ਹਰ ਤਰੀਕੇ ਨਾਲ ਅੰਬਰੀ ਉਡਾਣ ਭਰਨ ਲਈ ਹਰ ਪਲ ਤੱਤਪਰ ਰਹਿੰਦੀਆਂ ਹਨ। ਪਾਲੀ ਤਾਂ ਇਸ ਗ਼ਲੈਮਰੀ ਦੁਨੀਆਂ ਅਧੀਨ ਵਿਚਰਦੀ ਰਾਤੋ ਰਾਤ ਗਰੀਬੀ ਦੀਆਂ ਦੀਵਾਰਾਂ ਟੱਪਣ ਦੇ ਪ੍ਰਯਤਨ ਵਿਚ, ਆਪਣੇ ਸੁਹਪੱਣ ਨੂੰ ਰੁਮਾਂਸ ਦੀ ਪੱਧਰ 'ਤੇ ਮਾਨਣ ਵਿਚ ਵੀ ਕੋਈ ਗੁਰੇਜ਼ ਨਹੀਂ ਕਰਦੀ। ਇਸੇ ਲਈ ਉਹ ਵਿਆਹ ਸੰਸਥਾ ਤੋਂ ਇਨਕਾਰੀ ਹੋ ਸੁਤੰਤਰ ਜੀਵਨ ਜੀਊਣ ਨੂੰ ਹੀ ਤਰਜ਼ੀਹ ਦੇਣ ਲੱਗਦੀ ਹੈ।

"ਸੰਘੇ ਵੱਲੋਂ ਤੋਹਫਿਆਂ ਦੇ ਰੂਪ 'ਚ ਅਦਾਇਗੀਆਂ ਨੇ ਹੀ ਉਸ ਦੇ ਮਨ 'ਚ ਪਾਇਆ ਸੀ, ਕਿਉਂ ਨਾ ਇਸ ਖ਼ੂਬਸੂਰਤੀ ਨੂੰ ਕੈਸ਼ ਕਰਾਇਆ ਜਾਵੇ। 'ਸੁਹਣੀ ਹਾਂ, ਸਮਾਰਟ ਹਾਂ, ਫਿਰ ਮੈਂ ਕਿਉਂ ਘੁੱਟ ਘੁੱਟ ਕੇ ਘਰ ਦੀ ਗਰੀਬੀ 'ਚ ਸਹਿਕਾਂ, ਪਛੜੇ ਹੋਏ ਮਾਹੌਲ ਦੀ ਸ਼ਿਕਾਰ ਹੋਵਾਂ"।

"ਉਹ ਇਹਨਾਂ ਸੰਬੰਧਾਂ ਨੂੰ ਇਨਜੁਆਏ ਵੀ ਕਰਦੀ ਸੀ। ਨਾਲ ਮਨ ਹੀ ਮਨ ਸੋਚਦੀ, ਪੰਦਰਾਂ ਕੁ ਲੱਖ 'ਕੱਠੇ ਹੋ ਗਏ ਤਾਂ ਕਿਤੇ ਕੰਮ ਸ਼ੁਰੂ ਕਰ ਲਵਾਂਗੀ। ਜਾਂ ਹੋ ਸਕਦਾ ਹੈ ਅਮਰੀਕਾ ਕਨੇਡਾ ਦਾ ਕੋਈ ਜੁਗਾੜ ਬਣ ਜਾਵੇ"।

ਇਸ ਤਰ੍ਹਾਂ ਗਲਪਕਾਰ ਵਿਅੰਗ ਤੇ ਵਿਡੰਬਣਾ ਦੀ ਜੁਗਤ ਰਾਹੀਂ ਸਮੇਂ ਦੇ ਸੱਚ ਨੂੰ ਬਿਆਨਦਾ ਪੂੰਜੀਵਾਦੀ ਯੁੱਗ ਵਿਚ ਪੰਜਾਬੀ ਸਮਾਜ ਦਾ ਜੋ ਮੰਡੀਕਰਨ ਤੇ ਸ਼ਹਿਰੀਕਰਨ ਹੋ ਰਿਹਾ ਹੈ, ਉਸ ਨੂੰ ਬੜੀ ਖ਼ੂਬਸੂਰਤੀ ਨਾਲ ਚਿਹਨਤ ਕਰਦਾ ਹੈ, ਜਿਸ ਨਾਲ ਸਮਾਜ ਅੰਦਰ ਫ਼ੈਲੀਆਂ ਬੇਤਰਤੀਬੀਆਂ, ਵਿਖੰਡਨਾਵਾਂ ਅਤੇ ਵਿਕ੍ਰਤੀਆਂ ਦਾ ਵੀ ਸਜੀਵ ਰੂਪ ਉੱਭਰ ਕੇ ਸਾਹਮਣੇ ਆਉਂਦਾ ਹੈ।

ਸਾਮਰਾਜ ਕਿਸੇ ਵੀ ਕਾਲ ਤੇ ਸਥਾਨ ਦਾ ਹੋਵੇ, ਉਹ ਹਮੇਸ਼ਾਂ ਹੀ ਸਵੈ-ਹਿੱਤ ਲਈ ਕੰਮ ਕਰਦਾ, ਗੌਰਵਮਈ ਇਤਿਹਾਸ ਤੇ ਸੱਭਿਆਚਾਰ ਨੂੰ ਆਪਣੇ ਅਨੁਸਾਰ ਤੋੜ ਮਰੋੜ ਕੇ ਇਸ ਦੀ ਵਿਆਖਿਆ ਆਪਣੀਆਂ ਲੋੜਾਂ ਤੇ ਨੀਤੀਆਂ ਅਨੁਸਾਰ ਕਰਦਾ ਹੈ। ਵਿਗਿਆਨ ਤੇ ਟੈਕਨੋਲੋਜੀ ਦੀ ਤਰੱਕੀ ਨੂੰ ਇਹ ਪ੍ਰਬੰਧ ਕਿਵੇਂ ਆਪਣੇ ਨਿੱਜੀ ਮੁਨਾਫ਼ੇ ਅਤੇ ਸ਼ਕਤੀ ਪ੍ਰਦਰਸ਼ਨ ਲਈ ਵਰਤਦਾ ਹੈ, ਗਾਲਪਨਿਕ ਵਰਤਾਰੇ ਵਿਚ ਇਸ ਦੀ ਨਿਸ਼ਾਨਦੇਹੀ ਵੀ ਕੀਤੀ ਮਿਲਦੀ ਹੈ। ਪਾਠ ਵਿਚ ਕਾਮਰੇਡ ਗੁਰਦਿਆਲ ਸਿੰਘ, ਜੋ ਚੰਡੀਗੜ੍ਹ ਤੋਂ ਲੈਕਚਰਾਰ ਦੀ ਪੱਕੀ ਨੌਕਰੀ ਛੱਡ ਕੇ ਵੀਹ ਬਾਈ ਸਾਲਾਂ ਤੋਂ ਪਿੰਡ ਆ ਕੇ ਆਰਗੈਨਿਕ ਖੇਤੀ ਕਰਨ ਦੇ ਨਾਲ ਨਾਲ ਸਮਾਜ ਸੇਵਾ ਵੀ ਕਰ ਰਿਹਾ ਹੈ, ਅਜਿਹੇ ਆਦਰਸ਼ਵਾਦੀ ਪਾਤਰ ਵਜੋਂ ਉੱਭਰਦਾ ਹੈ, ਜੋ ਕਿਸੇ ਵੀ ਸਿਸਟਮ ਦਾ ਪੁਰਜ਼ਾ ਬਣਨ ਤੋਂ ਇਨਕਾਰੀ ਹੋ ਪਿੰਡ ਦੀ ਤਰੱਕੀ ਲਈ ਵਚਨਬੱਧ ਹੈ। ਇਸ ਲਈ ਉਹ ਪਿੰਡ ਵਿਚ ਬੱਚਿਆਂ ਨੂੰ ਇਕੱਠਿਆਂ ਕਰਕੇ ਮੁਫ਼ਤ ਵਿਦਿਆ ਦੇਣ ਦੀ ਮੁਹਿੰਮ ਵੀ ਚਲਾਉਂਦਾ ਹੈ। ਇਥੇ ਉਸ ਦਾ ਮੁੱਖ ਮਕਸਦ ਆਮ ਲੋਕਾਂ ਨੂੰ ਪੂੰਜੀਵਾਦ ਦੇ ਮਾਰੂ ਪ੍ਰਭਾਵਾਂ ਤੋਂ ਚੇਤੰਨ ਕਰਵਾ ਲੋਕ ਚੇਤਨਾ ਪੈਦਾ ਕਰਨਾ ਦਾ ਹੀ ਬਣਦਾ ਹੈ, ਜਿਸ ਵਿਚ ਬਿਰਤਾਂਤਕਾਰ ਦੀ ਦ੍ਰਿਸ਼ਟੀ ਕਲਾਸੀਕਲ



ਮਾਰਕਸੀ ਦਾਰਸ਼ਨਿਕਤਾ ਵਾਲੀ ਹੈ। ਇਸ ਦਾ ਵਾਹਕ ਪਾਤਰ ਕਾਮਰੇਡ ਗੁਰਦਿਆਲ ਸਿੰਘ ਬਣਦਾ ਹੈ।

ਆਰਥਿਕਤਾ ਦੇ ਬਦਲਦੇ ਪ੍ਰਸੰਗ ਵਿਚ ਰਿਸ਼ਤਿਆਂ ਦੇ ਸਮੀਕਰਣ ਵੀ ਬਦਲਦੇ ਨਜ਼ਰ ਆਉਂਦੇ ਹਨ। ਪੈਸੇ ਦੀ ਅੰਨ੍ਹੀ ਦੌੜ ਵਿਚ ਪਰਿਵਾਰਕ ਸਾਂਝਾਂ ਟੁੱਟਣ ਲੱਗਦੀਆਂ ਹਨ। ਮਨੁੱਖੀ ਰਿਸ਼ਤਿਆਂ ਦਾ ਅਜਿਹਾ ਉਦਾਰੀਕਰਨ ਤੇ ਵਪਾਰੀਕਰਨ ਹੋਣ ਲੱਗਦਾ ਹੈ ਕਿ ਪਰਿਵਾਰਕ ਰਿਸ਼ਤੇ ਨਫ਼ੇ ਦੀ ਮੰਡੀ ਵਿਚ ਦਮ ਤੋੜਦੇ ਪ੍ਰਤੀਤ ਹੁੰਦੇ ਹਨ। ਜਿਸ ਵਿਚ ਮੀਤੋ ਜਿਸ ਦਾ ਪਤੀ ਜਗੀਰੀ ਨਸ਼ਿਆਂ ਦਾ ਮਾਰਿਆ ਹੈ, ਆਪਣੇ ਪਤੀ ਨੂੰ ਛੱਡ, ਬਾਹਰਲੇ ਮਰਦ ਭਾਨ ਸਿੰਘ ਨਾਲ (ਜੋ ਖ਼ੁਦ ਅਣਵਿਆਹਿਆ ਹੈ) ਵਿਆਹ ਬਾਹਰੀ ਸੰਬੰਧ ਸਥਾਪਿਤ ਕਰ ਲੈਂਦੀ ਹੈ। ਸਮਾਜਿਕ ਅਰਥਚਾਰੇ ਵਿਚ ਇਹ ਰਿਸ਼ਤਾ ਭਾਵੇਂ ਵਰਜਣਾ ਦਾ ਬਣਦਾ ਹੈ ਪਰ ਫ਼ਿਰ ਵੀ ਮੀਤੋ ਪਰਾਏ ਮਰਦ ਨੂੰ ਹੰਢਾਉਣ ਵਿਚ ਕੋਈ ਸ਼ਰਮ ਮਹਿਸੂਸ ਨਹੀਂ ਕਰਦੀ।

ਪੂੰਜੀਵਾਦੀ ਵਿਵਸਥਾ ਅਤੇ ਖ਼ਪਤ ਸੱਭਿਆਚਾਰ ਦੇ ਪ੍ਰਭਾਵ ਅਧੀਨ ਮਾਨਵੀਂ ਰਿਸ਼ਤਿਆਂ ਦਾ ਵਿਸ਼ਲੇਸ਼ਣ, ਸਮਕਾਲੀ ਜੀਵਨ ਵਿਚ ਪਨਪ ਰਹੇ ਕਈ ਤਰ੍ਹਾਂ ਦੇ ਵਿਗਾੜਾਂ ਸੰਬੰਧੀ ਵੀ ਚਿੰਤਾ ਜਗਾਉਂਦਾ ਹੈ, ਜਿਸ ਵਿਚ ਆਪਸੀ ਰਿਸ਼ਤਿਆਂ ਦੀ ਗਰਾਮਰ ਆਪਣਾ ਰੂਪ ਬਦਲ ਕਾਮਨਾ, ਲਾਲਸਾ, ਬੇਰੁਖੀ ਤੇ ਅਲਗਾਵ ਦੀਆਂ ਅਲਾਮਤਾਂ ਨੂੰ ਜਨਮ ਦੇਂਦੀ ਹੈ। ਵਾਸਤਵ ਵਿਚ ਖ਼ਪਤ ਸਭਿਆਚਾਰ , ਜਿਥੇ ਹਰ ਪਾਸੇ ਹੀ ਪੈਸੇ ਦੀ ਪਰਧਾਨਤਾ ਦੇ ਨਾਲ ਵਿਅਕਤੀਵਾਦੀ ਪਦਾਰਥਵਾਦੀ ਸੋਚ ਭਾਰੂ ਹੈ। ਉਥੇ ਇਸ ਤਰ੍ਹਾਂ ਦੇ ਵਿਗਾੜ ਉਤਪੰਨ ਹੋਣੇ ਸੁਭਾਵਕ ਹਨ।

ਪੂੰਜੀਦਾਰੀ ਪ੍ਰਬੰਧ ਵਿਚ ਹਰ ਵਸਤ ਦੀ ਖ਼ਰੀਦ ਸ਼ਕਤੀ ਪੈਸਾ ਬਣਦੀ ਹੈ, ਜਿਸ ਦਾ ਪ੍ਰਭਾਵ ਉਪਭੋਗਤਾਵਾਦੀ ਸੱਭਿਆਚਾਰ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਹ ਵਰਤਾਰਾ ਵਾਸਤਵ ਵਿਚ ਪੂੰਜੀਵਾਦੀ ਸਨਅਤੀ ਸੱਭਿਆਚਾਰ ਰਾਹੀਂ ਪੈਦਾ ਹੁੰਦਾ ਹੈ, ਜਿਸ ਦਾ ਘਿਨੌਂਣਾ ਰੂਪ ਇਹ ਬਣਦਾ ਹੈ ਕਿ ਵਸਤੂਕਰਨ ਦੀ ਪ੍ਰਕ੍ਰਿਆ ਨੇ ਮਨੁੱਖ ਅਤੇ ਉਸ ਦੇ ਰਿਸ਼ਤਿਆਂ ਦਾ ਵੀ ਵਸਤੂਕਰਨ ਕਰ ਦਿੱਤਾ ਹੈ। ਮਾਨਵੀ ਰੁੱਚੀਆਂ ਭੰਗ ਹੋ ਅਮਾਨਵੀਕਰਨ ਪੈਦਾ ਕਰਦੀਆਂ ਹਨ, ਜੋ ਸਭਿਆਚਾਰਕ ਅਰਥਚਾਰੇ ਨੂੰ ਪ੍ਰਦੂਸ਼ਿਤ ਕਰ ਸਮਾਜਕ ਗਿਰਾਵਟ ਪੈਦਾ ਕਰਦਾ ਹੈ। ਇਸ ਪਿੱਛੇ ਇਕ ਗੁੱਝਾ ਰਾਜਨੀਤਿਕ ਛੜਯੰਤਰ ਵੀ ਨਜ਼ਰ ਆਉਂਦਾ ਹੈ। ਕਿਉਂਕਿ ਇਹ ਅਜਿਹੀਆਂ ਅਮਾਨਵੀ ਕਦਰਾਂ ਕੀਮਤਾਂ, ਮੁੱਲਾਂ ਤੇ ਪ੍ਰਤਿਮਾਨਾਂ ਨੂੰ ਜਨਮ ਦੇਂਦਾ ਹੈ, ਜਿਹਨਾਂ ਦਾ ਸੰਬੰਧ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਬੇਗਾਨਗੀ, ਲੱਚਰਤਾ ਤੇ ਅਸ਼ਲੀਲਤਾ ਨਾਲ ਬਣਦਾ ਹੈ। ਜਿਸ ਵਿਚ ਪਰੰਪਰਕ ਨੈਤਿਕਤਾ ਦੇ ਅਰਥ ਵੀ ਬਦਲਦੇ ਨਜ਼ਰ ਆਉਂਦੇ ਹਨ। ਇਸ ਵਿਚ ਪੈਸਾ ਬੜਾ ਅਹਿਮ ਰੋਲ ਅਦਾ ਕਰਦਾ ਹੈ। ਪਿੰਡ ਦੇ ਲੋਕ ਜੋ ਕਦੇ ਮੀਤੋ ਤੇ ਉਸ ਦੇ ਟੱਬਰ ਦੀ ਵਿਰੋਧਤਾ ਕਰਦੇ ਸਨ, ਉਹੀ ਅੱਜ ਘਰ ਵਿਚ ਪੈਸੇ ਦੀ ਭਰਮਾਰ ਨੂੰ ਦੇਖ ਕੇ ਉਹਨਾਂ ਦਾ ਪੱਖ ਪੂਰਨਾ ਆਰੰਭ ਕਰ ਦੇਂਦੇ ਹਨ।

ਪੈਸੇ ਤੇ ਪਦਾਰਥਾਂ ਦੀ ਹੋੜ ਨੇ ਮਾਨਵੀ ਕਦਰਾਂ ਕੀਮਤਾਂ ਵਿਚ ਵੀ ਗਿਰਾਵਟ ਪੈਦਾ ਕੀਤੀ ਹੈ, ਜਿਸ ਵਿਚ ਫ਼ਿਲਮੀ ਦੁਨੀਆਂ ਦਾ ਗ਼ਲੈਮਰ ਵੀ ਇਕ ਵੱਡੀ ਏਜੰਸੀ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਇਸ ਗ਼ਲੈਮਰੀ ਦੁਨੀਆਂ ਵਿਚ ਦੇਹ ਵਪਾਰ, ਖ਼ਾਸ ਕਰਕੇ ਨਾਰੀ ਦੇਹ ਦਾ ਸ਼ੋਸ਼ਣ, ਕਾਮਪੂਰਤੀ ਅਤੇ ਮੰਡੀ ਦੇ ਮੁਨਾਫ਼ੇ ਹਿੱਤ ਵੇਚੇ ਵਰਤੇ ਜਾਂਦੇ ਹਨ।

'ਅੰਬਰ ਵੱਲ ਉਡਾਣ' ਟੈਕਸਟ ਵਿਚੋਂ ਗੁਜ਼ਰਦਿਆਂ ਪਾਠ ਦੇ ਬਹੁਤ ਸਾਰੇ ਹਿੱਸੇ ਦਾ ਵਿਸਤਾਰ ਔਰਤ-ਮਰਦ ਸੰਬੰਧਾਂ ਨੂੰ ਵੀ ਮਿਲਦਾ ਹੈ। ਥਾਂ ਪਰ ਥਾਂ ਮਰਦ ਪਾਤਰ ਆਪਣੀ ਕਾਮਨਾ ਦੀ ਵਕਤੀ ਪੂਰਤੀ ਲਈ ਤੇਜ਼ੀ ਨਾਲ ਸਰੀਰਕ ਸੰਬੰਧ ਕਾਇਮ ਕਰਨ ਦੇ ਮੌਕਿਆ ਦੀ ਤਲਾਸ਼ ਵਿਚ ਰਹਿੰਦੇ ਹਨ। ਇਹ ਰਿਸ਼ਤੇ ਕਈ ਵਾਰ ਦੋਸਤੀ ਅਧੀਨ ਤੇ ਕਈ ਵਾਰ ਪ੍ਰੇਮ ਦੀ ਆੜ ਵਿਚ ਪਨਪਦੇ ਨਜ਼ਰ ਆਉਂਦੇ ਹਨ। ਬਿਰਤਾਂਤਕੀ ਪਾਠ ਵਿਚ ਇਸ ਤਰ੍ਹਾਂ ਦੀ ਸਥਿਤੀ ਪਾਲੀ, ਜੱਗੀ, ਸਚਿਨ ਠਾਕੁਰ, ਸਤਵਿੰਦਰ ਆਦਿ ਦੇ ਪਾਤਰਾਂ ਰਾਹੀਂ ਵੇਖਣ ਨੂੰ ਮਿਲਦੀ ਹੈ, ਜੋ ਵਿਅਕਤੀਗਤ ਹਿਰਸਾਂ ਦੀ ਪੂਰਤੀ ਹਿਤ ਜੀਵਨ ਦੇ ਦੂਹਰੇ ਮਾਪ ਦੰਡ ਅਪਣਾਉਂਦੇ ਤਣਾਉਮਈ ਜ਼ਿੰਦਗੀ ਭੋਗਦੇ ਹਨ।

ਪੂੰਜੀਵਾਦ ਦੇ ਪ੍ਰਸੰਗ ਅਧੀਨ ਇਕ ਪ੍ਰਸੰਗ ਕੰਢੀ ਏਰੀਏ ਦੀ ਛੋਟੀ ਕਿਸਾਨੀ ਦੇ ਸਰੋਕਾਰਾਂ ਨਾਲ ਵੀ ਜਾ ਜੁੜਦਾ ਹੈ। ਇਹ ਨਾਵਲੀ ਵਰਤਾਰਾ ਉਹਨਾਂ ਪ੍ਰਸਥਿਤੀਆਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ, ਜਿਸ ਵਿਚ ਕੰਢੀ ਏਰੀਏ ਵਿਚ ਰੇਤਲੀ, ਬੰਜ਼ਰ ਤੇ ਪਥਰੀਲੀ ਜ਼ਮੀਨ ਖੇਤੀ ਲਈ ਕੋਈ ਲਾਹੇਵੰਦ ਧੰਦਾ ਸਿੱਧ ਨਹੀਂ ਹੁੰਦੀ। ਆਮ ਕਿਸਾਨਾਂ ਕੋਲ ਇਕ ਇਕ, ਦੋ ਦੋ ਕਿੱਲੇ ਜ਼ਮੀਨ ਹੋਣ ਕਰਕੇ ਹਰਾ ਇਨਕਲਾਬ ਵੀ ਇਸ ਇਲਾਕੇ ਵਿਚ ਕੋਈ ਤਬਦੀਲੀ ਨਾ ਲਿਆ ਸਕਿਆ ਤੇ ਮਜ਼ਬੂਰੀ ਵੱਸ ਛੋਟੀ ਕਿਸਾਨੀ ਛੋਟੇ ਛੋਟੇ ਕੰਮ ਧੰਦੇ ਅਪਣਾ ਖੇਤੀ ਤੋਂ ਬਾਹਰ ਹੋਣ ਲੱਗਦੀ ਹੈ। ਪਰ ਸਮਾਜਕ ਅਰਥਚਾਰੇ ਵਿਚ ਕਾਰਪੋਰੇਟ ਪੂੰਜੀ ਦਾ ਵਰਤਾਰਾ ਪੇਂਡੂ ਲੋਕਾਂ ਲਈ ਨਵੀਂ ਜੀਵਨ ਜਾਂਚ ਤੇ ਖ਼ੁਸ਼ਹਾਲੀ ਲੈ ਕੇ ਆਉਂਦਾ ਹੈ ਭਾਵੇਂ ਇਹ ਵਰਤਾਰਾ ਵੀ ਲੋਕ ਮਨਾਂ ਵਿਚ ਨਿਰਾ ਭੁਲੇਖਾ ਹੀ ਸਿਰਜਦਾ ਹੈ। ਜਿਸ ਦਾ ਪ੍ਰਗਟਾਵਾ ਬਿਰਤਾਂਤਕਾਰ ਬਿਰਤਾਂਤਕੀ ਪਾਠ ਵਿਚ ਵੀ ਕਰਦਾ ਹੈ। ਨਾਵਲੀ ਵਰਤਾਰੇ ਵਿਚ ਆਏ ਕੁਝ ਵੇਰਵਿਆਂ ਦਾ ਚਿਹਨਕੀ ਪਰਿਪੇਖ ਆਧੁਨਿਕਤਾ ਦੇ ਭਰਮ ਹੇਠ ਚੁੰਧਿਆਏ ਲੋਕਾਂ ਦੀ ਹੀ ਬਾਤ ਪਾਉਂਦਾ ਹੈ।

"ਚਲੋ ਜਿਹੋ ਜਿਹੀ ਵੀ ਸੀ ਪੁਗਾ ਗਿਆ", ਜਗੀਰੀ ਦੀ ਗੱਲ ਕਰਦਿਆ ਰਤਨੇ ਦੀਆ ਅੱਖਾਂ 'ਚ ਹੰਝੂ ਸਿੰਮ ਆਏ, " ਅਗਾਂਹ ਅਲਾਦ ਵਧੀਆ ਸੈੱਟ ਹੋ ਗਈ... ਮੁੰਡਾ ਕਹਿੰਦੇ ਇਟਲੀ 'ਚ ਕਿਸੇ ਚੰਗੀ ਨੌਕਰੀ 'ਤੇ ਲੱਗ ਗਿਆ ਐ। ਵੱਡੀ ਕੁੜੀ ਆਪਣੇ ਘਰ ਸੁੱਖੀ ਵਸਦੀ ਐ... ਹੋਰ ਕੀ ਚਾਹੀਦਾ ਹੁੰਦਾ ਬੰਦੇ ਨੂੰ । ਛੋਟੀ ਕੁੜੀ ਵੀ ਕਿਸੇ ਵੱਡੇ ਅਹੁਦੇ 'ਤੇ ਲਗਦੀ ਐ। ਮੈਂ ਪਿਛਲੇ ਦਿਨੀਂ ਦੇਖੀ ਸੀ। ਗੇਟ ਬਣ ਰਿਹਾ ਸੀ ਤਾਂ ਮਿਸਤਰੀ ਨੂੰ ਕੁਝ ਸਮਝਾ ਰਹੀ ਸੀ ਮਾਅਰ ਵੱਡੀ ਸਾਰੀ ਗੱਡੀ। ਇਉਂ ਬਣੀ -ਫਬੀ ਸੀ ਜਿਵੇਂ ਐਕਟਰਨੀਆਂ ਹੁੰਦੀਆਂ... ਇੰਨੀ ਤਰੱਕੀ ਕੀਤੀ ਐ ਹੋਰ ਕਿਸੇ ਕੁੜੀ ਨੇ ਪਿੰਡ 'ਚ"

ਸੰਘੇ ਕਰਕੇ ਆਪਾਂ ਵੀ ਰੋਟੀ ਖਾਣ ਜੋਗੇ ਹੋ ਗਏ ਆਂ... ਨਹੀਂ, ਨਾ ਜ਼ਮੀਨ 'ਚ ਕੁਝ ਹੁੰਦਾ ਸੀ ਤੇ ਨਾ ਉਸ ਦਾ ਕੋਈ ਗਾਹਕ ...ਕੋਈ ਲੱਖ ਕਿੱਲੇ ਨੂੰ ਵੀ ਨਹੀਂ ਸੀ ਪੁੱਛਦਾ"। ਮੀਤੋ ਨੂੰ ਬਦਲਿਆ ਦ੍ਰਿਸ਼ ਚੰਗਾ ਚੰਗਾ ਲੱਗਦਾ ਸੀ।

" ਸੰਘਾ ਰਿਜੋਰਟ ਦੀ ਉਸਾਰੀ ਨੇ ਜਿਵੇਂ ਸਹਿਜ ਤੋਰੇ ਤੁਰਦੀ ਜ਼ਿੰਦਗੀ 'ਚ ਕੋਈ ਧਮਾਕਾ ਕਰ ਦਿੱਤਾ ਸੀ। ਪਿੰਡ 'ਚੋਂ ਕੁਝ ਮਹਾਸ਼ਿਆਂ ਨੂੰ ਉਥੇ ਸਫ਼ਾਈ ਮਜ਼ਦੂਰਾਂ ਵਜੋਂ ਕੰਮ ਮਿਲ ਗਿਆ ਸੀ, ਕੁਝ ਪੜ੍ਹੀਆਂ ਲਿਖੀਆਂ ਕੁੜੀਆਂ ਉਥੇ ਵੱਖ ਵੱਖ ਕਾਊਂਟਰਾਂ ਦੇ ਹਿਸਾਬ -ਕਿਤਾਬ , ਡਿਊਟੀ... ਰੂਮਾਂ 'ਤੇ ਐਡਜਸਟ ਹੋ ਗਈਆਂ ਸਨ।"

ਇਥੇ ਬਿਰਤਾਂਤਕਾਰ ਭਾਰਤੀ ਸੱਤਾ ਵੱਲੋਂ ਅਪਣਾਏ ਗਏ ਵਿਕਾਸ ਮਾਡਲ ਤੇ ਪ੍ਰਸ਼ਨ ਚਿੰਨ੍ਹ ਲਗਾ ਆਮ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਦਾ ਯੁੱਗ ਚੇਤਨਾ ਦੀ ਗੱਲ ਵੀ ਕਰਦਾ ਹੈ, ਕਿ ਜਿਸ ਨੂੰ ਉਹ ਵਿਕਾਸ ਸਮਝਦੇ ਹਨ, ਉਹ ਵਿਕਾਸ ਨਹੀਂ ਸਗੋਂ ਆਮ ਲੋਕਾਂ ਨਾਲ ਵਿਸ਼ਵ ਮੰਡੀ ਦੀ ਇਕ ਖ਼ਿਲਵਾੜ ਹੈ ਜੋ ਹਰ ਕੰਮ ਆਪਣੇ ਮੁਨਾਫ਼ੇ ਲਈ ਕਰਦੀ ਆਮ ਬੰਦੇ ਲਈ ਇਕ ਭਰਮ ਜਾਲ ਸਿਰਜਦੀ ਹੈ।

ਇਸ ਦੇ ਨਾਲ ਹੀ ਬਿਰਤਾਂਤਕਾਰ ਪਾਠ ਵਿਚ, ਪੂੰਜੀਵਾਦ ਤੇ ਮੰਡੀ ਖ਼ਪਤਵਾਦ ਦੇ ਵਾਤਾਵਰਣ ਉੱਤੇ ਪੈਂਦੇ ਮਾਰੂ ਪ੍ਰਭਾਵਾਂ ਨੂੰ ਵੀ ਬਾਖ਼ੂਬੀ ਉਭਾਰਦਾ ਹੈ। ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਖਾਣ ਪੀਣ ਦੀਆਂ ਚੀਜ਼ਾਂ ਤੋਂ ਲੈ ਕੇ ਜੀਵਨ ਦੇ ਹਰ ਖੇਤਰ ਵਿਚ ਕ੍ਰਾਂਤੀਕਾਰੀ ਪਰਿਵਰਤਨ ਆਇਆ ਹੈ। ਪਰ ਵਿਕਾਸ ਦੀ ਇਹ ਗਤੀ ਆਮ ਮਨੁੱਖ ਲਈ ਕਈ ਤਰ੍ਹਾਂ ਦੇ ਖ਼ਤਰੇ ਪੈਦਾ ਕਰਦੀ ਹੈ। ਪਾਣੀ ਦੇ ਕੁਦਰਤੀ ਸੋਮਿਆਂ ਦਾ ਸੁੱਕਣਾ, ਨਦੀਆਂ ਦੇ ਪਾਣੀ ਦਾ ਪ੍ਰਦੂਸ਼ਿਤ ਹੋਣਾ, ਅਲੋਪ ਹੋ ਰਹੇ ਜੰਗਲ, ਕੀਟ ਨਾਸ਼ਕਾਂ ਤੇ ਰਸਾਇਣਕ ਖਾਦਾਂ ਦੀ ਬੇਲੋੜੀ ਵਰਤੋਂ, ਥਾਂ ਥਾਂ ਖੁੱਲ੍ਹ ਰਹੇ ਰਿਜ਼ੋਰਟਾਂ ਦਾ ਵੱਧਦਾ ਪ੍ਰਦੂਸ਼ਣ ਆਦਿ ਅਜਿਹੇ ਮਸਲੇ ਹਨ, ਜਿਹਨਾਂ ਬਾਰੇ ਬਿਰਤਾਂਤਕਾਰ ਨੇ ਪਾਠ ਵਿਚ ਬੜੀ ਖੁੱਲ੍ਹ ਕੇ ਚਰਚਾ ਕੀਤੀ ਹੈ। ਦੂਜੇ ਪਾਸੇ ਨਵੀਨ ਟੈਕਨੋਲੋਜੀ ਦੀ ਅੱਧੀ ਅਧੂਰੀ ਸਮਝ ਪੇਂਡੂ ਅਰਥਚਾਰੇ ਵਿਚ ਲੱਚਰਵਾਦ, ਨੰਗੇਜ਼ਵਾਦ ਤੇ ਵਸਤੂ ਭੋਗਵਾਦ ਲੈ ਕੇ ਆਉਂਦੀ ਹੈ। ਨੌਜਵਾਨ ਪੀੜ੍ਹੀ ਇਹਨਾਂ ਵੱਲ ਆਕਰਸ਼ਿਤ ਹੋ ਭਟਕਣ ਦੀ ਰਾਹ ਪੈਂਦੀ ਹੈ, ਜਿਸ ਦਾ



ਇਕ ਖ਼ਾਸਾ ਬੇਰੁਜ਼ਗਾਰੀ ਵਾਲਾ ਵੀ ਬਣਦਾ ਹੈ। ਪੜ੍ਹੇ ਲਿਖੇ ਅਨਟਰੇਂਡ ਨੌਜਵਾਨ ਹੱਥੀਂ ਕੰਮ ਕਰਨ ਤੋਂ ਜੀਅ ਚੁਰਾਉਂਦੇ ਨਜ਼ਰ ਆਉਂਦੇ ਹਨ। ਨਾਵਲੀ ਪਾਤਰ ਬੰਸਾ ਇਸੇ ਗੱਲ ਤੇ ਝੂਰਦਾ ਵਿਹਲੀ ਬੈਠੀ ਮੁੰਡਿਆਂ ਦੀ ਢਾਣੀ ਤੇ ਵਿਅੰਗ ਕਸਦਾ ਹੈ:

"ਇਕ ਆਹ ਮੁੰਡੀਰ ਨੂੰ ਵੀ ਕੋਈ ਕੰਮ ਨਈ ਪਰ ਮਜਾਲ ਐ ਕਿਤੇ ਖੇਤ ਵੰਨੀ ਝਾਕਣਗੇ ਵੀ। ਕੰਮ ਕਰਨ ਨੂੰ ਭਈਏ ਤੇ ਇਹ ਇਥੇ ਪਿੰਡ ਦੀਆਂ ਕੁੜੀਆਂ ਨੌਹਾਂ ਤਾੜੀ ਜਾਣਗੇ ਤੇ ਜਾਂ ਫਿਰ ਮੋਟਰਸਾਈਕਲ ਚੁੱਕ ਕੇ ਸ਼ਹਿਰ ਨੂੰ ...।"

ਪੂੰਜੀਵਾਦ ਦਾ ਇਕ ਪਾਸਾਰ ਪਰਵਾਸ ਦਾ ਬਣਦਾ ਹੈ, ਜੋ ਨੌਜਵਾਨ ਪੀੜ੍ਹੀ ਦਾ ਡਾਲਰਾਂ ਤੇ ਪੌਂਡਾਂ ਦੀ ਚਮਕ ਤੇ ਜਲੌਅ ਅਧੀਨ ਪਰਵਾਸ ਜਾਣ ਦੀ ਲਾਲਸਾ ਦਾ ਪ੍ਰਗਟਾਵਾ ਕਰਦਾ ਹੈ। ਨਾਵਲ ਦੇ ਥੀਮਿਕ ਜਗਤ ਅੰਦਰ ਬਿਰਤਾਂਤਕਾਰ ਹਰਪਾਲ ਦੇ ਪਾਤਰ ਰਾਹੀਂ ਸਥਿਤੀ ਦਾ ਰੁਪਾਂਤਰਨ ਕਰਦਾ ਹੈ, ਜੋ ਆਪਣੀ ਜੱਦੀ ਜ਼ਮੀਨ ਵੇਚ ਇਟਲੀ ਜਾਣ ਦਾ ਦਾਅ ਲਗਾ ਲੈਂਦਾ ਹੈ। ਉਥੇ ਉਹ ਚੰਗੀ ਚੋਖੀ ਕਮਾਈ ਕਰ ਆਪਣੇ ਪਿਉ ਜਗੀਰੀ ਜਿਸ ਨੂੰ ਸਾਰੀ ਉਮਰ ਦੋ ਵਕਤ ਦੀ ਰੋਟੀ ਨਹੀਂ ਸੀ ਜੁੜਦੀ ,ਉਸ ਦੀ ਮੌਤ ਤੋਂ ਬਾਅਦ ਉਸ ਦੇ ਨਾਂ 'ਤੇ ਪਿੰਡ ਵਿਚ ਯਾਦਗਾਰੀ ਗੇਟ ਬਣਵਾਉਂਦਾ ਹੈ ਤੇ ਇਸ ਤਰ੍ਹਾਂ ਪੈਸੇ ਦੇ ਜ਼ੋਰ ਜਗੀਰੀ ਸਰਦਾਰ ਜਗੀਰ ਸਿੰਘ ਸਹੋਤਾ ਬਣ ਜਾਂਦਾ ਹੈ।

"ਦੇਖ ਲੈ ਰਤਨਿਆ ਰੱਬ ਦੇ ਰੰਗ ... ਜਗੀਰੀ ਵਿਚਾਰਾ ਸਾਰੀ ਉਮਰ ਰੁਲਦਾ ਮਰ ਗਿਆ, ਹੁਣ ਉਸ ਦੇ ਨਾਂ 'ਤੇ ਗੇਟ ਲੱਗ ਗਏ ਐ...ਜਦੋਂ ਉਸ ਦਾ ਨਸ਼ਾ ਟੁੱਟਾ ਹੁੰਦਾ ਸੀ ਨਾ, ਮੈਂ ਉਸ ਨੂੰ ਦਸ ਦਸ ਰੁਪਿਆਂ ਲਈ ਲੇਲੜੀਆਂ ਵੀ ਕੱਢਦਾ ਦੇਖਿਆ...।"

ਨਾਵਲੀ ਵਰਤਾਰੇ ਵਿਚ ਇਸੇ ਇੱਛਾ ਅਧੀਨ ਪਾਲੀ ਕੈਨੇਡਾ ਅਮਰੀਕਾ ਦੇ ਸੁਪਨੇ ਲੈ ਐਨ.ਆਰ.ਆਈ ਬੰਦਿਆਂ ਨਾਲ ਰੁਮਾਂਸ ਦੀ ਪੱਧਰ ਤੱਕ ਜਾਣ ਤੋਂ ਵੀ ਕੋਈ ਗੁਰੇਜ਼ ਨਹੀਂ ਕਰਦੀ।

ਇਸ ਤੋਂ ਇਲਾਵਾ ਇਹ ਵਰਤਾਰਾ ਸਮਕਾਲ ਦੇ ਉਹਨਾਂ ਸਰੋਕਾਰਾਂ ਦੇ ਦਰਪੇਸ਼ ਵੀ ਹੁੰਦਾ ਹੈ ਜੋ ਕਾਰਪੋਰੇਟ ਸੈਕਟਰ ਵਿਚ ਪੂੰਜੀ ਦੀ ਭਰਮਾਰ ਸਦਕਾ ਮਾਨਵੀ ਹਿੱਤਾਂ ਦੇ ਵਿਰੋਧ ਵਿਚ ਆ ਨੈਤਿਕ ਮੁੱਲਾਂ ਨੂੰ ਹਾਸ਼ੀਏ ਤੇ ਧਕੇਲਦੇ ਹਨ ।ਉਸ ਵਿਚ ਪੂੰਜੀ ਦਾ ਵਹਾਅ ਇੰਨਾ ਤੇਜ਼ ਹੈ ਕਿ ਆਮ ਬੰਦਾ ਆਪਣੀ ਪਛਾਣ ਗੁਆ ਦਿਸ਼ਾਹੀਣ ਹੁੰਦਾ ਜਾ ਰਿਹਾ ਹੈ। ਉਸ ਦੀ ਆਪਣੀ ਰਹਿਤਲ, ਸਲੀਕਾ, ਯੋਗਤਾ, ਆਪਣੀ ਭਾਸ਼ਾ, ਉਸ ਕੋਲੋਂ ਖੁੱਸ ਰਹੇ ਹਨ।

ਇਸ ਤਰ੍ਹਾਂ 'ਅੰਬਰ ਵੱਲ ਉਡਾਣ' ਦਾ ਵਰਤਾਰਾ 21ਵੀਂ ਸਦੀ ਦੇ ਕਾਲਕੀ ਪਰਿਪੇਖ ਨੂੰ ਬਿਰਤਾਂਤ ਦਾ ਆਧਾਰ ਬਣਾਉਂਦਾ ਪੰਜਾਬੀ ਜਨ ਜੀਵਨ ਵਿਚ ਆਏ ਕ੍ਰਾਂਤੀਕਾਰੀ ਪਰਿਵਰਤਨ ਦੀ ਬਾਤ ਪਾਉਂਦਾ ਜ਼ਿੰਦਗੀ ਦੇ ਨਵੀਨ ਦਿਸਹੱਦੇ ਸਿਰਜਦਾ ਹੈ, ਜਿਸ ਦਾ ਆਧਾਰ ਬਿੰਦੂ ਇਹ ਪੂੰਜੀਵਾਦੀ ਅਰਥਚਾਰਾ ਬਣਦਾ ਹੈ, ਜੋ ਸਮੇਂ ਦੇ ਸੱਚ ਨੂੰ ਪੇਸ਼ ਕਰਦਾ ਇਤਿਹਾਸਕ ਦਸਤਾਵੇਜ਼ ਬਣਨ ਦੀ ਸਮਰੱਥਾ ਵੀ ਰੱਖਦਾ ਹੈ। ਬਿਰਤਾਂਤਕਾਰ ਦੀ ਮਾਰਕਸਵਾਦੀ ਵਿਚਾਰਧਾਰਕ ਪ੍ਰਤਿਬੱਧਤਾ ਸਮੁੱਚੇ ਵਰਤਾਰੇ ਦੇ ਆਰ ਪਾਰ ਫ਼ੈਲੀ ਮਿਲਦੀ ਹੈ, ਜੋ ਪਾਠਕ ਦੀ ਚੇਤਨਾ ਨੂੰ ਹਲੂਣਦੀ ਵਿਸ਼ਵੀਕਰਨ ਦੇ ਮਾਰੂ ਪ੍ਰਭਾਵਾਂ ਪ੍ਰਤਿ ਜਾਗ਼ਰੂਕ ਕਰਦੀ ਹੈ।

ਨਾਵਲੀ ਬਿਰਤਾਂਤ ਦੀ ਖ਼ੂਬਸੂਰਤੀ ਇਸ ਦੀ ਢੁਕਵੀਂ ਭਾਸ਼ਾ, ਦ੍ਰਿਸ਼ਾਂ ਅਤੇ ਵੇਰਵਿਆਂ ਵਿਚ ਸਪਸ਼ਟ ਰੂਪ ਵਿਚ ਨਜ਼ਰ ਆਉਂਦੀ ਹੈ। ਦੁਆਬੇ ਦੀ ਧਰਤੀ ਦੇ ਭੂ-ਦ੍ਰਿਸ਼ ਪਾਠਕੀ ਪ੍ਰਵਚਨ ਨੂੰ ਦਿਲਚਸਪ ਬਣਾਉਂਦੇ ਹਨ, ਇਸ ਕਰਕੇ ਬਿਰਤਾਂਤਕੀ ਪਾਠ ਕਿਧਰੇ ਵੀ ਕੋਈ ਅਕੇਵਾਂ ਪੈਦਾ ਨਹੀਂ ਕਰਦਾ। ਪਾਤਰ ਆਪਣੇ ਆਪ ਵਿਚ ਹਰ ਪੱਖੋਂ ਸੰਪੂਰਨ ਤੇ ਪ੍ਰਭਾਵਸ਼ਾਲੀ ਹਨ। ਸੰਖੇਪਤਾ ਦੇ ਬਾਵਜੂਦ ਵਿਸ਼ੇ ਦੀ ਗਹਿਰਾਈ ਪਾਠਕ ਨੂੰ ਟੁੰਭਦੀ ਹੈ, ਜਿਸ ਨਾਲ ਬਲਬੀਰ ਪਰਵਾਨਾ ਦੀ ਸਾਹਿਤਕ ਪ੍ਰਤਿਭਾ ਪੂਰੀ ਸ਼ਿੱਦਤ ਨਾਲ ਉੱਘੜ ਕੇ ਸਾਹਮਣੇ ਆਉਂਦੀ ਹੈ। ✪

## ਪੁਸਤਕ ਪੜਚੋਲ/ ਭਗਵੰਤ ਰਸੂਲਪੁਰੀ




**ਸਵਾਲ ਦਰ ਸਵਾਲ(ਨਾਵਲ)**
**ਸ਼ਰਤਚੰਦਰ ਚੱਟੋਪਾਧਿਆਏ**
**ਅਨੁਵਾਦ: ਡਾ. ਬਲਦੇਵ ਸਿੰਘ 'ਬੱਦਨ'**
**ਪ੍ਰਕਾਸ਼ਕ: ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ**
**ਮੁੱਲ: 400, ਪੰਨੇ: 272**

ਸ਼ਰਤ ਚੰਦਰ ਦਾ ਇਹ ਨਾਵਲ ਪੰਜਾਬੀ ਪਾਠਕਾਂ ਲਈ ਪ੍ਰਸਿੱਧ ਅਨੁਵਾਦਕ ਤੇ ਲੇਖਕ ਡਾ. ਬਲਦੇਵ ਸਿੰਘ 'ਬੱਦਨ' ਨੇ ਅਨੁਵਾਦ ਕੀਤਾ ਹੈ। ਡਾ. ਬਲਦੇਵ ਅਨੁਵਾਦ ਦੇ ਖੇਤਰ ਵਿਚ ਬੜਾ ਸੁਲਝਿਆ ਹੋਇਆ ਨਾਂ ਹੈ। ਉਹ ਲੰਮੇ ਸਮੇਂ ਤੋਂ ਅਨੁਵਾਦ ਕਰਦਾ ਆ ਰਿਹਾ ਹੈ। ਇਸ ਨਾਵਲ ਨੂੰ ਉਨ੍ਹਾਂ ਪੰਜਾਬੀ ਜ਼ਮੀਨ ਤੇ ਅਨੁਵਾਦ ਕਰਨ ਦਾ ਸਫ਼ਲ ਜਤਨ ਕੀਤਾ ਹੈ। ਸ਼ਰਤ ਚੰਦਰ ਨੇ ਭਾਰਤੀ ਸਮਾਜ ਦੀਆਂ ਲੁਕੀਆਂ ਪਰਤਾਂ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕੀਤਾ। ਉਸ ਵੇਲੇ ਦਾ ਬਹੁਤ ਹੀ ਅਹਿਮ ਮੁੱਦਾ ਅੰਤਰਜਾਤੀ ਵਿਆਹ ਨੂੰ ਅਧਾਰ ਬਣਾ ਕੇ ਵੱਡ ਅਕਾਰੀ ਨਾਵਲ ਦੀ ਸਿਰਜਣਾ ਕੀਤਾ ਸੀ। ਇਹ ਮੁੱਦਾ ਉਸ ਵੇਲੇ ਬਹੁਤ ਭਖਵਾਂ ਮੁੱਦਾ ਸੀ ਤੇ ਇਸ ਤੇ ਨਾਵਲ ਲਿਖਣਾ ਬੜੇ ਜਿਗਰੇ ਵਾਲਾ ਕਾਰਜ ਸੀ। ਨਾਰੀ ਦੇ ਹੱਕ ਵਿਚ ਖੜਨਾ ਨਾਵਲਕਾਰ ਦਾ ਮੁੱਖ ਟੀਚਾ ਰਿਹਾ ਹੈ ਉਦੋਂ ਜਦੋਂ ਸਾਰਾ ਸਮਾਜ ਨਾਰੀ ਨੂੰ ਲਿਤਾੜਨ ਤੇ ਲੱਗਾ ਹੋਇਆ ਸੀ। ਨਾਵਲਕਾਰ ਉਸ ਸਮਾਜ ਦੇ ਵਿਰੋਧ ਵਿਚ ਨਾਵਲ ਦਾ ਬਿਰਤਾਂਤ ਸਿਰਜਦਾ ਹੈ ਜਿਹੜਾ ਸਮਾਜ ਨਾਰੀ ਦੇ ਵਿਰੋਧ ਵਿਚ ਖੜਦਾ ਹੈ, ਉਸ ਨੂੰ ਨਵੀਂ ਰੋਸ਼ਨੀ ਦਿੰਦਾ ਹੈ। ਉਸ ਦੇ ਸਾਰੇ ਨਾਵਲਾਂ ਵਿਚੋਂ ਇਹ ਨਾਵਲ ਵੱਧ ਮੌਲਿਕ ਅਤੇ ਗਹਿਰੇ ਅਰਥ ਰੱਖਦਾ ਹੈ। ਜਦੋਂ ਇਹ ਨਾਵਲ ਪਹਿਲੀ ਵਾਰ 1931 ਵਿਚ ਛਪਿਆ ਤਾਂ ਰੂੜੀਵਾਦੀ ਸਮਾਜ 'ਚ ਆਪਣੇ ਵਿਆਪਕ, ਸੁਤੰਤਰ ਅਤੇ ਖੁੱਲ੍ਹੇ ਵਿਚਾਰਾਂ ਕਰਕੇ ਹਲਚਲ ਪੈਦਾ ਕਰ ਗਿਆ।

ਨਾਵਲ ਦੀ ਨਾਇਕਾ ਕਮਲ ਉਸ ਸਮੇਂ ਦੇ ਲਈ ਅਸਧਾਰਨ ਹੈ। ਉਹ ਖੁਦ ਨਾਵਲ 'ਚ ਸਫ਼ਰ ਕਰਦੀ ਹੈ, ਇਕੱਲੀ ਰਹਿੰਦੀ ਹੈ। ਵੱਖ ਵੱਖ ਪੁਰਸ਼ਾਂ ਨਾਲ ਸੰਬੰਧ ਹਨ, ਗਰੀਬੀ ਤੋਂ ਪੀੜਤ ਹੈ ਪ੍ਰੰਤੂ ਉੱਚੇ ਚਰਿਤਰ ਤੇ ਵੱਖਰੀ ਪਹਿਚਾਣ ਦਾ ਦਾਅਵਾ ਕਰਦੀ ਹੈ। ਉਹਦੇ ਜੀਵਨ ਦੇ ਫਰੇਮ ਦੇ ਮਧਿਆਮ ਨਾਲ ਸ਼ਰਤ ਚੰਦਰ ਭਾਰਤੀ ਪ੍ਰੰਪਰਾ, ਰਾਸਟਰੀਅਤਾ ਅਤੇ ਨਾਰੀ ਮਾਪਦੰਡਾ ਤੇ ਸਵਾਲ ਉਠਾਉਂਦਾ ਹੈ। ਇਹ ਪੱਖ ਅੱਜ ਦੇ ਸਮੇਂ ਤੇ ਸਮਾਜ ਦੇ ਲਈ ਓਨਾ ਹੀ ਸਾਰਥਕ ਹੈ ਜਿੰਨਾ ਪਹਿਲਾ ਸੀ। ਨਾਵਲ ਤਥਾਕਥਿਤ ਸਭਿਆ ਸਮਾਜ ਵਿਚ ਦੁਰਕਾਰੀ ਨਾਰੀ ਦੀ ਵਿਥਿਆ ਦੇ ਅਤਿਅੰਤ ਰੌਚਿਕ ਅਤੇ ਮਰਮਿਕ ਪ੍ਰਸੰਗਾਂ ਨੂੰ ਪੇਸ਼ ਕਰਦਾ ਹੈ। ਕਦੇ ਕਦੇ ਜਿਹੜਾ ਵਿਹਾਰ ਤੇ ਵਤੀਰਾ ਅਸੀਂ ਕਿਸੇ ਦੇ ਪ੍ਰਤੀ ਅਪਨਾਉਂਦੇ ਹਾਂ ਹਲਾਤ ਬਦਲ ਜਾਣ ਤੇ ਉਸੇ ਵਤੀਰੇ ਤੋਂ ਸ਼ਰਮਸ਼ਾਰ ਹੋ ਜਾਂਦੇ ਹਾਂ। ਨਾਵਲ ਇਹ ਮੁੱਦਾ ਵੀ ਪੇਸ਼ ਕਰਦਾ ਹੈ। ਜੋਬਨ ਅਤੇ ਪ੍ਰੇਮ ਦੀ ਸਮੱਸਿਆ ਨਾਰੀ ਤੇ ਮਰਦ ਦੇ ਪਰਸਪਰ ਸੰਬੰਧਾਂ ਦੀ ਸਮੱਸਿਆ ਨਾਵਲ ਕੁਸ਼ਲਤਾ ਨਾਲ ਉਭਾਰਦਾ ਹੈ। ਨਾਵਲਕਾਰ ਸ਼ਰਤ ਖੁਦ ਆਸ਼ੂ ਬਾਬੂ ਦੇ ਰੂਪ ਵਿਚ ਪਾਤਰ ਬਣ ਕੇ ਸਮਾਜ ਤੇ ਚੋਟ ਕਰਦਾ ਹੈ। ਬਾਬੂ ਤੇ ਕਮਲ ਦੇ ਸੰਵਾਦ ਨਾਰੀ ਸੰਬੰਧੀ ਵਿਚਾਰਾ ਵਿਚ ਸ਼ਰਤ ਦੇ ਨਾਰੀ ਸੰਬੰਧੀ ਵਿਚਾਰ ਸਮਝ ਵਿਚ ਆਉਂਦੇ ਹਨ ਕਿ ਭਾਰਤੀ ਸਮਾਜ ਦੇ ਉੱਚ ਸਿੱਖਿਆ ਵਰਗ ਦਾ ਬੁਰਾ ਹਾਲ ਹੈ।

ਨਾਵਲ ਵਿਚ ਆਗਰੇ ਵਿਚ ਵਸੇ ਬੰਗਾਲੀ ਪਰਿਵਾਰ ਦੀ ਕਹਾਣੀ ਬਿਆਨ ਕੀਤੀ ਗਈ ਹੈ। ਇਨ੍ਹਾਂ ਪਰਿਵਾਰਾਂ ਵਿਚ ਹੀ ਬੰਗਾਲੀ ਆਸ਼ੂਤੋਸ਼ ਗੁਪਤਾ ਤੇ ਉਸ ਦੀ ਧੀ ਮਨੋਰਮਾ ਦਾ ਪਰਿਵਾਰ ਆਉਂਦਾ ਹੈ।



ਮਿਲਣਸਾਰ ਸੁਭਾ ਦਾ ਹੋਣ ਕਰਕੇ ਉਸਦੀ ਸਾਰੇ ਬੰਗਾਲੀ ਸਮਾਜ ਨਾਲ ਨੇੜਤਾ ਹੋ ਜਾਂਦੀ ਹੈ। ਅਵਿਨਾਸ਼, ਹਰਿੰਦਰ, ਅਕਾਸ਼ ਜਿਹੜਾ ਸਥਾਨਕ ਕਾਲਜ ਵਿਚ ਅਧਿਆਪਕ ਹੈ, ਸ਼ਿਵ ਨਾਥ ਜਿਹੜਾ ਸਾਬਕਾ ਅਧਿਆਪਕ ਹੈ ਤੇ ਉਸ ਦੀ ਗਾਇਕ ਪਤਨੀ ਕਮਲ ਤੇ ਅਵਿਨਾਸ਼ ਦੀ ਵਿਧਵਾ ਸਾਲੀ ਨੀਲਿਮਾ ਸਾਰੇ ਉਸ ਦੇ ਮਿੱਤਰ ਬਣ ਜਾਂਦੇ ਹਨ। ਇਨ੍ਹਾਂ ਦੇ ਸੰਵਾਦ ਨਾਲ ਨਾਵਲ ਦਾ ਬਿਰਤਾਂਤ ਤੁਰਦਾ ਹੈ। ਮਨੋਰਮਾ ਦਾ ਹੋਣ ਵਾਲਾ ਪਤੀ ਅਜਿਤ ਕੁਮਾਰ ਵੀ ਉਥੇ ਆ ਕੇ ਰਹਿਣ ਲੱਗਦਾ ਹੈ। ਉਪਰੰਤ ਨਾਵਲ ਵਿਚ ਗੁੰਝਲ ਪੈਂਦੀ ਹੈ। ਮਨੋਰਮਾ ਜਿਹੜੀ ਪਹਿਲਾਂ ਸ਼ਿਵਨਾਥ ਨੂੰ ਗੁਣੀ ਜਾਣਕੇ ਬਹੁਤ ਆਦਰ ਕਰਦੀ ਸੀ ਅਕਸ਼ੈ ਵੱਲੋਂ ਉਸਦੀਆਂ ਬੁਰਾਈਆਂ ਸੁਣ ਕੇ ਨਫ਼ਰਤ ਕਰਨ ਲੱਗਦੀ ਹੈ। ਏਧਰ ਅਜਿਤ ਜੋ ਕਮਲ ਤੇ ਦਇਆ ਤੇ ਸਰਧਾ ਕਰਦਾ ਹੈ ਉਸ ਦੇ ਵੰਸ਼ ਬਾਰੇ ਸੁਣ ਕੇ ਸ਼ਰਮਸ਼ਾਰ ਹੁੰਦਾ ਹੈ। ਇਸ ਤਰ੍ਹਾਂ ਨਾਵਲ ਮੋੜ ਕੱਟਦਾ ਹੈ ਕਿ ਮਨੋਰਮਾ ਆਪਣਾ ਵਿਆਰ ਸ਼ਿਵਨਾਥ ਦੇ ਨਾਲ ਕਰ ਲੈਂਦੀ ਹੈ। ਕਮਲ, ਅਜਿਤ ਦੀ ਸਾਥਣ ਬਣ ਜਾਂਦੀ ਹੈ ਅਤੇ ਗੁਣੀ ਤੇ ਸੁੰਦਰ ਨੀਲਿਮਾ ਬੁੱਢੇ ਆਸ਼ੂ ਬਾਬੂ ਨਾਲ ਪਿਆਰ ਕਰਨ ਲੱਗਦੀ ਹੈ। ਨਾਵਲ ਵਿਚ ਪੰਜ ਇਸਤਰੀ ਪਾਤਰ ਹਨ ਪਰ ਕਮਲ ਦਾ ਪਾਤਰ ਨਾਵਲ ਵਿਚ ਮੁੱਖ ਇਸਤਰੀ ਪਾਤਰ ਵਜੋਂ ਉਭਰਦਾ ਹੈ। ਨਾਵਲ ਦੇ ਕਈ ਪਸਾਰ ਸ਼ਰਤ ਚੰਦਰ ਨੇ ਪੇਸ਼ ਕੀਤੇ ਜਿਸ ਨੂੰ ਪੜ੍ਹਿਆ ਹੀ ਪਤਾ ਲੱਗਦਾ ਹੈ।




**ਅਕਾਲ ਸਹਾਏ (ਨਾਵਲ) ਹਰਜੀਤ ਅਟਵਾਲ**
**ਪ੍ਰਕਾਸ਼ਕ: ਸੰਗਮ ਪਬਲੀਕੇਸ਼ਨਜ਼, ਸਮਾਣਾ**
**ਮੁੱਲ: 350, ਪੰਨੇ: 276**

ਹਰਜੀਤ ਅਟਵਾਲ ਪਰਵਾਸੀ ਮਸਲਿਆਂ ਨੂੰ ਗਹਿਰਾਈ ਤੇ ਤਰਕ ਨਾਲ ਪੇਸ਼ ਕਰਨ ਵਾਲਾ ਪੰਜਾਬੀ ਦਾ ਸੁਲਝਿਆ ਹੋਇਆ ਨਾਵਲਕਾਰ ਹੈ। ਅਟਵਾਲ ਦਾ ਇਹ ਪਹਿਲਾਂ ਇਤਿਹਾਸਕ ਨਾਵਲ ਹੈ। ਨਾਵਲ ਦਾ ਘਟਨਾ ਸਥਲ ਮਹਾਰਾਜ ਰਣਜੀਤ ਸਿੰਘ ਦੀ ਮ੍ਰਿਤੂ ਤੋਂ ਲੈ ਕੇ ਅੰਗਰੇਜ਼ਾਂ ਦੇ ਪੰਜਾਬ ਆਉਣ ਤੱਕ ਪਸਰਿਆ ਹੋਇਆ ਹੈ। ਇਤਿਹਾਸ ਨੂੰ ਗਲਪ ਦੀ ਪੁੱਠ ਦੇਣੀ ਬੜਾ ਜਿੰਮੇਵਾਰੀ ਵਾਲਾ ਕਾਰਜ ਹੁੰਦਾ ਹੈ। ਆਪਣੀ ਦ੍ਰਿਸ਼ਟੀ ਨਾਲ ਇਤਿਹਾਸ ਦਾ ਗਲਪੀਕਰਨ ਕਰਨਾ ਬਹੁਤ ਹੀ ਕੁਸ਼ਲਤਾ ਵਾਲਾ ਕਾਰਜ ਹੁੰਦਾ ਹੈ। ਪਰ ਅਟਵਾਲ ਨੇ ਇਸ ਨੂੰ ਸਫ਼ਲਤਾ ਨਾਲ ਕੀਤਾ ਹੈ। ਨਾਵਲ ਦਾ ਬਿਰਤਾਂਤ ਇਕ ਦਹਾਕੇ ਵਿਚ ਫੈਲਿਆ ਹੋਇਆ ਹੈ। ਇਸ ਦੌਰ ਵਿਚ ਜਗੀਰਦਾਰੀ ਰਾਜ ਖਤਮ ਹੁੰਦਾ ਹੈ ਅਤੇ ਪੂੰਜੀਵਾਦੀ ਦੌਰ ਆਰੰਭ ਹੁੰਦਾ ਹੈ। ਜਗੀਰਦਾਰੀ ਤੇ ਪੰਜੀਵਾਦ ਦੇ ਦੌਰ ਵਿਚ ਰਾਜਨੀਤਿਕ ਅਤੇ ਸਮਾਜਿਕ ਦਸ਼ਾ ਤੇ ਦਿਸ਼ਾ ਨੂੰ ਬਿਆਨ ਕਰਨ ਵਾਲਾ ਨਾਵਲ ਹੈ। ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦੀ ਜਿਹੜੀ ਉਥਲ ਪੁਥਲ ਹੁੰਦੀ ਹੈ ਅਤੇ ਸਿੱਖੀ ਦੇ ਰਾਜ ਦਾ ਅੰਤ ਹੁੰਦਾ ਹੈ ਨਾਵਲ ਇਸ ਦੌਰ ਵਿਚ ਘਟਦੀਆਂ ਘਟਨਾਵਾਂ ਨੂੰ ਸੰਵਾਦੀ ਜੁਗਤ ਨਾਲ ਉਭਾਰਦਾ ਹੈ। ਸਿੱਖੀ ਕਲਚਰ ਨੂੰ ਉਭਾਰਦਾ ਨਾਵਲਕਾਰ ਸੱਤਾ ਕੇਂਦਰਤ ਸਕਤੀਆਂ ਦਾ ਹਵਾਲਾ ਦਿੰਦਾ ਹੈ। ਨਾਵਲ ਦਾ ਕਾਫੀ ਹਿੱਸਾ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ 'ਚ ਫੈਲਿਆ ਹੋਇਆ ਹੈ। ਨਾਵਲਕਾਰ ਸਾਖੀਆਂ ਦੇ ਇਤਿਹਾਸ ਤੇ ਮਿਥਿਹਾਸ ਨੂੰ ਤਰਕ ਨਾਲ ਨਾਵਲ ਵਿਚ ਪੇਸ਼ ਕਰਦਾ ਹੈ।

ਨਾਵਲ ਦਾ ਆਰੰਭ ਰਾਣੀ ਜਿੰਦਾ ਅਤੇ ਗੋਲੀ ਦੇ ਸੰਵਾਦ ਨਾਲ ਹੁੰਦਾ ਹੋਇਆ ਦਰਬਾਰੀ ਗੁੱਟਬਾਜੀ, ਨੇੜੇ ਦੇ ਲੋਕਾਂ ਵੱਲੋਂ ਸਾਜ਼ਿਸ਼ਾਂ, ਚਾਲਾ, ਲੜਾਈਆਂ ਨਾਵਲ ਦੇ ਬਿਰਤਾਂਤ ਦਾ ਹਿੱਸਾ ਬਣਦਾ ਹੈ। ਨਾਵਲ ਉਦੋਂ ਕਮਜ਼ੋਰ ਹੁੰਦਾ ਲਗਦਾ ਹੈ ਜਦੋਂ ਲੇਖਕ ਗਲਪ ਦੀ ਥਾਂ ਇਤਿਹਾਸ ਲਿਖਣ ਲੱਗ ਪੈਂਦਾ ਹੈ। ਰਾਣੀ ਜਿੰਦਾ ਨਾਵਲ ਵਿਚ ਵੱਡੇ ਪਾਤਰ ਵਜੋਂ ਉਭਰਦੀ ਹੈ ਜਦੋਂ ਲੇਖਕ ਜਿੰਦਾਂ ਪ੍ਰਤੀ ਪਏ ਜਾਣ ਵਾਲੇ ਭਰਮ

ਭੁਲੇਖਿਆ ਨੂੰ ਤੋੜਦਾ ਵੀ ਹੈ। ਰਾਣੀ ਦੇ ਬਹੁਤ ਸਾਰੇ ਪਾਸਾਰ ਨਾਵਲ ਵਿਚ ਉਭਰਦੇ ਹਨ। ਖਾਲਸਾ ਫ਼ੌਜ ਦਾ ਦਾ ਰੋਲ, ਪੰਚਾਂ ਦੇ ਫੈਸਲੇ, ਬਸਤੀਵਾਦੀ ਦੌਰ ਵਿਚ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀਆਂ ਚਾਲਾ। ਸਾਹੀ ਦਰਬਾਰ ਦੀਆਂ ਘਟਨਾਵਾਂ ਨਾਵਲ ਦੇ ਬਿਰਤਾਂਤ ਨੂੰ ਬਹੁ ਪਰਤੀ ਬਣਾ ਦਿੰਦੇ ਹਨ। ਵੱਖ ਵੱਖ ਸਮਾਜ ਦੇ ਸੰਵਾਦ ਤੋਂ ਉਦੋਂ ਦੀ ਸਮਾਜਿਕ ਸਥਿਤੀ ਨੂੰ ਬਿਆਨ ਕੀਤਾ ਗਿਆ ਹੈ। ਨਾਵਲ ਵਿਚ ਕਾਂਡਾ ਨੂੰ ਸਿਰਲੇਖਾਂ ਵਿਚ ਵੰਡਿਆ ਹੈ। ਅੰਗਰੇਜ਼ ਪਾਤਰਾਂ ਰਾਹੀਂ ਬਸਤੀਵਾਦੀ ਦੌਰ ਨੂੰ ਉਲੀਕਿਆ ਗਿਆ ਹੈ। ਉਹ ਇਤਿਹਾਸ ਦੀਆਂ ਮਿੱਥਾਂ ਦਾ ਭੰਜਨ ਕਰਕੇ ਨਵੀਆਂ ਮਿੱਥਾਂ ਸਿਰਜਦਾ ਵੀ ਹੈ। ਜਿਵੇਂ ਪੰਜਾਬ ਦਾ ਇਤਿਹਾਸ ਕੇਵਲ ਸਿੱਖ ਇਤਿਹਾਸ ਹੋ ਕੇ ਰਹਿ ਗਿਆ ਹੈ ਉਂਝ ਹੀ ਇਹ ਨਾਵਲ ਵੀ ਸਿੱਖੀ ਇਤਿਹਾਸ ਵਾਲਾ ਨਾਵਲ ਬਣ ਕੇ ਰਹਿ ਗਿਆ ਹੈ। ਇਸ ਕਾਲ ਖੰਡ ਵਿਚ ਨਿਮਨ ਜਾਤਾਂ ਦਾ ਸਮਾਜਿਕ ਰੁਤਬਾ ਕਿਹੋ ਜਿਹਾ ਸੀ। ਉਨ੍ਹਾਂ ਦੀ ਪਹੁੰਚ ਕਿੰਨੀ ਕੁ ਸੀ ਨਾਵਲ ਪੂਰੀ ਤਰ੍ਹਾਂ ਚੁੱਪ ਰਹਿੰਦਾ ਹੈ।





**ਹੋਣੀ (ਨਾਵਲ) ਹਰਮਹਿੰਦਰ ਚਾਹਲ**
**ਪ੍ਰਕਾਸ਼ਕ: ਸੰਗਮ ਪਬਲੀਕੇਸ਼ਨਜ਼, ਸਮਾਣਾ**
**ਮੁੱਲ 300, ਪੰਨੇ 296**

ਹੋਣੀ ਨਾਵਲਕਾਰ ਦਾ ਦੂਜਾ ਨਾਵਲ ਹੈ। ਲੇਖਕ ਨੇ ਪਰਵਾਸੀ ਮਸਲਿਆਂ ਨੂੰ ਲੜੀ ਬੱਧ ਤਰੀਕੇ ਨਾਲ ਆਪਣੇ ਨਾਵਲ ਵਿਚ ਚਿਤਰਿਆ ਹੈ। ਨਾਵਲ ਮੁੱਖ ਰੂਪ ਵਿਚ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਪਰਵਾਸ ਕਰਨ ਦੇ ਇਰਦ ਗਿਰਦ ਘੁੰਮਦਾ ਹੈ। ਇਹ ਮਸਲਾ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਮੁਲਖਾਂ ਲਈ ਬੜਾ ਗੰਭੀਰ ਮਸਲਾ ਹੈ। ਲੇਖਕ ਦਾ ਇਹ ਮੱਤ ਪੂਰੀ ਤਰ੍ਹਾਂ ਸਹੀ ਨਹੀਂ ਕਿ ਜਿਹੜੇ ਨੌਜਵਾਨ ਅੱਤਵਾਦੀ ਲਹਿਰ ਤੋਂ ਪ੍ਰਭਾਵਿਤ ਰਹੇ ਉਹ ਹੀ ਗੈਰ ਕਾਨੂੰਨੀ ਪਰਵਾਸ ਰਾਹੀ ਅਮਰੀਕਾ ਪਹੁੰਚੇ। ਸਮੱਗਲਿੰਗ ਦਾ ਧੰਦਾ ਬਹੁਤ ਵੱਡੀ ਸਮੱਸਿਆ ਬਣ ਕੇ ਪੇਸ਼ ਹੋਇਆ ਹੈ। ਇਹ ਧੰਦਾ ਪੰਜਾਬੀ ਉਥੋਂ ਦੇ ਲੋਕਾਂ ਨਾਲ ਰਲ ਕੇ ਕਰਦੇ ਹਨ।

ਨਾਵਲ ਦਾ ਆਰੰਭ ਗੁਰਲਾਭ ਉਰਫ ਪੰਮਾ ਤੋਂ ਹੁੰਦਾ ਹੈ। ਜਿਹੜਾ ਪਰਮਵੀਰ ਨੂੰ ਮੈਕਸੀਕੋ ਰਾਹੀਂ ਬਾਰਡਰ ਲੰਘਾਉਂਦੇ ਸਮੇਂ ਗੋਲੀ ਮਾਰ ਕੇ ਖੱਡ ਵਿਚ ਸੁੱਟ ਦਿੰਦਾ ਹੈ। ਏਜੰਟਾਂ ਦੀ ਘਿਨੌਣੀ ਤਸਵੀਰ ਨਾਵਲ ਵਿਚ ਪੇਸ਼ ਹੋਈ ਹੈ। ਇਹ ਲੋਕ ਝਾੜੀਆਂ, ਤੇਲ ਟੈਂਕਰਾਂ, ਬਰਸਾਤੀ ਨਾਲਿਆਂ, ਮਾਲ ਗੱਡੀਆਂ ਰਾਹੀਂ ਮਨੁੱਖਾਂ ਦੀ ਤਸ਼ਕਰੀ ਕਰਦੇ ਹਨ। ਨਾਵਲ ਵਿਚ ਇਕ ਸੁਖਚੈਨ ਪਾਤਰ ਉਭਰਦਾ ਹੈ, ਜਿਹੜਾ ਅਮਰੀਕਾ ਪਹੁੰਚ ਕੇ ਆਪਣੀ ਪ੍ਰੇਮਿਕਾ ਰੰਮੀ ਨੂੰ ਲੱਭਦਾ ਹੈ। ਇਸ ਵੱਡੇ ਮਸਲੇ ਨਾਲ ਨਾਵਲ ਵਿਚ ਮਨੁੱਖੀ ਰਿਸ਼ਤਿਆਂ ਦੀ ਟੁੱਟ ਭੱਜ ਦੇ ਮਸਲੇ ਵੀ ਉਭਰਦੇ ਹਨ। ਖੂਨ ਨਾਲੋਂ ਪੈਸੇ ਦਾ ਰਿਸ਼ਤਾ ਅਹਿਮ ਹੁੰਦਾ ਹੈ। ਵਿਦੇਸ਼ ਦੀ ਚਮਕ ਵਿਚ ਅਣਜੋੜ ਵਿਆਹ ਦਾ ਵਰਤਾਰਾ ਪਰਵਾਸੀ ਨਾਵਲਾਂ ਵਿਚ ਘਰ ਕਰ ਚੁੱਕਾ ਹੈ, ਜਿਸ ਨੂੰ ਇਸ ਨਾਵਲ ਵਿਚ ਰਪੀਟ ਕੀਤਾ ਗਿਆ ਹੈ। ਨਾਵਲ ਵਿਚ ਸ਼ਰਾਬ ਤੇ ਗਰੀਨ ਕਾਰਡ ਦੋ ਅਹਿਜੇ ਮੋਟਿਫ ਉਭਰਦੇ ਹਨ ਜਿਸ ਨਾਲ ਨਾਵਲ ਦਾ ਬਿਰਤਾਂਤ ਅੱਗੇ ਤੋਰਦਾ ਹੈ। ਨਸਲੀ ਵਿਤਕਰਾ ਨਾਵਲ ਦੀ ਇਕ ਹੋਰ ਅਹਿਮ ਕੜੀ ਵਜੋਂ ਉਭਰਦੀ ਹੈ। ਚੀਨੀ, ਪੰਜਾਬੀ, ਵੀਅਤਨਾਮੀ, ਕੋਰੀਅਨ, ਅਫਰੀਕਨ, ਅਮਰੀਕਨ ਆਪਸ ਵਿਚ ਨਸਲੀ ਵਿਤਕਰਾ ਕਰਦੇ ਹਨ। ਗੁਰਲਾਭ ਪਾਤਰ ਨਾਵਲ ਦਾ ਅਹਿਮ ਪਾਤਰ ਹੈ ਜਿਸ ਦੇ ਇਰਦ ਗਿਰਦ ਕਥਾ ਬਿਰਤਾਂਤ ਉਸਰਦਾ ਹੈ। ਸੁਖਚੈਨ ਤੇ ਰੰਮੀ ਨਾਵਲ ਦੇ ਅਖੀਰ ਤੱਕ ਵਿਛੜੇ ਰਹਿੰਦੇ ਹਨ। ਪਾਤਰਾਂ ਨੂੰ ਚਹਿਲ ਨੇ ਆਪਣੀ ਮੁੱਠੀ ਵਿਚ ਰੱਖਿਆ ਹੈ। ਨਾਵਲ ਵਿਚ ਅੰਗਰੇਜ਼ੀ ਸ਼ਬਦਾਂ ਦੀ ਬਹੁਤ ਭਰਮਾਰ ਹੈ। ਇਸ ਪੜਤ ਮੁਤਾਬਕ ਹਰ ਦੱਸਵੇਂ ਤੋਂ ਵੀਹਵਾਂ ਸ਼ਬਦ ਅੰਗਰੇਜ਼ੀ ਦਾ ਹੈ। ਨਾਵਲ ਦਾ ਬਿਰਤਾਂਤ ਕਾਫੀ ਸੰਘਣਾ ਹੈ ਜਿਹੜਾ ਪਾਠਕ ਨੂੰ ਆਪਣੇ ਨਾਲ ਤੋਰੀ ਰੱਖਦਾ ਹੈ।






**ਇਕਬਾਲਨਾਮਾ (ਸਾਰੀਆਂ ਕਹਾਣੀਆਂ)**
**ਕਹਾਣੀਕਾਰ: ਗੁਰਪਾਲ ਸਿੰਘ ਲਿੱਟ**
**ਮੁੱਲ : 425 ਰੁਪਏ, ਪੰਨਾ : 440**
**ਪ੍ਰਕਾਸ਼ਕ : ਸੰਗਮ ਪਬਲੀਕੇਸ਼ਨ, ਸਮਾਣਾ**

ਲਿੱਟ ਪੰਜਾਬੀ ਕਹਾਣੀ ਵਿਚ ਘੱਟ ਲਿਖ ਕੇ ਵੱਧ ਚਰਚਾ ਵਿਚ ਰਹਿਣਾ ਵਾਲਾ ਕਹਾਣੀਕਾਰ ਹੈ। ਇਹ ਪੁਸਤਕ ਉਸ ਦੀਆਂ ਹੁਣ ਤੱਕ ਸਾਰੀਆਂ 30 ਕਹਾਣੀਆਂ ਦਾ ਸੰਗ੍ਰਹਿ ਹੈ। ਕਹਾਣੀਆਂ ਪੜ੍ਹ ਕੇ ਇਹ ਬੱਝਵਾਂ ਪ੍ਰਭਾਵ ਬਣਦਾ ਹੈ ਕਿ ਲਿੱਟ ਪੜ੍ਹੇ ਲਿਖੇ ਮੱਧ ਵਰਗ ਦੇ ਮਨੁੱਖ ਦਾ ਮਨੋਵਿਸ਼ਲੇਸ਼ਣ ਬੜੀ ਕੁਸ਼ਲਤਾ ਨਾਲ ਕਰਦਾ ਹੈ ਜਿਹੜਾ ਵਰਗ ਸ਼ਹਿਰ ਵਿਚ ਰਹਿੰਦਾ ਤੇ ਨੌਕਰੀਆਂ ਕਰਦਾ ਹੈ। ਕਿਸਾਨੀ ਪਾਤਰਾਂ ਦੀ ਤਿੜਕੀ ਹੋਂਦ ਵੀ ਉਸ ਦੀਆਂ ਕਹਾਣੀਆਂ ਦਾ ਵਿਸ਼ਾ ਹੈ। ਉਸ ਨੇ ਮਨੁੱਖੀ ਮਨ ਦੀਆਂ ਗਹਿਰਾਈਆਂ ਦੀ ਥਾਹ ਪਾਉਣ ਵਾਲੀਆਂ ਬਹੁ ਪਰਤੀ ਕਹਾਣੀਆਂ ਲਿਖੀਆਂ ਹਨ। ਉਸ ਦੀਆਂ ਕਹਾਣੀਆਂ ਮਨੁੱਖੀ ਜ਼ਿੰਦਗੀ ਦੇ ਅਤਿ ਸੰਵੇਦਨਸ਼ੀਲ ਵਰਤਾਰਿਆਂ ਉੱਤੇ ਫੋਕਸ ਹੁੰਦੀਆਂ ਹਨ। ਉਸ ਨੂੰ ਸਮਾਜ ਵਲੋਂ ਸਵੀਕਾਰੇ ਅਤੇ ਵਰਜਿਤ ਰਿਸ਼ਤਿਆਂ ਦਾ ਕਹਾਣੀਕਾਰ ਕਹਿਣਾ ਇਸ ਲਈ ਜ਼ਰੂਰੀ ਹੈ ਕਿਉਂਕਿ ਉਸ ਦੇ ਪਾਤਰ ਘਰ ਵਿਚਲੇ ਖੂਨ ਦੇ ਰਿਸ਼ਤਿਆਂ 'ਚ ਵਿਚਰਦੇ ਹੋਇਆ ਇਕੱਲਤਾ ਹੰਢਾਉਂਦੇ ਹੋਏ ਕਦੇ ਪਤਨੀ ਵੱਲ ਉਲਾਰ ਹੁੰਦੇ ਹਨ ਕਦੇ ਗੈਰ ਔਰਤ ਵੱਲ। ਇਸ ਲਈ ਉਸ ਦੀ ਕਹਾਣੀ ਦਾ ਮਨੁੱਖ ਇਕੱਲਾ ਹੈ, ਅਸੁਰੱਖਿਅਤ ਹੈ, ਸਵੈ ਕੇਂਦਰਿਤ, ਸਵਾਰਥੀ ਤੇ ਦੰਭੀ ਹੈ। ਪਤਨੀ ਪਤਨੀ ਦੇ ਰਿਸ਼ਤੇ 'ਚ ਆਉਂਦੀ ਡਾਵਾਂਡੋਲਤਾ ਅਤੇ ਉਲਝਣਾ ਵੀ ਉਸ ਦੀਆਂ ਕਹਾਣੀਆਂ ਦਾ ਕੇਂਦਰੀ ਬਿੰਦੂ ਹਨ। ਪਾਤਰਾਂ ਦੇ ਸੁਭਾਅ 'ਚ ਆਏ ਨਿਘਾਰ ਨੂੰ ਬੜੀ ਕੁਸ਼ਲਤਾ ਨਾਲ ਫੜਿਆ ਹੈ ਇਹਦੇ ਪਿੱਛੇ ਪਦਾਰਥਕ ਲਾਲਸਾ ਨਾਲੋਂ ਸਮਾਜਿਕ ਕਾਰਨ ਵੱਧ ਹਨ। ਇਸ ਸਥਿਤੀ ਵਿਚ ਉਹ ਟੋਟਾ ਟੋਟਾ ਹੋ ਕੇ ਮਰਦਾ ਹੋਇਆ ਵੀ ਸਮਾਜਿਕ ਇਕਾਈ ਪਰਿਵਾਰ ਵਿਚ ਬੱਝਾ ਰਹਿਣ ਲਈ ਬੇਵੱਸ ਹੈ। ਉਸ ਦੀ ਕਹਾਣੀ ਨਾਟਕੀ ਜੁਗਤ ਰਾਹੀ ਆਰੰਭ ਹੋ ਕੇ ਬੰਦ ਅੰਤ ਵੱਲ ਵਧਦੀ ਹੈ। ਸੰਵਾਦੀ ਜੁਗਤ ਨਾਲ ਪਾਤਰਾਂ ਦੇ ਅਵਚੇਤਨ ਵਿਚ ਫੈਲਦੀ ਹੈ। ਦੁਰਗ ਟੁੱਟਦੇ ਨੇ, ਹਾਦਸਿਆ ਦੇ ਆਰ ਪਾਰ, ਜਦ ਵੀ ਚਾਹੇ ਮਾਂ, ਇਕ ਮਾਂ ਦਾ ਹਨੀਮੂੰਨ ਉਸ ਦੀਆਂ ਨਿੱਗਰ ਕਹਾਣੀਆਂ ਹਨ। ਲਿੱਟ ਦੇ ਵੱਡੇ ਕਹਾਣੀਕਾਰ ਦਾ ਬਿੰਬ ਇਸ ਪੁਸਤਕ ਰਾਹੀਂ ਹੋਰ ਨਿਖਰਿਆ ਹੈ।




**ਪੰਜਾਬੀ ਕਹਾਣੀ ਤ੍ਰਾਸਦੀ ਅਤੇ ਵਰਤਾਰਾ**
**ਆਲੋਚਕ: ਸਿਮਰਜੀਤ ਕੌਰ**
**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਕ, ਲੁਧਿਆਣਾ**
**ਮੁੱਲ: 300, ਪੰਨੇ: 221**

47 ਦਾ ਉਜਾੜੇ ਤੋਂ ਉਤਪੰਨ ਹੋਈ ਮਨੁੱਖਤਾ ਦੀ ਪੀੜਾ ਨੇ ਮਨੁੱਖੀ ਮਾਨਸਿਕਤਾ ਤੋਂ ਇਲਾਵਾ ਸਾਹਿਤ ਤੇ ਗਹਿਰਾ ਪ੍ਰਭਾਵ ਪਾਇਆ ਹੈ। ਖਾਸ ਕਰਕੇ ਕਹਾਣੀ ਵਿਧਾ 'ਚ ਦੇਸ਼ ਵੰਡ ਬਾਰੇ ਬਹੁਤ ਸਾਰੀਆਂ ਕਹਾਣੀਆਂ ਲਿਖੀਆਂ ਗਈਆਂ ਜਿਸ ਵਿਚ ਮਨੁੱਖੀ ਦੀਆਂ ਮਨੋਗੁੰਝਲਾ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ। ਇਸ ਵਰਤਾਰੇ ਨੂੰ ਕਹਾਣੀ ਦੇ ਹਵਾਲੇ ਨਾਲ ਸਿਮਰਜੀਤ ਕੌਰ ਨੇ ਸਮਝਣ ਦਾ ਸਫ਼ਲ ਯਤਨ ਕੀਤਾ ਹੈ। ਇਨ੍ਹਾਂ ਖਿੰਡੀਆਂ ਹੋਈਆਂ ਕਹਾਣੀਆਂ ਦੀ ਪੜ੍ਹਤ ਤਿਆਰ ਕਰਨੀ

ਬੜੀ ਮੁਸ਼ਕਲ ਸੀ। ਪੁਸਤਕ ਦਾ ਸਿਧਾਂਤਕ ਪੱਖ ਬਹੁਤ ਹੀ ਅਹਿਮ ਹੈ। ਜਿਸ ਨੂੰ ਉਸ ਨੇ ਪੰਜਾਬ ਵੰਡ ਦੇ ਕਾਰਨ, ਪ੍ਰਕਿਰਿਆ ਅਤੇ ਇਤਿਹਾਸ ਨੂੰ ਵਿਦਵਾਨਾਂ ਦੇ ਹਵਾਲਿਆਂ ਨਾਲ ਸਮਝਿਆ ਹੈ। ਖਾਸ ਕਰਕੇ ਅਮਾਨਵੀ ਧਿਰਾਂ ਦੇ ਵਰਤਾਰੇ, ਸ਼ਰਨਾਰਥੀਆਂ ਦੀ ਤ੍ਰਾਸਦੀ, ਔਰਤਾਂ ਦਾ ਸੰਤਾਪ ਅਤੇ ਸਦਾਚਾਰਕ ਸਜੀਵਤਾ ਅਤੇ ਮਾਨਵੀ ਪਹਿਲੂ ਨੂੰ ਕਹਾਣੀਆਂ ਦੇ ਹਵਾਲਿਆਂ ਦਾ ਸਮਝਿਆ ਹੈ।

ਫਿਰਕੂ ਤਨਾਉ, ਧਾਰਮਿਕ ਕੱਟੜਤਾ, ਧਰਮ ਆਧਾਰ ਤੇ ਮਤਭੇਦ, ਰਾਜਨੀਤਿਕ ਫ਼ਿਰਕਾ ਪ੍ਰਸਤੀ, ਅੰਗਰੇਜ਼ਾਂ ਦੀ ਨੀਤੀ ਅਤੇ ਵੰਡ ਦੀਆਂ ਰਾਜਨੀਤਿਕ ਘਟਨਾਵਾਂ, ਹਿੰਸਾ, ਲੁੱਟਮਾਰ, ਬਲਾਤਕਾਰ, ਬੱਚਿਆਂ ਤੇ ਬੁੱਢਿਆਂ ਉੱਤੇ ਤਸ਼ੱਦਦ ਆਦਿ ਮੁੱਦੇ ਪੰਜਾਬੀ ਕਹਾਣੀ ਵਿਚ ਉਭਰਵੇ ਰੂਪ ਵਿਚ ਆਉਂਦੇ ਹਨ। ਮਾਨਵੀ ਸਰੋਕਾਰ ਇਸ ਆਲੋਚਨਾ ਪੁਸਤਕ ਦੀ ਮੂਲ ਚੂਲ ਹੈ ਅਤੇ ਖਾਸ ਕਰਕੇ ਫਿਰਕੂ ਦੰਗਿਆਂ ਤੋਂ ਲੋਕਾਈ ਨੇ ਜੋ ਸੰਤਾਪ ਭੋਗਿਆ ਹੈ। ਇਨ੍ਹਾਂ ਕਹਾਣੀਆਂ ਵਿਚ ਵੱਢ ਟੁੱਕ, ਕਤਲੇਆਮ, ਲੁੱਟਮਾਰ, ਜਾਨੀ ਤੇ ਮਾਲੀ ਨੁਕਸਾਨ, ਔਰਤਾਂ ਦੀ ਖੱਜਲ ਖ਼ੁਆਰੀ, ਬੱਚਿਆਂ ਤੇ ਬੱਢਿਆਂ ਦੀ ਮੰਦੀ ਦੁਰਦਸ਼ਾ ਵਰਗੇ ਸੰਵੇਦਨਸ਼ੀਲ ਮੁੱਦਿਆ ਦਾ ਅਧਿਐਨ ਇਸ ਪੁਸਤਕ ਵਿਚ ਕੀਤਾ ਗਿਆ ਹੈ। ਕਹਾਣੀ ਦੇ ਹਵਾਲੇ ਨਾਲ ਫ਼ਿਰਕਾਪ੍ਰਸਤੀ ਦਾ ਵਿਸ਼ਲੇਸ਼ਣ ਬਹੁਤ ਅਹਿਮ ਮੁੱਦਾ ਹੈ। ਕਹਾਣੀ ਆਲੋਚਨਾ ਦੀ ਇਹ ਬਹੁਤ ਹੀ ਅਹਿਮ ਪੁਸਤਕ ਹੈ।




**ਪੰਜਾਬੀ ਕਹਾਣੀ ਮਾਨਵਵਾਦੀ ਪਰਿਪੇਖ**
**ਆਲੋਚਕ: ਡਾ. ਰਵਿੰਦਰ ਕੌਰ**
**ਪ੍ਰਕਾਸ਼ਕ: ਯੂਨੀਸਟਾਰ, ਚੰਡੀਗੜ੍ਹ**
**ਮੁੱਲ: 200, ਪੰਨੇ: 176**

ਪਰਵਾਸੀ ਮਸਲਿਆਂ ਨੂੰ ਲੈ ਕੇ ਪਰਵਾਸੀ ਪੰਜਾਬੀ ਕਹਾਣੀ ਦਾ ਇਹ ਪੁਸਤਕ ਵਿਸ਼ਲੇਸ਼ਣ ਕਰਦੀ ਹੈ। ਕਿਤਾਬ ਇਨ੍ਹਾਂ ਪ੍ਰਸੰਗ ਨੂੰ ਵਿਸਥਾਰ ਨਾਲ ਖੋਲਦੀ ਹੈ ਕਿ ਪੰਜਾਬੀ ਲੋਕਾਂ ਦੇ ਪਰਵਾਸੀ ਅਨੁਭਵ ਅਤੇ ਮਸਲੇ ਕਹਾਣੀ ਵਿਚ ਕਿਵੇਂ ਪੇਸ਼ ਹੋਏ ਹਨ ਅਤੇ ਇਨ੍ਹਾਂ ਦੀ ਕਿੰਨੀ ਕੁ ਸਾਰਥਕਤਾ ਹੈ ਕਹਾਣੀਆਂ ਦੇ ਹਵਾਲਿਆਂ ਰਾਹੀਂ ਆਲੋਚਕ ਨੇ ਫੜਨ ਦੀ ਕੋਸ਼ਿਸ਼ ਕੀਤੀ ਹੈ। ਪੁਸਤਕ ਦੇ ਮੁੱਢ ਵਿਚ ਮਾਨਵਵਾਦ ਬਾਰੇ ਲੇਖਕ ਨੇ ਸਿਧਾਂਤਕ ਪਰਿਪੇਖ ਉਸਾਰਨ ਦਾ ਸਫ਼ਲ ਯਤਨ ਕੀਤਾ ਹੈ। ਇਸ ਮਸਲੇ ਨੂੰ ਸਿਧਾਂਤਕ ਤੌਰ ਸਮਝੇ ਬਗੈਰ ਕਹਾਣੀ ਨੂੰ ਸਮਝਣਾ ਬੜਾ ਮੁਸ਼ਕਲ ਹੁੰਦਾ ਹੈ। ਨੁਕਤਾ ਉਸਾਰਨਾ ਅਤੇ ਫਿਰ ਉਸ ਨੁਕਤੇ ਤੇ ਅਧਾਰਤ ਕਹਾਣੀਆਂ ਦੀ ਪਰਖ ਕਰਦਿਆਂ, ਆਪਣੀ ਫ਼ਾਰਮੂਲੇਸ਼ਣ ਉਸਾਰਦਿਆਂ ਆਪਣਾ ਤਰਕ ਉਸਾਰਨ ਦੀ ਕਲਾ ਆਲੋਚਕ ਰਵਿੰਦਰ ਕੋਲ ਹੈ। ਇਸੇ ਕਾਰਨ ਕਹਾਣੀਆਂ ਦਾ ਵਿਸ਼ਲੇਸ਼ਣ ਬਹੁਤ ਹੀ ਗਹਿਰਾ ਹੋਇਆ ਹੈ। ਇਸ ਵਿਸ਼ੇ ’ਤੇ ਕਹਾਣੀ ਦਾ ਵਿਸ਼ਲੇਸ਼ਣ ਪਹਿਲੀ ਵਾਰ ਹੋਇਆ ਹੈ। ਨਵੇਂ ਵਿਸ਼ੇ ਤੇ ਕਹਾਣੀ ਵਿਧਾ ਦਾ ਵਿਸ਼ਲੇਸ਼ਣ ਕਰਨਾ ਸੱਚਮੁੱਚ ਮਿਹਨਤ ਵਾਲਾ ਕਾਰਜ ਹੈ। ਆਪਣੀ ਆਲੋਚਨਾ ਲਈ ਰਵਿੰਦਰ ਨੇ ਅਮਰੀਕਾ ਤੇ ਕੈਨੇਡਾ ਦੀ ਪੰਜਾਬੀ ਕਹਾਣੀ ਨੂੰ ਲਿਆ ਹੈ। ਇਨ੍ਹਾਂ ਦੇਸ਼ਾਂ ਦੇ ਇੰਗਲੈਂਡ ਵਰਗੇ ਹਾਲਾਤ ਨਹੀਂ ਹਨ। ਇਨ੍ਹਾਂ ਦੇਸ਼ਾਂ ਦੇ ਪੰਜਾਬੀ ਵੱਖਰੀ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਲੜ ਰਹੇ ਹਨ। ਜਿਸ ਕਰਕੇ ਇਥੇ ਸਿਰਜੀ ਗਈ ਕਹਾਣੀ ਵੀ ਵੱਖਰੇ ਵਿਸ਼ੇ ਲੈ ਕੇ ਆ ਰਹੀ ਹੈ। ਭਾਵੇਂ ਕਿ ਕਹਾਣੀ ਦੇ ਮੂਲ ਸੂਤਰ ਸਾਂਝੇ ਹਨ। ਇਨ੍ਹਾਂ ਦਾ ਵਿਸ਼ਲੇਸ਼ਣ ਕਰਨਾ ਬਹੁਤ ਜ਼ਰੂਰੀ ਸੀ। ਜਿਹੜਾ ਕਿ ਲੇਖਕ ਨੇ ਕੀਤਾ ਹੈ। ਇਨ੍ਹਾਂ ਦੇਸ਼ਾਂ ਦੀ ਨਵੀਂ ਪੀੜ੍ਹੀ ਆਪਣਾ ਧੰਨ ਪੰਜਾਬ ਵਿਚ ਲਗਾਉਣ ਦੀ ਲੋਚਾ ਨਹੀਂ ਰੱਖਦੇ, ਔਰਤਾਂ ਪ੍ਰਤੀ ਵਤੀਰਾ ਵੀ ਬਦਲਿਆ ਹੈ ਖਾਸ ਕਰਕੇ ਸਭਿਆਚਾਰਕ ਮਸਲਿਆਂ ਪ੍ਰਤੀ ਵੀ ਪੰਜਾਬੀ ਬੰਦਾ ਖੁੱਲਾ ਲੈਂਦਾ ਹੈ। ਇਹ ਸਾਰੇ ਵਰਤਾਰੇ



ਕਹਾਣੀ ਦੇ ਹਵਾਲਿਆਂ ਨਾਲ ਪੇਸ਼ ਹੋਏ ਨੇ।

ਡਿਗਰੀ ਲਈ ਕੀਤੀ ਖੋਜ ਕਾਰਜ ਤੋਂ ਬਾਅਦ ਆਮ ਤੌਰ ਤੇ ਆਲੋਚਕਾਂ ਵਿਚ ਖੜੋਤ ਆ ਜਾਂਦੀ ਹੈ। ਰਵਿੰਦਰ ਸਿੰਘ ਦੀ ਆਲੋਚਨਾ ਦਾ ਮੁੱਲ ਤਾਂ ਪਵੇਗਾ ਜੇਕਰ ਉਹ ਆਲੋਚਨਾ ਵਿਚ ਖੜੋਤ ਨਾ ਆਉਣ ਦੇਵੇ।




**ਸਵਰਨ ਚੰਦਨ ਦਾ ਗਲਪ ਬੋਧ**
**(ਸੰਪਾਦਕ ਡਾ. ਪਰਮਜੀਤ ਕੌਰ ਸਿੱਧੂ)**
**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ**
**ਮੁੱਲ: 225, ਪੰਨੇ: 166**

ਪਰਮਜੀਤ ਕੌਰ ਗਲਪ ਆਲੋਚਨਾ ਦੇ ਖੇਤਰ ਵਿਚ ਕਈ ਸਾਲਾਂ ਤੋਂ ਸਰਗਰਮ ਹੈ। ਉਸ ਨੇ ਗਲਪ ਦੇ ਕਈ ਮਸਲਿਆਂ ਨੂੰ ਆਪਣੀ ਤੀਖਣ ਬੁੱਧੀ ਨਾਲ ਪੜਚੋਲਿਆ ਹੈ। ਖਾਸ ਕਰਕੇ ਦਲਿਤ ਕਹਾਣੀ ਨੂੰ ਲੈ ਕੇ। ਇਸ ਪੁਸਤਕ ਸੰਪਾਦਤ ਪੁਸਤਕ ਹੈ ਜਿਸ ਵਿਚ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਸਵਰਨ ਚੰਦਨ ਦੇ ਗਲਪ ਨੂੰ ਸਮਝਿਆ ਗਿਆ ਹੈ। ਪੁਸਤਕ ਵਿਚ ਨੂਰ, ਜਗਬੀਰ ਸਿੰਘ, ਸੁਖਦੇਵ ਸਿੰਘ ਖਾਹਰਾ, ਰਜਨੀਸ਼ ਬਹਾਦਰ ਸਿੰਘ, ਡਾ. ਦੇਵਿੰਦਰ ਕੌਰ, ਗੁਰਪਾਲ ਸਿੰਘ ਸੰਧੂ, ਡਾ. ਜਸਪਾਲ ਸਿੰਘ, ਡਾ. ਸਰਬਜੀਤ ਸਿੰਘ, ਡਾ. ਗੁਰਇਕਬਾਲ ਸਿੰਘ, ਡਾ. ਮਹਿਲ ਸਿੰਘ, ਡਾ. ਮੀਨਾਕਸ਼ੀ ਰਾਠੌਰ, ਕਿਰਪਾਲ ਕਜ਼ਾਕ ਸਮੇਤ ਸੰਪਦਕਾ ਪਰਮਜੀਤ ਸਿੱਧੂ ਨੇ ਉਸ ਦੇ ਵੱਖ ਵੱਖ ਨਾਵਲਾਂ ਅਤੇ ਕਹਾਣੀਆਂ ਦੀ ਸਮੀਖਿਆ ਕੀਤੀ ਹੈ। ਚਿੰਤਕਾਂ ਨੇ ਆਪਣੀਆਂ ਆਪਣੀਆਂ ਧਾਰਨਾਵਾਂ ਰਾਹੀਂ ਚੰਦਨ ਨੂੰ ਪੰਜਾਬੀ ਦਾ ਸੂਝਵਾਨ ਗਲਪਕਾਰ ਸਿੱਧ ਕੀਤਾ ਹੈ। ਖਾਸ ਕਰਕੇ ਉਸ ਦੇ ਨਾਵਲ ਕੰਜਕਾਂ, ਪੰਜਾਬ ਸੰਤਾਲੀ, ਉਜਾੜਾ, ਤਸ਼ੱਦਦ, ਰੋਹ ਵਿਦਰੋਹ ਤੇ ਸਮਾਂ ਜਿਹੇ ਨਾਵਲਾਂ ਦੇ ਅਧਾਰ ਤੇ ਪੁਸਤਕ ਪਰਵਾਸੀ ਸਾਹਿਤ ਦੇ ਅਨੇਕਾਂ ਮੁੱਦਿਆਂ ਤੇ ਸੰਵਾਦ ਰਚਾਉਂਦੀ ਹੈ।




**ਸੌਰੀ ਆਦ ਤੋਂ ਅੰਤ ਤੱਕ**
**ਪ੍ਰਕਾਸ਼ਕ: ਸੰਗਮ ਪਬਲੀਕੇਸ਼ਨ, ਸਮਾਣਾ**
**ਮੁੱਲ: 150, ਪੰਨੇ: 126**

ਜਿੰਦਰ ਪੰਜਾਬੀ ਦਾ ਚਰਚਿਤ ਕਹਾਣੀਕਾਰ ਹੈ। ਉਸ ਨੇ ਹੁਣ ਤੱਕ ਅਨੇਕਾਂ ਅਜਿਹੀਆਂ ਕਹਾਣੀਆਂ ਲਿਖੀਆਂ ਜਿਨ੍ਹਾਂ ਦੀ ਸਾਹਿਤਕ ਹਲਕਿਆਂ ਵਿਚ ਕਾਫੀ ਚਰਚਾ ਹੋਈ। ਉਨ੍ਹਾਂ ਕਹਾਣੀਆਂ ਵਿਚ ਇਕ ਕਹਾਣੀ ‘ਸੌਰੀ’ ਹੈ। ਜਿਸਦੀ ਦਲਿਤ ਸਰੋਕਾਰਾਂ ਨਾਲ ਸੰਬੰਧ ਰੱਖਦੀ ਹੋਣ ਕਰਕੇ ਤਰੀਫ ਹੋਈ ਉੱਥੇ ਆਲੋਚਨਾ ਵੀ ਹੋਈ। ਸੁਖਰਾਜ ਧਾਲੀਵਾਲ ਨੇ ਇਹ ਪੁਸਤਕ ਸੰਪਾਦਕ ਕੀਤੀ ਹੈ। ਗੈਰ ਦਲਿਤ, ਦਲਿਤਾਂ ਦੀ ਕ੍ਰੀਮੀ ਲੇਅਰ ਦੀ ਗੱਲ ਬਹੁਤ ਉਲਾਰ ਹੋ ਕੇ ਕਰਦੇ ਹਨ। ਉਸੇ ਰਚਨਾ ਨੂੰ ਦਲਿਤ ਸਾਹਿਤ ਦੀ ਪ੍ਰਤੀਨਿੱਧ ਰਚਨਾ ਕਹਿ ਕੇ ਪਰਚਾਰਿਆ ਜਾਂਦਾ ਹੈ। ਕਦੇ ਇਹ ਰੁਝਾਨ ਮਰਾਠੀ ਵਿਚ ਚੱਲਿਆ ਸੀ ਫਿਰ ਹਿੰਦੀ ਵਿਚ ਵੀ ਸ਼ੁਰੂ ਹੋਇਆ। ਜਿੰਦਰ ਦੀ ਕਹਾਣੀ ‘ਸੌਰੀ’ ਵੀ ਇਸੇ ਪ੍ਰਵਿਰਤੀ ਦੀ ਸ਼ਿਕਾਰ ਹੈ। ਮੈਨੂੰ ਅਤਰਜੀਤ ਦੀ ਕਹਾਣੀ ‘ਠੂਹਾਂ’ ਇਸੇ ਵਿਸ਼ੇ ਨਾਲ ਸੰਬੰਧਤ ਚੇਤੇ ਆਉਂਦੀ ਹੈ ਜਿਹੜੀ ਇਸ ਕਹਾਣੀ ਤੋਂ ਕਿਤੇ ਵੱਧ ਸ਼ਕਤੀਸ਼ਾਲੀ ਹੈ। ਮੇਰਾ ਸੰਪਾਦਕ ਨੂੰ ਇਕ ਸਵਾਲ ਹੈ ਕਿ ਦਲਿਤ

ਸਰੋਕਾਰਾਂ ਨਾਲ ਸਬੰਧ ਰੱਖਣ ਵਾਲੀ ਕਿਸੇ ਪੰਜਾਬੀ ਦੇ ਦਲਿਤ ਲੇਖਕ ਦੀ ਇਕ ਵੀ ਕਹਾਣੀ ਨਹੀਂ ਜਿਹੜੀ 'ਸੌਰੀ' ਤੋਂ ਉਪਰ ਹੋਵੇ ਤੇ ਜਿਸ ਤੇ ਇਕ ਆਲੋਚਨਾ ਦੀ ਕਿਤਾਬ ਸੰਪਾਦਤ ਹੋ ਸਕੇ? ਇਹ ਸਵਾਲ ਹਰ ਪਾਠਕ ਦੇ ਮਨ ਵਿਚ ਉਭਰੇਗਾ। ਪੁਸਤਕ ਵਿਚ ਡਾ. ਟੀ. ਆਰ ਵਿਨੋਦ, ਸਤਿੰਦਰ ਔਲਖ, ਡਾ. ਰਮਿੰਦਰ ਕੌਰ, ਡਾ. ਵਨੀਤਾ, ਜੇ ਬੀ ਸੇਖੋਂ, ਡਾ. ਜਸਵਿੰਦਰ ਕੌਰ ਬਿੰਦਰਾ ਤੇ ਸੰਤੋਖ ਸਿੰਘ ਸੁੱਖੀ ਨੇ 'ਸੌਰੀ' ਦਾ ਵਿਸ਼ਲੇਸ਼ਣ ਕੀਤਾ ਹੈ।




**ਚਮਕਣ ਤਾਰੇ (ਕਹਾਣੀ ਸੰਗ੍ਰਹਿ) ਜਸਮੀਤ ਕੌਰ**
**ਪ੍ਰਕਾਸ਼ਕ: ਵਰਤਮਾਨ ਪ੍ਰਕਾਸ਼ਨ ਦਿੱਲੀ**
**ਮੁੱਲ: 200 ਰੁਪਏ, ਪੰਨੇ: 128**

ਜਸਮੀਤ ਕੌਰ ਦਾ ਇਹ ਦੂਜਾ ਕਹਾਣੀ ਸੰਗ੍ਰਹਿ ਹੈ। ਜਸਮੀਤ ਦੀਆਂ ਕਹਾਣੀਆਂ ਵਿਚ ਨਾਰੀ ਦਾ ਬਿਲਕੁਲ ਵੱਖਰਾ ਬਿੰਬ ਉਭਰ ਕੇ ਸਾਹਮਣੇ ਆਉਂਦਾ ਹੈ। ਉਸ ਦੀ ਨਾਰੀ ਆਜੋਕ ਸਮੇਂ ਦੀ ਨਾਰੀ ਹੈ, ਜਿਹੜੇ ਰਵਾਇਤੀ ਮਾਪਦੰਡ ਤੋੜਦੀ ਹੋਈ ਆਪਣਾ ਇਕ ਵੱਖਰਾ ਬਿੰਬ ਸਿਰਜਦੀ ਹੈ। ਉਸ ਦੀ ਕਹਾਣੀ ਮਨੁੱਖੀ ਸੰਕਟ ਦੀ ਕਹਾਣੀ ਹੈ। ਸਾਡੇ ਸਮਾਜ ਦੇ ਪ੍ਰੰਪਰਕ ਮਾਨਵੀ ਮਾਪਦੰਡਾਂ ਨੂੰ ਉਹ ਤੋੜਦੀ ਹੈ। ਨਾਰੀ ਸਵਾਲ ਤੇ ਉਹ ਘਰ ਦੇ ਬਿੰਬ ਨੂੰ ਤੋੜਦੀ ਹੈ, ਪਤੀ, ਬੱਚੇ, ਪੈਸਾ ਤੇ ਘਰ ਜਿਹੇ ਰਵਾਇਤ ਅਰਥਾਂ ਦਾ ਭੰਜਨ ਕਰਦੀ ਹੈ। ਅੰਨ ਦਾਤਾ, ਪਲਕਾਂ ਵਿੱਚ ਹਨੇਰ, ਹੂਕ, ਚਮਕਣ ਤਾਰੇ, ਕਦੋਂ ਤੱਕ ਅਤੇ ਜਦੋਂ ਜਾਗੋ, ਉਦੋਂ ਸਵੇਰਾ ਪੁਸਤਕ ਦੀਆਂ ਜਿਕਰਯੋਗ ਕਹਾਣੀਆਂ ਹਨ।

'ਅੰਨ ਦਾਤਾ' ਨਾਰੀ ਤਾਰੀ ਦੀ ਪੀੜ੍ਹਾ ਦੀ ਕਹਾਣੀ ਹੈ। ਸ਼ਮਸ਼ੇਰ ਦੇ ਵਤੀਰੇ ਤੋਂ ਨਿਰਾਸ਼ ਤਾਰੀ ਆਪਣੀ ਹੋਣੀ ਭੋਗਦੀ ਹੈ। 'ਜੜ੍ਹਾਂ ਵਾਲਾ ਰਿਸ਼ਤਾ' ਪਰਵਾਸ ਭੋਗ ਰਹੇ ਮਾਂ-ਧੀ ਦੇ ਰਿਸ਼ਤੇ ਦੀ ਕਹਾਣੀ ਹੈ। ਕਿਵੇਂ ਮਾਂ ਧੀ ਦੇ ਰਿਸ਼ਤੇ ਵਿਚ ਤ੍ਰੇੜ ਪੈਂਦੀ ਹੈ ਫਿਰ ਮਿਟਦੀ ਹੈ ਕਹਾਣੀ ਬਿਆਨ ਕਰਦੀ ਹੈ। 'ਵਾਰਿਸ' ਰਵਾਇਤੀ ਮਾਨਸਿਕਤਾ ਦੀ ਕਹਾਣੀ ਹੈ। ਜਿਹਦੇ ਵਿਚ ਇਕ ਘਰ ਵਿਚ ਧੀਆਂ ਹੁੰਦੀਆਂ ਹਨ ਮਾਪਿਆ ਦੀ ਮਾਨਸਿਕਤਾ ਕਿਸ ਤਰ੍ਹਾਂ ਦੀ ਰਹਿੰਦੀ ਹੈ ਫਿਰ ਪੁੱਤਰ ਦੇ ਆਉਣ ਤੇ ਕਿਸ ਤਰਾਂ ਦੀ ਮਾਨਸਿਕਤਾ ਪ੍ਰਵਰਤਿਤ ਹੋ ਜਾਂਦੀ ਹੈ। 'ਉਹ ਸੋਹਣੀ ਕੁੜੀ' ਅਤੇ ਪਲਕਾਂ ਵਿੱਚ ਹਨੇਰ' ਵੱਖ ਵੱਖ ਔਰਤਾਂ ਦੀਆਂ ਪਰਤਾਂ ਨੂੰ ਉਭਾਰਦੀਆਂ ਕਹਾਣੀਆਂ ਹਨ। ਇਸ ਤਰ੍ਹਾਂ ਹੋਰ ਕਹਾਣੀਆਂ ਵਿਚ ਜਨਮੀਤ ਔਰਤ ਦੇ ਮਸਲਿਆਂ ਤੇ ਗੱਲ ਕਰਦੀ ਔਰਤਾਂ ਦੇ ਭਿੰਨ ਭਿੰਨ ਹਨੇਰੇ ਕੋਨਿਆਂ ਤੇ ਰੋਸ਼ਨੀ ਪਾਉਂਦੀ ਹੈ। 'ਹੂਕ' ਕਹਾਣੀ ਮੁਸਲਿਮ ਰਹਿਤਲ ਵਿਚ ਔਰਤ ਦੀ ਸਥਿਤੀ 'ਨੂਰਾ' ਪਾਤਰ ਰਾਹੀ ਬਿਆਨ ਕਰਦੀ ਹੈ। 'ਫਿਤਰਤ' ਕਹਾਣੀ ਭਾਈਚਾਰਕ ਸਾਂਝ ਦੀ ਕਹਾਣੀ ਹੈ।

ਜਸਮੀਤ ਇਸ ਕਹਾਣੀ ਸੰਗ੍ਰਹਿ ਤੋਂ ਸੁਚੇਤ ਤੇ ਸ਼ਿਲਪ ਪੱਖੋਂ ਸੂਝਵਾਨ ਕਹਾਣੀਕਾਰ ਦੇ ਤੌਰ ਤੇ ਉਭਰਦੀ ਹੈ। ਉਸ ਨੇ ਜਿੱਥੇ ਔਰਤ ਦੇ ਮਸਲੇ ਆਪਣੀਆਂ ਕਹਾਣੀ ਵਿਚ ਲੈ ਕੇ ਆਂਦੇ ਹਨ ਉਥੇ ਪਰਵਾਸੀ ਮਸਲੇ ਵੀ ਲੈ ਕੇ ਆਂਦੇ ਹਨ। ਇਸ ਪੁਸਤਕ ਨਾਲ ਉਸ ਦੀ ਕਹਾਣੀ ਵਿਚ ਨਿਖਾਰ ਆਇਆ ਹੈ।

**'ਨਿਉਲਾ ਵੀ ਰਾਜਾ' (ਲੇਖਕ: ਡਾ. ਬਲਦੇਵ ਸਿੰਘ 'ਬੱਦਨ' )**
**ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ, ਮੁੱਲ 40 ਰੁਪਏ**


ਡਾ. ਬੱਦਨ ਵੱਲੋਂ ਲਿਖੀ ਪੁਸਤਕ ਵਿਚ ਬਾਲ ਮਾਨਸਿਕਤਾ ਦੇ ਪੱਧਰ ਦੀ ਇਕ ਚਤੁਰ ਅਤੇ ਬੁੱਧੀਮਾਨ ਨਿਉਲੇ ਦੀ ਕਹਾਣੀ ਹੈ। ਜਿਹੜਾ ਕਿ ਜੰਗਲੀ ਜਾਨਵਾਰ ਭਾਲੂ, ਹਿਰਨ, ਬਾਂਦਰ ਆਦਿ ਨੂੰ ਤੇਂਦੂਏ ਦੀ






ਦਹਿਸ਼ਤ ਤੋਂ ਬਚਾਉਂਦਾ ਹੈ ਨਿਉਲਾ ਬਹਾਦਰ ਹੈ। ਉਹ ਆਪਣੀ ਬੁੱਧੀ ਨਾਲ ਤੇਂਦੂਏ ਨੂੰ ਮੂਰਖ ਬਣਾ ਦਿੰਦਾ ਹੈ। ਨਿਓਲਾ ਕਹਿੰਦਾ ਹੈ ਮੈਨੂੰ ਦੇਖ ਦੇ ਜੰਗਲ ਦੇ ਸਾਰੇ ਜਾਨਵਰ ਡਰ ਕੇ ਭੱਜ ਜਾਣਗੇ। ਇਸ ਲਈ ਤੇਂਦੂਆ ਜੰਗਲ ਵਿਚ ਮੋਹਰੇ ਮੋਹਰੇ ਤੁਰਦਾ ਹੈ ਤੇ ਤੇਂਦੂਆ ਦਹਾੜਦਾ ਹੋਇਆ ਮਗਰ ਮਗਰ। ਸਾਰੇ ਜਾਨਵਰ ਤੇਂਦੂਏ ਦੀ ਦਹਾੜ ਨਾਲ ਭੱਜਦੇ ਹਨ ਪਰ ਨਿਉਲਾ ਆਪਣੀ ਚਤੁਰਾਈ ਨਾਲ ਇਸ ਕਾਰਜ ਨੂੰ ਆਪਣੀ ਬਹਾਦਰੀ ਨਾਲ ਜੋੜ ਲੈਂਦਾ ਹੈ। ਨਿਓਲਾ ਇੰਝ ਆਪਣੀ ਅਕਲਮੰਦੀ ਨਾਲ ਆਪਣੀ ਜਾਨ ਬਚਾ ਜਾਂਦਾ ਹੈ। ਇੰਝ ਇਹ ਪੁਸਤਕ ਬੱਚਿਆ ਨੂੰ ਬੁੱਧੀਮਾਨ ਬਣਨ ਦਾ ਪ੍ਰਭਾਵ ਤਸਵਾਰਾਂ ਰਾਹੀਂ ਦਿੰਦੀ ਹੈ। ਚਿੱਤਰਕਾਰੀ ਦੁਰਗਾਦੱਤ ਪਾਂਡੇ ਦੀ ਹੈ।

**ਮੁਸੀਬਤ ਤੋਂ ਛੁਟਕਾਰਾ (ਲੇਖਕ: ਡਾ. ਬਲਦੇਵ ਸਿੰਘ ਬੱਧਨ')**
**ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ, ਮੁੱਲ 45 ਰੁਪਏ**




ਡਾ. ਬਦਨ ਦੀ ਇਕ ਕਿਤਾਬ ਇਕ ਕਹਾਣੀ 'ਤੇ ਅਧਾਰਿਤ ਹੈ। ਕਹਾਣੀ ਜੰਗਲੀ ਜਾਨਵਰ ਅਤੇ ਪੰਛੀਆਂ ਨੂੰ ਅਧਾਰ ਬਣਾ ਕੇ ਸਮੇਂ ਸਮੇਂ ਆਉਂਦੀਆਂ ਮੁਸੀਬਤਾਂ ਤੋਂ ਛੁਟਕਾਰਾ ਪਾਉਣ ਲਈ ਪ੍ਰੇਰਦੀ ਹੈ। ਕਹਾਣੀ ਇਕ ਸੰਘਣੇ ਜੰਗਲ ਵਿਚ ਸਥਿਤ ਤਲਾਬ ਦੇ ਘਟਦੀ ਹੈ। ਜਿਸ ਵਿਚ ਇਕ ਵੱਡਾ ਮਗਰਮੱਛ ਆ ਕੇ ਤਲਾਬ ਦੇ ਸਾਰੇ ਨਿੱਕੇ ਜੀਵਾਂ ਤੇ ਪੰਛੀਆਂ ਨੂੰ ਖਾਣਾ ਸ਼ੁਰੂ ਕਰ ਦਿੰਦਾ ਹੈ। ਜਿਸ ਕਾਰਨ ਇਸ ਮੁਸੀਬਤ ਮਗਰਮੱਛ ਤੋਂ ਰਾਹਤ ਪਾਉਣ ਲਈ ਤਲਾਬ ਦੇ ਜੀਵ ਕੱਛੂਕੁੰਮੇ ਦੀ ਜ਼ਿੰਮੇਵਾਰੀ ਲਾਉਂਦੇ ਹਨ। ਰਿੰਕੂ ਕੇਕੜੇ ਰਾਹੀ ਉਹ ਡਾਕਟਰ ਬਣੇ ਬਿੱਟੂ ਕੇਕੜੇ ਤੱਕ ਪਹੁੰਚ ਕਰਦੇ ਹਨ। ਜਿਹੜਾ ਕਿ ਜਹਿਰੀਲੇ ਕੈਮੀਕਲ ਰਾਹੀ ਮਗਰਮੱਛ ਨੂੰ ਭਜਾਉਣ ਲਈ ਤਰਕੀਬ ਬਣਾਉਂਦੇ ਹਨ। ਸੁੱਤੇ ਪਏ ਮਗਰਮੱਛ ਦੇ ਕੇਕੜੇ ਜਹਿਰੀਲਾ ਕੈਮੀਕਲ ਉਹਦੇ ਸਰੀਰ ਵਿਚ ਪਹੁੰਚਾ ਕੇ ਬੇਹੋਸ਼ ਕਰ ਦਿੰਦੇ ਸਨ। ਦੁੱਖੀ ਹੋਇਆ ਮੱਗਰਮੱਛ ਬੇਹੋਸ਼ੀ ਦੀ ਹਾਲਤ ਵਿਚ ਮੁੜ ਝੀਲ ਵਿਚ ਚਲੇ ਜਾਂਦਾ ਹੈ ਇੰਝ ਸਾਰੇ ਜੀਵਾਂ ਨੂੰ ਰਾਹਤ ਮਿਲਦੀ ਹੈ। ਵਿਦਿਆ ਅਤੇ ਸੂਝ ਰਾਹੀਂ ਸਾਰੇ ਜੀਵ ਬਚ ਜਾਂਦੇ ਹਨ ਕਹਾਣੀ ਪੜ੍ਹਨ ਲਿਖਨ ਲਈ ਬੱਚਿਆਂ ਨੂੰ ਪ੍ਰੇਰਦੀ ਹੈ। ਇਸ ਪੁਸਤਕ ਦੇ ਚਿੱਤਰ ਸੁਰੇਸ਼ ਲਾਲ ਨੇ ਬੜੇ ਪ੍ਰਭਾਵਸ਼ਾਲੀ ਬਣਾਏ ਹਨ।




**ਨਵੀਂ ਸਵੇਰ**
**(ਲੇਖਕ: ਬਲਦੇਵ ਸਿੰਘ 'ਬੱਧਨ')**
**ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ,**
**ਇੰਡੀਆ, ਮੁੱਲ: 25 ਰੁਪਏ**

ਇਕ ਛੋਟੀ ਕਹਾਣੀ ਨੂੰ ਅਧਾਰ ਬਣਾ ਕੇ ਲਿਖੀ ਗਈ ਹੈ ਜਿਸ ਵਿਚ ਗਹਿਰੇ ਅਰਥ ਮੁਹੰਮਦ

ਇਬਰਾਹੀਮ ਆਪਣੇ ਚਿੱਤਰਾਂ ਰਾਹੀਂ ਪਾਉਂਦਾ ਹੈ। ਡਾ. ਬਲਦੇਵ ਸਿੰਘ ਵਲੋਂ ਲਿਖੀ ਕਹਾਣੀ ਇਕ ਖੂੰਖਾਰ ਸ਼ੇਰ ਅਤੇ ਤਿੰਨ ਪਰੀਆਂ ਦੀ ਹੈ। ਸ਼ੇਰ ਜਿਹੜਾ ਕਿ ਜੰਗਲ ਵਿਚ ਜਾਨਵਰਾਂ ਦਾ ਲੋੜ ਤੋਂ ਵੱਧ ਘਾਣ ਕਰਕੇ ਦਹਿਸ਼ਤ ਪੈਦਾ ਕਰਦਾ ਹੈ। ਪਰੀਆਂ ਜੰਗਲ ਵਿਚ ਆ ਕੇ ਸ਼ੇਰ ਨੂੰ ਬੜੀ ਯੋਜਨਾ ਨਾਲ ਸੋਧ ਦਿੰਦੀਆਂ ਹਨ ਕਿ ਲੋੜ ਤੋਂ ਵੱਧ ਜਾਨਵਰਾਂ ਨੂੰ ਮਾਰਨਾ ਠੀਕ ਨਹੀਂ ਹੈ। ਇਸ ਗੱਲ ਨੂੰ ਸ਼ੇਰ ਮੰਨ ਵੀ ਜਾਂਦਾ ਹੈ। ਸਿਆਣੇ ਲੋਕ ਆਪਣੀ ਬੁੱਧੀ ਨਾਲ ਖੂੰਖਾਰ ਲੋਕਾਂ ਨੂੰ ਲੋਕ ਪੱਖੀ ਬਣਾ ਲੈਂਦੇ ਹਨ ਕਹਾਣੀ ਬਹੁਤ ਨਿੱਗਰ ਸੰਦੇਸ਼ ਦਿੰਦੀ ਹੈ।

**ਗੁਲੇ ਅੱਬਾਸ (ਲੇਖਕ ਡਾ. ਜ਼ਾਕਿਰ ਹੁਸੈਨ ਅਨੁ. ਡਾ. ਬਲਦੇਵ ਸਿੰਘ ਬੱਧਨ')**

**ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ, ਮੁੱਲ: 45 ਰੁਪਏ**




ਦੇ ਲੇਖਕ ਭਾਵੇਂ ਡਾ. ਜ਼ਾਕਿਰ ਹੁਸੈਨ ਹਨ ਪਰ ਉਸ ਦੇ ਅਨੁਵਾਦਕ ਡਾ. ਬਲਦੇਵ ਸਿੰਘ 'ਬੱਦਨ' ਹਨ। ਬਹੁਤ ਹੀ ਨਿੱਕੀ ਕਹਾਣੀ ਰਾਹੀਂ ਇਰਸ਼ਾਦ ਕਪਤਾਨ ਨੇ ਆਪਣੇ ਚਿੱਤਰਾਂ ਰਾਹੀਂ ਕਹਾਣੀ ਗਹਿਰੀ, ਵੱਡੀ ਤੇ ਪ੍ਰਭਾਵਸ਼ਾਲੀ ਬਣਾ ਦਿੱਤੀ ਹੈ।

ਕਹਾਣੀ ਦੀ ਮੂਲ ਚੂਲ ਫੁੱਲ ਦਾ ਇਕ ਬੀਜ ਹੈ। ਜਿਹੜਾ ਕਿ ਆਪਣੀ ਕਹਾਣੀ ਕਹਿੰਦਾ ਹੈ। ਕਿ ਉਹ ਕਿਵੇਂ ਧਰਤੀ ਵਿਚ ਜਾਂਦਾ ਹੈ ਫਿਰ ਪੌਦਾ ਬਣਦਾ ਹੈ, ਫੁੱਲ ਬਣ ਕੇ ਆਪਣੇ ਸਾਥੀਆਂ ਨਾਲ ਖੇਤਾਂ ਵਿਚ ਖਿੜਦਾ ਹੈ। ਨਵੀਂ ਦੁਨੀਆਂ ਵਿਚ ਆ ਕੇ ਬਹੁਤ ਖੁਸ਼ੀ ਅਨੁਭਵ ਕਰਦਾ ਹੈ। ਇਹ ਫੁੱਲ 'ਗੁਲੇ ਅੱਬਾਸ' ਆਪਣਾ ਨਿੱਕਾ ਜਿਹਾ ਸਫ਼ਰ ਤੈਹ ਕਰਦਾ ਇਕ ਬਿਮਾਰ ਬੱਚੀ ਦੇ ਕੋਲ ਪਹੁੰਚਦਾ ਹੈ। ਬਿਮਾਰ ਬੱਚੀ ਗੁਲੇ ਅੱਬਾਸ ਨੂੰ ਦੇਖਣਾ ਲੋਚਦੀ ਹੈ ਉਸ ਦੀ ਰੀਝ ਪੂਰੀ ਹੁੰਦੀ ਹੈ ਗੁਲਦਾਨ ਵਿਚ ਫੁੱਲ ਕੱਢ ਕੇ ਨਰਸ ਜਦੋਂ ਬੱਚੀ ਨੂੰ ਦਿੰਦੀ ਹੈ ਤਾਂ ਉਹ ਬਹੁਤ ਖੁਸ਼ ਹੁੰਦੀ ਹੈ, ਗੁਲੇ ਅੱਬਾਸ ਬਿਮਾਰ ਬੱਚੀ ਨੂੰ ਖੁਸ਼ੀ ਦੇ ਕੇ ਤਸੱਲੀ ਅਨੁਭਵ ਕਰਦਾ ਹੈ।

**ਨਿੰਮ ਬਾਬਾ (ਐੱਸ. ਆਈ. ਫ਼ਾਰੂਕੀ)**

**ਨੈਸ਼ਨਲ: ਬੁਕ ਟਰੱਸਟ, ਇੰਡੀਆ,**

**ਮੁੱਲ: 35 ਰੁਪਏ**




ਲਾਭਕਾਰੀ ਪੌਦਿਆਂ ਅਤੇ ਦਰਖਤਾਂ ਦੀ ਜਾਣਕਾਰੀ ਕਹਾਣੀ ਵਿਚ ਦੱਸਣ ਦਾ ਉਪਰਾਲਾ ਐੱਸ. ਆਈ. ਫ਼ਾਰੂਕੀ ਨੇ ਆਪਣੀ ਪੁਸਤਕ ਨੇ ਕੀਤਾ ਹੈ, ਦਿੱਲ ਖਿਚਵੇ ਚਿੱਤਰਾਂ ਪਾਰਥਸੇਨ ਗੁਪਤਾ ਨੇ ਤਿਆਰ ਕੀਤਾ ਹੈ। ਪੁਸਤਕ ਦਾ ਅਨੁਵਾਦ ਸਰਬਜੀਤ ਵਾਲੀਆ ਨੇ ਕੀਤਾ ਹੈ। ਲੇਖਕ ਨੇ ਅੰਬਰ ਨਾਂ ਦੀ ਬੱਚੀ ਨੂੰ ਕਹਾਣੀ ਵਿਚ ਪਾਤਰ ਦੇ ਤੌਰ ਤੇ ਲਿਆ ਹੈ। ਜਿਹੜੀ ਘਰ ਵਿਚ ਨਿੰਮ ਦੇ ਵੱਢੇ ਜਾਣ 'ਤੇ ਦੁਖੀ ਹੁੰਦੀ ਹੈ। ਫਿਰ ਉਹਨੂੰ ਸੁਪਨੇ ਵਿਚ ਇਕ ਬੁੱਢਾ ਬਾਬਾ ਦਿਸਦਾ ਹੈ ਜਿਹੜਾ ਨਿੰਮ ਬਾਰੇ ਗੁਣਕਾਰੀ ਗੱਲਾਂ ਦੱਸਦਾ ਹੈ। ਬਾਬੇ ਦੇ ਬਿਰਤਾਂਤ



ਰਾਹੀਂ ਲੇਖਕ ਨਿੰਮ ਨੂੰ ਗੁਣਕਾਰੀ ਹੋਣ ਦੇ ਪ੍ਰਸੰਗ ਦੱਸਦਾ ਹੈ। ਕਿ ਨਿੰਮ ਦੀ ਦਾਤਣ ਕਰਨ ਨਾਲ ਕਿੰਨੇ ਲਾਭ ਹੁੰਦੇ ਹਨ। ਨਿੰਮ ਕਿਹੜੇ ਕਿਹੜੇ ਦੇਸ਼ ਵਿਚ ਹੁੰਦੀ ਹੈ। ਅਤੇ ਨਿੰਮ ਦੇ ਨਾਂ ਬਾਰੇ ਵੱਖ ਵੱਖ ਭਾਸ਼ਾਵਾਂ ਵਿਚ ਵੱਖ ਵੱਖ ਨਾਂ ਮਿਲਣ ਦਾ ਜ਼ਿਕਰ ਵੀ ਹੈ। ਨਿੰਮ ਭਾਰਤੀ ਦਰਖਤ ਹੈ ਜਿਹਦੇ ਪੱਤਿਆਂ ਦਾ ਪਾਣੀ ਪੀਣ ਨਾਲ ਅਨੇਕਾਂ ਰੋਗ ਦੂਰ ਹੁੰਦੇ ਹਨ। ਇਸ ਦਾ ਪਾਣੀ ਖਸਰੇ ਦੇ ਕੀਟਾਣੂਆਂ ਨੂੰ ਮਾਰ ਦਿੰਦੇ ਹਨ। ਨਿੰਮ ਬਾਬਾ ਆਪਣੀਆਂ ਜੜ੍ਹਾਂ ਪੁਰਾਤਨ ਹਿੰਦੂ ਗ੍ਰੰਥਾਂ ਅਤੇ ਇਤਿਹਾਸ ਵਿਚੋਂ ਫਰੋਲਦਾ ਹੈ। ਨਿੰਮ ਦੇ ਤੇਲ ਵਿਚ ਅਨੇਕਾਂ ਅਜਿਹੇ ਤੱਤ ਰਸਾਇਣ ਪਾਏ ਜਾਂਦੇ ਹਨ ਜਿਹੜੀ ਗੁਣਕਾਰੀ ਤੇ ਲਾਭ ਕਾਰੀ ਹੁੰਦੇ ਹਨ। ਨਿੰਮ ਬਾਰੇ ਇਹ ਸਾਰੀਆਂ ਗੱਲਾਂ ਅੰਬਰ ਨੂੰ ਨਿੰਮ ਬਾਬਾ ਸੁਪਨੇ ਵਿਚ ਦੱਸਦਾ ਹੈ। ਤੇ ਪਾਠਕਾਂ ਨੂੰ ਨਿੰਮ ਬਾਰੇ ਲੇਖਕ ਇਸ ਜੁਗਤ ਰਾਹੀਂ ਦਰਖਤਾਂ ਨਾਲ ਪਿਆਰ ਕਰਨ ਬਾਰੇ ਜਾਣਕਾਰੀ ਦੇ ਜਾਂਦਾ ਹੈ।

**ਚਤਰਾਈ ਦਾ ਪੁਰਸਕਾਰ (ਲੇਖਕ ਰਾਕੇਸ਼ ਚੱਕਰ)**

**ਨੈਸ਼ਨਲ ਬੁਕ ਟਰੱਸਟ, ਇੰਡੀਆ, ਮੁੱਲ: 25 ਰੁਪਏ**




ਪੁਸਤਕ ਦੇ ਲੇਖਕ ਰਾਕੇਸ਼ ਚੱਕਰ ਅਤੇ ਚਿੱਤਰਕਾਰ ਸੈਬਾਲ ਚੈਟਰਜੀ ਹਨ ਇਸ ਨੂੰ ਅਨੁਵਾਦ ਕੀਤਾ ਹੈ ਡਾ. ਪ੍ਰਿਥਵੀ ਰਾਜ ਥਾਪਰ ਨੇ। ਇਸ ਪੁਸਤਕ ਦੀ ਕਹਾਣੀ ਦੋ ਚਲਾਕ ਬੰਦਿਆਂ ਦੀ ਕਹਾਣੀ ਹੈ ਜਿਹੜੇ ਆਪਣੀ ਚਲਾਕੀ ਨਾਲ ਸ਼ਾਹੀ ਠਾਠ ਵਾਲੀ ਜ਼ਿੰਦਗੀ ਜਿਉਂਦੇ ਹਨ। ਕਹਾਣੀ ਵਿਚ ਸੁਜਾਨ ਨਾਂ ਦਾ ਪਾਤਰ ਹੈ ਜਿਹੜਾ ਬੜਾ ਚਲਾਕ ਹੈ ਉਹ ਆਪਣੀਆਂ ਗੱਲਾਂ ਵਿਚ ਰਾਜੇ ਨੂੰ ਲੈ ਕੇ ਸਾਰੇ ਦਰਬਾਰ ਵਿਚ ਆਪਣਾ ਰੁਤਬਾ ਉੱਚਾ ਕਰ ਲੈਂਦਾ ਹੈ। ਤੇ ਦਿਮਾਗੀ ਸੂਝ ਨਾਲ ਅਮੀਰ ਹੋ ਜਾਂਦਾ ਹੈ। ਉਧਰ ਮੰਤਰੀ ਤੇ ਹੋਰ ਅਧਿਕਾਰੀ ਇਸ ਗੱਲ ਤੋਂ ਪਰੇਸ਼ਾਨ ਹਨ ਕਿ ਚਲਾਕ ਸੁਜਾਨ ਰਾਜੇ ਦੇ ਕੋਲ ਬੈਠ ਕੇ ਪਤਾ ਨਹੀਂ ਰਾਜੇ ਕੇ ਕੰਨ ਵਿਚ ਕੀ ਕਹਿੰਦਾ ਰਹਿੰਦਾ ਹੈ। ਇਕ ਮੋੜ ਤੇ ਇਕ ਨਾਈ ਆਪਣੀ ਚਲਾਕੀ ਨਾਲ ਸੁਜਾਨ ਨੂੰ ਦਰਬਾਰ ਵਿਚੋਂ ਬਾਹਰ ਕੱਢਣ ਦੀ ਤਰਕੀਬ ਬਣਾਉਂਦਾ ਹੈ ਪਰ ਉਸ ਚੱਕਰਵਿਊ ਵਿਚ ਨਾਈ ਆਪ ਫਸ ਕੇ ਆਪਣਾ ਨੱਕ ਵਢਵਾ ਲੈਂਦਾ ਹੈ। ਕਹਾਣੀ ਕਿਸੇ ਦਾ ਬੁਰਾ ਨਾ ਕਰਨ ਦਾ ਸੰਦੇਸ਼ ਦਿੰਦੀ ਹੋਈ ਚੰਗਾ ਪ੍ਰਭਾਵ ਪਾਉਂਦੀ ਹੈ।

**ਜਾਦੂ ਦੀ ਬੰਸਰੀ (ਲੇਖਕ ਦਿਵਿਕ ਰਮੇਸ਼)**

**ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ,**

**ਮੁੱਲ: 75 ਰੁਪਏ**




ਇਸ ਪੁਸਤਕ ਦੀਆਂ ਲੋਕ ਕਹਾਣੀਆਂ ਨੂੰ ਇਕੱਠਾ ਦਿਵਿਕ ਰਮੇਸ਼ ਨੇ ਕੀਤਾ ਹੈ, ਜਿਨ੍ਹਾਂ ਨੂੰ ਚਿੱਤਰਾਂ ਰਾਹੀ ਸੰਜੀਵ ਕੀਤਾ ਹੈ ਸ਼ਸ਼ੀ ਸ਼ੇਟਏ ਨੇ ਅਤੇ ਅਨੁਵਾਦ ਨਰਿੰਜਨ ਸਿੰਘ ਸਾਥੀ ਨੇ ਕੀਤਾ ਹੈ। ਇਹ ਪਰੀ ਕਹਾਣੀਆਂ ਰਾਜੇ ਰਾਣੀਆਂ, ਸਵਰਗ ਨਰਕ, ਅਤੇ ਜਾਨਵਰਾਂ ਨਾਲ ਸੰਬੰਧਿਤ ਹਨ। ਇਹ ਕਹਾਣੀਆਂ ਕੋਰੀਆਈ ਦੇਸ਼ ਨਾਲ

ਸੰਬੰਧਤ ਹਨ ਜਿਹੜਾ ਦੇਸ਼ ਬੁੱਧ ਧਰਮ ਦਾ ਉਪਾਸਕ ਹੈ ਜਿਸ ਕਾਰਨ ਕਹਾਣੀਆਂ ਵਿਚ ਬੁੱਧ ਦਾ ਜ਼ਿਕਰ ਭਗਵਾਨ ਦੇ ਰੂਪ ਵਿਚ ਆਉਂਦਾ ਹੈ। ਇਹ ਕਹਾਣੀਆਂ ਬੜੀਆਂ ਬਿਲਚਸਪ ਹਨ। ਜਿਨ੍ਹਾਂ ਰਾਹੀਂ ਬੱਚੇ ਪਰੀ ਲੋਕ ਵਿਚ ਪਹੁੰਚ ਕੇ ਕਈ ਗੱਲਾਂ ਨੂੰ ਸਿੱਖਦੇ ਹਨ। ਪਰੀ ਕਹਾਣੀ 'ਜਾਦੂ ਦੀ ਬੰਸਰੀ' ਦਾ ਬਿਰਤਾਂਤ ਬੜਾ ਰੌਚਕ ਹੈ। ਰਾਜਾ ਜਿਹੜਾ ਕਿ ਮੰਦਰ ਬਣਾਉਂਦਾ ਸਮੁੰਦਰ ਵਿਚ ਮਰ ਕੇ ਡਰੈਗਨ ਬਣ ਜਾਂਦਾ ਹੈ। 'ਬਾਘਣੀ ਦਾ ਮੰਦਰ' ਕਹਾਣੀ ਕਿਮ ਹਿਉਨ ਦੀ ਕਹਾਣੀ ਹੈ, ਜਿਹਨੂੰ ਇਕ ਮੰਦਰ ਵਿਚ ਇਕ ਕੁੜੀ ਮਿਲਦੀ ਹੈ। ਜਿਹੜੀ ਅਸਲ ਵਿਚ ਬਾਘਣੀ ਹੁੰਦੀ ਹੈ। ਕਿਮ ਨੂੰ ਉਸ ਕੁੜੀ ਨਾਲ ਪਿਆਰ ਹੋ ਜਾਂਦਾ ਹੈ। 'ਕਿਸਾਨਾਂ ਦੀ ਦੇਵੀ' ਪਰੀ ਕਹਾਣੀ ਵਿਚ ਲੜਕੀ ਛੋਂਗ ਬੀ ਤੇ ਰਾਜੇ ਦੀ ਬੁੱਧੀਮਾਨੀ ਤੇ ਅਧਾਰਤ ਕਹਾਣੀ ਹੈ, ਜਿਹੜੇ ਇਕ ਦੂਜੇ ਦੀ ਬੁੱਧੀਮਾਨੀ ਨਾਲ ਪ੍ਰੀਖਿਆ ਲੈਂਦੇ ਹੋਏ ਪਿਆਰ ਕਰਨ ਲੱਗ ਪੈਂਦੇ ਸਨ। 'ਮਹਾਨ ਕੰਮ' ਰਾਜਾ ਬਣੇ ਨੌਜਵਾਨ ਦੀ ਕਹਾਣੀ ਹੈ। ਜਿਹੜੀ ਕਿ ਨੇਕ ਲੋਕਾਂ ਨੂੰ ਪਛਾਣਨਾ, ਉਨ੍ਹਾਂ ਦੀ ਤਾਰੀਫ਼ ਕਰਨਾ, ਚੰਗੀ ਸਲਾਹ ਨੂੰ ਮੰਨਣਾ, ਦੂਜਿਆਂ ਦੇ ਸੁੱਖ ਲਈ ਤਿਆਗ ਕਰਨਾ ਆਦਿ ਦੀ ਸਿੱਖਿਆ ਦਿੰਦੀ ਹੈ। 'ਆਂਡੇ ਵਿਚੋਂ ਰਾਜਾ' ਮਹਾਨ, ਤਾਕਤਵਰ ਤੇ ਦਿਆਲੂ ਰਾਜੇ ਦੀ ਕਹਾਣੀ ਹੈ। 'ਬੱਦਲਾਂ ਦੇ ਦਰਵਾਜ਼ੇ' ਕਥਾ ਰਾਜੇ ਦਾ ਪੁੱਤਰ ਭੁੱਖ ਦੀ ਕਥਾ ਹੈ, ਦਬਾ ਪਾ ਕੇ ਭਗਵਾਨ ਉਸ ਦੀ ਇਹ ਭੁੱਖ ਤਾਂ ਪੂਰੀ ਕਰ ਦਿੰਦਾ ਹੈ। 'ਸ਼ੇਰ ਦੀ ਸਵਾਰੀ' ਸ਼ੇਰ ਤੇ ਚੋਰ ਦੀ ਬੜੀ ਰੋਚਿਕ ਕਥਾ ਹੈ।




**ਖਾਲੀ ਥਾਵਾਂ ਟੱਪਦਿਆਂ (ਕਾਵਿ ਸੰਗ੍ਰਹਿ)**

**ਮਨਦੀਪ ਸਨੇਹੀ**


**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਕ, ਜਲੰਧਰ**

**ਮੁੱਲ: 80 ਰੁਪਏ, ਪੰਨੇ: 80**

ਮਨਦੀਪ ਆਪਣੀ ਪਲੇਠੀ ਕਵਿਤਾ ਦੀ ਪੁਸਤਕ ਵਿਚ ਅਜੋਕੇ ਮਨੁੱਖ ਦੀ ਜਟਿਲ ਜ਼ਿੰਦਗੀ ਜਟਿਲ ਬਿਰਤਾਂਤ ਰਾਹੀ ਅਨੇਕਾਂ ਮਰੋੜੀਦਾਰ ਮਾਨਸਿਕ ਗੁੰਝਲਾ ਨੂੰ ਲੈ ਕੇ ਆਈ ਹੈ। ਉਹ ਅੱਜ ਦੇ ਉਖੜੇ ਹੋਏ ਮਨੁੱਖ ਦੀ ਪ੍ਰਗੀਤਕ ਲੈਅ ਤੋਂ ਕੋਰੀ ਮਾਨਸਿਕਤਾ ਨੂੰ ਨਵੇਕਲੇ ਕਾਵਿ ਮੁਹਾਵਰੇ ਨਾਲ ਚਿਤਰਦੀ ਹੈ। ਪ੍ਰਗੀਤਕ ਲੈਅ ਤੋਂ ਕੋਰਾ ਹੋਣਾ ਹੀ ਉਸ ਦੀ ਕਵਿਤਾ ਦੀ ਮਹਾਨਤਾ ਹੈ। ਇਸੇ ਕਰਕੇ ਉਹਦੀ ਕਵਿਤਾ ਨਾਲ ਪਾਠਕ ਸਹਿਜੇ ਕੀਤੇ ਜੁੜਦਾ ਨਹੀਂ। ਉਸ ਦੀ ਕਵਿਤਾ ਸਮਝਣ ਵਾਲੀ ਕਵਿਤਾ ਹੈ। ਉਸ ਵਿਚਲੀਆਂ ਖਾਲੀ ਥਾਵਾਂ ਨੂੰ ਪਾਠਕ ਆਪਣੀ ਸਮਰੱਥਾ ਨਾਲ ਭਰਨ ਲਈ ਵਾਰ ਵਾਰ ਕਵਿਤਾ ਪੜ੍ਹਦਿਆਂ ਰੁਕਦਾ ਹੈ, ਇਸ ਰੁਕਣ ਦੇ ਪਲ ਹੀ ਉਸ ਦੀ ਕਵਿਤਾ ਨੂੰ ਗਹਿਰੇ ਅਰਥ ਪ੍ਰਦਾਨ ਕਰਦੇ ਹਨ। ਉਸ ਦੀ ਕਵਿਤਾ 'ਜ਼ਿੰਦਗੀ ਦਾ ਵਸਤਰ' 'ਚ ਵਸਤਰ ਅਤੇ 'ਰਿਸ਼ੀ' ਕਵਿਤਾ 'ਚ ਜੰਗਲ ਦੇ ਚਿਹਨ ਜੰਗਲ, ਰਿਸ਼ੀ ਤੇ ਜੰਗਲੀ ਫੁੱਲ ਬੜੇ ਭਿਆਨਿਕ ਖੰਡਤ ਰਿਸ਼ਤਿਆਂ ਦੀ ਗੱਲ ਕਰਦਾ ਹੈ। ਉਸ ਦੀ ਕਵਿਤਾ ਦੇ ਸੀਮਤ ਤੇ ਇਕੋ ਅਰਥ ਨਹੀਂ ਹੈ ਹਰ ਪਾਠਕ ਨਵੇਂ ਅਰਥ ਗ੍ਰਹਿਣ ਕਰਦਾ ਹੈ। ਉਸ ਦੀ ਕਵਿਤਾ ਨਵੀਂ ਪੀੜ੍ਹੀ ਦੇ ਖੰਡਤ ਮਸਲਿਆਂ ਨਾਲ ਸੰਵਾਦ ਰਚਾਉਂਦੀ ਹੈ। ਇਸੇ ਕਰਕੇ ਉਸਦੀ ਕਵਿਤਾ ਵਿਚ ਬਹੁਤ ਖ਼ਮੋਸ਼ੀ ਹੈ! ਸੰਨਾਟਾ ਹੈ!! ਇਕੱਲਤਾ ਹੈ!!! ਤੇ ਜੰਗਲ ਹੈ ਤੇ ਉਸਦੇ ਵਿਚ ਖਿੜਦਾ ਜੰਗਲੀ ਫੁੱਲ। 'ਜੰਗਲੀ ਫੁੱਲ' ਜ਼ਹਿਰੀਲਾ ਵੀ ਹੋ ਸਕਦਾ ਹੈ! ਇਸੇ ਕਰਕੇ ਉਹਦੀ ਕਵਿਤਾ ਪੜ੍ਹਨ ਨੂੰ ਮਨ ਕਰਦਾ ਹੈ। ਉਸ ਦੀਆਂ ਕਵਿਤਾਵਾਂ ਸੰਨਾਟਾ, ਰੁੱਖਾਂ ਦੇ ਪਰਛਾਵੇਂ, ਜੰਗਲ ਫੈਲਦਾ, ਅਣਕਿਹਾ ਅਹਿਸਾਸ, ਲੋਹੇ ਦੀਆਂ ਪਲਕਾਂ, ਮਹਾਂ-ਚੁੱਪ ਹਾਸਲ ਹਨ।



ਮਨਦੀਪ ਦੀ ਕਵਿਤਾ 'ਮਹਾਂ-ਚੁੱਪ' ਪੜ੍ਹ ਕੇ ਮੈਂ ਉਸ ਦੀਆਂ ਹੋਰ ਕਵਿਤਾਵਾਂ ਨਾ ਪੜ੍ਹ ਸਕਿਆ। ਮੇਰੇ ਅੰਦਰ ਚੁੱਪ ਖੌਰੂ ਪਾਉਣ ਲੱਗੀ। ਮੇਰੇ ਅੰਦਰ ਮੇਰੀਆਂ ਕਹਾਣੀਆਂ ਦੇ ਪਾਤਰ ਜਿਹੜੇ ਅਨੇਕਾਂ ਕਾਰਨਾਂ ਕਰਕੇ ਚੁੱਪ ਕਰ ਜਾਂਦੇ ਹਨ ਫਿਰਨ ਲੱਗੇ। ਮੇਰੇ ਸਾਹਮਣੇ ਪਾਗਲ ਖਾਨਾ ਅੰਮ੍ਰਿਤਸਰ ਦੇ ਅਨੇਕਾਂ ਪਾਤਰ ਘੁੰਮਣ ਲੱਗਦੇ ਹਨ ਜਿਹੜੇ ਚੁੱਪ ਨੇ ਤੇ ਹੱਥਾਂ ਦੇ ਇਸ਼ਾਰਿਆ ਨਾਲ ਗੱਲਾਂ ਕਰਦੇ ਹਨ ਜਦੋਂ ਕਿਸੇ ਡਾਕਟਰ ਨੂੰ ਦੇਖਦੇ ਹਨ ਤਾਂ ਉਹ ਹੱਥ ਵੀ ਬੇਹਰਕਤ ਹੋ ਜਾਂਦੇ ਹਨ, ਇਸ ਵੇਲੇ ਦੀ ਜੋ ਭਿਆਨਿਕ ਸਥਿਤੀ ਹੁੰਦੀ ਹੈ ਬਿਆਨ ਕਰਨੀ ਮੁਸ਼ਕਲ ਹੈ। ਇਹੋ ਜਿਹੇ ਮਨੁੱਖਾਂ ਦੇ ਅੰਦਰ ਚੁੱਪ ਕਹਿ ਲਓ ਜਾਂ ਖ਼ਮੋਸ਼ੀ ਕਹਿ ਲਓ ਵਿਚ ਹੱਢੀ ਹੰਢਾਏ ਸੱਚ ਦੀਆਂ ਤੰਦਾਂ ਉਲਝਦੀਆਂ ਹਨ। ਇਹ ਚੁੱਪ ਅੱਜ ਦੇ ਸਮੇਂ ਵਿਚ ਬੜੀ ਖਤਰਨਾਕ ਹੈ। ਉਹ ਸਮਾਂ ਜਿਹਦੇ ਵਿਚ ਸਿਸਟਮ ਮਨੁੱਖ ਨੂੰ ਚੁੱਪ ਹੀ ਨਹੀਂ ਕਰਾਉਂਦਾ ਸਗੋਂ ਹੱਥਾਂ ਨੂੰ ਹੱਥਲ ਕਰ ਦਿੰਦਾ ਹੈ। ਇਹ ਸਥਿਤੀ ਬੜੀ ਭਿਆਨਿਕ ਹੈ। ਇਹੀ ਇਸ ਕਵਿਤਾ ਦੀ ਪ੍ਰਾਪਤੀ ਹੈ ਕਿ ਪਾਠਕ ਅੰਦਰ ਪੁਨਰ ਸਿਰਜਣਾ ਕਰਨ ਦੀ ਸਮਰੱਥਾ ਰੱਖਦੀ ਹੈ। ਜਦੋਂ ਕੋਈ ਕਵੀ ਆਪਣੇ ਅੰਦਰ ਤੁਫਾਨ ਦੇ ਲਮੇਰੇ ਬਿਰਤਾਂਤ ਨੂੰ ਬਹੁਤ ਸੰਜਮ ਨਾਲ ਥੋੜੇ ਸ਼ਬਦਾਂ ਵਿਚ ਬੰਨਦਾਂ ਹੈ ਤਾਂ ਮਹਾਂ ਬਿਰਤਾਂਤ ਬਣ ਜਾਂਦਾ ਹੈ। ਉਸ ਦੀ ਕਵਿਤਾ ਬਾਰੇ ਤਾਂ ਹੋਰ ਬਹੁਤ ਸਾਰੀਆਂ ਗੱਲਾਂ ਮਨ ਵਿਚ ਹਨ ਪਰ ਥਾਂ ਦੀ ਸੀਮਾਂ ਹੈ। ਇਕ ਵਾਰ ਫਿਰ ਮਨਦੀਪ ਨੂੰ ਇਸ ਕਿਤਾਬ ਲਈ ਵਧਾਈ।




**ਦੇਵਕੀ ਵੀ ਯਸ਼ੋਧਾ ਵੀ (ਕਾਵਿ ਸੰਗ੍ਰਹਿ)**

**ਡਾ. ਮਨੋਰਮਾ ਵਿਸ਼ਵਾਲ ਮਹਾਪਾਤਰ**

**ਅਨੁਵਾਦ: ਡਾ. ਬਲਦੇਵ ਸਿੰਘ 'ਬੱਦਨ'**

**ਪ੍ਰਕਾਸ਼ਕ: ਆਰਸੀ ਪਬਲਿਸ਼ਰਜ਼, ਦਿੱਲੀ**

**ਮੁੱਲ: 150 ਰੁ. ਪੰਨੇ: 72**

ਉੜੀਆ ਕਵਿਤਾਰੀ ਮਨੋਰਮਾ ਦੀਆਂ ਕਵਿਤਾਵਾਂ ਨੂੰ ਪੰਜਾਬੀ ਦੇ ਪਾਠਕਾਂ ਸਨਮੁੱਖ ਡਾ. ਬੱਦਨ ਨੇ ਕੀਤੀਆਂ ਹਨ। ਉਸ ਦੀ ਕਵਿਤਾ ਵਿਚ ਕਥਾ ਬਿਰਤਾਂਤ ਹੈ। ਜਿਸ ਕਰਕੇ ਉਹ ਲਮੇਰੀ ਕਵਿਤਾ ਕਹਿੰਦੀ ਹੀ। ਭਾਰਤੀ ਨਾਰੀ ਦੇ ਬਿੰਬ ਨੂੰ ਉਹ ਸਿਰਜਦੀ ਹੋਈ ਸਾਡੇ ਸਮਾਜਿਕ ਸਿਸਟਮ ਤੇ ਚੋਟ ਕਰਦੀ ਹੈ। ਉਸ ਦੀ ਕਵਿਤਾ ਪਿੰਡ, ਪ੍ਰਕਿਰਤੀ ਤੇ ਮਨੁੱਖ ਨਾਲ ਜੁੜੀ ਹੋਈ ਹੋਣ ਨਾਲ ਨਾਲ ਹਿੰਦੂ ਮਿਥਿਹਾਸ ਵਿਚ ਨਾਰੀ ਬਿੰਬ ਨਾਲ ਵੀ ਸੰਵਾਦ ਰਚਾਉਂਦੀ ਹੈ। ਦੇਵਕੀ ਤੇ ਯਸ਼ੋਧਾ ਦੇ ਬਿੰਬ ਨੂੰ ਦੇਖਿਆ ਜਾ ਸਕਦਾ ਹੈ। ਸ਼ਾਂਤੀਨਿਕੇਤਨ ਬਾਰੇ ਕਵਿਤਾਵਾਂ ਉਸ ਦੀਆਂ ਅਤੀਤ ਦੀਆਂ ਯਾਦਾਂ ਹਨ। ਕਵਿਤਾ 'ਰਾਂਚੀ ਜਾਂਦੇ ਹੋਏ, ਤਪਸਿਵਨੀ ਤੋਂ' ਲੱਗਾ ਕਿ ਉਸ ਦੀ ਕਵਿਤਾ ਇਕ ਯਾਤਰੀ ਵਾਂਗ ਸਫ਼ਰ ਕਰਦੀ ਹੈ। ਉਸ ਦੀ ਕਵਿਤਾ ਦਾ ਇਕ ਹੋਰ ਗੁਣ ਹੈ ਕਿ ਕਵਿਤਰੀ ਜਿਸ ਸਮਾਜ, ਪਰਿਵਾਰ ਚੋਂ ਆਈ ਹੈ ਉਸ ਦੇ ਧਾਰਮਿਕ ਚਿਹਨ ਉਹ ਕਵਿਤਾ ਵਿਚ ਵਰਤਦੀ ਹੈ। ਹਿੰਦੂ ਮਿਥਿਹਾਸ, ਰਸਮਾਂ, ਪੂਜਾ ਵਿਧੀਆਂ ਤੇ ਹੋਰ ਧਾਰਮਿਕ ਸੰਸਕਾਰ ਉਸ ਦੀ ਕਵਿਤਾ 'ਚ ਮਾਨਵਵਾਦੀ ਦ੍ਰਿਸ਼ਟੀ ਨਾਲ ਆਏ ਹਨ। ਉਦਾਹਰਨ ਦੇਖੋ, ਸ਼ਾਇਦ ਉਹ ਦੀਪ ਬੁਝ ਗਿਆ ਹੋਏਗਾ, ਪੂਜਾ ਘਰ 'ਚ ਸਥਾਪਿਤ ਅਸ਼ਟਧਾਤੂ ਦੀ , ਪ੍ਰਤਿਮਾ ਵੀ ਸੀ ਦੁਰਗਾ ਦੀ।' ਜਾਂ 'ਤੁਹਾਡੇ ਬਨਵਾਸ ਤੋਂ ਪਰਤਣ 'ਤੇ, ਪਿੰਡ ਦੇ ਤਲਾਅ 'ਚੋਂ, ਮੱਛੀ ਫੜਾਂਗੇ। ਸ਼ਿਵਜੀ ਦਾ ਇਕ ਸੌ ਅੱਠ ਵਾਰ, ਚੰਪਾ ਦੇ ਫੁੱਲਾਂ ਨਾਲ ਅਭਿਵਾਦਨ ਹੋਏਗਾ।' ਉਹ ਆਪਣੀ ਕਵਿਤਾ ਵਿਚ ਸੰਸਕਾਰੀ ਤੇ ਰਵਾਇਤੀ ਔਰਤ ਦਾ ਬਿੰਬ ਲੈ ਕੇ ਆਈ ਹੈ।

**ਪੈ.ਗੰਬਰ (ਚਿੰਤਨ)ਖ਼ਲੀਲ ਜਿਬਰਾਨ,**

**ਅਨੁ. ਡਾ. ਬਲਦੇਵ ਸਿੰਘ 'ਬੱਦਨ'**

**ਪ੍ਰਕਾਸ਼ਕ: ਨਵਯੁਗ, ਪਬਲਿਸ਼ਰਜ਼, ਦਿੱਲੀ**


**ਮੁੱਲ 200 ਰੁ., ਪੰਨੇ 119**




ਮਹਾਨ ਚਿੰਤਕ ਦੀ ਇਹ ਡੂੰਘੇ ਚਿੰਤਨ ਦੀ ਪੁਸਤਕ ਹੈ। ਜਿਸ ਵਿਚ ਉਸ ਨੇ ਬੜੀ ਅਸਾਨ ਭਾਸ਼ਾ 'ਚ ਮਨੁੱਖੀ ਫਿਤਰਤ ਦੀ ਗੱਲ ਕੀਤੀ ਹੈ। ਪੁਸਤਕ ਨੂੰ ਬੜੀ ਖੂਬਸੂਰਤੀ ਨਾਲ ਪ੍ਰਕਾਸ਼ਤ ਕੀਤਾ ਗਿਆ ਹੈ। ਪੁਸਤਕ ਦੇ ਅਨੁਵਾਦਕ ਡਾ. 'ਬੱਦਨ' ਨੇ ਆਪਣੀ ਭੂਮਿਕਾ ਵਿਚ ਲੇਖਕ ਦੇ ਜੀਵਨ ਤੇ ਉਸ ਦੀਆਂ ਲਿਖਤਾਂ ਦੇ ਸਮਾਜਿਕ ਪੱਖ ਨੂੰ ਉਭਾਰਿਆ ਹੈ। ਅੰਤਰਰਾਸ਼ਟਰੀ ਪੱਧਰ ਦੀ 40 ਤੋਂ ਵੱਧ ਭਾਸ਼ਾਵਾਂ ਵਿਚ ਅਨੁਵਾਦਿਤ ਪੁਸਤਕ 'ਪੈਗੰਬਰ' 'ਚ ਪਰਮਾਤਮਾ ਪ੍ਰਤੀ ਆਸਥਾ ਦਾ ਪ੍ਰਵਚਨ ਉਸਰਦਾ ਹੈ। ਸਮੂਹ ਮਾਨਵਤਾ ਨੂੰ ਦੁੱਖ ਦੇ ਕਨਸੈਪਟ ਰਾਹੀਂ ਸਮਝਿਆ ਗਿਆ ਹੈ। ਪੁਸਤਕ ਵਿਚ ਹਰ ਵਾਕ ਗਹਿਰੇ ਅਰਥ ਰੱਖਦਾ ਹੈ। ਜਿਸ ਵਿਚ ਸਦੀਵੀਂ ਸੱਚ ਨੂੰ ਉਭਾਰਨ ਦਾ ਲੇਖਕ ਨੇ ਸਫਲ ਉਪਰਾਲਾ ਕੀਤਾ ਹੈ। ਮਨਵਤਾ ਨਾਲ ਸੰਬੰਧਤ 28 ਵਿਸ਼ਿਆ ਪਿਆਰ, ਵਿਆਹ, ਸੰਤਾਨ, ਦਾਨ, ਖ਼ੁਰਾਕ, ਕਿਰਤ, ਕਰਮ, ਸੁੱਖ-ਦੁੱਖ, ਨਿਆ, ਕਾਨੂੰਨ ਸਮਾਂ, ਨੇਕੀ, ਬਦੀ, ਅਰਦਾਸ ਆਦਿ 'ਤੇ ਲੇਖਕ ਨੇ ਗਹਿਰੀਆਂ ਗੱਲਾਂ ਕੀਤੀਆਂ ਹਨ। ਉਸ ਦਾ ਹਰ ਸ਼ਬਦ ਪੱਥਰ ਤੇ ਲੀਕ ਅਤੇ ਅਨਮੋਲ ਬਚਨ ਦਾ ਦਰਜਾ ਰੱਖਦਾ ਹੈ। ਢੁਕਵੀਆਂ ਤਸਵੀਰਾਂ ਵਾਕਾਂ ਦੇ ਅਰਥਾਂ ਨੂੰ ਵਿਸ਼ਾਲ ਕਰਦੇ ਹਨ। ਪੁਸਤਕ ਵਾਰ ਵਾਰ ਪੜ੍ਹਦਿਆਂ ਨਵੇਂ ਅਰਥ ਪ੍ਰਦਾਨ ਕਰਦੀ ਹੈ।

**ਬਾਬੂ ਮੰਗੂ ਰਾਮ ਜਸਪਾਲ (ਆਦਰਸ਼ ਲੇਖ ਸੰਗ੍ਰਹਿ)**


**ਪ੍ਰਕਾਸ਼ਕ: ਕਾਰਾ ਡਿਜਾਇਨ ਐਡ ਪ੍ਰਿੰਟਰ, ਜਲੰਧਰ**




ਬਾਬੂ ਮੰਗੂ ਰਾਮ ਰਵਿਦਾਸ ਪੱਤ੍ਰਕਾ ਦੇ ਸੰਪਾਦਕ ਸਨ ਅਤੇ ਉਨ੍ਹਾਂ ਨੇ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਤੋਂ ਬਾਅਦ ਆਦਿ ਧਰਮ ਦੇ ਪ੍ਰਸਾਰ ਲਈ ਆਪਣੀ ਸਾਰੀ ਜ਼ਿੰਦਗੀ ਲਗਾ ਦਿੱਤੀ। ਪੱਤ੍ਰਕਾ ਵਿਚ ਸਮੇਂ ਸਮੇਂ ਛਪੇ ਉਸ ਦੇ ਲੇਖਾਂ ਦਾ ਇਹ ਸੰਗ੍ਰਹਿ ਹੈ। ਜਿਸ ਤੋਂ ਰਵਿਦਾਸੀਆਂ ਤੇ ਆਦਿ ਧਰਮ ਦੀ ਲਹਿਰ ਦੇ ਉਤਰਾਅ ਚੜ੍ਹਾ ਬਾਰੇ ਜਾਣਕਾਰੀ ਮਿਲਦੀ ਹੈ। ਪੁਸਤਕ ਬਹੁਤ ਹੀ ਸੁੰਦਰ ਅਤੇ ਉਤਮ ਦਰਜੇ ਦੀ ਛਪੀ ਹੈ। ਜਿਸ ਨੂੰ ਦੇਖ ਦੇ ਰੂਹ ਖੁਸ਼ ਹੁੰਦੀ ਹੈ। ਪੁਸਤਕ ਦੇ ਆਰੰਭ ਵਿਚ 'ਬਾਬੂ ਮੰਗੂ ਰਾਮ ਜਸਪਾਲ- ਜੀਵਨ ਤੇ ਮਿਸ਼ਨ' ਲੇਖ ਪੰਜਾਬੀ ਦੇ ਲੇਖਕ ਬਲਬੀਰ ਮਾਧੋਪੁਰੀ ਨੇ ਲਿਖਿਆ ਹੈ। ਜਿਸ ਵਿਚ ਉਸ ਨੇ ਪਰਿਵਾਰਕ ਪਿਛੋਕੜ, ਸਮਾਜਿਕ ਸਥਿਤੀਆਂ, ਵਲੈਤ ਨੂੰ ਜਾਣਾ, ਰਵਿਦਾਸ ਪੱਤ੍ਰਕਾ ਦਾ ਪ੍ਰਕਾਸ਼ਨ, ਮੁੱਗੋਵਾਲ ਨਾਲ ਮੁਲਾਕਾਤ, ਸੰਪਾਦਕ ਵਜੋਂ ਕੌਮ ਨੂੰ ਦੇਣ, ਦਾਰਸ਼ਨਿਕ ਤੇ ਖੋਜੀ ਸ਼ਖ਼ਸੀਅਤ, ਭਵਿੱਖੀ ਯੋਜਨਾਵਾਂ ਆਦਿ ਪਹਿਲੂਆਂ ਬਾਰੇ ਲਿਖਿਆ ਹੈ। ਪੁਸਤਕ ਵਿਚ ਸਤਿਗੁਰੂ ਰਵਿਦਾਸ ਬਾਰੇ ਲੇਖ ਹਨ, ਇਸ ਨਾਲ ਜੁੜੇ ਸੰਗਠਨਾਂ ਤੇ ਤਿੱਖੀਆਂ ਟਿਪਣੀਆਂ ਹਨ, ਰੀਜ਼ਰਵੇਸ਼ਨ ਬਾਰੇ ਅਤੇ ਆਦਿ ਧਰਮ ਬਾਰੇ, ਆਦਿ ਧਰਮ ਮੰਡਲ ਬਾਰੇ ਲੇਖਾਂ ਤੋਂ ਬਹੁਤ ਨਵੀਆਂ ਗੱਲਾਂ ਦਾ ਪਤਾ ਲੱਗਦਾ ਹੈ। ਖਾਸ ਕਰਕੇ ਅੰਬੇਡਕਰ ਅਤੇ ਹੋਰ ਦਲਿਤ ਲੀਡਰਾ ਬਾਰੇ ਉਸ ਨੇ ਖੁੱਲ੍ਹ ਕੇ ਲਿਖਿਆ ਹੈ। ਸਮਾਜੀ ਬਰਾਬਰੀ ਅਤੇ ਧਰਮ ਨੂੰ ਸਮਝਿਆ ਹੈ। ਸਮੇਂ ਸਮੇਂ ਚੱਲੀਆਂ ਲਹਿਰਾਂ ਅਤੇ ਸਮਾਜਿਕ ਮਸਲਿਆਂ ਬਾਰੇ ਬਾਬੂ ਮੰਗੂ ਰਾਮ ਨੇ ਬੇਬਾਕ ਤੇ ਬੇ ਕਿਰਕ ਹੋ ਕੇ ਲਿਖਿਆ ਹੈ। ਇਨ੍ਹਾਂ ਲੇਖਾਂ ਨੂੰ ਇਤਿਹਾਸਕ ਦਸਤਾਵੇਜ਼ ਦੇ ਤੌਰ ਤੇ ਸਾਂਭਿਆ ਗਿਆ ਹੈ। ਜਿਹੜਾ ਕਿ ਬਹੁਤ ਚੰਗਾ ਉਪਰਾਲਾ ਹੈ।



## ਹੁੰਗਾਰਾ



ਕਹਾਣੀ ਧਾਰਾ-26 ਜੁਲਾਈ-ਸਤੰਬਰ 2012 'ਭਾਰਤੀ ਦਲਿਤ ਕਹਾਣੀ ਵਿਸ਼ੇਸ਼ ਅੰਕ' ਪੜ੍ਹ ਕੇ ਬੜੀ ਖੁਸ਼ੀ ਹੋਈ। ਸਾਰਾ ਅੰਕ ਹੀ ਸਲਾਹੁਣਯੋਗ ਤੇ ਸਾਂਭਣਯੋਗ ਹੈ। ਇਸ ਅੰਕ ਵਿਚ ਸੰਪਾਦਕ ਨੇ ਇਕ ਵਿਲੱਖਣ ਭਾਂਤ ਦਾ ਹੰਭਲਾ ਮਾਰਿਆ ਹੈ। ਉਹ ਹੈ ਵੱਖ-ਵੱਖਰੀਆਂ ਭਾਸ਼ਾਵਾਂ ਗੁਜਰਾਤੀ, ਤੇਲਗੂ, ਉੜੀਆ, ਬੰਗਲਾ, ਤਾਮਿਲ, ਕੰਨੜ ਅਤੇ ਮਰਾਠੀ ਭਾਸ਼ਾਵਾਂ ਵਿਚ ਦਲਿਤ ਸਰੋਕਾਰਾਂ ਨਾਲ ਸੰਬੰਧਿਤ ਕਹਾਣੀਆਂ ਦਾ ਪੰਜਾਬੀ ਅਨੁਵਾਦ। ਇਹ ਅਨੁਵਾਦ ਇੰਨੇ ਵਧੀਆ ਤੇ ਸੁਚੱਜੇ ਢੰਗ ਨਾਲ ਕੀਤਾ ਗਿਆ ਹੈ ਕਿ ਕਿਧਰੇ ਵੀ ਪਾਤਰਾਂ ਦੀਆਂ ਭਾਵਨਾਵਾਂ, ਪੀੜ੍ਹ ਤੇ ਦਰਦ ਗੁਆਚਦੇ ਨਜ਼ਰ ਨਹੀਂ ਆਉਂਦੇ ਸਗੋਂ ਭਾਵਾਂ ਦੀ ਡੂੰਘਾਈ ਹੂਬਹੂ ਪਾਠਕ ਤੱਕ ਪਹੁੰਚਦੀ ਹੈ। 'ਵਿਸ਼ੇਸ਼ ਅੰਕ' ਵਿਚ ਵੱਖੋਂ-ਵੱਖਰੇ ਸਮਾਜਾਂ ਨਾਲ ਸੰਬੰਧਤ ਦਲਿਤ ਜੀਵਨ ਦੇ ਵੇਰਵੇ ਪੇਸ਼ ਹੋਏ ਮਿਲਦੇ ਹਨ। ਜਿਹੜੇ ਕਿ ਦਲਿਤ ਸਮਾਜ ਦੇ ਵੱਖੋਂ-ਵੱਖਰੇ ਸਰੋਕਾਰਾਂ ਨਾਲ ਸੰਬੰਧਤ ਹਨ। ਜਿਹਨਾਂ ਵਿਚ ਛੂਤ- ਛਾਤ, ਭਿੱਟ, ਦਲਿਤ ਬੱਚਿਆਂ ਦਾ ਦੁਖਾਂਤ , ਦਲਿਤਾਂ ਬਾਰੇ ਬ੍ਰਾਹਮਣੀ ਸੋਚ, ਦਲਿਤ ਔਰਤਾਂ ਦੀ ਸਥਿਤੀ, ਦਲਿਤਾਂ ਦੀ ਆਰਥਿਕ ਸਥਿਤੀ, ਇਹਨਾਂ ਜਾਤਾਂ ਦੇ ਆਪਸੀ ਸੰਬੰਧ, ਸ਼ੋਸ਼ਣ, ਈਰਖਾ , ਟਕਰਾਅ, ਅੰਧਵਿਸ਼ਵਾਸ ਆਦਿ ਪ੍ਰਮੁੱਖ ਕੜੀਆਂ ਬਣਦੀਆਂ ਹਨ। ਜਿਹੜੀਆਂ ਦਲਿਤ ਜੀਵਨ ਦੇ ਵਿਕੋਲਿਤਰੇ ਵੇਰਵਿਆਂ ਨਾਲ ਸੰਬੰਧਤ ਹਨ। ਇਹਨਾਂ ਕਹਾਣੀਆਂ ਵਿਚ ਦਲਿਤ ਜੀਵਨ ਦੇ ਸਮਾਜਕ ਸਰੋਕਾਰਾਂ ਦੇ ਅੰਤਰਗਤ ਜਿਹੜਾ ਮੁੱਖ ਸਰੋਕਾਰ ਬਣਦਾ ਹੈ, ਉਹ ਛੂਤ-ਛਾਤ ਤੇ ਭਿੱਟ ਦਾ ਹੈ । ਇਹ ਸਮੱਸਿਆ ਲਗਭੱਗ ਸਾਰੇ ਸਮਾਜਾਂ ਵਿਚ ਇੱਕੋ ਰੂਪ ਵਿਚ ਉੱਭਰਦੀ ਹੈ। ਇਸ ਸੰਦਰਭ ਵਿਚ ਵਿਸ਼ੇਸ਼ ਅੰਕ ਦੀ ਤੇਲਗੂ ਕਹਾਣੀ 'ਕਾਲੀ ਸਿਆਹੀ' ਉਲੇਖਯੋਗ ਹੈ। ਜਿਸ ਵਿਚ ਛੂਤ ਛਾਤ ਤੇ ਭਿੱਟ ਦੀ ਭਾਵਨਾ ਇਕ ਛੋਟੀ ਜਿਹੀ ਬੱਚੀ ਵੀ ਇਸ ਕਦਰ ਕੁੱਟ ਕੁੱਟ ਕੇ ਭਰੀ ਹੋਈ ਹੈ ਕਿ ਜਦੋਂ ਉਸ ਬੱਚੀ ਨੂੰ ਪਤਾ ਲੱਗਦਾ ਹੈ ਕਿ ਗੁਆਂਢ ਵਾਲੀ ਆਂਟੀ ਕਿਸੇ ਉੱਚੀ ਜਾਤੀ ਦੀ ਨਾ ਹੋ ਕੇ ਮਹਾਰ ਜਾਤੀ ਦੀ ਹੈ, ਤਾਂ ਉਹ ਖਾਣਾ ਵਿਚ ਹੀ ਛੱਡ ਕੇ ਉਥੋਂ ਭੱਜ ਜਾਂਦੀ ਹੈ।ਇਸ ਤਰ੍ਹਾਂ ਕਥਾਨਕ ਵਰਤਾਰੇ ਵਿਚ 'ਭਿੱਟ' ਦਾ ਸੰਕਲਪ ਵਿਸ਼ਾਲ ਅਰਥਾਂ ਵਿਚ ਉੱਭਰਦਾ ਹੈ। ਅਜ਼ਾਦੀ ਤੋਂ ਬਾਅਦ ਭਾਵੇਂ ਛੂਤ-ਛਾਤ ਦਾ ਇੰਨਾ ਵਿਕਰਾਲ ਤੇ ਕਠੋਰ ਰੂਪ ਤਾਂ ਵੇਖਣ ਨੂੰ ਨਹੀਂ ਮਿਲਦਾ ਪਰ ਇਸ ਤੋਂ ਪੂਰੀ ਤਰ੍ਹਾਂ ਸਮਾਜਕ ਮੁਕਤੀ ਵੀ ਨਹੀਂ ਮਿਲ ਸਕੀ।

ਭਾਰਤ ਵਿਚ ਜਾਤੀ ਵਿਵਸਥਾ ਦੀ ਜਕੜ ਸੰਸਕਾਰਾਂ ਵਿਚ ਇੰਨੀ ਡੂੰਘੀ ਉਤਰ ਚੁੱਕੀ ਹੈ ਕਿ ਇਹ ਜਾਤੀਗਤ ਵਿਤਕਰੇ ਸਰਕਾਰੀ ਦਫ਼ਤਰਾਂ ਦੀ ਅਫ਼ਸਰਸ਼ਾਹੀ ਤੇ ਬਾਬੂਆਂ ਵਿਚ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। 'ਦਫ਼ਤਰ ਦਾ ਚਪੜਾਸੀ' ਕਹਾਣੀ ਵਿਚ ਚਪੜਾਸੀ ਦਿਆਲੂ ਨੂੰ ਵੀ ਸਾਹਬ ਦੇ ਨਾਲ ਡੈਪੂਟੇਸ਼ਨ ਤੇ ਇਸ ਲਈ ਲਿਆਦਾ ਜਾਂਦਾ ਹੈ ਕਿਉਂਕਿ ਉੱਚ ਜਾਤੀ ਦਾ ਕੋਈ ਵੀ ਚਪੜਾਸੀ ਸਾਹਿਬ ਦੇ ਕੁੱਤੇ ਦਾ ਗੰਦ ਸਾਫ਼ ਕਰਨ ਲਈ ਤਿਆਰ ਨਹੀਂ ਸੀ। ਨਵੀਂ ਪੂੰਜੀਵਾਦੀ ਵਿਵਸਥਾ ਦੇ ਆਉਣ ਨਾਲ ਭਾਵੇਂ ਹਾਲਾਤ ਪਹਿਲੇ ਵਰਗੇ ਭਿਆਨਕ ਨਹੀਂ ਰਹੇ। ਦਲਿਤਾਂ ਦੀ ਆਰਥਿਕ ਸਥਿਤੀ ਵਿਚ ਵੀ ਪਹਿਲਾਂ ਨਾਲੋਂ ਕਾਫ਼ੀ ਸੁਧਾਰ ਹੋਇਆ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਅੱਜ ਵੀ ਦਲਿਤ ਮਾਨਸਿਕਤਾ ਹੀਣਤਾ ਤੇ ਜਾਤੀਗਤ ਵਿਤਕਰੇ ਹੰਢਾਉਣ ਲਈ ਮਜ਼ਬੂਰ ਹਨ। ਜਿਸ ਦਾ ਇਸ ਅੰਕ ਦੀਆਂ ਕਹਾਣੀਆਂ ਵਿਚ ਭਾਵਪੂਰਤ ਉਲੇਖ ਮੌਜੂਦ ਹੈ। ਇਸ ਤਰ੍ਹਾਂ ਇਸ ਅੰਕ ਵਿਚ ਦਲਿਤ ਵਰਗ ਦਾ ਇਕ ਵਿਸ਼ਾਲ ਤੇ ਨਿੱਗਰ ਰੂਪ ਪੇਸ਼ ਹੁੰਦਾ ਹੈ। ਜਿਸ ਦੇ ਲਈ ਅਨੁਵਾਦਕ ਮਨਦੀਪ ਕੌਰ ਵੀ ਵਧਾਈ ਦੀ ਪਾਤਰ ਹੈ।

- **ਡਾ. ਮਿਨਾਕਸ਼ੀ ਰਾਠੌਰ**, ਪੰਜਾਬੀ ਵਿਭਾਗ, ਡੀ. ਏ. ਵੀ. ਕਾਲਜ, ਚੰਡੀਗੜ੍ਹ

'ਕਹਾਣੀ ਧਾਰਾ ਦਾ ਭਾਰਤੀ ਦਲਿਤ ਕਹਾਣੀ ਅੰਕ ਮਿਲ ਗਿਆ, ਬੜੀ ਖੁਸ਼ੀ ਹੋਈ, ਧੰਨਵਾਦ। ਇਸ ਗੱਲ ਦਾ ਵੀ ਧੰਨਵਾਦ ਕਿ ਤੁਸੀਂ 'ਭਗਤ ਸਿੰਘ ਦੇ ਸਿਆਸੀ ਦਸਤਾਵੇਜ਼ ਦਾ ਰਿਵਿਊ ਛਾਪਿਆ ਹੈ। ਵੱਖ ਵੱਖ ਜ਼ਬਾਨਾਂ ਦੀਆਂ ਭਾਰਤੀ ਕਹਾਣੀਆਂ ਅਨੁਵਾਦ ਕਰਵਾ ਕੇ ਤੁਸੀਂ ਬੜਾ ਚੰਗਾ ਉਪਰਾਲਾ ਕੀਤਾ ਹੈ, ਪਰ ਭਗਤ ਸਿੰਘ ਸੰਬੰਧੀ ਸਾਇਦ ਤੁਸੀਂ ਉਨ੍ਹਾਂ ਦੇ ਲੇਖ ਅਛੂਤ ਦਾ ਸਵਾਲ ਦੇ ਸਹੀ ਅਰਥ ਨਹੀਂ ਸਮਝੇ, ਤੁਸੀਂ ਕਿਤਾਬ ਦੇ ਰਿਵਿਊ ਵਿਚ ਇਸ ਲੇਖ ਦਾ ਜ਼ਿਕਰ ਕਰਕੇ ਲਿਖਿਆ ਹੈ, 'ਇਸ ਲੇਖ ਵਿਚ ਇਕ ਥਾਂ ਲਿਖਦਾ ਹੈ ਕਿ ਭਗਤ ਸਿੰਘ 'ਆਦਿ ਧਰਮ ਮੰਡਲ' ਦੇ ਰੂਪ ਵਿਚ ਅਛੂਤਾਂ ਨੂੰ ਵੱਖਰੇ ਤੌਰ ਤੇ ਇਕੱਠੇ ਕਰਨ ਲਈ ਸਰਕਾਰੀ ਆਦਮੀਆਂ ਦਾ ਹੱਥ ਵੀ ਕਾਫੀ ਹੱਦ ਤੱਕ ਸੀ। ਇਸ ਗੱਲ ਨਾਲ ਬਿਲਕੁਲ ਸਹਿਮਤ ਨਹੀਂ ਹੋਇਆ ਜਾ ਸਕਦਾ...(ਸਫਾ 89) ਜੇ ਭਗਤ ਸਿੰਘ ਨੇ ਇਹੋ ਲਫ਼ਜ ਵਰਤੇ ਹੁੰਦੇ ਤਾਂ ਸਹੀ ਤੌਰ ਤੇ ਸਹਿਮਤ ਨਹੀਂ ਸੀ ਹੋਇਆ ਜਾ ਸਕਦਾ ਪਰ ਭਗਤ ਸਿੰਘ ਦੇ ਲੇਖ ਵਿਚ ਵਰਤੇ ਲਫ਼ਜ਼ ਇੰਜ ਹਨ, ਇਧਰ ਜਦ ਅਛੂਤਾਂ ਨੇ ਦੇਖਿਆ ਕਿ ਸਾਡੀ ਖਾਤਰ ਇਨ੍ਹਾਂ ਵਿਚ (ਹਿੰਦੂਆਂ ਤੇ ਮੁਸਲਮਾਨਾਂ) ਫ਼ਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ ਖੁਰਾਕ ਸਮਝ ਰਿਹਾ ਹੈ ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਿਤ ਹੋਈਏ। ਇਸ ਖਿਆਲ ਨੂੰ ਸ਼ੁਰੂ ਕਰਨ ਵਿਚ ਸਰਕਾਰ ਅੰਗੇਜ਼ੀ ਦਾ ਕੋਈ ਹੱਥ ਹੋਵੇ ਜਾਂ ਨਾਂ ਹੋਵੇ, ਇਨ੍ਹਾਂ ਜ਼ਰੂਰ ਹੈ ਕਿ ਉਸ ਦੇ ਪਰਚਾਰ ਵਿਚ ਸਰਕਾਰੀ ਆਦਮੀਆਂ ਦਾ ਭੀ ਕਾਫੀ ਹੱਥ ਹੈ ਸੀ। 'ਆਦਿ ਧਰਮ ਮੰਡਲ' ਆਦਿਕ ਉਸੇ ਪ੍ਰਚਾਰ ਦਾ ਨਤੀਜਾ ਹਨ। " (ਭਗਤ ਸਿੰਘ ਦੇ ਸਿਆਸੀ ਦਸਤਾਵੇਜ਼, ਸਫਾ 23) ਇਸੇ ਲੇਖ ਵਿਚ ਅੱਗੇ ਜਾ ਕੇ ਭਗਤ ਸਿੰਘ ਨੇ ਜਾਤ ਪਾਤ ਦੀ ਸਖ਼ਤ ਨਿਖੇਧੀ ਕਰਦੇ ਹੋਏ, ਅਛੂਤਾਂ ਦੇ ਵੱਖਰੇ ਸੰਗਠਨ ਬਣਾਉਣ ਦੀ ਹਿਮਾਇਤ ਕਰਦੇ ਹਨ। ਡਾ. ਰੌਣਕੀ ਰਾਮ ਤਾਂ ਆਪਣੇ ਲੇਖ 'ਸ਼ਹੀਦ ਏ ਆਜ਼ਮ ਭਗਤ ਸਿੰਘ ਅਤੇ ਅਛੂਤ ਦਾ ਸਵਾਲ ਲੇਖ ਵਿਚ ਭਗਤ ਸਿੰਘ ਦੇ ਅਛੂਤਾਂ ਦੀ ਵੱਖਰੀ ਜਥੇਬੰਦੀ ਦੇ ਹੱਕ ਦੀ ਵਕਾਲਤ ਡਾ. ਅੰਬੇਡਕਰ ਤੋਂ ਵੀ ਪਹਿਲਾਂ ਦਾ ਇੰਨਕਲਾਬੀ ਕਦਮ ਕਹਿੰਦੇ ਹਨ। ਭਗਤ ਸਿੰਘ ਇਕ ਸਿਆਸੀ ਵਿਚਾਰਕ ਸੀ ਤੇ 21 ਸਾਲ ਦੀ ਉਮਰ ਵਿਚ ਲਿਖਿਆ ਉਨ੍ਹਾਂ ਦਾ ਇਹ ਲੇਖ ਆਪਣੇ ਵਕਤ ਤੋਂ ਕਿਤੇ ਅੱਗੇ ਵਧੇ ਖਿਆਲ ਦੀ ਤਰਜਮਾਨੀ ਕਰਦਾ ਹੈ, ਭਾਵੇਂ ਕਿ ਪ੍ਰਸੰਗ ਵਿਚੋਂ ਕੱਟ ਕੇ ਇਸ ਇਕ ਪੰਕਤੀ ਆਦਿ ਧਰਮ ਮੰਡਲ ਆਦਿਕ ਉਸੇ ਪ੍ਰਚਾਰ ਦਾ ਨਤੀਜਾ ਹਨ। ਦੀ ਗਲਤ ਵਿਆਖਿਆ ਹੋ ਸਕਦੀ ਹੈ, ਪਰ ਪੂਰੇ ਲੇਖ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਇਹ 1928 ਦੀ ਅਛੂਤ ਪਹੁੰਚ ਪ੍ਰਤੀ ਇਨਕਲਾਬੀ ਲਿਖਤ ਹੀ ਕਹੀ ਜਾਏਗੀ।

**-ਡਾ. ਚਮਨ ਲਾਲ**, ਜਵਾਹਲ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ

ਅਪ੍ਰੈਲ-ਜੂਨ, 2012 ਦਾ 'ਕਹਾਣੀ ਧਾਰਾ' ਮਿਲ ਗਿਆ। ਇਸ ਵਾਰ ਤੇਰਾ ਸੰਪਾਦਕੀ ਤੇ ਜਨ ਬੋਧ ਵਿਚਲੇ ਦੋਵੇਂ ਭਾਸ਼ਨ ਨੁਮਾ ਨਿਬੰਧ ਬੜਾ ਹੀ ਸਾਰਥਕ ਸੰਵਾਦ ਰਚਾਉਂਦੇ ਹਨ। ਦਲਿਤ ਚਿੰਤਕ ਅੱਜ ਤੀਕ ਦਲਿਤਾਂ ਨੂੰ ਆਦਿ-ਵਾਸੀਆਂ ਵਜੋਂ ਪਰਚਾਰਦੇ ਰਹੇ ਪਰ ਤੇਰਾ ਸੰਪਾਦਕੀ ਪਹਿਲੀ ਵਾਰ ਆਦਿ ਵਾਸੀ ਕਬੀਲਿਆਂ ਦੀ ਪਹਿਚਾਣ ਕਰਕੇ 'ਦਲਿਤ' ਦੀ ਸਹੀ ਪ੍ਰੀਭਾਸ਼ਾ ਸੇਧਤ ਕਰਨ ਦਾ ਯਤਨ ਕਰਦਾ ਹੈ। ਦਲਿਤ ਸਮਾਜ ਦਾ ਹਿੰਦੂ ਸਮਾਜ ਦੇ ਨਾਲ ਨਾਲ ਰਹਿਣਾ ਅਤੇ ਆਦਿ ਵਾਸੀ ਕਬੀਲਾ ਸਮਾਜ ਦਾ ਹਿੰਦੂ ਸਮਾਜ ਤੋਂ ਅਲੱਗ ਜੰਗਲਾਂ ਵਿਚ ਰਹਿਣਾ ਦੋ ਵੱਖ ਵੱਖ ਸਮਾਜਕ ਸਭਿਆਚਾਰਕ ਸਮਾਜਾਂ ਦੀ ਹੋਂਦ ਦੀ ਸਚਾਈ ਹੈ। ਦੂਜਾ ਨੁਕਤਾ ਡਾ. ਵੀਰ ਭਾਰਤ ਤਲਵਾੜ ਦਾ ਵਿਚਾਰਨਯੋਗ ਹੈ ਕਿ ਜਾਤੀ ਪਾਤੀ ਸਮਾਜ ਦੀ 'ਦਲਿਤ' ਸਮਾਜ ਦੇ ਅੰਦਰ ਦੀ ਜਾਤੀ ਪਾਤੀ ਵਿਵਸਥਾ ਦੀ ਪਹਿਚਾਣ ਕਰਨਾ ਹੈ। ਹਿੰਦੂ ਮਰਦ ਪ੍ਰਧਾਨ ਸਮਾਜ ਦੀ ਤਰ੍ਹਾਂ ਦਲਿਤ ਮਰਦ ਪ੍ਰਧਾਨ ਸਮਾਜ ਦੀ ਉਸਾਰੀ। ਦਲਿਤ ਇਸਤਰੀ ਚੇਤਨਾ ਨੂੰ ਦਬਾਉਣਾ। ਪੜ੍ਹੇ ਲਿਖੇ ਅਦਿਵਾਸੀਆਂ ਵਲੋਂ ਅਨਪੜ੍ਹ ਆਦਿਵਾਸੀਆਂ ਦੀ ਲੁੱਟ ਇਸੇ ਤਰ੍ਹਾਂ ਪੜ੍ਹੇ ਲਿਖੇ ਦਲਿਤਾਂ ਵਲੋਂ ਅਨਪੜ੍ਹ ਦਲਿਤਾਂ ਦੀ ਲੁੱਟ ਦਾ ਮਸਲਾ ਵੀ ਵਿਚਾਰਨ ਯੋਗ ਹੈ।

**-ਡਾ. ਤੇਜਵੰਤ ਮਾਨ**, ਸੰਗਰੂਰ



ਕਹਾਣੀ ਧਾਰਾ-26, ਅਪ੍ਰੈਲ-ਜੂਨ, 12 ਅੰਕ ਪੜ੍ਹਿਆ। ਹਰਜੀਤ ਅਟਵਾਲ ਦੀ ਕਹਾਣੀ ਮੈਨੂੰ ਭੁੱਲ ਕੇ ਦਿਖਾ' ਪੜ੍ਹਕੇ ਮੈਂ ਭਾਵੁਕ ਹੋਣੋ ਨਹੀਂ ਰਹਿ ਸਕਿਆ। ਅਟਵਾਲ ਦੀ ਲਿਖਣ ਸ਼ੈਲੀ ਰਵਾਨਗੀ ਭਰਪੂਰ ਵਾਰਤਕ, ਧੂਹ ਪਾਉਣ ਵਾਲੀ ਹੈ। ਪਰਗਟ ਸਿੰਘ ਸਤੌਜ ਨੇ ਆਪਣੀ ਕਹਾਣੀ 'ਧੜਕਦੇ ਰਿਸ਼ਤੇ' ਵਿਚ ਪੇਸ਼ ਵਿਸ਼ੇ ਨੂੰ ਬਾਖੂਬੀ ਨਿਭਾਇਆ ਹੈ। ਜੜ੍ਹਾਂ ਨਾਲੋ ਟੁੱਟੇ ਬੰਦੇ ਦੀ ਮਾਨਸਿਕਤਾ ਤੇ ਔਰਤ ਦੀ ਤ੍ਰਾਸਦੀ ਨੂੰ ਬਿਆਨ ਕਰਦੀ ਕਹਾਣੀ 'ਸੁੱਕੀਆਂ ਜੜ੍ਹਾਂ' ਧੁਰ ਅੰਦਰ ਤੱਕ ਝੰਜੋੜਨ ਵਾਲੀ ਸੀ। ਦਵਿੰਦਰ ਸਿੰਘ ਮਲਹਾਂਸ ਦੀ ਕਹਾਣੀ 'ਕੁੜੀ' ਸਾਨੂੰ ਕਿੰਨਾ ਕੁੱਝ ਸੋਚਣ ਲਈ ਮਜਬੂਰ ਕਰਦੀ ਹੈ। ਕਹਾਣੀਕਾਰ ਮੇਜਰ ਮਾਂਗਟ ਦੀ ਮੁਲਾਕਾਤ ਕਾਬਿਲ ਏ ਤਾਰੀਫ਼ ਸੀ। ਡਾ. ਜਸਵਿੰਦਰ ਬਿੰਦਰਾ ਨੇ ਸਆਦਤ ਹਸਨ ਮੰਟੋ ਦੀ ਪ੍ਰਭਾਵ ਸਾਲੀ ਸਖ਼ਸ਼ੀਅਤ ਦੇ ਵੱਖ ਵੱਖ ਪਹਿਲੂਆਂ ਬਾਰੇ ਬੜੇ ਰੌਚਿਕ ਤੇ ਖੂਬਸੂਰਤ ਲਿਖਿਆ ਹੈ। ਜਸਬੀਰ ਭੁੱਲਰ ਤੇ ਬਲਬੀਰ ਪਰਵਾਨਾ ਦੇ ਨਾਵਲਾਂ ਦੇ ਕਾਂਡ ਪੜ੍ਹਕੇ ਇਨ੍ਹਾਂ ਨੂੰ ਕਿਤਾਬੀ ਰੂਪ 'ਚ ਪੜ੍ਹਨ ਲਈ ਉੱਤਸੁਕਤਾ ਉਸਲਵੱਟੇ ਲੈਂਦੀ ਹੈ। ਇਸ ਵਾਰ 'ਜਨ ਬੋਧ' ਵਿਚ ਛਪੇ ਦੋਵੇਂ ਲੇਖ ਹੱਥਲੇ ਅੰਕ ਦਾ ਹਾਸਿਲ ਸੀ। ਇਤਿਹਾਸਕ ਦਸਤਾਵੇਜ਼। ਫਿਰ **ਕਹਾਣੀ ਧਾਰਾ ਦਾ 26 ਵਾਂ ਅੰਕ 'ਭਾਰਤੀ ਦਲਿਤ ਕਹਾਣੀ' ਵਿਸ਼ੇਸ਼ ਅੰਕ** ਪੜ੍ਹਿਆ। ਪੜ੍ਹ ਕੇ ਲੂੰਈਂ ਕੰਡਾ ਪਾਟ ਗਿਆ। ਰੂਹ ਕੰਬੀ। ਇਕ ਹਾਉਂਕਾ ਧੁਰ ਅੰਦਰ ਤੱਕ ਚੀਰ ਪਾ ਗਿਆ। ਆਹ ! ਦਲਿਤ ਸਮਾਜ ਕਿਹੋ ਜਿਹੀ ਤ੍ਰਾਸਦੀ ਭੋਗ ਰਿਹਾ ਹੈ। ਉਹ ਕਿੰਨਾ ਊਣਾ ਹੀਣਾ ਤੇ ਬੌਣਾ ਹੋ ਕੇ ਜ਼ਿੰਦਗੀ ਬਸਰ ਕਰ ਰਿਹਾ ਹੈ। ਉਹਦੀ ਅਣਖ, ਗ਼ੈਰਤ ਤੇ ਸਵੈਮਾਣ ਨੂੰ ਇਉਂ ਹੀ 'ਠੇਸ' ਪਹੁੰਚਦੀ ਰਹੇਗੀ? ਉਹ ਹੋਰ ਕਿੰਨਾ ਕੁ ਚਿਰ ਪੀੜਤ ਸ਼ੋਸ਼ਣ ਤੇ ਹਾਸ਼ੀਆ ਗ੍ਰਾਸਤ ਰਹੇਗਾ? ਕਿੰਨੇ ਹੀ ਸਵਾਲ ਮੇਰੇ ਜ਼ਿਹਨ 'ਚ ਖੌਰੂ ਪਾਉਂਦੇ ਰਹੇ। ਹੱਥਲੇ ਅੰਕ ਦੀਆਂ ਕਹਾਣੀਆਂ ਪੜ੍ਹ ਕੇ ਸ਼ਿੱਦਤ ਨਾਲ ਅਹਿਸਾਸ ਹੋਇਆ ਕਿ ਅਸਲ ਦਲਿਤ ਕਹਾਣੀ ਇਹੋ ਜਿਹੀ ਹੁੰਦੀ ਹੈ। ਜੋ ਦਲਿਤ ਸਮਾਜ ਦੇ ਕਰੂਰ ਯਥਾਰਥ ਨੂੰ ਸਾਹਿਤਕ 'ਪੁੱਠ' ਦੇ ਕੇ ਕਹਾਣੀ ਕਲਾ ਦੀ 'ਚਾਸਣੀ' ਵਿਚ ਭਿਉਂਕੇ ਬੇਬਾਕੀ ਨਾਲ ਬਾਖੂਬੀ ਬਿਆਨ ਕਰਦੀ ਹੈ। ਹਰ ਕਹਾਣੀ ਪੜ੍ਹਦਿਆਂ ਮਹਿਸੂਸ ਹੁੰਦਾ ਸੀ। ਜਿਵੇਂ ਕਹਾਣੀ ਸਾਹਮਣੇ ਵਾਪਰ ਰਹੀ ਹੈ। ਫਿਲਮ ਦੀ ਰੀਲ੍ਹ ਵਾਂਗੂੰ ਅੱਖਾਂ ਸਾਹਵੇਂ ਘੁੰਮ ਰਹੀ ਹੈ। ਜਾਣੀ, ਪਾਤਰਾਂ ਦੇ ਚਿਹਰੇ ਮੋਹਰੇ, ਥਾਂ ਘਟਨਾਵਾਂ, ਦ੍ਰਿਸ਼ ਸਭ ਸਾਹਮਣੇ ਪ੍ਰਤੱਖ ਦਿਸਦੇ ਨੇ। ਇਨ੍ਹਾਂ ਕਹਾਣੀਆਂ ਦਾ ਅਨੁਵਾਦ ਬਹੁਤ ਹੀ ਸੂਝ ਬੂਝ ਸਿਆਣਪ ਤੇ ਖੂਬਸੂਰਤੀ ਨਾਲ ਕੀਤਾ ਗਿਆ ਹੈ। ਕਿ ਕਿਸੇ ਵੀ ਕਹਾਣੀ ਦੀ ਮੂਲ ਭਾਵਨਾ ਨੂੰ ਭੋਰਾ ਜਿੰਨੀ ਵੀ ਠੇਸ ਨਹੀਂ ਪਹੁੰਚੀ। ਇਉਂ ਲੱਗਦੈ ਜਿਵੇਂ ਅਨੁਵਾਦਕ ਨੇ ਇਹ ਸਭ ਆਪਣੇ ਪਿੰਡੇ ਤੇ ਹੰਢਾਇਆ ਹੋਵੇ। ਪਾਤਰਾਂ ਦੀ ਪੀੜ ਨੂੰ ਮਹਿਸੂਸ ਕੀਤਾ ਹੋਵੇ। ਐਨਾ ਨਿੱਠਕੇ ਨਿਪੁੰਨਤਾ ਨਾਲ ਅਨੁਵਾਦ ਕਰਨ ਲਈ ਅਨੁਵਾਦਕ ਦੀ ਮਿਹਨਤ, ਲਗਨ, ਸਿਰੜ ਤੇ ਦਲਿਤ ਕਹਾਣੀ ਤੇ ਸਮਾਜ ਪ੍ਰਤੀ ਉਹਦੀ ਸੁਹਿਰਦ ਪਹੁੰਚ ਦੀ ਪ੍ਰਸ਼ੰਸ਼ਾ ਕਰਨੀ ਬਣਦੀ ਹੈ। ਭਾਰਤੀ ਦਲਿਤ ਕਹਾਣੀ ਨੂੰ ਝੱਝਵੇਂ ਰੂਪ ਵਿਚ ਛਾਪਣਾ ਜਿੱਥੇ 'ਕਹਾਣੀ ਧਾਰਾ' ਦੀ ਖਾਸ ਪ੍ਰਾਪਤੀ ਹੈ।

**- ਪ੍ਰੀਤ ਨੀਤਪੁਰ**, ਬਾੜੀਆਂ ਕਲਾਂ, ਹੁਸ਼ਿਆਰਪੁਰ

'ਕਹਾਣੀ ਧਾਰਾ-26 ਦਾ 'ਭਾਰਤੀ ਦਲਿਤ ਕਹਾਣੀ' ਅੰਕ ਦੀਆਂ ਕਹਾਣੀਆਂ ਹਜ਼ਾਰਾਂ ਸਾਲਾਂ ਤੋਂ ਗੁਲਾਮ ਤੇ ਆਪਣੇ ਵਿਚਾਰ ਪ੍ਰਗਟ ਕਰਨ ਤੋਂ ਜਬਾਨ ਕੱਟੀ ਵਾਲੇ ਅਛੂਤਾਂ, ਦਲਿਤਾਂ ਦੀਆਂ ਪੀੜਾਂ ਤੇ ਦੁੱਖ ਦਰਦ ਨੇ। ਜਵਾਨ ਦਲਿਤ ਔਰਤਾਂ 'ਰਖਵਾਲੇ ਸੱਪਾਂ' ਦੀਆਂ ਡੰਗੀਆਂ, ਮਸਲੀਆਂ ਬਹੋਸੀ ਦੀ ਹਾਲਤ ਵਿਚ ਘਰ ਪਹੁੰਚੀਆਂ ਬੀਮਾਰ ਪਤੀ ਨੂੰ ਦੱਸ ਵੀ ਨਹੀਂ ਸਕਦੀਆਂ, ਪਰ ਹੱਥ ਤਾਂ ਉਠਣਗੇ ਹੀ। 'ਜਮਾਂਦਰੂ ਨਿਸ਼ਾਨ' ਵਾਲੀ ਰੂੜੀ ਨੂੰ ਪਤਾ ਵੀ ਨਹੀਂ ਲੱਗਿਆ ਕਿ ਉਸ ਉੱਤੇ ਝਪਟਦੇ ਕਾਮੀ ਬੰਦੇ ਤੋਂ ਘਬਰਾ ਕੇ ਡਰੀ ਹੋਈ ਦੇ ਕਦੋਂ ਉਹਦੇ ਹੱਥਾਂ ਵਿਚ ਕਸ ਕੇ ਦਾਤੀ ਫੜੀ ਗਈ। ਪਰ ਗੱਲ ਸਮੇਂ ਨਾਲ ਆਏ ਬਦਲਾਵ ਦੀ ਹੀ ਹੁੰਦੀ ਹੈ। ਜੋ 'ਇਕ ਸ਼ਾਮ ਦੀ ਘਟਨਾ' ਵਿਚ ਉੱਚੀ ਜਾਤੀ ਦੇ ਲੜਕੇ ਤੇ ਨੀਵੀਂ ਜਾਤੀ ਦੀ ਕੁੜੀ ਨੂੰ ਮਾਰ ਕੇ ਲਾਸ਼ਾਂ ਰੁੱਖਾਂ ਤੇ ਟੰਗ ਕੇ ਪਿੰਡ ਦੇ ਲੋਕ ਖ਼ੁਸ਼ੀ ਮਨਾਉਂਦੇ ਨੇ ਤਾਂ 'ਇਕ ਡੂੰਘੀ ਰਾਤ' ਨੂੰ ਘਰੋਂ ਭੱਜੀ ਉੱਚੀ ਜਾਤੀ ਦੀ ਲੜਕੀ ਨੂੰ ਨੀਵੀਂ ਜਾਤੀ ਦੇ ਮੁੰਡੇ ਦਾ ਬੀਜ ਢਿੱਡ ਵਿਚ ਲੈ ਕੇ ਆਈ ਨੂੰ

ਮਾਂ ਘਰ ਨਹੀਂ ਵੜਨ ਦਿੰਦੀ। ਪਰ ਬੀਅ ਤਾਂ ਜੰਮੇਗਾ ਹੀ, ਇਹ ਨਵੇਂ ਸਮਾਜ ਦੀ ਸਿਰਜਣਾ ਦਾ ਸੂਚਕ ਹੈ। ਦਲਿਤਾਂ ਦੀ ਹੋਂਦ ਹੀ ਅਪਮਾਨ ਜਨਕ ਹੈ। 'ਤਰੱਕੀ' ਹੋਣ ਤੇ ਵੀ ਨਾਇਕ ਦਾ ਕਹਿਣਾ ਜੂਨੀਅਰ ਮੁਲਾਜ਼ਮ ਨਹੀਂ ਮੰਨਦਾ। ਟਰੇਨ ਵਿਚ ਉਹਦੇ ਦਲਿਤ ਗੋਤਰ ਕਰਕੇ ਵਿਅੰਗ ਕਰਦੇ ਨੇ ਤੇ ਘਰ ਪੁੱਜਣ ਤੇ ਦੇਖਿਆ ਉਹਦਾ ਮੁੰਡਾ ਉੱਚ ਜਾਤੀਏ ਦੇ ਘੜੇ ਨੂੰ ਹੱਥ ਲਾਉਣ ਕਰਕੇ ਕੁੱਟ ਖਾ ਕੇ ਆਇਆ ਰੋ ਰਿਹਾ ਏ। ਉਹ 'ਨਾ ਘਰ ਦਾ ਨਾ ਘਾਟ ਦਾ' ਹੈ। ਅਫ਼ਸਰ ਲੱਗ ਕੇ ਵੀ ਕੁਲੀਗ ਉੱਚ ਜਾਤੀ ਦੀ ਕੁੜੀ ਉਸ ਨਾਲ ਵਿਆਹ ਨਹੀਂ ਕਰਵਾਉਂਣਾ ਚਾਹੁੰਦੀ, ਨਾਇਕ ਨਾਲ ਰੋਮਾਂਸ ਕਰਕੇ ਟਾਈਮ ਪਾਸ ਕਰ ਰਹੀ ਏ। ਪ੍ਰੋ. ਹਰਦੀਪ ਕੌਰ ਇਨ੍ਹਾਂ ਕਹਾਣੀਆਂ ਦਾ ਅਨੁਵਾਦ ਕਰਦਿਆਂ ਇਨ੍ਹਾਂ ਕਹਾਣੀਆਂ ਵਿਚ ਵਿਚਰਦੀ ਮਹਿਸੂਸ ਕਰ ਰਹੀ ਹੈ। ਤਾਂ ਮੈਂ ਇਨ੍ਹਾਂ ਕਹਾਣੀਆਂ ਨੂੰ ਇਸ ਦ੍ਰਿਸ਼ਟੀ ਤੋਂ ਵੀ ਦੇਖਦਾ ਹਾਂ ਕਿ ਦਲਿਤਾਂ ਵਿਚੋਂ ਵਿਕਾਸ ਕਰ ਚੁੱਕਿਆ ਬੁੱਧੀ ਜੀਵੀ ਵਰਗ ਗੁਲਾਮੀ ਦੀ ਦਲਦਲ ਵਿਚ ਧਸੇ ਵਰਗ ਲਈ ਚਿੰਤਿਤ ਹੈ। ਚਿੰਤਨ ਕਰ ਰਿਹਾ ਹੈ। ਤਾਂ ਇਸ ਵਰਗ ਦਾ ਭਵਿੱਖ ਉਜਵੱਲ ਨਜ਼ਰ ਆਉਂਦਾ ਹੈ।

**-ਸਰੂਪ ਸਿਆਲਵੀ**, ਰੋਪੜ

ਕਹਾਣੀ ਧਾਰਾ-25 ਅੰਕ ਪੜ੍ਹਿਆ। ਨਾਵਲ ਕਾਂਡ 'ਇਕ ਉਦਾਸ ਵਾਰਤਾ' ਜਸਬੀਰ ਭੁੱਲਰ ਅਤੇ 'ਅੰਬਰ ਵੱਲ ਉਡਾਨ' ਬਲਬੀਰ ਪਰਵਾਨਾ ਦੋਵੇਂ ਵਧੀਆ ਫੀਚਰ ਹਨ। ਭੁੱਲਰ ਦਾ ਫ਼ੌਜੀ ਜ਼ਿੰਦਗੀ ਪ੍ਰਤੀ ਡੂੰਘਾ ਤਜਰਬਾ ਹੈ, ਪਰਵਾਨਾ ਵੀ ਹੰਢਿਆ ਹੋਇਆ ਨਾਵਲਕਾਰ ਹੈ। ਪਰਗਟ ਸਿੰਘ ਸਤੌਜ ਦੀ ਕਹਾਣੀ 'ਧੜਕਦੇ ਰਿਸ਼ਤੇ' ਚੰਗੀ ਸੀ। ਦਵਿੰਦਰ ਮਲਹਾਂਸ ਦੀ ਕਹਾਣੀ 'ਕੁੜੀ' ਇਕ ਨਵਾਂ ਤਜਰਬਾ ਹੈ ਜੋ ਕਮਾਲ ਕਰ ਗਈ। ਸਿਮਰਨਜੀਤ ਦੀ 'ਸੁੱਕੀਆਂ ਜੜ੍ਹਾਂ' ਵੀ ਵਾਹਵਾ ਚੰਗੀ ਰਚਨਾ ਹੈ। ਅਨੁਵਾਦ ਕਹਾਣੀ 'ਪੱਚੀ ਚੌਕਾ ਡੇਢ ਸੌ' ਮੈਨੂੰ ਬਹੁਤ ਪਸੰਦ ਆਈ ਹੈ। ਸੋ ਮੈਂ ਇਸ ਨੂੰ ਮਾਅਰਕੇ ਦੀ ਕਹਾਣੀ ਆਖਾਂਗਾ। ਸਆਦਤ ਹਸਨ ਮੰਟੋ ਦਾ ਜ਼ਿਕਰ ਵੀ ਚੰਗਾ ਰਿਹਾ। ਸਰੂਪ ਸਿਆਲਵੀ ਦਾ 'ਚਾਕੂ ਖੁੰਢਾ ਹੈ' ਸਵੈ ਜੀਵਨੀ ਦਾ ਕਾਂਡ ਪਸੰਦ ਆਇਆ। ਤੁਹਾਡਾ ਧਿਆਨ ਦਲਿਤ ਸਾਹਿਤ ਵੱਧ ਜਿਆਦਾ ਹੈ। ਇਹ ਚੰਗੀ ਗੱਲ ਹੈ। ਸੰਪਾਦਕੀ ਆਦਿ ਵਾਸੀ ਕਬੀਲੇ ਬਾਰੇ ਮਹੱਤਵਪੂਰਨ ਸੀ। ਪਰ ਇਕੜ ਦੁੱਕੜ ਰਚਨਾਵਾਂ ਰੁਮਾਂਟਿਕ ਵੀ ਹੋਣੀਆਂ ਚਾਹੀਦੀਆਂ ਹਨ। ਮਨੁੱਖਤਾ ਜ਼ਿੰਦਗੀ ਖਿੰਡੀ ਖਪਰੀ ਪਈ ਹੈ। ਫਿਰ ਵੀ ਕਿਤੇ ਨਾ ਕਿਤੇ ਗੁਲਾਬੀ ਲੀਕ ਲੱਭ ਹੀ ਪੈਂਦੀ ਹੈ। – **ਬਲਦੇਵ ਪੋਹਲੋਪੁਰੀ**, ਪੋਹਲੋ ਮਾਜਰਾ, ਫਤਿਹਗੜ੍ਹ ਸਾਹਿਬ


'ਕਹਾਣੀਧਾਰਾ' ਦਾ ਅੰਕ 25 ਪੜ੍ਹਿਆ। ਇਸ ਵਿਚਲੀਆਂ ਕਹਾਣੀਆਂ ਪੜ੍ਹ ਕੇ ਬਹੁਤ ਆਨੰਦ ਮਿਲਿਆ ਅਤੇ ਕਹਾਣੀਆਂ ਕਈ ਸਵਾਲ ਵੀ ਛੱਡ ਗਈਆਂ ਜੋ ਜ਼ਿਹਨ ਵਿਚ ਖਲਬਲੀ ਪਾਉਂਦੀਆਂ ਹਨ। ਆਦਿ ਵਾਸੀਆਂ ਬਾਰੇ ਲਿਖੇ ਲੈਕਚਰ ਦੇ ਅੰਸ਼ ਪਾਠਕਾਂ ਦੀ ਜਾਣਕਾਰੀ ਵਿਚ ਭਰਪੂਰ ਵਾਧਾ ਕਰਦੇ ਹਨ। ਡਾ. ਅੰਮ੍ਰਿਤਪਾਲ ਦੁਆਰਾ ਪੇਸ਼ ਮੁਲਾਕਾਤ ਮੇਜਰ ਮਾਂਗਟ ਦੇ ਜ਼ਿੰਦਗੀ ਦੇ ਕੁਝ ਪੱਖਾਂ ਨੂੰ ਦਰਸ਼ਕਾਂ ਪਾਠਕਾਂ ਸਾਹਮਣੇ ਰੂ ਬ ਰੂ ਕਰਦੀ ਹੈ। 'ਪੰਝੀ ਚੌਕਾ ਡੇਢ ਸੌ' ਕਹਾਣੀ ਬਹੁਤ ਹੀ ਡੂੰਘੇ ਅਰਥਾਂ ਦੀ ਧਾਰਨੀ ਹੈ। ਇਹ ਵਰਤਮਾਨ ਸਮੇਂ ਵਿਚ ਵੀ ਉਨ੍ਹੀ ਸਾਰਥਕ ਹੈ ਜਿੰਨੀ ਪਹਿਲੇ ਵੇਲਿਆਂ 'ਚ। ਇਉਂ ਪੂਰਾ ਕਹਾਣੀ ਧਾਰਾ ਵਧੀਆ ਜਾਣਕਾਰੀ ਨਾਲ ਭਰਪੂਰ ਹੈ ਅਤੇ ਪੜ੍ਹਨ ਯੋਗ ਵੀ ਹੈ। ਕੋਈ ਹਿੱਸਾ ਵੀ ਪੜ੍ਹਨ ਤੋਂ ਅਧੂਰਾ ਨਹੀਂ ਛੱਡਿਆ ਜਾ ਸਕਦਾ। - **ਡਾ. ਤਜਿੰਦਰਪਾਲ ਕੌਰ**, ਹਿੰਦੂ ਕੰਨਿਆ ਕਾਲਜ, ਕਪੂਰਥਲਾ

'ਕਹਾਣੀ ਧਾਰਾ-26 ਅੰਕ ਪੜ੍ਹਿਆ। ਪਹਿਲੀ ਵਾਰ ਵੱਖ ਵੱਖ ਭਾਸ਼ਾਵਾਂ ਵਿਚ ਲਿਖੀ ਜਾ ਰਹੀ ਦਲਿਤ ਕਹਾਣੀ ਪੜ੍ਹਨ ਨੂੰ ਮਿਲੀ। ਇਨ੍ਹਾਂ ਕਹਾਣੀਆਂ ਵਿਚ ਜਿਹੜੀ ਭਾਰਤੀ ਦੀ ਸਮਾਜਿਕ ਵਿਵਸਥਾ ਦਿਖਾਈ ਗਈ ਹੈ ਉਹ ਮੀਡੀਏ ਨੂੰ ਕਿਉਂ ਨਹੀਂ ਦਿਸਦੀ ਇਹ ਬੜੀ ਤ੍ਰਾਸਦੀ ਹੈ। ਇਹ ਕਹਾਣੀਆਂ ਪੜ੍ਹ ਕੇ ਬੰਦਾ ਪਰੇਸ਼ਾਨ ਹੁੰਦਾ ਹੈ। ਤੇ ਸੋਚਣ ਲਈ ਮਜਬੂਰ ਹੁੰਦਾ ਹੈ। ਤੁਹਾਨੂੰ ਤੇ ਅਨੁਵਾਦਕ ਨੂੰ ਵਧਾਈ।

**-ਪਰਮਜੀਤ ਦੁਸਾਂਝ**, ਇਟਲੀ




## ਉਤਮ, ਮਿਆਰੀ, ਸੁੰਦਰ ਦਿੱਖ 'ਚ ਛਪੀ ਪੁਸਤਕ!!




ਮੇਰਾ ਬਚਪਨ ਮੇਰੇ ਮੋਢੇ

(ਦਲਿਤ ਸਵੈ ਜੀਵਨੀ)

ਸ਼ਿਓਰਾਜ ਸਿੰਘ ਬੇਚੈਨ

ਪੰਜਾਬੀ ਅਨੁ. ਬਲਬੀਰ ਮਾਧੋਪੁਰੀ

ਮੁੱਲ: 200, ਪੰਨੇ: 192

ISBN 978-81-922343-4-2

ਪ੍ਰਕਾਸ਼ਨ ਸਾਲ 2012

ਡਾ. ਸ਼ਿਓਰਾਜ ਸਿੰਘ ਬੇਚੈਨ ਲਗਭਗ ਢਾਈ ਦਹਾਕਿਆਂ ਤੋਂ ਹਿੰਦੀ ਸਾਹਿਤ ਦੇ ਸੰਜੀਦਾ ਅਤੇ ਮਾਨਵੀ ਸਰੋਕਾਰਾਂ ਸੰਗ ਜੀ-ਜਾਨ ਨਾਲ ਜੂਝਦਾ ਆ ਰਿਹਾ ਹੈ। ਉਸ ਦਾ ਸਮੁੱਚਾ ਸਾਹਿਤ ਭਾਵੇਂ ਉਹ ਕਵਿਤਾ, ਕਹਾਣੀ ਹੋਵੇ ਜਾਂ ਪੱਤ੍ਰਿਕਾਰਤਾ ਨਾਲ ਸੰਬੰਧਿਤ ਕੋਈ ਨਿਬੰਧ, ਕੇਂਦਰ ਵਿਚ ਦਲਿਤ ਵਿਅਕਤੀ ਹੁੰਦਾ ਹੈ। ਉਸ ਸਮਾਜਿਕ ਆਰਥਿਕ ਵਿਤਕਰੇਬਾਜ਼ੀ ਅਤੇ ਹਰ ਤਰ੍ਹਾਂ ਦੇ ਸ਼ੋਸ਼ਣ ਵਿਰੁੱਧ ਆਪਣੇ ਰਚਨਾ ਸੰਸਾਰ ਵਿਚ ਤਾਂ ਆਵਾਜ਼ ਬੁਲੰਦ ਕਰਦਾ ਹੀ ਹੈ ਸਾਹਿਤਕ ਤੇ ਸਮਾਜਿਕ ਮੰਚਾਂ ਉਤੇ ਵੀ ਉਸ ਨੂੰ ਦਲੀਲ ਨਾਲ ਉਭਾਰਦਾ ਹੈ। ਇਸ ਸਭ ਕਾਸੇ ਦੇ ਪਿੱਛੇ ਉਸ ਦੀ ਤਰਕਵਾਦੀ ਅਤੇ ਮਾਨਵਵਾਦੀ ਵਿਚਾਰਧਾਰਾ ਕਾਰਜਸ਼ੀਲ ਹੈ। ਦਰਅਸਲ, ਉਸ ਕੋਲ ਆਦਿ ਲੋਕਾਂ ਦੇ ਖੋਹੇ ਖੁੱਸੇ ਧਰਤੀ, ਧਨ ਤੇ ਧਰਮ ਦੀ ਮੁੜ ਪ੍ਰਾਪਤੀ ਲਈ ਦ੍ਰਿਸ਼ਟੀ ਹੈ। ਦੂਜੇ ਸ਼ਬਦਾਂ ਵਿਚ, ਵਰਣ ਧਰਮ ਦੀ ਰਾਜਨੀਤਿਕ ਵਿਵਸਥਾ ਰਾਹੀ ਅਧਿਕਾਰਹੀਣ ਕੀਤੇ ਗਏ ਬਹੁਜਨਾਂ, ਪਛਾਣ ਗੁਆ ਚੁੱਕੇ ਉਨ੍ਹਾਂ ਮਨੁੱਖਾਂ ਨੂੰ ਪਛਾਣ ਦਿਵਾਉਣ ਲਈ ਹਰ ਪੜਾਅ ਉਤੇ ਸੰਘਰਸ਼ਸ਼ੀਲ ਹੈ। ਡਾ. ਬੇਚੈਨ ਨੇ ਨੇਤਰਹੀਣ ਦਾਦੇ ਨਾਲ ਜੁੱਤੇ ਗੰਢੇ ਤੇ ਪਾਲਿਸ਼ ਕੀਤੇ। ਬਾਲ ਮਜ਼ਦੂਰੀ ਕੀਤੀ। ਸ਼ਹਿਰ ਦੀਆਂ ਗਲੀਆਂ ਵਿਚ ਹੋਕਾ ਦੇ ਕੇ ਆਂਡੇ ਤੇ ਨਿੰਬੂ ਵੇਚੇ। ਫਿਰ ਇੱਟਾਂ ਪੱਥੀਆਂ, ਕਾਰਖ਼ਾਨਿਆਂ ਵਿਚ ਖ਼ਤਰਨਾਕ ਰਸਾਇਣਾਂ ਨਾਲ ਜੂਝਿਆ, ਹੋਟਲਾਂ, ਢਾਬਿਆਂ ਵਿਚ ਭਾਂਡੇ ਮਾਂਜੇ, ਧੋਤੇ। ਉਹ ਭੁੱਖ ਕਾਰਨ ਮੌਤ ਦੇ ਮੂੰਹ ਵਿਚ ਜਾਂਦਾ ਜਾਂਦਾ ਕਈ ਵਾਰ ਬਚਿਆ। ਪਰ ਉਹਦੀ ਮਾਂ ਦੂਜੇ ਵਿਆਹ ਮਗਰੋਂ ਵੀ ਭੁੱਖ ਦਾ ਮੁਕਾਬਲਾ ਨਾ ਕਰਦੀ ਹੋਈ ਗੁਜ਼ਰ ਗਈ। ਜਦੋਂ ਕਿ ਉਹਦਾ ਪੁੱਤ ਸ਼ੌਰਾਜ ਉਸ ਵੇਲੇ ਆਪਣੀ ਚੜ੍ਹਦੀ ਉਮਰੇ ਦੇਸ਼ ਵਿਚ ਇਨਕਲਾਬ ਲਿਆਉਣ ਦੀਆਂ ਸਰਗਰਮੀਆਂ ਕਾਰਨ ਜੇਲ੍ਹ 'ਚ ਸੀ। ਇਹ ਸਾਰਾ ਬਿਰਤਾਂਤ ਉਸ ਨੇ ਆਪਣੀ ਇਸ ਸਵੈ ਜੀਵਨੀ ਦਾ ਹਿੱਸਾ ਬਣਾਇਆ ਹੈ।

**-ਬਲਬੀਰ ਮਾਧੋਪੁਰੀ**

ਪੁਸਤਕ ਮੰਗਵਾਉਣ ਲਈ ਨਿਮਨ ਲਿਖਤ ਪਤੇ 'ਤੇ ਜਾਂ ਨੇੜੇ ਦੇ ਪੁਸਤਕ ਵਿਕਰੇਤਾ ਨਾਲ ਸੰਪਰਕ ਕਰੋ


**ਪਰਵਾਜ਼ ਪ੍ਰਕਾਸ਼ਨ**

Parwaz Parkashan

Vill. Dharampur, P.O. Khamber, Distt. Jalandhar-144026,
Mob. 94170-64350 e.mail:parwazparkashan@gmail.com,
web:-www.parwazparkashan.com



ਨੌਜਵਾਨ ਸਾਇਰ ਸੁਰਜੀਤ ਸੁਮਨ ਦਾ ਪਲੇਠਾ ਕਾਵਿ ਸੰਗ੍ਰਹਿ
ਜਿਸ ਵਿਚ ਉਸ ਨੇ ਦਿਲ ਦੀਆਂ ਗਹਿਰੀਆਂ ਰਮਜ਼ਾਂ ਨੂੰ ਆਪਣੀ ਵਿਲੱਖਣ
ਕਾਵਿ ਉਡਾਰੀ ਨਾਲ ਨਿਵੇਕਲੇ ਚਿਹਨਾਂ ਨਾਲ ਫੜਨ ਦਾ ਸਫ਼ਲ ਉਪਰਾਲਾ
ਕੀਤਾ ਹੈ।
ਸਰਦ ਰੁੱਤ ਵਿਚ ਤੁਹਾਡੀਆਂ ਭਾਵਨਾਵਾਂ ਨੂੰ ਨਿੱਘ ਦੇਣ ਲਈ ਆ ਰਿਹਾ ਹੈ





**ਪਰਵਾਜ਼ ਪ੍ਰਕਾਸ਼ਨ**

Parwaz Parkashan

Vill. Dharampur, P.O. Khamber, Distt. Jalandhar-144026,
Mob. 94170-64350 e.mail:parwazparkashan@gmail.com,
web:-www.parwazparkashan.com

Year: 7 Issue No. 27
'KAHANI DHARA'(PUNJABI QUARTERLY) Oct.-Dec., 2012 R.N.I. Regd No. PUN PUN 2006 / 19971



# ਪਰਵਾਜ਼ ਪ੍ਰਕਾਸ਼ਨ ਦੀਆਂ ਬਿਲਕੁਲ ਨਵੀਆਂ ਪੁਸਤਕਾਂ





ਮੁੱਲ 150, ਪੰਨੇ 128
ISBN 978-81-922343-6-6





ਮੁੱਲ 100 ਪੰਨੇ 96
ISBN 978-81-922343-9-7





ਮੁੱਲ 150 ਪੰਨੇ 96
ISBN 978-81-922343-7-3





ਮੁੱਲ 150, ਪੰਨੇ 128
ISBN 978-81-922343-5-9




ਮੁੱਲ 260, ਪੰਨੇ 254
ISBN 978-81-922343-0-4





ਮੁੱਲ 150, ਪੰਨੇ 112
ISBN 978-81-922343-8-0




ਮੁੱਲ 200, ਪੰਨੇ 192
ISBN 978-81-922343-4-2




ਮੁੱਲ 100, ਪੰਨੇ 112
ISBN 978-81-922343-3-5




ਮੁੱਲ 150, ਪੰਨੇ 144
ISBN 978-81-922343-1-1

ਦਸ ਕਿਤਾਬਾਂ ਦਾ ਮੁੱਲ 1560 ਰੁ. ਕਹਾਣੀ ਧਾਰਾ ਦੇ ਪਾਠਕਾਂ ਨੂੰ ਮਿਲਣਗੀਆਂ 750ਰੁ. 'ਚ (ਡਾਕ ਖਰਚ ਸਮੇਤ)

**ਪਰਵਾਜ਼ ਪ੍ਰਕਾਸ਼ਨ**
ਪਤਾ ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-144026
ਫੋਨ 94170-64350

**Parwaz Parkashan**
E.mail:parwazparkashan@gmail.com
Mob. 94170-64350